24-AUG-PAGE-1.qxd 8/23/2025 9:41 PM Page 1

ਐਤਵਾਰ, 24 ਅਗਸਤ, 2025
9 ਭਾਦੋਂ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 83

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SUNDAY, 24 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

## ਬੇਲੌਸ ਕਮਿਊਨਿਸਟ ਲੀਡਰ ਸੁਧਾਕਰ ਰੈਡੀ ਚਲਾਣਾ ਕਰ ਗਏ



**ਹੈਦਰਾਬਾਦ** : ਭਾਰਤੀ ਕਮਿਊਨਿਸਟ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਤੇ ਸਾਬਕਾ ਸਾਂਸਦ ਸੁਰਵਰਮ ਸੁਧਾਕਰ ਰੈਡੀ (83) ਦਾ ਸ਼ੁੱਕਰਵਾਰ ਦੇਹਾਂਤ ਹੋ ਗਿਆ। ਖੱਬੇ-ਪੱਖੀ ਸਿਆਸਤ ਦੀ ਕੱਦਾਵਰ ਹਸਤੀ ਕਾਮਰੇਡ ਰੈਡੀ ਦਾ ਇੱਥੇ ਇੱਕ ਨਿੱਜੀ ਹਸਪਤਾਲ 'ਚ ਉਮਰ ਸੰਬੰਧੀ ਬਿਮਾਰੀਆਂ ਦਾ ਇਲਾਜ ਚੱਲ ਰਿਹਾ ਸੀ। ਉਨ੍ਹਾ ਦੇ ਦੇਹਾਂਤ 'ਤੇ ਸੀ ਪੀ ਆਈ ਨੇ ਆਪਣੇ ਦਫਤਰਾਂ 'ਤੇ ਝੰਡੇ ਝੁਕਾ ਦਿੱਤੇ। ਤਿਲੰਗਾਨਾ ਦੇ ਮਹਿਬੂਬਨਗਰ ਜ਼ਿਲ੍ਹੇ ਦੇ ਕੋਂਡਰਾਵਪੱਲੀ ਪਿੰਡ ਵਿੱਚ 25 ਮਾਰਚ 1942 ਨੂੰ ਪੈਦਾ ਹੋਏ ਕਾਮਰੇਡ ਰੈਡੀ ਦਾ ਸਿਆਸੀ ਸਫਰ ਕਾਫੀ ਲੰਮਾ ਰਿਹਾ। ਉਨ੍ਹਾ ਸਿਰਫ 15 ਸਾਲ ਦੀ ਉਮਰ ਵਿੱਚ ਕੁਰਨੂਲ ਦੇ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਲਈ ਅੰਦੋਲਨ ਦੀ ਅਗਵਾਈ ਕੀਤੀ। ਉਨ੍ਹਾ ਹੈਦਰਾਬਾਦ ਦੀ ਉਸਮਾਨੀਆ ਯੂਨੀਵਰਸਿਟੀ ਤੋਂ ਐੱਲ ਐੱਲ ਬੀ ਦੀ ਡਿਗਰੀ ਹਾਸਲ ਕੀਤੀ। ਉਹ 1970 ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਚੁਣੇ ਗਏ। ਇਸ ਦੇ ਬਾਅਦ ਆਲ ਇੰਡੀਆ ਯੂਥ ਫੈਡਰੇਸ਼ਨ ਦੇ ਪ੍ਰਧਾਨ ਬਣੇ। ਉਨ੍ਹਾ 1998-1999 ਤੇ 2004-2009 ਵਿੱਚ ਨਲਗੋਂਡਾ ਹਲਕੇ ਦੀ ਲੋਕ ਸਭਾ 'ਚ ਨੁਮਾਇੰਦਗੀ ਕੀਤੀ। ਸੰਸਦ ਵਿੱਚ ਆਪਣੇ ਕਾਰਜਕਾਲ ਦੌਰਾਨ ਉਨ੍ਹਾ ਮਿਹਨਤਕਸ਼ਾਂ ਦੇ ਹੱਕਾਂ, ਸਮਾਜੀ ਨਿਆਂ, ਕਿਸਾਨਾਂ ਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੀ ਭਲਾਈ ਲਈ ਆਵਾਜ਼ ਬੁਲੰਦ ਕੀਤੀ। ਉਨ੍ਹਾ ਨੂੰ ਸਰਕਾਰੀ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਦੇ ਯਤਨਾਂ ਲਈ ਵੀ ਜਾਣਿਆ ਜਾਂਦਾ ਹੈ। ਉਨ੍ਹਾ ਤਿਲੰਗਾਨਾ ਅੰਦੋਲਨ ਸਣੇ ਕਈ ਅੰਦੋਲਨਾਂ ਦੀ ਅਗਵਾਈ ਕੀਤੀ। ਸਿਧਾਂਤਾਂ ਪ੍ਰਤੀ ਪ੍ਰਤੀਬੱਧਤਾ ਅਤੇ ਸਾਦੀ ਜੀਵਨ ਸ਼ੈਲੀ ਕਰਕੇ ਉਨ੍ਹਾ ਦਾ ਸਭ ਸਨਮਾਨ ਕਰਦੇ ਸਨ। ਸੰਸਦ ਵਿੱਚ ਕਿਰਤ ਸੰਬੰਧੀ ਸਟੈਂਡਿੰਗ ਕਮੇਟੀ ਦੇ ਚੇਅਰਮੈਨ ਹੁੰਦਿਆਂ ਉਨ੍ਹਾ ਗੈਰ-ਜਥੇਬੰਦ ਮਜ਼ਦੂਰਾਂ ਦੀ ਭਲਾਈ ਦੇ ਬਿੱਲ ਦਾ ਮਸੌਦਾ ਤਿਆਰ ਕਰਨ ਵਿੱਚ ਅਹਿਮ ਰੋਲ ਨਿਭਾਇਆ। ਉਨ੍ਹਾ ਸੰਯੁਕਤ ਰਾਸ਼ਟਰ ਮਹਾਂ ਸਭਾ ਵਿੱਚ ਵੀ ਭਾਰਤ ਦੀ ਨੁਮਾਇੰਦਗੀ ਕੀਤੀ।

ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ, ਤਿਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈਡੀ ਤੇ ਬੀ ਆਰ ਐੱਸ ਦੇ ਪ੍ਰਧਾਨ ਕੇ ਚੰਦਰਸ਼ੇਖਰ ਰਾਓ ਸਣੇ ਕਈ ਆਗੂਆਂ ਨੇ ਉਨ੍ਹਾ ਦੇ ਦੇਹਾਂਤ 'ਤੇ ਸ਼ੋਕ ਪ੍ਰਗਟ ਕੀਤਾ ਹੈ। ਕਾਮਰੇਡ ਰਾਜਾ ਨੇ ਕਿਹਾ ਹੈ ਕਿ ਕਾਮਰੇਡ ਸੁਧਾਕਰ ਨੇ ਆਪਣਾ ਜੀਵਨ ਮਜ਼ਦੂਰ ਵਰਗ ਦੇ ਸੰਘਰਸ਼ਾਂ ਨੂੰ ਸਮਰਪਤ ਕੀਤਾ। ਉਨ੍ਹਾ ਨੂੰ ਨਿਮਰਤਾ, ਸਪੱਸ਼ਟਤਾ ਅਤੇ ਸੀ ਪੀ ਆਈ ਤੇ ਖੱਬੇ-ਪੱਖੀ ਅੰਦੋਲਨ ਪ੍ਰਤੀ ਅਟੁੱਟ ਪ੍ਰਤੀਬੱਧਤਾ ਲਈ ਯਾਦ ਕੀਤਾ ਜਾਵੇਗਾ।

ਉਨ੍ਹਾ ਦੀ ਅੰਤਮ ਇੱਛਾ ਮੁਤਾਬਕ ਉਨ੍ਹਾ ਦੀ ਮ੍ਰਿਤਕ ਦੇਹ ਗਾਂਧੀ ਮੈਡੀਕਲ ਕਾਲਜ ਨੂੰ ਦਾਨ ਕੀਤੀ ਜਾਵੇਗੀ। ਅੱਖਾਂ ਸਰੋਜਨੀ ਦੇਵੀ ਨੇਤਰ ਚਕਿਤਸਾਲਿਆ ਨੂੰ ਦਿੱਤੀਆਂ ਜਾਣਗੀਆਂ। ਉਹ ਆਪਣੇ ਪਿੱਛੇ ਪਤਨੀ ਵਿਜੇਲਕਸ਼ਮੀ ਅਤੇ ਬੇਟੇ ਨਿਖਿਲ ਤੇ ਕਪਿਲ ਛੱਡ ਗਏ ਹਨ। ਵੱਡੇ ਬੇਟੇ ਦੇ ਅਮਰੀਕਾ ਤੋਂ ਆਉਣ 'ਤੇ ਐਤਵਾਰ ਅੰਤਮ ਸੰਸਕਾਰ ਕੀਤਾ ਜਾਵੇਗਾ।

ਕਾਮਰੇਡ ਰੈਡੀ ਅਜਿਹੇ ਪਰਵਾਰ ਵਿੱਚੋਂ ਸਨ, ਜਿਸ ਦੀ ਬੌਧਿਕ ਤੇ ਸੁਧਾਰਵਾਦੀ ਵਿਰਾਸਤ ਮਜ਼ਬੂਤ ਸੀ। ਉਹ 'ਗੋਲਕੁੰਡਾ' ਪੱਤਰਕਾ ਦੇ ਪ੍ਰਸਿੱਧ ਸੰਪਾਦਕ ਤੇ ਤਿਲੰਗਾਨਾ ਸੱਭਿਆਚਾਰਕ ਪੁਨਰ-ਜਾਗਰਣ ਲਹਿਰ ਦੇ ਆਗੂ ਸੁਰਵਰਮ ਪ੍ਰਤਾਪ ਰੈਡੀ ਦੇ ਭਤੀਜੇ ਸਨ। ਉਨ੍ਹਾ ਦੇ ਪਿਤਾ ਵੈਂਕਟਰਾਮ ਰੈਡੀ ਆਜ਼ਾਦੀ ਘੁਲਾਟੀਏ ਸਨ।

ਭਾਰਤ ਵਿੱਚ ਸਿਆਸਤਦਾਨ ਵਿਰਲੇ ਹੀ ਰਿਟਾਇਰ ਹੁੰਦੇ ਹਨ। ਜਿਹੜੇ ਸਿਆਸਤਦਾਨ ਉਤਲੀਆਂ ਪੁਜ਼ੀਸ਼ਨਾਂ 'ਤੇ ਹੁੰਦੇ ਹਨ ਉਹ ਸਿਹਤ ਖਰਾਬ ਹੋਣ ਦੇ ਬਾਵਜੂਦ ਅਹੁਦੇ ਨਹੀਂ ਛੱਡਦੇ, ਪਰ ਕਾਮਰੇਡ ਰੈਡੀ ਵੱਖਰੀ ਕਿਸਮ ਦੇ ਆਗੂ ਸਨ। ਕਾਮਰੇਡ ਏ ਬੀ ਬਰਧਨ ਤੋਂ ਬਾਅਦ 2012 ਤੋਂ 2019 ਤੱਕ ਸੀ ਪੀ ਆਈ ਦੇ ਜਨਰਲ ਸਕੱਤਰ ਰਹੇ ਕਾਮਰੇਡ ਰੈਡੀ ਜਦੋਂ 2019 ਦੀਆਂ ਚੋਣਾਂ ਵਿੱਚ ਪਾਰਟੀ ਦਾ ਪ੍ਰਦਰਸ਼ਨ ਸੁਧਾਰਨ ਵਿੱਚ ਨਾਕਾਮ ਰਹੇ ਤਾਂ ਦੂਜੇ ਆਗੂ ਲਈ ਆਪਣਾ ਅਹੁਦਾ ਛੱਡ ਦਿੱਤਾ ਸੀ।

• ਬਾਕੀ ਸਫਾ 2 'ਤੇ

## ਜਲ੍ਹਿਆਂਵਾਲਾ ਬਾਗ ਤੋਂ ਲੋਕ ਚੇਤਨਾ ਜਥਾ ਮਾਰਚ ਰਵਾਨਾ



**ਅੰਮ੍ਰਿਤਸਰ** : ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਉਪਰੰਤ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸ਼ਨੀਵਾਰ ਅੰਮ੍ਰਿਤਸਰ ਵਿਖੇ 'ਲੋਕ ਚੇਤਨਾ ਜਥਾ ਮਾਰਚ' ਕੀਤਾ ਗਿਆ। ਜਥੇ ਮਾਰਚ ਦੀ ਅਗਵਾਈ ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ, ਅਮਰਜੀਤ ਸਿੰਘ ਆਸਲ, ਲਖਬੀਰ ਸਿੰਘ ਨਿਜ਼ਾਮਪੁਰਾ ਅਤੇ ਵਿਜੇ ਕੁਮਾਰ ਆਦਿ ਨੇ ਕੀਤੀ। ਬਟਾਲਾ ਰੋਡ, ਛੇਹਰਟਾ, ਪੁਤਲੀਘਰ ਦੇ ਦਫਤਰਾਂ ਵਿਖੇ ਮੀਟਿੰਗਾਂ ਕੀਤੀਆਂ ਗਈਆਂ ਅਤੇ ਬਜਾਰਾਂ ਵਿੱਚ ਮਾਰਚ ਕੀਤਾ ਗਿਆ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਬੰਤ ਸਿੰਘ ਬਰਾੜ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ-ਸੰਮੇਲਨ ਜੋ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਿਹਾ ਹੈ। ਸੰਮੇਲਨ ਦੇ ਪਹਿਲੇ ਦਿਨ 21 ਸਤੰਬਰ ਨੂੰ ਮੁਹਾਲੀ ਵਿਖੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਇਸ ਰੈਲੀ ਨੂੰ ਕਮਿਊਨਿਸਟ ਪਾਰਟੀ ਦੇ ਕੇਂਦਰੀ ਅਤੇ ਸੂਬਾਈ ਆਗੂ ਸੰਬੋਧਨ ਕਰਨਗੇ। ਇਸ ਮਹਾਂ-ਸੰਮੇਲਨ ਅਤੇ ਰੈਲੀ ਦੀ ਤਿਆਰੀ ਕਮਿਊਨਿਸਟ ਪਾਰਟੀ ਦੇ ਆਗੂ ਅਤੇ ਮੈਂਬਰ ਸਾਰੇ ਪੰਜਾਬ ਵਿੱਚ ਬੜੇ

• ਬਾਕੀ ਸਫਾ 2 'ਤੇ

## ਭਾਜਪਾ ਨੂੰ ਭਾਂਜ ਦੇਣ ਲਈ ਪਾਰਟੀਆਂ ਦਾ ਨਿਸ਼ਾਨਾ ਇੱਕ ਹੋਣਾ ਚਾਹੀਦੈ : ਬਰਾੜ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਕੌਮੀ ਮਹਾਂ-ਸੰਮੇਲਨ ਦੇ ਪ੍ਰਚਾਰ ਲਈ ਸ਼ਨੀਵਾਰ ਇੱਕ ਜਥਾ ਪਾਰਟੀ ਦੇ ਬਾਨੀ ਕਾਮਰੇਡ ਸੋਹਨ ਸਿੰਘ ਜੋਸ਼ ਦੇ ਪਿੰਡ ਚੇਤਨਪੁਰਾ ਤੋਂ ਉਹਨਾ ਦੀ ਯਾਦਗਾਰ 'ਤੇ ਸਿਜਦਾ ਕਰਕੇ ਰਵਾਨਾ ਹੋਇਆ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਚੰਡੀਗੜ੍ਹ ਵਿਖੇ ਮਨਾਏ ਜਾਣ ਵਾਲੇ ਸਥਾਪਨਾ ਦਿਵਸ ਦੀ ਸ਼ੁਰੂਆਤ ਮੌਕੇ 21 ਸਤੰਬਰ ਨੂੰ ਮੁਹਾਲੀ ਵਿਖੇ ਪਾਰਟੀ ਵੱਲੋਂ ਇੱਕ ਬਹੁਤ ਵੱਡਾ ਇਕੱਠ ਕੀਤਾ ਜਾਣਾ ਹੈ। ਉਹਨਾ ਸਾਰਿਆਂ ਨੂੰ ਅਪੀਲ ਕੀਤੀ ਕਿ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਚੰਡੀਗੜ੍ਹ ਪਹੁੰਚਣਾ ਚਾਹੀਦਾ ਹੈ।

• ਬਾਕੀ ਸਫਾ 2 'ਤੇ

## ਅਨਿਲ ਅੰਬਾਨੀ ਖਿਲਾਫ ਧੋਖਾਧੜੀ ਦਾ ਕੇਸ



**ਨਵੀਂ ਦਿੱਲੀ** : ਸੀ ਬੀ ਆਈ ਨੇ ਸਨਿੱਚਰਵਾਰ ਰਿਲਾਇੰਸ ਕਮਿਊਨੀਕੇਸ਼ਨਜ਼ (ਆਰਕੌਮ) ਅਤੇ ਇਸ ਦੇ ਪ੍ਰਮੋਟਰ ਡਾਇਰੈਕਟਰ ਅਨਿਲ ਅੰਬਾਨੀ ਵਿਰੁੱਧ ਕਥਿਤ ਬੈਂਕ ਧੋਖਾਧੜੀ ਦੇ ਸੰਬੰਧ ਵਿੱਚ ਕੇਸ ਦਰਜ ਕਰਕੇ ਅਤੇ ਅਨਿਲ ਅੰਬਾਨੀ ਦੀ ਰਿਹਾਇਸ਼ ਤੇ ਕੰਪਨੀ ਦੇ ਦਫਤਰਾਂ 'ਤੇ ਛਾਪੇ ਮਾਰੇ ਹਨ। ਦੋਸ਼ ਹਨ ਕਿ ਇਸ ਧੋਖਾਧੜੀ ਨਾਲ ਭਾਰਤੀ ਸਟੇਟ ਬੈਂਕ ਨੂੰ 2,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਜਾਂਚ ਏਜੰਸੀ ਨੇ ਇਹ ਕਾਰਵਾਈ ਸਟੇਟ ਬੈਂਕ ਆਫ ਇੰਡੀਆ ਦੀ ਸ਼ਿਕਾਇਤ ਦੇ ਆਧਾਰ 'ਤੇ ਕੀਤੀ ਹੈ।

## ਨਿਆਗਰਾ ਫਾਲ ਕੋਲ ਬੱਸ ਹਾਦਸੇ 'ਚ 5 ਮੌਤਾਂ

**ਵੈਨਕੂਵਰ** : ਅਮਰੀਕਾ ਵਿੱਚ ਨਿਆਗਰਾ ਫਾਲ ਤੋਂ ਹਾਈਵੇਅ 90 ਰਾਹੀਂ ਨਿਊ ਯਾਰਕ ਜਾਂਦੀ ਸੈਲਾਨੀ ਬੱਸ ਪੈਂਬਰੋਕ ਕੋਲ ਪਲਟਣ ਕਾਰਨ 5 ਯਾਤਰੀਆਂ ਦੀ ਮੌਤ ਹੋ ਗਈ, ਜਦਕਿ 40 ਜ਼ਖਮੀ ਹੋ ਗਏ। ਬੱਸ ਵਿੱਚ 1 ਤੋਂ 74 ਸਾਲ ਦੇ 54 ਯਾਤਰੀ ਸਵਾਰ ਸਨ, ਜੋ ਭਾਰਤ, ਚੀਨ ਅਤੇ ਫਿਲਪਾਈਨ ਤੋਂ ਸੈਰ-ਸਪਾਟੇ ਲਈ ਆਏ ਸਨ। ਹਾਦਸਾ ਬਫਲੋ ਤੋਂ 40 ਕੁ ਕਿੱਲੋਮੀਟਰ ਦੂਰ ਵਾਪਰਿਆ।

## ਉੱਤਰਾਖੰਡ 'ਚ ਭਾਰੀ ਮੀਂਹ ਨਾਲ ਤਬਾਹੀ

**ਗੋਪੇਸ਼ਵਰ (ਉੱਤਰਾਖੰਡ)** : ਚਮੋਲੀ ਜ਼ਿਲ੍ਹੇ ਦੇ ਥਰਾਲੀ ਕਸਬੇ 'ਚ ਸ਼ੁੱਕਰਵਾਰ ਰਾਤ ਪਏ ਭਾਰੀ ਮੀਂਹ ਕਾਰਨ ਇੱਕ ਮੌਸਮੀ ਨਾਲੇ ਟੂਨਰੀ ਗਧੇਰੇ 'ਚ ਭਿਆਨਕ ਹੜ੍ਹ ਆ ਗਿਆ, ਜਿਸ ਕਰਕੇ ਕਈ ਘਰਾਂ ਅਤੇ ਬਾਜ਼ਾਰਾਂ ਵਿੱਚ ਮਲਬਾ ਜਮ੍ਹਾਂ ਹੋ ਗਿਆ। ਸਾਗਵਾੜਾ ਅਤੇ ਚੇਪੜੋ ਬਾਜ਼ਾਰ ਇਲਾਕੇ ਵਿੱਚ ਹੜ੍ਹ ਕਾਰਨ 20 ਸਾਲਾਂ ਦੀ ਕਵਿਤਾ ਸਣੇ ਦੋ ਜਣੇ ਲਾਪਤਾ ਹੋ ਗਏ ਸਨ। ਅਧਿਕਾਰੀਆਂ ਨੇ ਬਾਅਦ 'ਚ ਕਿਹਾ ਕਿ ਔਰਤ ਦੀ ਮੌਤ ਹੋ ਗਈ ਹੈ, ਜਦਕਿ ਵਿਅਕਤੀ ਅਜੇ ਵੀ ਲਾਪਤਾ ਹੈ।

## ਜਸਵਿੰਦਰ ਭੱਲਾ ਸਪੁਰਦ-ਏ-ਆਤਿਸ਼



**ਮੁਹਾਲੀ** : ਮਸ਼ਹੂਰ ਪੰਜਾਬੀ ਹਾਸਰਸ ਕਲਾਕਾਰ ਜਸਵਿੰਦਰ ਭੱਲਾ ਦਾ ਸਨਿੱਚਰਵਾਰ ਮੁਹਾਲੀ ਦੇ ਬਲੌਂਗੀ ਸਥਿਤ ਸ਼ਮਸ਼ਾਨਘਾਟ ਵਿੱਚ ਅੰਤਮ ਸੰਸਕਾਰ ਕਰ ਦਿੱਤਾ ਗਿਆ। ਉਨ੍ਹਾ ਦੇ ਪੁੱਤਰ ਪੁਖਰਾਜ ਭੱਲਾ ਨੇ ਚਿਖਾ ਨੂੰ ਅਗਨੀ ਵਿਖਾਈ। ਉਨ੍ਹਾ ਨੂੰ ਅੰਤਮ ਵਿਦਾਈ ਦੇਣ ਲਈ ਕਈ ਨੇਤਾਵਾਂ ਸਣੇ ਕਾਫੀ ਕਲਾਕਾਰਾਂ ਨੇ ਹਾਜ਼ਰੀ ਭਰੀ।

## ਸਰਜੀਓ ਗੋਰ ਭਾਰਤ 'ਚ ਨਵੇਂ ਅਮਰੀਕੀ ਰਾਜਦੂਤ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਨੇੜਲੇ ਸਾਥੀ ਸਰਜੀਓ ਗੋਰ ਨੂੰ ਭਾਰਤ 'ਚ ਰਾਜਦੂਤ ਵਜੋਂ ਨਾਮਜ਼ਦ ਕੀਤਾ ਹੈ। ਉਹ ਇਸ ਸਮੇਂ 'ਵ੍ਹਾਈਟ ਹਾਊਸ ਪ੍ਰੈਜ਼ੀਡੈਂਸ਼ੀਅਲ ਪਰਸੋਨਲ ਆਫਿਸ' ਦੇ ਡਾਇਰੈਕਟਰ ਹਨ। ਟਰੰਪ ਨੇ ਕਿਹਾ ਕਿ ਸਰਜੀਓ ਗੋਰ ਦੱਖਣੀ ਅਤੇ ਮੱਧ ਏਸ਼ੀਆਈ ਮਾਮਲਿਆਂ ਲਈ ਵਿਸ਼ੇਸ਼ ਦੂਤ ਵਜੋਂ ਵੀ ਕੰਮ ਕਰਨਗੇ। ਇਸ ਤੋਂ ਪਹਿਲਾਂ ਐਰਿਕ ਗਾਰਸੇਟੀ ਮਈ 2023 ਤੋਂ ਜਨਵਰੀ 2025 ਤੱਕ ਭਾਰਤ ਵਿੱਚ ਅਮਰੀਕੀ ਰਾਜਦੂਤ ਸਨ। ਉਸ ਤੋਂ ਬਾਅਦ ਕੋਈ ਰਾਜਦੂਤ ਨਹੀਂ ਬਣਾਇਆ ਗਿਆ ਸੀ।

## ਕਿਸੇ ਵੀ ਲਾਭਪਾਤਰੀ ਦਾ ਰਾਸ਼ਨ ਬੰਦ ਨਹੀਂ ਹੋਣ ਦੇਵਾਂਗੇ : ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ 'ਚ 11 ਲੱਖ ਲੋਕਾਂ ਦਾ ਰਾਸ਼ਨ ਬੰਦ ਕਰਨ ਦੇ ਫੈਸਲੇ ਦਾ ਸਖਤ ਨੋਟਿਸ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਲਾਭਪਾਤਰੀ ਦਾ ਰਾਸ਼ਨ ਬੰਦ ਨਹੀਂ ਕਰੇਗੀ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਇੱਕ ਮੁਹਿੰਮ ਅਧੀਨ ਕੰਮ ਕਰ ਰਹੀ ਹੈ, ਜਿਸ ਤਹਿਤ ਪਹਿਲਾਂ ਵੋਟ ਚੋਰੀ ਕੀਤੀ ਅਤੇ ਫਿਰ ਡਾਟਾ ਚੋਰੀ ਕਰ ਰਹੀ ਹੈ। ਇਸੇ ਤਰ੍ਹਾਂ ਹੁਣ ਰਾਸ਼ਨ ਚੋਰੀ ਕਰਨਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਸਨਿੱਚਰਵਾਰ ਇਸ ਮਾਮਲੇ 'ਤੇ ਪ੍ਰੈੱਸ ਕਾਨਫਰੰਸ ਚ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਕਿਸੇ ਵੀ ਘਰ ਦਾ ਚੁੱਲ੍ਹਾ ਠੰਢਾ ਨਹੀਂ ਹੋਣ ਦੇਣਗੇ। ਮਾਨ ਨੇ ਕਿਹਾ, 'ਪੰਜਾਬ ਦੀ ਕਣਕ ਹੈ ਅਤੇ ਪੰਜਾਬ ਹੀ ਸੈਂਟਰਲ ਪੂਲ 'ਚ ਕਣਕ ਦਿੰਦਾ ਹੈ, ਪਰ ਕੇਂਦਰ ਏਦਾਂ ਦਾ ਫੈਸਲਾ ਕਿਵੇਂ ਕਰ ਸਕਦਾ ਹੈ। ਅਸੀਂ ਇਸ ਬਾਰੇ ਕੇਂਦਰ ਨੂੰ ਪੱਤਰ ਵੀ ਲਿਖ ਰਹੇ ਹਾਂ। ਕੇਂਦਰ ਤੋਂ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਲਈ 6 ਮਹੀਨੇ ਦਾ ਟਾਈਮ ਮੰਗਿਆ ਗਿਆ ਹੈ।'

ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਹੁਣ ਪੰਜਾਬ 'ਚ ਕੈਂਪ ਲਾ ਕੇ ਡਾਟਾ ਚੋਰੀ ਕਰ ਰਹੀ ਹੈ ਅਤੇ ਇਹ ਲੋਕਾਂ ਦੀ ਨਿੱਜਤਾ ਦਾ ਮਾਮਲਾ ਹੈ। ਉਹ ਕਿਸੇ ਤਰ੍ਹਾਂ ਦੀ ਚੋਰੀ ਨਹੀਂ ਹੋਣ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਦੇ ਪੈਮਾਨੇ ਹੀ ਠੀਕ ਨਹੀਂ । ਉਨ੍ਹਾ ਮਿਸਾਲ ਦਿੱਤੀ ਕਿ ਪਹਿਲਾਂ ਕੇਂਦਰ ਉਜਵਲਾ ਸਕੀਮ ਵਿਚ ਗੈਸ ਚੁੱਲ੍ਹਾ ਦਿੰਦਾ ਹੈ ਅਤੇ ਬਾਅਦ 'ਚ ਕਹਿੰਦਾ ਹੈ ਕਿ ਗੈਸ ਚੁੱਲ੍ਹੇ ਵਾਲੇ ਪਰਵਾਰ ਆਵਾਸ ਯੋਜਨਾ ਦਾ ਲਾਭ ਨਹੀਂ ਲੈ ਸਕਦੇ।

## ਕਾਂਗਰਸੀ ਵਿਧਾਇਕ ਸੱਟੇਬਾਜ਼ੀ 'ਚ ਗ੍ਰਿਫਤਾਰ

**ਨਵੀਂ ਦਿੱਲੀ** : ਕਰਨਾਟਕ ਦੇ ਕਾਂਗਰਸੀ ਵਿਧਾਇਕ ਕੇ ਸੀ ਵੀਰੇਂਦਰ (ਪੱਪੀ) ਨੂੰ ਮਨੀ ਲਾਂਡਰਿੰਗ ਕਾਨੂੰਨ ਦੇ ਤਹਿਤ ਇੱਕ ਕਥਿਤ ਗੈਰ-ਕਾਨੂੰਨੀ ਸੱਟੇਬਾਜ਼ੀ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਈ ਡੀ ਨੇ ਦੱਸਿਆ ਕਿ ਸ਼ੁੱਕਰਵਾਰ ਕਈ ਸੂਬਿਆਂ ਵਿੱਚ ਮਾਰੇ ਗਏ ਛਾਪਿਆਂ ਦੌਰਾਨ 12 ਕਰੋੜ ਰੁਪਏ ਨਕਦ, ਲਗਭਗ ਕਰੋੜ ਰੁਪਏ ਵਿਦੇਸ਼ੀ ਮੁਦਰਾ ਸਮੇਤ 6 ਕਰੋੜ ਰੁਪਏ ਦੇ ਸੋਨੇ ਦੇ ਗਹਿਣੇ, 10 ਕਿੱਲੋ ਚਾਂਦੀ ਅਤੇ ਚਾਰ ਵਾਹਨ ਜ਼ਬਤ ਕੀਤੇ ਗਏ ਹਨ। ਹਾਲਾਂਕਿ ਏਜੰਸੀ ਨੇ ਇਹ ਨਹੀਂ ਦੱਸਿਆ ਕਿ ਕਿੱਥੋਂ ਕੀ ਜ਼ਬਤ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਚਿੱਤਰਦੁਰਗਾ ਦੇ 50 ਸਾਲਾ

• ਬਾਕੀ ਸਫਾ 2 'ਤੇ

## ਮੋਦੀ ਸਰਕਾਰ ਕਾਰਪੋਰੇਟ ਰਾਸ਼ਟਰ ਬਣਾ ਰਹੀ : ਜਗਰੂਪ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਮੋਦੀ ਸਰਕਾਰ ਦੇਸ਼ ਦੀ ਪਾਰਲੀਮੈਂਟ ਵਿੱਚ ਕਾਨੂੰਨ ਕਿਸਾਨਾਂ, ਜਵਾਨਾਂ, ਮਜ਼ਦੂਰਾਂ ਤੇ ਤੰਗੀਆਂ ਵਿੱਚ ਰਹਿੰਦੇ ਲੋਕਾਂ ਦੀ ਜ਼ਿੰਦਗੀ ਨੂੰ ਸੌਖਾ ਕਰਨ ਦੀ ਬਜਾਏ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਬਣਾ ਰਹੀ ਹੈ। ਭਾਜਪਾ ਸਰਕਾਰ ਲੋਕਾਂ ਨੂੰ ਵਿੱਦਿਆ, ਇਲਾਜ, ਰੁਜ਼ਗਾਰ ਦੇਣ ਦੀ ਥਾਂ ਫਿਰਕੂ ਨਫ਼ਰਤ ਫੈਲਾਅ ਰਹੀ ਹੈ।ਭਾਜਪਾ ਹਿੰਦੂ ਰਾਸ਼ਟਰ ਦੇ ਨਾਂਅ ਉੱਤੇ ਦੇਸ਼ ਦੇ ਬਹੁਗਿਣਤੀ ਵੋਟਰਾਂ ਨੂੰ ਗੁੰਮਰਾਹ ਕਰਕੇ ਅਸਲ ਵਿੱਚ ਕਾਰਪੋਰੇਟ ਰਾਸ਼ਟਰ ਬਣਾ ਰਹੀ ਹੈ। ਇਹ ਅੱਜ ਸਾਫ ਅਤੇ ਸਪੱਸ਼ਟ ਹੋ ਰਿਹਾ ਕਿ ਇੱਕ ਪਾਸੇ ਬਹੁਗਿਣਤੀ ਵੋਟਰ ਚਾਹੇ ਉਹ ਹਿੰਦੂ ਹੋਣ, ਮੁਸਲਿਮ ਜਾਂ ਸਿੱਖ, ਚਾਹੇ ਉਹ ਬੰਗਾਲੀ ਹੋਣ ਜਾਂ ਬਿਹਾਰੀ, ਚਾਹੇ ਉਹ ਦੇਸ਼ ਦੇ ਕਿਸੇ ਵੀ ਸੂਬੇ ਵਿੱਚ ਵੱਸਦੇ ਹੋਣ, ਉਹ ਥੁੜ੍ਹਾਂ ਮਾਰੇ, ਬੇਰੁਜ਼ਗਾਰ, ਬੇਇਲਾਜ ਅਤੇ ਤੰਗੀਆਂ-ਤੁਰਸ਼ੀਆਂ ਵਿੱਚ ਘਿਰ ਰਹੇ ਹਨ, ਦੂਜੇ ਪਾਸੇ ਮੁੱਠੀਭਰ ਲੁਟੇਰੇ ਘਰਾਣੇ ਦੇਸ਼ ਨੂੰ ਲੁਟ ਰਹੇ ਹਨ। ਇਹਨਾਂ

• ਬਾਕੀ ਸਫਾ 2 'ਤੇ

## ਜਥਾ ਮਾਰਚ ਦਾ ਇਤਿਹਾਸਕ ਨਗਰ ਜੋਗਾ 'ਚ ਨਿੱਘਾ ਸਵਾਗਤ



**ਜੋਗਾ** : ਮੋਦੀ ਸਰਕਾਰ ਵੋਟ ਚੋਰੀ ਕਰ ਰਹੀ ਹੈ ਅਤੇ ਸੰਵਿਧਾਨ ਤੇ ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤ ਕੇ ਦੇਸ਼ ਨੂੰ ਤੋੜ ਰਹੀ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਸੀ ਪੀ ਆਈ ਦੇ 100 ਸਾਲਾ ਸ਼ਾਨਾਮੱਤੇ ਇਤਿਹਾਸ ਤੇ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਹੇ ਮਹਾਂ-ਸੰਮੇਲਨ ਦੀ ਤਿਆਰੀ ਤੇ ਪ੍ਰਚਾਰ ਲਈ ਸ਼ਹੀਦ ਊਧਮ ਸਿੰਘ ਵਾਲਾ/ ਸੁਨਾਮ ਤੋਂ ਰਵਾਨਾ ਜਥੇ ਦੇ ਇਤਿਹਾਸਕ ਨਗਰ ਜੋਗਾ ਵਿਖੇ ਪੁੱਜਣ 'ਤੇ ਜਨਤਕ ਜਲਸੇ ਨੂੰ ਸੰਬੋਧਨ ਕਰਦਿਆਂ ਕੀਤਾ।

ਉਹਨਾ ਪਾਰਟੀ ਇਤਿਹਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਦੀ ਆਜ਼ਾਦੀ, ਜਗੀਰਦਾਰੀ ਪ੍ਰਬੰਧ, ਰਜਵਾੜਿਆਂ ਦੇ ਭੱਤੇ ਖਤਮ ਕਰਾਉਣ, ਬੈਂਕਾਂ ਦਾ ਕੌਮੀਕਰਨ ਕਰਾ ਕੇ ਦੇਸ਼ ਦੇ ਲੋਕਾਂ ਨੂੰ ਖੇਤੀ, ਵਪਾਰ, ਰੁਜ਼ਗਾਰ ਵਿੱਚ ਵਾਧਾ ਆਦਿ ਅਨੇਕਾਂ ਸਹੂਲਤਾਂ ਦਿਵਾਉਣ ਦਾ ਸਿਹਰਾ ਕਮਿਊਨਿਸਟਾਂ ਨੂੰ ਜਾਂਦਾ ਹੈ। ਅਰਸ਼ੀ ਨੇ ਸਰਮਾਏਦਾਰੀ

• ਬਾਕੀ ਸਫਾ 2 'ਤੇ

## ਹਰਨੇਕ ਸਿੰਘ ਗਿੱਲ ਵੱਲੋਂ 21 ਹਜ਼ਾਰ ਦੀ ਸਹਾਇਤਾ



**ਮੋਗਾ** : ਹਰਨੇਕ ਸਿੰਘ ਗਿੱਲ ਸਾਬਕਾ ਲੈਕਚਰਾਰ ਡਾਈਟ ਫਰੀਦਕੋਟ ਤੇ ਅਧਿਆਪਕ ਲਹਿਰ ਦੇ ਆਗੂ ਨੇ ਪਾਰਟੀ ਦੇ ਮਹਾਂ-ਸੰਮੇਲਨ ਲਈ ਸੀ ਪੀ ਆਈ ਮੋਗਾ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਦੀ ਅਪੀਲ 'ਤੇ ਆਪਣੇ ਪੁੱਤਰ ਬਲਰਾਜ ਸਿੰਘ ਗਿੱਲ ਰਾਹੀਂ 21000 ਰੁਪਏ ਦੀ ਸਹਾਇਤਾ ਡਾਕਟਰ ਇੰਦਰਵੀਰ ਗਿੱਲ ਨੂੰ ਭੇਜੀ ਹੈ। ਹਰਨੇਕ ਸਿੰਘ ਗਿੱਲ ਪ੍ਰਸਿੱਧ ਕਮਿਊਨਿਸਟ ਆਗੂ ਕਾਮਰੇਡ ਸੱਤਪਾਲ ਡਾਂਗ ਦੇ ਵੱਡੇ ਉਪਾਸ਼ਕ ਹਨ ਅਤੇ ਮਰਹੂਮ ਕਾਮਰੇਡ ਰਣਧੀਰ ਗਿੱਲ ਦੇ ਬਹੁਤ ਹੀ ਨੇੜਲੇ ਮਿੱਤਰ ਤੇ ਸਾਥੀ ਰਹੇ। ਕੁਲਦੀਪ ਭੋਲਾ ਨੇ ਇਸ ਸਹਾਇਤਾ ਲਈ ਹਰਨੇਕ ਸਿੰਘ ਗਿੱਲ ਪੰਜਗਰਾਈਂ ਕਲਾਂ ਅਤੇ ਪਰਵਾਰ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕੀਤਾ ਹੈ

## ਮੈਂ ਨਹੀਂ ਡਰਦਾ, ਸੱਚ ਬੋਲਣਾ ਜਾਰੀ ਰੱਖਾਂਗਾ : ਤੇਜਸਵੀ

**ਕਟਿਹਾਰ** : ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਨੇ ਮਹਾਰਾਸ਼ਟਰ ਵਿੱਚ ਉਨ੍ਹਾ ਵਿਰੁੱਧ ਦਰਜ ਕੀਤੀ ਗਈ ਐੱਫ ਆਈ ਆਰ ਦੇ ਜਵਾਬ ਵਿੱਚ ਕਿਹਾ, 'ਮੈਂ ਨਹੀਂ ਡਰਦਾ ਅਤੇ ਸੱਚ ਬੋਲਣਾ ਜਾਰੀ ਰੱਖਾਂਗਾ।' ਦਰਅਸਲ ਸ਼ੁੱਕਰਵਾਰ ਪ੍ਰਧਾਨ ਮੰਤਰੀ ਦੇ ਬਿਹਾਰ ਦੌਰੇ ਤੋਂ ਪਹਿਲਾਂ ਯਾਦਵ 'ਤੇ ਉਨ੍ਹਾ ਦੇ ਐਕਸ ਹੈਂਡਲ 'ਤੇ ਇੱਕ ਪੋਸਟ ਲਈ ਗੜ੍ਹਚਿਰੌਲੀ ਜ਼ਿਲ੍ਹੇ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾ ਨੇ ਦੋਸ਼ ਲਗਾਇਆ ਸੀ ਕਿ ਮੋਦੀ ਦੇ ਲੋਕਾਂ ਨਾਲ ਕੀਤੇ ਵਾਅਦੇ ਜੁਮਲਾ ਸਨ।

ਤੇਜਸਵੀ ਨੇ ਆਪਣੀ ਐਕਸ ਪੋਸਟ ਵਿੱਚ ਕਿਹਾ, 'ਇਹ ਮਾਮਲਾ ਮੇਰੀ ਆਵਾਜ਼ ਨੂੰ ਦਬਾਉਣ ਦੀ ਸਾਜ਼ਿਸ਼ ਹੈ, ਪਰ ਮੈਂ ਸੱਚਾਈ ਅਤੇ ਨਿਆਂ ਲਈ ਲੜਦਾ ਰਹਾਂਗਾ।' ਉਨ੍ਹਾ ਅੱਗੇ ਕਿਹਾ ਕਿ ਉਹ ਕਾਨੂੰਨੀ ਤਰੀਕੇ ਨਾਲ ਇਸ ਮਾਮਲੇ ਦਾ ਸਾਹਮਣਾ ਕਰਨਗੇ ਅਤੇ ਆਪਣੇ ਵਿਰੋਧੀਆਂ ਦੇ ਦਬਾਅ ਦੀ ਰਾਜਨੀਤੀ ਅੱਗੇ ਨਹੀਂ ਝੁਕਣਗੇ।

ਯਾਦਵ ਨੇ ਕਿਹਾ, 'ਐੱਫ ਆਈ ਆਰ ਤੋਂ ਕੌਣ ਡਰਦਾ ਹੈ? ਕੀ ਜੁਮਲਾ ਇੱਕ ਇਤਰਾਜ਼ਯੋਗ ਸ਼ਬਦ ਹੈ? ਮੈਂ ਸਿਰਫ ਸੱਚ ਕਹਿ ਰਿਹਾ ਸੀ ਅਤੇ ਮੈਂ ਅਜਿਹਾ ਕਰਦਾ ਰਹਾਂਗਾ। ਉਹ ਮੇਰੇ ਵਿਰੁੱਧ ਜਿੰਨੇ ਮਰਜ਼ੀ ਮਾਮਲੇ ਦਰਜ ਕਰ ਸਕਦੇ ਹਨ।'

ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਨੇ ਉੱਤਰੀ ਬਿਹਾਰ ਜ਼ਿਲ੍ਹੇ ਦੇ ਕਟਿਹਾਰ ਵਿੱਚ ਮੱਛੀ ਮੰਡੀਆਂ ਅਤੇ ਮਖਾਣਾ ਖੇਤਾਂ ਦਾ ਦੌਰਾ ਕਰਦੇ ਹੋਏ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਨਾਲ ਗੱਲ ਕੀਤੀ, ਜੋ 'ਵੋਟਰ ਅਧਿਕਾਰ ਯਾਤਰਾ' ਦੇ ਹਿੱਸੇ ਵਜੋਂ ਸੂਬੇ ਦਾ ਦੌਰਾ ਕਰ ਰਹੇ ਹਨ।

ਯਾਦਵ ਦੇ ਕਰੀਬੀ ਸਹਿਯੋਗੀ ਅਤੇ ਰਾਜ ਸਭਾ ਮੈਂਬਰ ਸੰਜੇ ਯਾਦਵ ਨੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਿਰੁੱਧ ਐੱਫ ਆਈ ਆਰ ਨੂੰ ਲੈ ਕੇ ਭਾਜਪਾ ਵਿਰੁੱਧ ਭੜਾਸ ਕੱਢੀ। ਉੱਧਰ ਰਾਜ ਸਭਾ ਮੈਂਬਰ ਅਖਿਲੇਸ਼ ਯਾਦਵ ਨੇ ਵੀ ਐੱਫ ਆਈ ਆਰ ਨੂੰ ਸਿਆਸੀ ਬਦਲਾਖੋਰੀ ਦੱਸਿਆ।

## ਮੁਹਾਲੀ ਰੈਲੀ ਦੀਆਂ ਤਿਆਰੀਆਂ ਜ਼ੋਰਾਂ 'ਤੇ : ਗੋਰੀਆ, ਦੇਵੀ ਕੁਮਾਰੀ



**ਫਤਿਹਗੜ੍ਹ ਸਾਹਿਬ** : 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਦੀਆਂ ਤਿਆਰੀਆ ਲਈ ਐੱਫ ਸੀ ਆਈ ਦੇ ਵਰਕਰਾਂ ਦੀ ਮੀਟਿੰਗ ਐੱਫ ਸੀ ਆਈ ਦੇ ਪ੍ਰਧਾਨ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ-ਸੰਮੇਲਨ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ

• ਬਾਕੀ ਸਫਾ 2 'ਤੇ

## ਭਕਨਾ ਤੋਂ ਚੱਲਿਆ ਲੋਕ ਚੇਤਨਾ ਜਥਾ ਮਾਰਚ 26 ਨੂੰ ਜਲੰਧਰ 'ਚ ਦਾਖਲ ਹੋਵੇਗਾ



**ਜਲੰਧਰ (ਪੱਤਰ ਪ੍ਰੇਰਕ)**-ਭਾਰਤੀ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ-ਸੰਮੇਲਨ ਪੰਜਾਬ ਵਿੱਚ ਹੋਣਾ ਜਿੱਥੇ ਸੂਬੇ ਲਈ ਮਾਣ ਵਾਲੀ ਗੱਲ ਹੈ, ਉੱਥੇ ਇਹ ਪੰਜਾਬ ਦੀ ਕਮਿਊਨਿਸਟ ਲਹਿਰ ਨੂੰ ਉਤਸ਼ਾਹਤ ਵੀ ਕਰੇਗਾ। ਪੰਜਾਬ ਵਿੱਚ ਲੋਕ ਚੇਤਨਾ ਜਥਾ ਮਾਰਚਾਂ ਨੇ, ਜੋ ਕਿ ਪਾਰਟੀ ਕਾਂਗਰਸ ਨੂੰ ਸਮਰਪਿਤ ਹਨ, ਉਤਸ਼ਾਹੀ ਮਾਹੌਲ ਸਿਰਜਿਆ ਹੋਇਆ ਹੈ। ਆਉਣ ਵਾਲੇ ਦਿਨਾਂ ਵਿੱਚ ਇਹ ਵਰਤਾਰਾ ਹੋਰ ਵੀ ਰੰਗ ਬੰਨ੍ਹੇਗਾ। ਉਕਤ ਸਾਰ-ਤੱਤ ਹੈ ਸੀ ਪੀ ਆਈ ਜਲੰਧਰ ਦੇ ਤਹਿਸੀਲ ਸਕੱਤਰਾਂ ਦੀ ਸਥਾਨਕ ਪਾਰਟੀ ਦਫਤਰ ਵਿੱਚ ਹੋਈ ਮੀਟਿੰਗ ਦਾ।

ਗਿਆਨ ਸੈਦਪੁਰੀ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਵਿੱਚ 26 ਅਗਸਤ ਨੂੰ ਜਲੰਧਰ ਜ਼ਿਲ੍ਹੇ ਵਿੱਚ ਦਾਖਲ ਹੋਣ ਵਾਲੇ ਜਥਾ ਮਾਰਚ ਦੇ ਸਵਾਗਤ ਅਤੇ ਅੱਗੋਂ ਦੇ ਰੂਟ ਮੈਪ ਸੰਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਰਸ਼ਪਾਲ ਕੈਲੇ ਨੇ ਦੱਸਿਆ ਕਿ ਭਕਨਾ ਤੋਂ ਚੱਲਿਆ ਹੋਇਆ ਲੋਕ ਚੇਤਨਾ ਜਥਾ ਮਾਰਚ 26 ਅਗਸਤ ਦੀ ਸ਼ਾਮ ਨੂੰ ਜ਼ਿਲ੍ਹੇ

• ਬਾਕੀ ਸਫਾ 2 'ਤੇ

## ਕਤਲਾਂ ਦੀਆਂ ਵਾਰਦਾਤਾਂ ਦਾ ਦਾਅਵਾ ਕਰਨ ਵਾਲਾ ਹੀ ਗ੍ਰਿਫਤਾਰ

**ਮੇਂਗਲੂਰੂ** : ਕਰਨਾਟਕ 'ਚ ਪ੍ਰਸਿੱਧ ਧਰਮ ਸਥੱਲ 'ਤੇ ਪਿਛਲੇ ਦੋ ਦਹਾਕਿਆਂ ਦੌਰਾਨ ਕਥਿਤ ਤੌਰ 'ਤੇ ਕਈ ਕਤਲਾਂ, ਜਬਰ-ਜ਼ਨਾਹ ਦੀਆਂ ਵਾਰਦਾਤਾਂ ਤੇ ਲਾਸ਼ਾਂ ਦਬਾਉਣ ਦਾ ਦਾਅਵਾ ਕਰਨ ਵਾਲੇ ਸ਼ਿਕਾਇਤਕਰਤਾ ਨੂੰ ਇਨ੍ਹਾਂ ਦੋਸ਼ਾਂ ਦੀ ਜਾਂਚ ਲਈ ਕਾਇਮ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਸਨਿੱਚਰਵਾਰ ਗ੍ਰਿਫਤਾਰ ਕਰ ਲਿਆ। ਅਧਿਕਾਰੀਆਂ ਨੇ ਦੱਸਿਆ ਕਿ ਸਾਬਕਾ ਸਫਾਈ ਕਰਮਚਾਰੀ ਸ਼ਿਕਾਇਤਕਰਤਾ ਦੀ ਪਛਾਣ ਸੀ ਐੱਨ ਚਿਨੱਈਆ ਵਜੋਂ ਹੋਈ ਹੈ। ਜੁਡੀਸ਼ੀਅਲ ਫਸਟ ਕਲਾਸ ਮੈਜਿਸਟ੍ਰੇਟ ਨੇ ਉਸ ਦਾ 10 ਦਿਨਾਂ ਦਾ ਪੁਲਸ ਰਿਮਾਂਡ ਦੇ ਦਿੱਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬਿਆਨਾਂ ਤੇ ਮੁਹੱਈਆ ਕਰਵਾਏ ਗਏ ਦਸਤਾਵੇਜ਼ਾਂ 'ਚ ਬੇਨੇਮੀਆਂ ਪਾਏ ਜਾਣ ਮਗਰੋਂ ਗ੍ਰਿਫਤਾਰੀ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਦਾਅਵਾ ਕੀਤਾ ਸੀ ਕਿ ਉਸ ਨੇ 1995 ਤੋਂ 2014 ਦੇ ਦਰਮਿਆਨ ਧਾਰਮਕ ਸਥਾਨ ਵਿੱਚ ਕੰਮ ਕੀਤਾ ਸੀ ਅਤੇ ਉਸ ਨੂੰ ਧਾਰਮਕ ਸਥਾਨ ਵਿੱਚ ਔਰਤਾਂ ਤੇ ਨਾਬਾਲਗਾਂ ਸਣੇ ਕਈ ਲੋਕਾਂ ਦੀਆਂ ਲਾਸ਼ਾਂ ਦਫਨਾਉਣ ਲਈ ਮਜਬੂਰ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਸੀ ਕਿ ਕੁਝ ਲਾਸ਼ਾਂ ਤੋਂ ਜਿਨਸੀ ਸ਼ੋਸ਼ਣ ਦੇ ਸੰਕੇਤ ਮਿਲੇ ਸਨ। ਉਸ ਨੇ ਇਸ ਸੰਬੰਧ ਵਿੱਚ ਮੈਜਿਸਟਰੇਟ ਦੇ ਸਾਹਮਣੇ ਬਿਆਨ ਵੀ ਦਿੱਤਾ ਹੈ। ਸਿਟ ਨੇ ਜਾਂਚ ਤਹਿਤ ਧਾਰਮਕ ਸਥਾਨ ਨੇਤਰਵਤੀ ਨਦੀ ਕਿਨਾਰੇ ਜੰਗਲੀ ਖੇਤਰਾਂ 'ਚ ਸ਼ਿਕਾਇਤਕਰਤਾ ਦੀ ਨਿਸ਼ਾਨਦੇਹੀ 'ਤੇ ਕੁਝ ਥਾਵਾਂ ਦੀ ਖੁਦਾਈ ਕੀਤੀ ਸੀ, ਜਿੱਥੋਂ ਹੁਣ ਤੱਕ ਦੋ ਪਿੰਜਰਾਂ ਦੇ ਅਵਸ਼ੇਸ਼ ਮਿਲੇ ਹਨ। ਗ੍ਰਹਿ ਮੰਤਰੀ ਜੀ ਭਗਵਾਨ ਨੇ ਹਾਲ ਹੀ ਵਿੱਚ ਵਿਧਾਨ ਸਭਾ 'ਚ ਕਿਹਾ ਸੀ ਕਿ ਜੇ ਵਿਸ਼ੇਸ਼ ਜਾਂਚ ਟੀਮ ਨੂੰ ਸ਼ਿਕਾਇਤਕਰਤਾ ਵੱਲੋਂ ਲਾਏ ਦੋਸ਼ਾਂ 'ਚ ਕਿਸੇ ਝੂਠ ਦਾ ਪਤਾ ਲੱਗਦਾ ਹੈ ਤਾਂ ਉਸ ਖਿਲਾਫ ਕਾਨੂੰਨ ਦੇ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ। ਉਨ੍ਹਾ ਕਿਹਾ ਕਿ ਹੁਣ ਤੱਕ ਸਿਰਫ ਖੁਦਾਈ ਹੋਈ, ਜਾਂਚ ਹਾਲੇ ਸ਼ੁਰੂ ਹੀ ਨਹੀਂ ਹੋਈ ਹੈ ਅਤੇ ਸਰਕਾਰ ਨਹੀਂ, ਬਲਕਿ ਮਾਮਲੇ ਦੀ ਜਾਂਚ ਕਰ ਰਹੀ ਸਿਟ ਹੀ ਅੱਗੇ ਹੋਰ ਖੁਦਾਈ ਬਾਰੇ ਫੈਸਲਾ ਲਵੇਗੀ।

## ਅੱਜ-ਨਾਮਾ

ਜਿੱਤ ਗਿਆ ਜਿਵੇਂ ਟਰੰਪ ਫਿਰ ਵਾਰ ਦੂਜੀ,
ਲੱਗਿਆ ਅਸਲ ਸੀ ਰੰਗ ਵਿਖਾਉਣ ਬੇਲੀ।
ਹਰ ਇੱਕ ਦੇਸ਼ ਨੂੰ ਧਮਕੀਆਂ ਦੇਈ ਜਾਂਦਾ,
ਲੱਗਾ ਟੈਰਿਫ ਕੁਝ ਤੁਸਾਂ 'ਤੇ ਲਾਉਣ ਬੇਲੀ।
ਕਿਸੇ ਨੂੰ ਲਾਵੇ ਤੇ ਕਿਸੇ ਥਾਂ ਸਿਰਫ ਦਾਬਾ,
ਲੱਗਾ ਈ ਰਾਤ ਦੀ ਨੀਂਦ ਉਡਾਉਣ ਬੇਲੀ।
ਅੱਕ ਕੇ ਭਾਰਤ ਵੀ ਲੱਗਾ ਕੁਝ ਪੈਣ ਅੱਗੋਂ,
ਲੱਗਿਆ ਭਾਜੀ ਆ ਮੋੜਵੀਂ ਪਾਉਣ ਬੇਲੀ।
ਲੱਗਿਆ ਅੱਖਾਂ ਹੈ ਜਦੋਂ ਵਿਖਾਉਣ ਭਾਰਤ,
ਆਉਂਦਾ ਲੋਕਾਂ ਨੂੰ ਅਜੇ ਵਿਸ਼ਵਾਸ ਨਾਹੀਂ।
ਜਿਹੜੇ ਲੋਕਾਂ ਨੂੰ ਗੱਲ ਇਹ ਠੀਕ ਲੱਗਦੀ,
ਜਾਰੀ ਰਹਿਣ ਦੀ ਕਹਿੰਦੇ ਨੇ ਆਸ ਨਾਹੀਂ।

-ਤੀਸ ਮਾਰ ਖਾਂ

## ਜਮਹੂਰੀਅਤ ਨੂੰ ਬਚਾਉਣ ਲਈ ਸਾਂਝਾ ਮੁਹਾਜ਼ ਉਸਾਰਨ ਦਾ ਸੱਦਾ

### ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ ਨੂੰ ਸਮਰਪਤ ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ







**ਜਲੰਧਰ (ਗਿਆਨ ਸੈਦਪੁਰੀ, ਰਾਜੇਸ਼ ਥਾਪਾ)**

ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਨੂੰ ਸਮਰਪਿਤ ਕਾਮਰੇਡ ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ ਸਥਾਨਕ ਵਿਸ਼ਨੂ ਗਣੇਸ਼ ਪਿੰਗਲੇ ਹਾਲ ਵਿੱਚ ਕਰਵਾਇਆ ਗਿਆ।ਐਡਵੋਕੇਟ ਰਜਿੰਦਰ ਸਿੰਘ ਮੰਡ ਦੀ ਦੇਖਰੇਖ ਵਿੱਚ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਟਰੱਸਟ ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਵੱਡੇ ਵਿਦਵਾਨ, ਲੇਖਕ ਅਤੇ ਪੱਤਰਕਾਰਾਂ ਵੱਲੋਂ ਜਿੱਥੇ ਕਾਮਰੇਡ ਜਗਜੀਤ ਸਿੰਘ ਆਨੰਦ, ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਬਾਰੇ ਗੱਲਾਂ ਹੋਈਆਂ, ਉੱਥੇ ਭਾਰਤ ਵਿੱਚ ਜਮਹੂਰੀਅਤ ਨੂੰ ਬਚਾਉਣ ਲਈ ਕਮਿਊਨਿਸਟਾਂ, ਬੁੱਧੀਜੀਵੀਆਂ, ਜਮਹੂਰੀਅਤਪਸੰਦ ਲੋਕਾਂ ਤੇ ਹੋਰ ਭਾਜਪਾ ਵਿਰੋਧੀ ਪਾਰਟੀਆਂ ਦਾ ਇੱਕ ਫਰੰਟ ਉਸਾਰਨ ਲਈ ਸੰਜੀਦਗੀ ਨਾਲ ਸੱਦਾ ਦਿੱਤਾ ਗਿਆ।

ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ, ਸਤਨਾਮ ਸਿੰਘ ਮਾਣਕ ਅਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ 'ਤੇ ਅਧਾਰਤ ਪ੍ਰਧਾਨਗੀ ਮੰਡਲ ਵਾਲੇ ਸੈਮੀਨਾਰ ਦੇ ਸ਼ੁਰੂ ਵਿੱਚ ਐਡਵੋਕੇਟ ਰਜਿੰਦਰ ਸਿੰਘ ਮੰਡ ਨੇ ਸੈਮੀਨਾਰ ਵਿੱਚ ਸ਼ਾਮਿਲ ਹੋਣ ਵਾਲਿਆਂ ਦਾ ਸੰਖੇਪ, ਪਰ ਭਾਵਪੂਰਤ ਸ਼ਬਦਾਂ ਵਿੱਚ ਸਵਾਗਤ ਕੀਤਾ।

ਸਮਾਗਮ ਨੂੰ ਅੱਗੇ ਤੋਰਦਿਆਂ ਉੱਘੇ ਲੇਖਕ ਹਰਵਿੰਦਰ ਭੰਡਾਲ ਨੇ 'ਵਰਤਮਾਨ ਹਾਲਾਤ ਵਿੱਚ ਪ੍ਰਗਤੀਸ਼ੀਲ ਪੱਤਰਕਾਰੀ ਦੀ ਭੂਮਿਕਾ' ਵਿਸ਼ੇ 'ਤੇ ਤਕਰੀਰ ਕੀਤੀ। ਉਨ੍ਹਾ ਵਿਸ਼ੇ ਸੰਬੰਧੀ ਗੱਲਬਾਤ ਤੋਂ ਪਹਿਲਾਂ ਕਿਹਾ ਕਿ ਮੇਰੇ ਲਈ ਖੁਸ਼ੀ ਦੀ ਗੱਲ

• ਬਾਕੀ ਸਫਾ 2 'ਤੇ

## ਵਿਧਾਇਕ ਕਾਕਾ ਬਰਾੜ ਨੇ ਕੀਤਾ ਬਰਕੰਦੀ ਰੋਡ ਦਾ ਦੌਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਬਰਕੰਦੀ ਰੋਡ ਦਾ ਦੌਰਾ ਕੀਤਾ ਤੇ ਮੁਹੱਲਾ ਵਾਸੀਆਂ ਦੀਆਂ ਮੁਸ਼ਕਲਾਂ ਨੂੰ ਸੁਣਿਆ।ਮੁਹੱਲਾ ਨਿਵਾਸੀਆਂ ਨੇ ਦੱਸਿਆ ਕਿ ਉਨ੍ਹਾਂ ਦੇ ਮੁਹੱਲੇ ਵਿਚ ਗਲੀਆਂ ਅਤੇ ਸੜਕਾਂ ਕਾਫ਼ੀ ਟੁੱਟੀਆਂ ਹਨ ਤੇ ਇਸਦੇ ਨਾਲ ਹੀ ਬਿਜਲੀ ਦੀਆਂ ਤਾਰਾਂ ਨੀਵੀਆਂ ਹਨ, ਸੀਵਰੇਜ ਓਵਰਫਲੋ ਹੋ ਰਹੇ ਹਨ ਅਤੇ ਗੰਦਗੀ ਵੀ ਕਾਫ਼ੀ ਹੈ। ਇਸ 'ਤੇ ਕਾਕਾ ਬਰਾੜ ਨੇ ਦੱਸਿਆ ਕਿ ਜਲਦ ਹੀ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜਲਦ ਹੀ ਸੜਕ ਦਾ ਨਿਰਮਾਣ ਵੀ ਹੋਣ ਜਾ ਰਿਹਾ ਹੈ ਤੇ ਨਾਲ ਹੀ ਸੀਵਰੇਜ ਦੀ ਸਫ਼ਾਈ ਵੀ ਕਰਵਾ ਦਿੱਤੀ ਜਾਵੇਗੀ ਤੇ ਬਿਜਲੀ ਵਿਭਾਗ ਨੂੰ ਕਹਿ ਕੇ ਨਵੇਂ ਖੰਭੇ ਲਾ ਦਿੱਤੇ ਜਾਣਗੇ, ਜਿਸ ਨਾਲ ਤਾਰਾਂ ਉਚੀਆਂ ਹੋ ਜਾਣਗੀਆਂ ਤੇ ਸਫ਼ਾਈ ਕਰਮਚਾਰੀਆਂ ਨੂੰ ਵੀ ਹਦਾਇਤ ਕੀਤੀ ਜਾਵੇਗੀ ਕਿ ਉਹ ਇਸ ਪਾਸੇ ਵੱਲ ਵੀ ਧਿਆਨ ਦੇਣ।

## ਵਿਧਾਇਕਾ ਵੱਲੋਂ ਤਾਰੇਵਾਲਾ 'ਚ ਵਿਕਾਸ ਕਾਰਜਾਂ ਦਾ ਉਦਘਾਟਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੇ ਪਿੰਡ ਤਾਰੇਵਾਲਾ ਵਿੱਚ ਸਰਪੰਚ ਕਰਮਜੀਤ ਸਿੰਘ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ 15 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ, ਸੀਵਰੇਜ ਤੇ ਲਾਈਟਾਂ ਵਾਲੀਆਂ ਗਲੀਆਂ ਦਾ ਉਦਘਾਟਨ ਮੋਗਾ ਜ਼ਿਲ੍ਹੇ ਦੀ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕੀਤਾ।ਇਸ ਮੌਕੇ ਸਰਪੰਚ ਗੁਰਪ੍ਰੀਤ ਸਿੰਘ ਮੰਗੇਵਾਲਾ, ਪੰਚ ਕੁਲਵਿੰਦਰ ਸਿੰਘ, ਸੋਸ਼ਲ ਮੀਡੀਆ ਇੰਚਾਰਜ ਕੁਲਵਿੰਦਰ ਸਿੰਘ ਤਾਰੇਵਾਲਾ, ਬੀ.ਡੀ.ਪੀ.ਓ. ਹਾਜ਼ਰ ਸਨ। ਹਰੀ ਸਿੰਘ, ਪੰਚਾਇਤ ਸਕੱਤਰ ਸੁਖਬੀਰ ਸਿੰਘ, ਹਰਪ੍ਰੀਤ ਕੌਰ ਪੰਚ, ਪੰਚ ਸਨਪ੍ਰੀਤ ਸਿੰਘ, ਪੰਚ ਕੁਲਵਿੰਦਰ ਸਿੰਘ, ਪੰਚ ਵੀਰਪਾਲ ਕੌਰ, ਪੰਚ ਕਰਮਜੀਤ ਕੌਰ, ਪੰਚ ਸੋਮਾ, ਪੰਚ ਹਰਪ੍ਰੀਤ ਸਿੰਘ ਤੋਂ ਇਲਾਵਾ ਪਿੰਡ ਵਾਸੀਆਂ ਨੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਪਿੰਡ ਪਹੁੰਚਣ 'ਤੇ ਸਿਰੋਪਾਓ ਦੇ ਕੇ ਸਨਮਾਨ ਕੀਤਾ ਤੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਮਨਜ਼ੂਰ ਕੀਤੀਆਂ ਗਈਆਂ ਹਨ।ਅੱਜ 15 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ, ਸੀਵਰੇਜ, ਲਾਈਟਾਂ ਦਾ ਕੰਮ ਸ਼ੁਰੂ ਕਰਕੇ ਕੰਮ ਸ਼ੁਰੂ ਕਰਵਾਇਆ ਗਿਆ।ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ, ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ, ਜਿਸ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।ਉਨ੍ਹਾਂ ਪਿੰਡ ਵਾਸੀਆਂ ਦਾ ਉਨ੍ਹਾਂ ਨੂੰ ਦਿੱਤੇ ਗਏ ਸਤਿਕਾਰ ਲਈ ਧੰਨਵਾਦ ਕੀਤਾ।

## ਵਿਧਾਇਕ ਸਿੱਧੂ ਵਿਰੁੱਧ ਆਪਣਿਆਂ ਨੇ ਵੀ ਧਰਨੇ 'ਚ ਕੀਤੀ ਸ਼ਮੂਲੀਅਤ



**ਬਠਿੰਡਾ (ਰਾਜੀਵ ਗੋਇਲ)**-ਭਗਤਾ ਬਲਾਕ ਖਤਮ ਕੀਤੇ ਜਾਣ ਦੇ ਰੋਸ ਵਜੋਂ ਭਗਤਾ ਸ਼ਹਿਰ ਦੇ ਖੰਡਾ ਚੌਕ ਵਿੱਚ ਲੱਗੇ ਧਰਨੇ ਵਿੱਚ ਆਮ ਆਦਮੀ ਪਾਰਟੀ ਦੇ ਪੁਰਾਣੇ ਭਮੱਕੜਾਂ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ।ਇਸ ਤੋਂ ਪਹਿਲਾਂ ਇਹ ਆਗੂ ਭਗਤਾ ਭਾਈਕਾ ਦੀ ਦਾਨਾ ਮੰਡੀ ਵਿੱਚ ਇਕੱਤਰ ਹੋਏ ਤੇ ਜੱਥੇ ਦੇ ਰੂਪ ਵਿੱਚ ਧਰਨੇ ਵਿੱਚ ਸ਼ਾਮਲ ਹੋਏ, ਜਿੱਥੇ ਆਪਣੀ ਹੀ ਸਰਕਾਰ ਦੇ ਮਾੜੇ ਕੰਮਾਂ ਖਿਲਾਫ ਜੰਮ ਕੇ ਭੜਾਸ ਕੱਢੀ ਗਈ।ਗੱਲਬਾਤ ਕਰਦਿਆਂ ਪਾਰਟੀ ਦੇ ਪੁਰਾਣੇ ਭੁਮੱਕੜ ਨਛੱਤਰ ਸਿੰਘ ਸਿੱਧੂ ਨੇ ਕਿਹਾ ਕਿ ਹਲਕਾ ਵਿਧਾਇਕ ਦਾ ਸਿਰਫ ਇੱਕੋ ਹੀ ਮਕਸਦ ਹੈ ਕਿ ਰਾਮਪੁਰਾ ਫੂਲ ਹਲਕੇ ਵਿੱਚ ਪਾਰਟੀ ਨੂੰ ਖਤਮ ਕਰਨਾ, ਜਿਸਦਾ ਨਤੀਜਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਭੁਗਤਣ ਲਈ ਤਿਆਰ ਰਹੇ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਹਮੇਸ਼ਾ ਸੱਤਰ ਸਾਲਾਂ ਦਾ ਰਬਾਬ ਗਾ ਕੇ ਵਿਰੋਧੀਆਂ 'ਤੇ ਕਸਣ ਵਾਲੀ ਸਰਕਾਰ ਨੇ ਹੁਣ ਉਨ੍ਹਾਂ ਵੱਲੋਂ ਹੀ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਦਾ ਭੋਗ ਪਾਉਣਾ ਜ਼ਰੂਰੀ ਸਮਝ ਲਿਆ ਹੈ।

## 18ਵੇਂ ਸ੍ਰੀ ਗਣੇਸ਼ ਮਹਾਂਉਤਸਵ ਸੰਬੰਧੀ ਸੱਦਾ ਪੱਤਰ ਕਾਰਡ ਜਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗਣਪਤੀ ਸੇਵਾ ਮੰਡਲ ਵੱਲੋਂ 18ਵਾਂ ਸ੍ਰੀ ਗਨੇਸ਼ ਮਹਾਂ ਉਤਸਵ ਜਨਤਾ ਧਰਮਸ਼ਾਲਾ ਨਿਹਾਲ ਸਿੰਘ ਵਾਲਾ ਰੋਡ ਵਿਖੇ ਬਹੁਤ ਹੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ ਤੇ ਸਮਾਗਮ ਦੇ ਸਬੰਧ 'ਚ ਅਮਿਤ ਅਗਰਵਾਲ ਐਡਵੋਕੇਟ ਦੇ ਦਫਤਰ ਵਿਖੇ ਇੱਕ ਮੀਟਿੰਗ ਕੀਤੀ ਗਈ। ਮੀਟਿੰਗ ਉਪਰੰਤ ਸਮਾਗਮ ਸਬੰਧੀ ਕਾਰਡ ਵੀ ਜਾਰੀ ਕੀਤਾ ਗਿਆ ਤੇ ਸਮਾਗਮ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ ਗਣਪਤੀ ਸੇਵਾ ਮੰਡਲ ਦੇ ਪ੍ਰਧਾਨ ਸੁਖਜੀਵਨ ਬਾਂਸਲ ਭਗਤੂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 26 ਅਗਸਤ ਨੂੰ ਸ਼ਾਮ 5 ਵਜੇ ਸ੍ਰੀ ਗਨੇਸ਼ ਜੀ ਦੀ ਮੂਰਤੀ ਲਿਆਂਦੀ ਜਾਵੇਗੀ ਤੇ ਸ਼ਹਿਰ ਵਾਸੀ ਫੁੱਲਾਂ ਦੀ ਵਰਖਾ ਕਰ ਕੇ ਜ਼ੋਰਦਾਰ ਸਵਾਗਤ ਕਰਨਗੇ ਤੇ 27 ਅਗਸਤ ਤੋਂ 2 ਸਤੰਬਰ ਤੱਕ ਜਨਤਾ ਧਰਮਸ਼ਾਲਾ ਵਿਖੇ ਸ੍ਰੀ ਗਨੇਸ਼ ਮਹਾਂ ਉਤਸਵ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 29, 30, 31 ਅਗਸਤ ਨੂੰ ਸੁਰਿਆ ਕਾਂਤ ਸ਼ਾਸਤਰੀ ਜੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ, ਜੋ ਕਿ ਰਾਤ 8 ਵਜੇ ਤੋਂ ਲੈ ਕੇ 10 ਵਜੇ ਤੱਕ ਕਥਾ ਕਰਨਗੇ ਤੇ ਅਤੁੱਟ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਰੋਜਾਨਾ ਸਵੇਰੇ ਸ਼ਾਮ ਸ੍ਰੀ ਗਨੇਸ਼ ਜੀ ਦੀ ਪੂਜਾ ਵੀ ਕੀਤੀ ਜਾਵੇਗੀ, ਜੋ ਸਵੇਰੇ 7:30 ਵਜੇ ਤੋਂ ਲੈ ਕੇ 8:30 ਵਜੇ ਤੱਕ ਤੇ ਸ਼ਾਮ 7 ਤੋਂ 8 ਵਜੇ ਤੱਕ ਹੋਵੇਗੀ। ਇਸ ਮੌਕੇ ਸੈਕਟਰੀ ਮਦਨ ਗਰਗ, ਨਵਦੀਪ ਗੋਇਲ, ਪੋਪੀ, ਸੋਨੂੰ ਲੋਹੇ ਵਾਲੇ, ਅਮਿਤ ਬਾਂਸਲ ਡੀ ਐੱਮ, ਸੰਜੀਵ ਕੁਮਾਰ, ਗੌਤਮ ਬਾਂਸਲ, ਕ੍ਰਿਸ਼ਨ ਬਾਂਸਲ, ਮੁਨੀਸ਼ ਗਰਗ, ਮਿਲਨ ਗਰਗ, ਮੋਹਨ ਲਾਲ, ਪ੍ਰਦੀਪ ਗੋਇਲ, ਰਾਹੁਲ ਗਰਗ, ਰਾਕੇਸ਼ ਬਾਂਸਲ ਰਿੰਪੀ, ਰੋਕੀ ਗਰਗ, ਸਾਜਨ ਗਰਗ, ਵਿਜੇ ਮਿੱਤਲ, ਵਿਕਰਮ ਸਿੰਗਲਾ, ਤਰੁਣ ਸਿੰਗਲਾ ਤੇ ਹੋਰ ਸ਼ਾਮਲ ਸਨ।

## ਭਾਜਪਾ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਪੰਜਾਬ ਸਰਕਾਰ ਵੱਲੋਂ ਭਾਜਪਾ ਆਗੂਆਂ 'ਤੇ ਕਥਿਤ ਤੌਰ 'ਤੇ ਕੀਤੀ ਜਾ ਰਹੀ ਕਾਰਵਾਈ ਤੇ ਧੱਕੇਸ਼ਾਹੀ ਦੇ ਵਿਰੋਧ ਵਿੱਚ ਭਾਜਪਾ ਨੇ ਫਰੀਦਕੋਟ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ।ਇਹ ਪ੍ਰਦਰਸ਼ਨ ਜ਼ਿਲ੍ਹਾ ਪ੍ਰਧਾਨ ਗੌਰਵ ਕੱਕੜ ਦੀ ਅਗਵਾਈ ਹੇਠ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ 'ਚ ਭਾਜਪਾ ਦੇ ਆਗੂਆਂ ਤੇ ਵਰਕਰਾਂ ਨੇ ਹਿੱਸਾ ਲਿਆ।ਪ੍ਰਦਰਸ਼ਨਕਾਰੀ ਸਥਾਨਕ ਥਾਣਾ ਸਿਟੀ ਫਰੀਦਕੋਟ ਦੇ ਸਾਹਮਣੇ ਇਕੱਠੇ ਹੋਏ ਤੇ ਪੰਜਾਬ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਦਾ ਪੁਤਲਾ ਵੀ ਫੂਕਿਆ।ਸ੍ਰੀ ਗੌਰਵ ਕੱਕੜ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ 'ਆਪ' ਸਰਕਾਰ ਸਿਆਸੀ ਬਦਲਾਖੋਰੀ ਤਹਿਤ ਭਾਜਪਾ ਦੇ ਆਗੂਆਂ ਨੂੰ ਨਿਸ਼ਾਨਾ ਬਣਾ ਰਹੀ ਹੈ।ਉਨ੍ਹਾ ਕਿਹਾ ਕਿ ਇਹ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਤੇ ਹੁਣ ਆਪਣੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਵਿਰੋਧੀ ਧਿਰਾਂ ਨੂੰ ਤੰਗ ਕਰ ਰਹੀ ਹੈ।ਕੱਕੜ ਨੇ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਤੇ ਸਰਕਾਰ ਇਸ 'ਤੇ ਕਾਬੂ ਪਾਉਣ ਦੀ ਬਜਾਏ ਸਿਆਸੀ ਕਾਰਵਾਈਆਂ ਵਿੱਚ ਰੁੱਝੀ ਹੋਈ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਭਾਜਪਾ ਆਗੂਆਂ 'ਤੇ ਇਹ ਧੱਕੇਸ਼ਾਹੀ ਬੰਦ ਨਹੀਂ ਹੁੰਦੀ, ਭਾਜਪਾ ਦਾ ਸੰਘਰਸ਼ ਇਸੇ ਤਰ੍ਹਾਂ ਜਾਰੀ ਰਹੇਗਾ ਤੇ ਇਸ ਨੂੰ ਹੋਰ ਤੇਜ਼ ਕੀਤਾ ਜਾਵੇਗਾ।




**ਇੰਸਪੈਕਟਰ ਰਤਨ ਲਾਲ ਐੱਸ ਐੱਚ ਓ ਥਾਣਾ ਸਰਹਿੰਦ (ਜੀ ਆਰ ਪੀ) ਨੂੰ ਡੀ ਜੀ ਪੀ ਪੰਜਾਬ ਪੁਲਸ ਵੱਲੋਂ ਦੂਜੀ ਵਾਰ ਕੰਮੈਂਨਡੇਸ਼ਨ ਡਿਸਕ ਉਨ੍ਹਾਂ ਦੀਆਂ ਮਹਿਕਮੇ ਪ੍ਰਤੀ ਸ਼ਾਨਦਾਰ ਸੇਵਾਵਾਂ ਅਤੇ ਬਹੁਤ ਘਿਨਾਉਣੇ, ਗੁੰਝਲਦਾਰ ਕੇਸਾਂ ਨੂੰ ਸੁਲਝਾਉਣ ਬਦਲੇ ਦਿੱਤਾ ਗਿਆ। ਇਹ ਡਿਸਕ ਮੈਡਮ ਸ਼ਸ਼ੀ ਪ੍ਰਭਾ ਦਿਵੇਦੀ ਆਈ ਪੀ ਐੱਸ ਸਪੈਸ਼ਲ ਡੀ ਜੀ ਪੀ ਰੇਲਵੇ, ਬਲਜੋਤ ਸਿੰਘ ਰਠੌਰ ਆਈ ਪੀ ਐੱਸ ਆਈ ਜੀ ਰੇਲਵੇ ਪੰਜਾਬ ਦਿੰਦੇ ਹੋਏ। (ਫੋਟੋ ਤੇ ਵੇਰਵਾ : ਪ੍ਰਮੋਦ ਭਾਰਦਵਾਜ, ਸਰਹਿੰਦ)**



**ਭਾਜਪਾ ਆਗੂਆਂ ਅਤੇ ਉਨ੍ਹਾਂ ਦੇ ਵਰਕਰਾਂ ਵੱਲੋਂ ਭਗਵੰਤ ਸਿੰਘ ਮਾਨ ਦਾ ਨਿਹਾਲ ਸਿੰਘ ਵਾਲਾ ਦੇ ਮੇਨ ਚੌਕ ਵਿੱਚ ਪੁਤਲਾ ਫੂਕਿਆ ਤੇ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਐੱਸ ਪੀ ਮੁਖਤਿਆਰ ਸਿੰਘ ਭਾਜਪਾ ਆਗੂ ਤੇ ਸਮੂਹ ਵਰਕਰ ਹਾਜ਼ਰ ਸਨ। (ਫੋਟੋ ਤੇ ਵੇਰਵਾ : ਲਵਲੀ ਕੁਮਾਰ, ਨਿਹਾਲ ਸਿੰਘ ਵਾਲਾ)**

## ਅੰਤਿਮ ਸੰਸਕਾਰ ਤੋਂ ਪਰਤ ਰਹੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**



ਮਾਛੀਵਾੜਾ-ਨਵਾਂਸ਼ਹਿਰ ਮਾਰਗ 'ਤੇ ਪੈਂਦੇ ਪਿੰਡ ਉਧੋਵਾਲ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਨੌਜਵਾਨ ਅਜੇ (30) ਵਾਸੀ ਅੰਬੇਡਕਰ ਕਾਲੋਨੀ, ਸਮਰਾਲਾ ਦੀ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਮੁਤਾਬਿਕ ਅਜੇ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਸ਼ੈਲਾ ਵਿਖੇ ਰਿਸ਼ਤੇ 'ਚ ਲੱਗਦੇ ਆਪਣੇ ਮਸੇਰੇ ਭਰਾ ਦੇ ਅੰਤਿਮ ਸੰਸਕਾਰ 'ਤੇ ਗਿਆ ਸੀ। ਉਹ ਜਦੋਂ ਵਾਪਸ ਆ ਰਿਹਾ ਸੀ ਤਾਂ ਪਿੰਡ ਉਧੋਵਾਲ ਨੇੜੇ ਉਸ ਨੂੰ ਇਨੋਵਾ ਕਾਰ ਨੇ ਟੱਕਰ ਮਾਰ ਦਿੱਤੀ ਤੇ ਉਹ ਕਾਰ ਥੱਲੇ ਆ ਗਿਆ। ਇਸ ਹਾਦਸੇ ਵਿੱਚ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਸ ਨੂੰ ਟੱਕਰ ਮਾਰਨ ਵਾਲੀ ਕਾਰ ਦਾ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਰਾਹਗੀਰਾਂ ਵੱਲੋਂ ਇਸ ਕਾਰ ਦਾ ਨੰਬਰ ਨੋਟ ਕਰ ਲਿਆ ਗਿਆ। ਮ੍ਰਿਤਕ ਅਜੇ ਦੀ ਲਾਸ਼ ਨੂੰ ਮਾਛੀਵਾੜਾ ਪੁਲਸ ਵੱਲੋਂ ਕਬਜ਼ੇ 'ਚ ਕਰ ਪੋਸਟ ਮਾਰਟਮ ਲਈ ਭੇਜ ਦਿੱਤਾ ਗਿਆ ਤੇ ਕਾਰ ਚਾਲਕ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕਰਨੈਲ ਸਿੰਘ ਨੇ ਦੱਸਿਆ ਕਿ ਜਲਦ ਹੀ ਇਸ ਹਾਦਸੇ ਨੂੰ ਅੰਜ਼ਾਮ ਦੇਣ ਵਾਲੇ ਕਾਰ ਚਾਲਕ ਨੂੰ ਕਾਬੂ ਕਰ ਲਿਆ ਜਾਵੇਗਾ। ਮ੍ਰਿਤਕ ਅਜੈ ਆਪਣੇ ਪਿੱਛੇ ਪਤਨੀ ਤੋਂ ਇਲਾਵਾ 3 ਛੋਟੇ ਛੋਟੇ ਬੱਚੇ ਛੱਡ ਗਿਆ ਹੈ।

# ਭਗਤਾ ਬਲਾਕ ਖਤਮ ਕਰਨ ਦੇ ਰੋਸ 'ਚ ਭਗਵੰਤ ਮਾਨ ਤੇ ਬਲਕਾਰ ਸਿੱਧੂ ਦਾ ਪੁਤਲਾ ਫੂਕਿਆ



**ਬਠਿੰਡਾ (ਰਾਜੀਵ ਗੋਇਲ)**-ਪਿਛਲੇ ਕਾਫੀ ਦਿਨਾਂ ਤੋਂ ਭਗਤਾ ਬਲਾਕ ਨੂੰ ਤੋੜ ਕੇ ਫੂਲ ਨਾਲ ਜੋੜੇ ਜਾਣ ਦਾ ਮਾਮਲਾ ਭਖਿਆ ਹੋਇਆ ਹੈ ਤੇ ਸਿਆਸੀ ਆਗੂਆਂ ਸਮੇਤ ਆਮ ਲੋਕਾਂ ਵੱਲੋਂ ਇਸ ਮਸਲੇ ਨੂੰ ਲੈ ਕੇ ਸਖ਼ਤ ਵਿਰੋਧ ਜਤਾਇਆ ਜਾ ਰਿਹਾ ਹੈ।ਕਿਸਾਨ ਜਥੇਬੰਦੀਆਂ ਵੱਲੋਂ ਮੀਟਿੰਗ ਗੁਰਦੁਆਰਾ ਮਹਿਲ ਸਾਹਿਬ ਵਿਖੇ ਕੀਤੀ ਗਈ ਸੀ, ਜਿਸ ਵਿੱਚ 22 ਅਗਸਤ ਨੂੰ ਭਗਤਾ ਭਾਈ ਕਾ ਦੇ ਮੁੱਖ ਚੌਂਕ ਵਿੱਚ ਸੰਕੇਤਕ ਧਰਨੇ ਦਾ ਐਲਾਨ ਕੀਤਾ ਗਿਆ ਸੀ। ਇਸੇ ਐਲਾਨ ਮੁਤਾਬਕ ਸਮੂਹ ਕਿਸਾਨ ਜਥੇਬੰਦੀਆਂ ਤੇ ਆਮ ਲੋਕਾਂ ਵੱਲੋਂ ਭਾਰੀ ਮਾਤਰਾ ਵਿੱਚ ਔਰਤਾਂ ਦੇ ਸਹਿਯੋਗ ਨਾਲ ਭਗਤਾ ਭਾਈ ਕਾ ਦੇ ਮੁੱਖ ਚੌਂਕ ਵਿੱਚ ਧਰਨਾ ਲਾਇਆ ਗਿਆ ਤੇ ਹਲਕਾ ਵਿਧਾਇਕ ਬਲਕਾਰ ਸਿੱਧੂ ਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਦੇ ਹੋਏ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆ ਵੱਲੋਂ ਕਿਹਾ ਗਿਆ ਕਿ ਸਰਕਾਰ ਵੱਲੋਂ ਭਗਤਾ ਬਲਾਕ ਨੂੰ ਤੋੜ ਕੇ ਦੋ ਦਰਜਨ ਤੋਂ ਵਧੇਰੇ ਪਿੰਡਾਂ ਦੇ ਲੋਕਾਂ ਲਈ ਟੋਆ ਪੁੱਟ ਕੇ ਰੱਖ ਦਿੱਤਾ ਹੈ ਤੇ ਜਿਹੜੇ ਲੋਕ 10-20 ਰੁਪਏ ਅਤੇ ਘੰਟੇ ਕੁ ਦੇ ਵਕਫ਼ੇ ਵਿੱਚ ਭਗਤਾ ਭਾਈ ਤੋਂ ਕੰਮ ਕਰਾ ਕੇ ਵਾਪਸ ਪਿੰਡ ਪਰਤ ਜਾਂਦੇ ਸਨ, ਉਹ ਹੁਣ ਫੂਲ ਪੂਰੀ ਦਿਹਾੜੀ ਤੇ ਵੱਧ ਕਿਰਾਇਆ ਲਗਾ ਕੇ ਖੱਜਲ ਹੋਇਆ ਕਰਨਗੇ।ਉਨ੍ਹਾਂ ਕਿਹਾ ਕਿ ਸਰਕਾਰਾਂ ਤਾਂ ਆਮ ਲੋਕਾਂ ਲਈ ਸਹੂਲਤਾਂ ਲੈ ਕੇ ਆਉਂਦੀਆਂ ਹਨ ਪਰ ਇਹ ਪਹਿਲੀ ਸਰਕਾਰ ਦੇਖੀ ਹੈ, ਜਿਹੜੀ ਪਿਛਲੀਆਂ ਸਰਕਾਰਾਂ ਵੱਲੋਂ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਵਾਪਸ ਖੋਹ ਰਹੀ ਹੈ।ਜ਼ਿਕਰ ਹੈ ਕਿ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਕਰਵਾਉਣ ਦੇ ਲਈ ਲੋਕ ਵਿਰੋਧੀ ਸਕੀਮ ਇਸ ਸਰਕਾਰ ਨੇ ਬਦਲਾਅ ਦੇ ਨਾਅਰੇ ਹੇਠ ਲੋਕਾਂ ਤੋਂ ਵੋਟ ਲਈ ਸੀ, ਪਰ ਇਨ੍ਹਾਂ ਵੱਲੋਂ ਆਮ ਲੋਕਾਂ ਨੂੰ ਠੱਗਣ ਤੋਂ ਸਿਵਾਏ ਕੁਝ ਨਹੀਂ ਕੀਤਾ।ਅਖੀਰ ਬੁਲਾਰਿਆਂ ਵੱਲੋਂ ਇਹ ਕਿਹਾ ਗਿਆ ਕਿ ਭਾਵੇਂ ਕੁਝ ਵੀ ਹੋ ਜਾਵੇ, ਅਸੀਂ ਇਹ ਭਗਤਾ ਬਲਾਕ ਬਹਾਲ ਕਰਵਾ ਕੇ ਹੀ ਸਾਹ ਲਵਾਂਗੇ। ਇਸ ਮਸਲੇ ਨੂੰ ਲੈ ਕੇ ਇਕੱਤਰ ਹੋਈਆਂ ਜਥੇਬੰਦੀਆਂ ਦੇ ਆਗੂਆਂ ਵੱਲੋਂ ਭਗਤਾ ਬਲਾਕ ਬਹਾਲ ਕੀਤੇ ਜਾਣ ਸੰਬੰਧੀ ਨਾਇਬ ਤਹਿਸੀਲਦਾਰ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਸਮੂਹ ਕਿਸਾਨ ਜਥੇਬੰਦੀਆਂ ਦੇ ਆਗੂ ਤੇ ਆਮ ਲੋਕ ਹਾਜ਼ਰ ਸਨ।

## ਭਾਜਪਾ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਭਾਰਤੀ ਜਨਤਾ ਪਾਰਟੀ ਸਮਾਣਾ ਵੱਲੋਂ ਪੰਜਾਬ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਦੇ ਵਿਰੋਧ ਵਿੱਚ ਸਮਾਣਾ ਦੇ ਅੰਬੇਡਕਰ ਚੌਕ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਜ਼ਿਲ੍ਹਾ ਪਟਿਆਲਾ ਦੱਖਣੀ ਪ੍ਰਧਾਨ ਹਰਮੇਸ਼ ਗੋਇਲ ਡਕਾਲਾ, ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜਤਿੰਦਰ ਸ਼ਰਮਾ ਮੰਡਲ ਪ੍ਰਧਾਨ ਸਮਾਣਾ, ਜ਼ਿਲ੍ਹਾ ਦਫਤਰ ਇੰਚਾਰਜ ਸੰਜੀਵ ਗਰਗ ਤੇ ਯੁਵਾ ਮੋਰਚਾ ਸਮਾਣਾ ਦੇ ਪ੍ਰਧਾਨ ਪ੍ਰੀਕਸ਼ਤ ਪਾਠਕ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਨ ਸੁਵਿਧਾ ਕੈਂਪ ਲਗਾਏ ਜਾ ਰਹੇ ਸਨ, ਜਿਸ ਕਾਰਨ ਗਰੀਬਾਂ, ਮਹਿਲਾਵਾਂ ਤੇ ਸਮਾਜ ਦੇ ਅਨੇਕਾਂ ਵਰਗਾਂ ਤੱਕ ਕੇਂਦਰੀ ਸਕੀਮਾਂ ਦਾ ਲਾਭ ਪਹੁੰਚ ਰਿਹਾ ਸੀ। ਇਸ ਤੋਂ ਇਲਾਵਾ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਕਰਵਾਉਣ ਤੇ ਭਾਜਪਾ ਵੱਲੋਂ ਰਾਜਪੁਰਾ ਵਿਖੇ ਕੀਤੀ ਗਈ ਕਿਸਾਨ ਮਜ਼ਦੂਰ ਬਚਾਓ ਰੈਲੀ ਦਾ ਵਿੱਚ ਵੱਡੀ ਗਿਣਤੀ 'ਚ ਲੋਕਾਂ ਨੇ ਆਪ ਮੁਹਾਰੇ ਭਾਗ ਲਿਆ ਸੀ, ਜਿਸ ਤੋਂ ਘਬਰਾ ਕੇ ਸੂਬਾ ਸਰਕਾਰ ਨੇ ਭਾਜਪਾ ਆਗੂਆਂ ਤੇ ਵਰਕਰਾਂ ਨੂੰ ਗ੍ਰਿਫਤਾਰ ਕਰਨ ਤੇ ਡਰਾਉਣ ਧਮਕਾਉਣ ਦੀ ਨੀਤੀ ਅਪਣਾਈ ਹੈ, ਜਿਸ ਦਾ ਭਾਰਤੀ ਜਨਤਾ ਪਾਰਟੀ ਪੁਰਜ਼ੋਰ ਵਿਰੋਧ ਕਰੇਗੀ। ਇਸ ਪ੍ਰਦਰਸ਼ਨ ਮੌਕੇ ਸਥਾਨਕ ਆਗੂ ਵਿਨੋਦ ਸਿੰਗਲਾ, ਸੰਜੀਵ ਗਰਗ, ਸੈਕੀ ਧੀਮਾਨ, ਲਲਿਤ ਡੋਗਰਾ, ਦਮਨ ਡੋਗਰਾ, ਬਲਵਿੰਦਰ ਬੰਬੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਸਮਰਾਲਾ ਰੈਲੀ ਦਾ ਸਮਰਥਨ



**ਬੱਧਨੀ ਕਲਾ (ਲਵਲੀ ਕੁਮਾਰ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਮਾਨਸਾ, ਸੂਬਾ ਸਕੱਤਰ ਡਾ. ਗੁਰਮੇਲ ਸਿੰਘ ਮਾਛੀਕੇ, ਸਰਪ੍ਰਸਤ ਸੁਰਜੀਤ ਸਿੰਘ ਸੂਬਾ ਕੈਸ਼ੀਅਰ ਡਾ. ਰਾਕੇਸ਼ ਕੁਮਾਰ ਮਹਿਤਾ ਸੂਬਾ ਪ੍ਰੈੱਸ ਸਕੱਤਰ ਡਾ. ਚਮਕੌਰ ਸਿੰਘ ਤੇ ਡਾ. ਸੱਤਪਾਲ ਰਿਸ਼ੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ 24 ਅਗਸਤ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜੇਤੂ ਸਮਰਾਲਾ ਰੈਲੀ ਦਾ ਡੱਟਵੇਂ ਸਮਰਥਨ ਦਾ ਐਲਾਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕਾਰਪੋਰੇਟ ਪੱਖੀ ਨੀਤੀਆਂ ਧੜਾਧੜ ਲਾਗੂ ਕਰ ਰਹੀ ਹੈ, ਜਿਸ ਦੀ ਮਿਸਾਲ ਲੈਂਡ ਪੂਲਿੰਗ ਖੇਤੀ ਪਾਲਿਸੀ ਨੂੰ ਲਾਗੂ ਕਰਨ ਦੀ ਗਲਤੀ ਤੋਂ ਮਿਲਦੀ ਹੈ।ਭਾਵੇਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੰਘਰਸ਼ ਸਦਕਾ ਪੰਜਾਬ ਸਰਕਾਰ ਵੱਲੋਂ ਇਕ ਵਾਰ ਲੈਂਡ ਪੂਲਿੰਗ ਖੇਤੀ ਨੀਤੀ ਨੂੰ ਵਾਪਸ ਲੈ ਲਿਆ ਹੈ।ਇਹ ਇੱਕ ਪਿਛਲੇ ਲਾ-ਮਿਸਾਲ ਸੰਘਰਸ਼ ਸਦਕਾ ਪੰਜਾਬ ਸਰਕਾਰ ਨੂੰ ਕੌੜਾ ਘੁੱਟ ਭਰਨਾ ਪਿਆ।ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਹਰ ਵਰਗ ਦੁਖੀ ਹੈ।ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦਿਨੋਂ ਦਿਨ ਵਧ ਰਹੀ ਹੈ।ਸਰਕਾਰ ਪਬਲਿਕ ਅਦਾਰਿਆਂ ਜਲ ਜ਼ਮੀਨ ਜੰਗਲ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀ ਹੈ।ਉਨ੍ਹਾਂ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ 24 ਅਗਸਤ ਦੀ ਸਮਰਾਲਾ ਰੈਲੀ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ।

## ਸਾਬਕਾ ਵਿਧਾਇਕ ਰਮਿੰਦਰ ਆਵਲਾ ਵੱਲੋਂ ਪਿੰਡਾਂ 'ਚ ਨੁੱਕੜ ਮੀਟਿੰਗਾਂ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹਲਕਾ ਗੁਰੂ ਹਰਸਹਾਏ ਦੇ ਪਿੰਡ ਕੋਹਰ ਸਿੰਘ ਵਾਲਾ, ਮਹਿਮਾ, ਬਸਤੀ ਜਵਾਏ ਸਿੰਘ ਵਾਲਾ, ਗੁਲਾਮ ਪੱਤਰਾ, ਚੂਹੜ ਖਿਲਚੀਆਂ, ਟਾਹਲੀ ਵਾਲਾ, ਬੇਰਕਾ ਸ਼ਾਮ ਸਿੰਘ, ਚੱਕ ਸਾਧੂ ਵਾਲਾ, ਥੇਹ ਗੁੱਜਰ, ਦਿਲਾ ਰਾਮ, ਰੇਲਵੇ ਬਸਤੀ ਮਿਸ਼ਰੀ ਵਾਲਾ, ਮੌਲਵੀ ਵਾਲਾ, ਲੋਹੜਾ ਨਵਾਬ, ਚੱਕ ਸੋਮੀਆ, ਬੁੱਢੇ ਸ਼ਾਹ ਪੱਤੀ, ਸੁੱਧ ਸਿੰਘ, ਮਾੜ੍ਹੇ ਖੁਰਦ, ਚੱਪਾ ਅੜਿੱਕੀ, ਬਸਤੀ ਕੱਲੇ ਵਾਲੀ, ਬੋਗੀ ਵਾਲਾ, ਬਸਤੀ ਨਾਹਰਿਆਂ ਵਾਲੀ, ਬਸਤੀ ਮੱਘਰ ਸਿੰਘ ਵਾਲੀ, ਬਸਤੀ ਤੁਸਲੀ ਵਾਲਾ, ਚੱਕ ਰੋੜਾਂ ਵਾਲੀ ਆਦਿ ਪਿੰਡਾਂ ਦਾ ਦੌਰਾ ਕਰ ਲੋਕਾਂ ਨਾਲ ਮੀਟਿੰਗਾਂ ਕੀਤੀਆਂ ਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ।ਉਨ੍ਹਾਂ ਵਰਕਰਾਂ ਨੂੰ ਲਾਮਬੰਦ ਕਰਦੇ ਹੋਏ ਕਿਹਾ ਕਿ ਆਪਣੀ ਸਰਕਾਰ ਬਣਨ 'ਤੇ ਇਲਾਕੇ ਦਾ ਸਰਵਪੱਖੀ ਵਿਕਾਸ ਕਰਵਾਇਆ ਜਾਵੇਗਾ।ਇਸ ਮੌਕੇ ਰਮਿੰਦਰ ਸਿੰਘ ਆਵਲਾ ਨਾਲ ਮੌਜੂਦ ਅਮਰੀਕ ਸਿੰਘ ਪ੍ਰਧਾਨ, ਭੀਮ ਕੰਬੋਜ ਚੇਅਰਮੈਨ, ਪ੍ਰਧਾਨ ਕਰਤਾਰ ਸਿੰਘ ਬੂਰ ਵਾਲਾ ਸਰਪੰਚ, ਸੰਦੀਪ ਸਿੰਘ ਮਾਹਮੂ ਜੋਈਆਂ, ਸਰਵਣ ਸਿੰਘ ਮਿਸ਼ਰੀ ਵਾਲਾ, ਗੁਰਪੀਤ ਅਵਾਨ, ਹੈਪੀ ਮਿਰਜ਼ਾ, ਰਣਧੀਰ ਸਿੰਘ, ਗੁਰਲਾਲ ਸਿੰਘ, ਗਗਨ ਬੰਨਾ ਵਾਲਾ, ਗੁਰਲਾਲ ਲਾਲੀ, ਅਮਰ ਕੰਬੋਜ ਪੀ ਏ, ਸਚਿਨ ਆਵਲਾ, ਜੋਨੀ ਆਵਲਾ, ਅਸ਼ੋਕ ਕੰਬੋਜ, ਰਿੰਕੂ ਸੋਢੀ, ਮਨਦੀਪ ਮੰਨੀ ਸਰਪੰਚ ਮੌਜੂਦ ਰਹੇ।

## ਸਰਸਵਤੀ ਸੀਨੀ. ਸੈਕੰ. ਸਕੂਲ ਦੇ ਖਿਡਾਰੀ ਜ਼ੋਨ ਪੱਧਰੀ ਖੇਡਾਂ 'ਚ ਛਾਏ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸਥਾਨਕ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਕੁਸਮ ਕਾਲੜਾ ਨੇ ਦੱਸਿਆ ਕਿ ਜ਼ੋਨ ਪੱਧਰੀ ਖੇਡਾਂ, ਜਿਹੜੀਆਂ 18 ਤੋਂ 22 ਅਗਸਤ 2025 ਤੱਕ ਵੱਖ-ਵੱਖ ਸਕੂਲਾਂ ਵਿਖੇ ਕਰਵਾਈਆਂ ਗਈਆਂ, ਵਿੱਚ ਸਕੂਲ ਦੇ ਖਿਡਾਰੀਆਂ ਨੇ ਭਾਗ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤਾਂ ਪ੍ਰਾਪਤ ਕੀਤੀਆਂ। ਵਾਲੀਬਾਲ ਅੰਡਰ-14, 17 ਤੇ 19 (ਲੜਕੇ), ਬੈਡਮਿੰਟਨ ਅੰਡਰ-17 (ਲੜਕੇ), ਕ੍ਰਿਕਟ ਅੰਡਰ-14 ਤੇ 17 ਲੜਕੇ, ਆਰਚਰੀ ਅੰਡਰ-19 (ਲੜਕੇ ਤੇ ਲੜਕੀਆਂ), ਸਾਇਕਲਿੰਗ ਅੰਡਰ-14, 17, 19 (ਲੜਕੇ), ਚੈੱਸ ਅੰਡਰ-19 (ਲੜਕੀਆਂ), ਬਾਕਸਿੰਗ ਅੰਡਰ-14, 17 ਤੇ 19 (ਲੜਕੇ), ਕਿੱਕ ਬਾਕਸਿੰਗ ਅੰਡਰ-14, 17 ਤੇ 19 (ਲੜਕੇ ਤੇ ਲੜਕੀਆਂ), ਵੁਸ਼ੂ ਅੰਡਰ-17 ਤੇ 19 (ਲੜਕੇ ਤੇ ਲੜਕੀਆਂ), ਤਾਈਕਵਾਂਡੋ ਅੰਡਰ-17 (ਲੜਕੇ), ਸੈਪਕ ਟਾਕਰਾ ਅੰਡਰ-14, 17 ਤੇ 19 (ਲੜਕੇ ਤੇ ਲੜਕੀਆਂ), ਸੌਫਟ ਟੈਨਿਸ ਅੰਡਰ-14, 17, 19 (ਲੜਕੇ) ਅੰਡਰ 17, 19 (ਲੜਕੀਆਂ), ਸੌਫਟ ਬਾਲ ਅੰਡਰ-14, 17 ਤੇ 19 (ਲੜਕੇ ਤੇ ਲੜਕੀਆਂ), ਕਰਾਟੇ ਅੰਡਰ-17, 19 (ਲੜਕੀਆਂ), ਲਾਅਨ ਟੈਨਿਸ ਅੰਡਰ-19 (ਲੜਕੇ), ਸਕੁਐਸ਼ ਅੰਡਰ-14, 17 ਤੇ 19 (ਲੜਕੇ ਤੇ ਲੜਕੀਆਂ) ਅਤੇ ਸਵੀਮਿੰਗ ਅੰਡਰ-17, 19 (ਲੜਕੇ ਤੇ ਲੜਕੀਆਂ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਬੈਡਮਿੰਟਨ ਅੰਡਰ-19 (ਲੜਕੇ) ਤੇ ਅੰਡਰ-14 (ਲੜਕੀਆਂ), ਆਰਚਰੀ ਅੰਡਰ-17 (ਲੜਕੇ ਤੇ ਲੜਕੀਆਂ) ਤੇ ਚੈੱਸ ਅੰਡਰ-19 (ਲੜਕੇ) 'ਚ ਦੂਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੈਡਮ ਨੇ ਸਾਰੇ ਹੀ ਖਿਡਾਰੀਆਂ ਦੀ ਹੌਸਲਾ ਹਫਜ਼ਾਈ ਕੀਤੀ ਤੇ ਉਨ੍ਹਾਂ ਦੇ ਕੋਚ ਸੁਖਜੀਤ ਸਿੰਘ, ਮੈਡਮ ਵੀਨਾ, ਸੁਸ਼ਮਾ ਸ਼ਰਮਾ ਤੇ ਅਮਨਦੀਪ ਸਿੰਗਲਾ ਨੂੰ ਵਧਾਈ ਦਿੱਤੀ।

# ਅਧਿਆਪਕ ਤਬਾਦਲਿਆਂ ਨੂੰ ਤਰਸੇ, ਅਫ਼ਸਰਸ਼ਾਹੀ ਬਿਨਾਂ ਵਜ੍ਹਾ ਕਰ ਰਹੀ ਹੈ ਦੇਰੀ : ਡੀ ਟੀ ਐੱਫ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਹਰ ਸਾਲ ਅਧਿਆਪਕਾਂ ਦੀਆਂ ਬਦਲੀਆਂ ਜੂਨ ਮਹੀਨੇ ਕੀਤੀਆਂ ਜਾਂਦੀਆਂ ਹਨ। ਇਸ ਵਾਰ ਵੀ ਅਧਿਆਪਕਾਂ ਤੋਂ ਆਨਲਾਈਨ ਪੋਰਟਲ ਤੇ 6 ਜੂਨ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ, ਪਰ ਉਸ ਤੋਂ ਬਾਅਦ ਇਸ ਪ੍ਰਕਿਰਿਆ ਉੱਪਰ ਅਚਾਨਕ ਰੋਕ ਲਾ ਦਿੱਤੀ ਗਈ।ਅਧਿਆਪਕਾਂ ਦੀ ਨੁਮਾਇੰਦਾ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਨੇ ਦੱਸਿਆ ਕਿ ਬਦਲੀਆਂ ਵਿੱਚ ਹੋ ਰਹੀ ਬੇਲੋੜੀ ਦੇਰੀ ਕਾਰਨ ਅਧਿਆਪਕ ਵਰਗ ਵਿੱਚ ਭਾਰੀ ਰੋਸ ਹੈ।ਅਧਿਆਪਕ ਆਗੂਆਂ ਨੇ ਕਿਹਾ ਕਿ ਬਦਲੀਆਂ ਦਾ ਪੋਰਟਲ 6 ਜੂਨ ਨੂੰ ਖੋਲਿਆ ਗਿਆ ਸੀ, ਜਿਸ ਨੂੰ ਲਗਭਗ ਢਾਈ ਮਹੀਨੇ ਬੀਤ ਜਾਣ ਦੇ ਬਾਵਜੂਦ ਕਿਸੇ ਤਣ-ਪੱਤਣ ਨਹੀਂ ਲਾਇਆ ਗਿਆ।ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਦੀ ਬਦਲੀ ਨੀਤੀ ਬਦਲਾ ਲਊ ਨੀਤੀ ਸਾਬਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਵਾਰ-ਵਾਰ ਸਟੇਸ਼ਨ ਚੋਇਸ ਕਰਾਉਣ ਦੇ ਬਾਵਜੂਦ ਅਜੇ ਤੱਕ ਬਦਲੀਆਂ ਦੇ ਆਰਡਰ ਜਾਰੀ ਨਹੀਂ ਹੋਏ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ, ਸੰਯੁਕਤ ਸਕੱਤਰ ਦਲਜੀਤ ਸਮਰਾਲਾ ਅਤੇ ਵਿਤ ਸਕੱਤਰ ਜਸਵਿੰਦਰ ਬਠਿੰਡਾ ਨੇ ਕਿਹਾ ਕਿ ਅਨੇਕਾਂ ਅਧਿਆਪਕ ਬਦਲੀਆਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਪ੍ਰੰਤੂ ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਵੱਲੋਂ ਆਪਣੀ ਆਦਤ ਮੁਤਾਬਕ ਇਸ ਅਹਿਮ ਕੰਮ ਨੂੰ ਬਿਨਾਂ ਵਜ੍ਹਾ ਲਟਕਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਅਨੇਕਾਂ ਗੰਭੀਰ ਬਿਮਾਰੀਆਂ ਤੋਂ ਪੀੜਤ ਅਧਿਆਪਕ, ਨਵ- ਵਿਆਹੁਤਾ ਔਰਤਾਂ ਕੁਵਾਰੀਆਂ ਲੜਕੀਆਂ ਆਪਣੇ ਘਰਾਂ ਤੋਂ ਦੂਰ ਰਹਿਣ ਲਈ ਮਜਬੂਰ ਹਨ।ਉਨ੍ਹਾਂ ਮੰਗ ਕੀਤੀ ਕਿ ਆਪਸੀ ਸਹਿਮਤੀ ਵਾਲੀਆਂ ਬਦਲੀਆਂ ਤੋਂ ਹਰ ਤਰ੍ਹਾਂ ਦੀ ਸ਼ਰਤ ਖ਼ਤਮ ਕੀਤੀ ਜਾਵੇ।ਬਦਲੀ ਲਈ ਯੋਗ ਹਰ ਇੱਕ ਅਧਿਆਪਕ ਦੇ ਮੈਰਿਟ ਅੰਕ ਸਾਂਝੇ ਕੀਤੇ ਜਾਣ।ਸਟੇਸ਼ਨ ਚੋਣ ਸਮੇਂ ਸਾਰੇ ਖਾਲੀ ਸਟੇਸ਼ਨ ਦਿਖਾਏ ਜਾਣ ਆਗੂਆਂ ਨੇ ਵਿਭਾਗ ਦੀ ਢਿੱਲ ਮੱਠ ਦੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿ ਜੇਕਰ ਵਿਭਾਗ ਵੱਲੋਂ ਬਿਨਾਂ ਵਜ੍ਹਾ ਦੇਰੀ ਕੀਤੀ ਗਈ ਤਾਂ ਅਧਿਆਪਕਾਂ ਨੂੰ ਤਿੱਖੇ ਸੰਘਰਸ਼ ਲਈ ਮਜਬੂਰ ਹੋਣਾ ਪਵੇਗਾ।



# ...ਸ.ਫਾ 1 ਦੇ ਬਾਕੀ

## ਜਥਾ ਮਾਰਚ ਦਾ ਇਤਿਹਾਸਕ...

ਸਿਸਟਮ ਤੇ ਫਾਸ਼ੀਵਾਦੀ ਤਾਕਤਾਂ ਖਿਲਾਫ਼ ਡਟਣ ਦਾ ਸੱਦਾ ਦਿੰਦਿਆਂ ਇਹਨਾਂ ਦੀ ਜਕੜ 'ਚੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਤੇ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਵਾਲੀ ਧਿਰ ਦੀ ਹਮਾਇਤ ਦੀ ਅਪੀਲ ਕੀਤੀ।

ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ, ਏਟਕ ਆਗੂ ਐਡਵੋਕੇਟ ਕੁਲਵਿੰਦਰ ਉਡਤ ਨੇ ਕਿਹਾ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ, ਕਾਮਰੇਡ ਜੰਗੀਰ ਸਿੰਘ ਜੋਗਾ ਤੇ ਧਰਮ ਸਿੰਘ ਫੱਕਰ ਦੇ ਸੰਘਰਸ਼ਮਈ ਇਤਿਹਾਸ ਨਾਲ ਨੌਜਵਾਨ ਵਰਗ ਨੂੰ ਜੋੜਨਾ ਸਮੇਂ ਦੀ ਲੋੜ ਹੈ, ਤਾਂ ਜੋ ਅਖੌਤੀ ਇਨਕਲਾਬ ਦਾ ਨਾਹਰਾ ਦੇਣ ਵਾਲੀਆਂ ਤਾਕਤਾਂ ਦੀਆਂ ਲੋਕ-ਵਿਰੋਧੀ ਨੀਤੀਆਂ ਤੋਂ ਇਹਨਾਂ ਨੂੰ ਜਾਣੂ ਕਰਵਾਇਆ ਜਾ ਸਕੇ।ਜਥਾ ਸੀਤਾਰਾਮ ਗੋਬਿੰਦਪੁਰਾ ਤੇ ਨਰਿੰਜਨ ਸਿੰਘ ਸੰਗਰੂਰ ਦੀ ਅਗਵਾਈ 'ਚ ਚੱਲ ਰਿਹਾ ਹੈ।

ਨਗਰ ਪੰਚਾਇਤ ਜੋਗਾ ਦੇ ਪ੍ਰਧਾਨ ਗੁਰਮੀਤ ਸਿੰਘ ਜੋਗਾ ਨੇ ਜਿੱਥੇ ਜਥੇ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ, ਉਥੇ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕਿ 21 ਸਤੰਬਰ ਨੂੰ ਮੁਹਾਲੀ ਵਿਖੇ ਹੋਣ ਵਾਲੀ ਰੈਲੀ ਵਿਚ ਵੱਡੀ ਗਿਣਤੀ ਵਿੱਚ ਸਾਥੀਆਂ ਨੂੰ ਸ਼ਾਮਲ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਰਾਜ ਸਿੰਘ ਜੋਗਾ, ਜਥੇਦਾਰ ਮਲਕੀਤ ਸਿੰਘ ਜੋਗਾ, ਗੁਰਮੇਲ ਕੌਰ ਐੱਮ ਸੀ, ਸੱਤਪਾਲ ਬੱਗਾ ਐੱਮ ਸੀ ਆਦਿ ਨਗਰ ਨਿਵਾਸੀ ਸ਼ਾਮਲ ਸਨ।

## ਕਾਂਗਰਸੀ ਵਿਧਾਇਕ ...

ਵਿਧਾਇਕ ਨੂੰ ਸਿੱਕਮ ਦੀ ਰਾਜਧਾਨੀ ਗੰਗਟੋਕ ਵਿੱਚ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਉਸ ਨੂੰ ਬੇਂਗਲੁਰੂ ਦੀ ਅਦਾਲਤ 'ਚ ਪੇਸ਼ ਕਰਨ ਲਈ ਟਰਾਂਜ਼ਿਟ ਰਿਮਾਂਡ ਪ੍ਰਾਪਤ ਕਰ ਲਿਆ ਹੈ। ਈ ਡੀ ਦਾ ਬੇਂਗਲੁਰੂ ਜ਼ੋਨ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਏਜੰਸੀ ਨੇ ਦੱਸਿਆ ਕਿ ਵਿਧਾਇਕ ਆਪਣੇ ਸਾਥੀਆਂ ਨਾਲ ਕੈਸੀਨੋ ਕਿਰਾਏ 'ਤੇ ਲੈਣ ਲਈ ਕਾਰੋਬਾਰੀ ਦੌਰੇ 'ਤੇ ਗੰਗਟੋਕ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਵੀਰੇਂਦਰ ਦੇ ਭਰਾ ਕੇ ਸੀ ਨਾਗਰਾਜ ਅਤੇ ਉਸ ਦੇ ਪੁੱਤਰ ਪ੍ਰਿਥਵੀ ਐੱਨ ਰਾਜ ਦੇ ਅਹਾਤੇ ਤੋਂ ਜਾਇਦਾਦ ਨਾਲ ਸੰਬੰਧਤ ਕਈ ਦਸਤਾਵੇਜ਼ ਵੀ ਜ਼ਬਤ ਕੀਤੇ ਗਏ ਹਨ। ਈ ਡੀ ਨੇ ਕਿਹਾ ਕਿ ਉਸ ਦੇ ਹੋਰ ਸਹਿਯੋਗੀ ਅਤੇ ਇੱਕ ਹੋਰ ਭਰਾ ਕੇ ਸੀ ਥਿਪੇਸਵਾਮੀ ਦੁਬਈ ਤੋਂ ਆਨਲਾਈਨ ਗੇਮਿੰਗ ਦੇ ਸੰਚਾਲਨ ਨੂੰ ਸੰਭਾਲ ਰਹੇ ਹਨ।

## ਮੋਦੀ ਸਰਕਾਰ ਕਾਰਪੋਰੇਟ...

ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 21 ਅਗਸਤ ਹੁਸੈਨੀਵਾਲਾ ਤੋਂ 27 ਅਗਸਤ ਸਰਾਭਾ ਤੱਕ ਚੱਲੇ ਜਥੇ ਦੇ ਮੁਕਤਸਰ ਸਾਹਿਬ ਦੇ ਪਿੰਡ ਸ਼ੇਰਾਂਵਾਲੀ, ਕੋਟਭਾਈ, ਲੰਬੀ, ਛੱਤੇਆਣਾ, ਸੁਖਣਾ, ਦੋਦਾ ਆਦਿ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਜਗਰੂਪ ਅਤੇ ਸੁਖਜਿੰਦਰ ਮਹੇਸਰੀ ਨੇ ਕੀਤਾ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਹਰਲਾਭ ਦੂਹੇਵਾਲਾ, ਹੀਰਾ ਸਿੰਘ, ਵਿਦਿਆਰਥੀ/ਨੌਜਵਾਨ ਆਗੂ ਰਮਨ ਧਰਮੂਵਾਲਾ ਤੇ ਜਸਪ੍ਰੀਤ ਕੌਰ ਬੱਧਨੀ ਨੇ ਕਿਹਾ ਕਿ ਮਜ਼ਦੂਰਾਂ ਲਈ ਕੰਮ, ਕਿਸਾਨੀ ਲਈ ਐੱਮ ਐੱਸ ਪੀ ਅਤੇ ਨੌਜਵਾਨਾਂ ਲਈ ਪੱਕੇ ਰੁਜ਼ਗਾਰ ਦਾ ਕਾਨੂੰਨ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਬਣਨਾ ਚਾਹੀਦਾ ਹੈ, ਕਮਿਊਨਿਸਟ ਪਾਰਟੀ ਇਸ ਦੇ ਲਈ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦੇ ਰਹੀ ਹੈ। ਆਗੂਆਂ ਕਿਹਾ ਕਿ ਕਮਿਊਨਿਸਟ ਪਾਰਟੀ ਦਾ 25ਵਾਂ ਮਹਾਂ-ਸੰਮੇਲਨ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਿਹਾ ਹੈ, ਜਿਸ ਵਿੱਚ ਪਾਰਟੀ ਦੇ ਸਾਰੇ ਸੂਬਿਆਂ ਵਿੱਚੋਂ ਇੱਕ ਹਜ਼ਾਰ ਚੋਣਵੇਂ ਡੈਲੀਗੇਟ ਹਿੱਸਾ ਲੈਣਗੇ। ਸਮਾਗਮ ਦੇ ਪਹਿਲੇ ਦਿਨ 21 ਸਤੰਬਰ ਨੂੰ ਹੋ ਰਹੀ ਵਿਸ਼ਾਲ ਰੈਲੀ ਵਿੱਚ ਵੱਧ ਤੋਂ ਵੱਧ ਲੋਕ ਪਹੁੰਚਣ। ਜੱਥਾ ਮਾਰਚ ਦੌਰਾਨ ਗੁਰਮੇਲ ਸਿੰਘ ਦੋਦਾ, ਚਰਨਜੀਤ ਸਿੰਘ ਵਣਵਾਲਾ, ਸੁਖਪਾਲ ਸਿੰਘ ਲੰਬੀ ਤੇ ਬੋਹੜ ਸਿੰਘ ਸੁਖਣਾ ਨੇ ਕਿਹਾ ਕਿ ਪਾਰਟੀ ਦਾ ਆਪਣੇ ਸੌ ਸਾਲਾ ਇਤਿਹਾਸ ਵਿੱਚ ਲੋਕ ਘੋਲਾਂ ਦਾ ਸ਼ਾਨਦਾਰ ਇਤਿਹਾਸ ਹੈ। ਪਾਰਟੀ ਨੇ ਆਪਣੇ ਇਤਿਹਾਸ ਵਿੱਚ ਵੀ ਅਤੇ ਆਉਣ ਵਾਲੇ ਭਵਿੱਖ ਵਿੱਚ ਵੀ ਲੋਕ ਹੱਕਾਂ ਦੀ ਡਟ ਕੇ ਲੜਾਈ ਲੜਨੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੰਬਾ ਸਿੰਘ ਵਾੜਾ ਚੈਨ ਸਿੰਘ, ਹਰਬਿੰਦਰ ਸਿੰਘ, ਬਲਵਿੰਦਰ ਸਿੰਘ ਖੁੰਨਣ, ਸੁਰਜੀਤ ਸਿੰਘ ਛੱਤੇਆਣਾ, ਮੋਹਰ ਸਿੰਘ ਸੁਖਣਾ, ਰੇਸ਼ਮ ਸਿੰਘ ਕੋਟਭਾਈ ਤੇ ਗੁਰਬਚਨ ਸਿੰਘ ਛੱਤੇਆਣਾ ਆਦਿ ਹਾਜ਼ਰ ਸਨ।

## ਜਮਹੂਰੀਅਤ ਨੂੰ ਬਚਾਉਣ...

ਹੈ ਕਿ ਇਹ ਸਮਾਗਮ ਕਾਮਰੇਡ ਜਗਜੀਤ ਸਿੰਘ ਆਨੰਦ ਤੇ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੀ ਯਾਦ ਵਿੱਚ ਹੋ ਰਿਹਾ ਹੈ। ਅਨੰਦ ਹੁਰਾਂ ਦਾ ਪੱਤਰਕਾਰੀ ਖੇਤਰ ਵਿੱਚ ਵੱਡਾ ਨਾਂਅ ਹੈ। 'ਨਵਾਂ ਜ਼ਮਾਨਾ' ਨੂੰ ਆਪਣੇ ਪੈਰੀਂ ਚੱਲਦਾ ਰੱਖਣ ਲਈ ਐਡਵੋਕੇਟ ਸ਼ੁਗਲੀ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਉਹਨਾ ਕਿਹਾ ਉਹ (ਭੰਡਾਲ) ਵੀ 'ਨਵਾਂ ਜ਼ਮਾਨਾ' ਦਾ ਹੀ ਹਿੱਸਾ ਰਹੇ ਹਨ। ਵਿਸ਼ੇ ਸੰਬੰਧੀ ਗੱਲ ਕਰਦਿਆਂ ਭੰਡਾਲ ਨੇ ਕਿਹਾ ਕਿ ਵਰਤਮਾਨ ਹਾਲਾਤ ਬੜੀ ਹੀ ਉਤੇਜਿਤ ਸਥਿਤੀ ਵਿੱਚ ਹਨ। ਜਿਨ੍ਹਾਂ ਚੀਜ਼ਾਂ ਨੂੰ ਅਸੀਂ ਛੱਡਣਾ ਸੀ, ਉਨ੍ਹਾਂ ਨੂੰ ਨਵੇਂ ਸਿਰੇ ਤੋਂ ਉਭਾਰਿਆ ਜਾ ਰਿਹਾ ਹੈ ਤੇ ਉਹ ਵੀ ਕਾਨੂੰਨਾਂ ਰਾਹੀਂ। ਉਨ੍ਹਾ ਕਿਹਾ ਕਿ ਅਜਿਹੀਆਂ ਹਾਲਤਾਂ ਵਿੱਚ ਚਿੰਤਨਸ਼ੀਲ ਲੋਕਾਂ ਦਾ ਚਿੰਤਤ ਹੋਣਾ ਕੁਦਰਤੀ ਹੈ।ਫਾਸ਼ੀਵਾਦ ਦੀ ਗੱਲ ਕਰਦਿਆਂ ਭੰਡਾਲ ਨੇ ਕਿਹਾ ਕਿ ਇਸ ਦਾ ਮੁਕਾਬਲਾ ਕਰਨ ਲਈ ਸਾਨੂੰ ਬੇਕਿਰਕ ਹੋ ਕੇ ਇਤਿਹਾਸ ਦਾ ਮੁਲਾਂਕਣ ਕਰਨਾ ਹੋਵੇਗਾ। ਅਜਿਹਾ ਕਰਨ ਲੱਗਿਆਂ ਸਾਨੂੰ 'ਭਗਤ ਪ੍ਰਵਿਰਤੀ' ਵਾਲਾ ਵਤੀਰਾ ਤਿਆਗਣਾ ਪਵੇਗਾ।ਫਾਸ਼ੀਵਾਦ ਵਿਰੁੱਧ ਲੜਾਈ ਦੇ ਸੰਦਰਭ ਵਿੱਚ ਭੰਡਾਲ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਇਸ ਵਿਰੁੱਧ ਵਧੇਰੇ ਕਰਕੇ ਕਮਿਊਨਿਸਟ ਹੀ ਲੜੇ ਹਨ।

ਉੱਘੇ ਵਿਦਵਾਨ ਜਸ ਮੰਡ ਨੇ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਗੱਲ ਕਰਦਿਆਂ ਕਿਹਾ ਕਿ ਉਹ (ਮੰਡ) ਜਿੰਨੇ ਆਨੰਦ ਸਾਹਿਬ ਦੇ ਨੇੜੇ ਹੁੰਦੇ ਗਏ, ਓਨੇ ਹੀ ਉਹ (ਆਨੰਦ) ਵੱਡੇ ਹੁੰਦੇ ਮਹਿਸੂਸ ਹੁੰਦੇ ਰਹੇ। ਪੱਤਰਕਾਰੀ ਬਾਰੇ ਗੱਲ ਕਰਦਿਆਂ ਮੰਡ ਨੇ ਕਿਹਾ ਕਿ ਪਿਛਲੇ ਦਹਾਕਿਆਂ ਤੋਂ ਪੱਤਰਕਾਰੀ, ਸਿਆਸਤ ਅਤੇ ਵੱਡੇ ਵਪਾਰੀ ਘਰਾਣਿਆਂ ਦਾ 'ਗੱਠਜੋੜ' ਪੱਤਰਕਾਰੀ ਲਈ ਨੁਕਸਾਨਦੇਹ ਸਾਬਿਤ ਹੋਇਆ ਹੈ। ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਅਨੰਦ ਹੁਰਾਂ ਨੂੰ ਸਤਿਕਾਰ ਨਾਲ ਯਾਦ ਕਰਦਿਆਂ ਕਿਹਾ ਕਿ ਮੈਂ ਜਦੋਂ ਤੋਂ ਹੋਸ਼ ਸੰਭਾਲੀ ਹੈ, ਉਦੋਂ ਤੋਂ ਹੀ 'ਨਵਾਂ ਜ਼ਮਾਨਾ', 'ਪ੍ਰੀਤ ਲੜੀ' ਤੇ 'ਸੋਵੀਅਤ ਲੈਂਡ' ਸਾਡੀ ਦੁਨੀਆ ਹੁੰਦੀ ਸੀ। ਮਾਣਕ ਹੁਰਾਂ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜਮਹੂਰੀਅਤ ਨੂੰ ਬਚਾਉਣ ਲਈ ਸਾਂਝਾ ਮੰਚ ਜ਼ਰੂਰੀ ਹੈ। ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਪ੍ਰਗਤੀਸ਼ੀਲ ਪੱਤਰਕਾਰੀ ਦੀ ਪਰਿਭਾਸ਼ਾ ਨੂੰ ਵਿਸਥਾਰਨ ਦੀ ਲੋੜ ਹੈ। ਉੱਘੇ ਚਿੰਤਕ ਸਤਨਾਮ ਚਾਨਾ ਨੇ ਫਰਾਂਸ ਦੇ ਉੱਘੇ ਫਿਲਾਸਫਰ ਦੇ ਹਵਾਲੇ ਨਾਲ ਅਜੋਕੇ ਹਾਕਮਾਂ ਦੇ ਲੋਕ ਵਿਰੋਧੀ ਕਿਰਦਾਰ ਦਾ ਜ਼ਿਕਰ ਕੀਤਾ। ਸਵਰਨ ਸਿੰਘ ਟਹਿਣਾ ਨੇ ਸੈਮੀਨਾਰ ਕਰਵਾਉਣ ਲਈ ਐਡਵੋਕੇਟ ਰਜਿੰਦਰ ਮੰਡ ਦੀ ਕੋਸ਼ਿਸ਼ ਦੀ ਸ਼ਲਾਘਾ ਕੀਤੀ। ਉਹਨਾ 'ਮੋਬਾਇਲ ਪੱਤਰਕਾਰੀ' ਦੇ ਵਰਤਾਰੇ ਉੱਤੇ ਵਿਅੰਗ ਵੀ ਕੱਸੇ।

ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਆਨੰਦ ਤੇ ਸ਼ੁਗਲੀ ਬਾਰੇ ਗੱਲ ਕਰਨ ਤੋਂ ਇਲਾਵਾ ਸੀ ਪੀ ਆਈ ਦੀ 25ਵੀਂ ਪਾਰਟੀ ਕਾਂਗਰਸ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਕਾਮਰੇਡ ਨਰਿੰਦਰ ਸੋਹਲ ਨੇ ਕਾਮਰੇਡ ਜਗਜੀਤ ਸਿੰਘ ਆਨੰਦ, ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਅਤੇ 'ਨਵਾਂ ਜ਼ਮਾਨਾ' ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕੀਤਾ। 'ਆਪਣੀ ਮਿੱਟੀ' ਦੇ ਸੰਪਦਾਕ ਅਜੈ ਯਾਦਵ ਨੇ ਵੀ ਸੈਮੀਨਾਰ ਨੂੰ ਸੰਬੋਧਨ ਕੀਤਾ। ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਅਤੇ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਦੇ ਸੰਗਰਾਮੀ ਸੁਨੇਹੇ ਪੜ੍ਹ ਕੇ ਸੁਣਾਏ ਗਏ। ਡਾ. ਕਮਲੇਸ਼ ਦੁੱਗਲ ਨੇ ਸਭ ਦਾ ਧੰਨਵਾਦ ਕੀਤਾ।ਸਾਥੀ ਬੀਰ ਰਹੀਮਪੁਰ ਨੇ ਬਾਖੂਬੀ ਸਟੇਜ ਸੰਚਾਲਨ ਕੀਤਾ।

## ਭਕਨਾ ਤੋਂ ਚੱਲਿਆ ਲੋਕ...

ਵਿੱਚ ਦਾਖਲ ਹੋਵੇਗਾ। ਜ਼ਿਲ੍ਹੇ ਦੇ ਸਾਥੀਆਂ ਵੱਲੋਂ ਜਥੇ ਦਾ ਭਰਵਾਂ ਸਵਾਗਤ ਹੋਵੇਗਾ। ਇਹ ਜਥਾ ਤੈਅ ਕੀਤੇ ਗਏ ਪ੍ਰੋਗਰਾਮ ਮੁਤਾਬਕ ਪੂਰੇ ਜ਼ਿਲ੍ਹੇ ਵਿੱਚ ਲੋਕਾਂ ਨੂੰ ਪਾਰਟੀ ਦੇ ਮਹਾਂ-ਸੰਮੇਲਨ ਬਾਰੇ ਜਾਗਰੂਕ ਕਰੇਗਾ। ਜ਼ਿਲ੍ਹਾ ਜਲੰਧਰ ਵਿੱਚ ਲੋਕ ਚੇਤਨਾ ਜਥਾ ਮਾਰਚ ਦੀ ਅਗਵਾਈ ਰਸ਼ਪਾਲ ਕੈਲੇ, ਹਰਜਿੰਦਰ ਸਿੰਘ ਮੌਜੀ, ਬੀਬੀ ਸੰਤੋਸ਼ ਬਰਾੜ, ਰਾਜਵਿੰਦਰ ਕੌਰ, ਵੀਰ ਕੁਮਾਰ, ਸੁਨੀਲ ਕੁਮਾਰ, ਸਿਕੰਦਰ ਸੰਧੂ, ਪਰਵਿੰਦਰ ਫਲਪੋਤਾ, ਸੰਦੀਪ ਅਰੋੜਾ, ਦਿਲਬਾਗ ਸਿੰਘ ਚੰਦੀ, ਮਨਦੀਪ ਸਿੰਘ, ਬੀਬੀ ਕਸ਼ਮੀਰ ਕੁਰੈਸ਼ੀ ਆਦਿ ਕਰਨਗੇ। ਮੀਟਿੰਗ ਵਿੱਚ ਕਾਮਰੇਡ ਘੋੜਾਵਾਹੀ, ਸੱਤਪਾਲ ਬੰਬੀਆਂਵਾਲ ਅਤੇ ਸਤਪਾਲ ਭਗਤ ਵੀ ਮੌਜੂਦ ਸਨ।

## ਜਲ੍ਹਿਆਂਵਾਲਾ ਬਾਗ ਤੋਂ ...

ਉਤਸ਼ਾਹ ਨਾਲ ਕੰਮ ਕਰ ਰਹੇ ਹਨ। ਰੈਲੀ ਵਿੱਚ ਪੰਜਾਬ ਦੇ ਲੋਕਾਂ ਦੇ ਭਖਦੇ ਮਸਲਿਆਂ ਉਪਰ ਚਰਚਾ ਕੀਤੀ ਜਾਵੇਗੀ। ਉਹਨਾ ਕਿਹਾ ਕਿ ਕਮਿਊਨਿਸਟ ਪਾਰਟੀ ਦੇ ਮਹਾਂ-ਸੰਮੇਲਨ ਵਿੱਚ ਦੇਸ਼ ਦੇ ਲੋਕਾਂ ਨੂੰ ਦਰਪੇਸ਼ ਮਸਲਿਆਂ ਉਪਰ ਵਿਸਥਾਰਪੂਰਵਕ ਚਰਚਾ ਕੀਤੀ ਜਾਵੇਗੀ। ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਪੱਖੀ ਹਨ। ਇਹਨਾਂ ਨੀਤੀਆਂ ਨਾਲ ਕਾਰਪੋਰੇਟ ਘਰਾਣਿਆਂ ਦੇ ਮੁਨਾਫੇ ਵਧ ਰਹੇ ਹਨ ਅਤੇ ਆਮ ਜਨਤਾ ਦੀ ਆਮਦਨ ਘਟ ਰਹੀ ਹੈ ਅਤੇ ਲੋਕਾਂ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ। ਲੋਕਾਂ ਦਾ ਧਿਆਨ ਮੋੜਨ ਲਈ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਦੰਗੇ ਫਸਾਦਾਂ ਦਾ ਰਾਹ ਅਪਣਾਇਆ ਜਾ ਰਿਹਾ ਹੈ। ਉਹਨਾ ਜ਼ੋਰ ਦੇ ਕਿਹਾ ਕਿ ਇਹ ਮਹਾਂ-ਸੰਮੇਲਨ ਦੇਸ਼ ਦੇ ਲੋਕਾਂ ਦੀ ਏਕਤਾ, ਅਖੰਡਤਾ ਅਤੇ ਸੰਵਿਧਾਨ ਦੀ ਰਾਖੀ ਲਈ ਵਚਨਬੱਧ ਹੋਵੇਗਾ। ਦੇਸ਼ ਦੀ ਜਨਤਾ ਦੀ ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ ਅਤੇ ਲੋਕਾਂ ਦੀਆਂ ਮੰਗਾਂ ਅਤੇ ਮੁਸ਼ਕਲਾਂ ਦੇ ਹੱਲ ਲਈ ਲੋਕ ਸੰਘਰਸ਼ਾਂ ਨੂੰ ਤੇਜ਼ ਕਰਨ ਦੇ ਅਹਿਦ ਨਾਲ ਇਹ ਮਹਾਂ-ਸੰਮੇਲਨ ਸਮਾਪਤ ਹੋਵੇਗਾ। ਇਸ ਮੌਕੇ ਉਪਰ ਕੁਲਵੰਤ ਰਾਏ ਬਾਵਾ, ਬਲਦੇਵ ਸਿੰਘ ਵੇਰਕਾ, ਰਾਜੇਸ਼ ਕੁਮਾਰ, ਬ੍ਰਹਮਦੇਵ ਸ਼ਰਮਾ ਤੇ ਗੁਰਨਾਮ ਕੌਰ ਆਦਿ ਹਾਜ਼ਰ ਸਨ।

## ਭਾਜਪਾ ਨੂੰ ਭਾਂਜ ਦੇਣ ਲਈ...

ਉਹਨਾ ਕਿਹਾ ਕਿ ਸੀ ਪੀ ਆਈ ਮਾਂ ਪਾਰਟੀ ਹੈ। ਦੂਜੀਆਂ ਖੱਬੀਆਂ ਧਿਰਾਂ ਬਾਰੇ ਗੱਲ ਕਰਦਿਆਂ ਉਹਨਾ ਕਿਹਾ ਕਿ ਪਾਰਟੀ ਨੇ ਕਦੀ ਵੀ ਉਹਨਾ ਨੂੰ ਵੱਖ ਹੋਣ ਲਈ ਨਹੀਂ ਸੀ ਕਿਹਾ। ਉਹਨਾ ਕਿਹਾ ਕਿ ਭਾਜਪਾ ਨੂੰ ਭਾਂਜ ਦੇਣ ਵਾਸਤੇ ਸਾਰੀਆਂ ਖੱਬੀਆਂ ਪਾਰਟੀਆਂ ਦਾ ਨਿਸ਼ਾਨਾ ਇੱਕ ਹੋਣਾ ਚਾਹੀਦਾ ਹੈ। ਰਾਜ ਸੱਤਾ 'ਤੇ ਕਾਬਜ਼ ਰਹਿਣ ਲਈ ਮੋਦੀ ਸਰਕਾਰ ਅਜਿਹੇ ਭੈੜੇ ਮਨਸੂਬੇ ਅਪਣਾ ਰਹੀ ਹੈ, ਜਿਸ ਦਾ ਪਤਾ ਬਿਹਾਰ ਵਿੱਚ ਵੱਡੀ ਗਿਣਤੀ ਵਿੱਚ ਕੱਟੀਆਂ ਗਈਆਂ ਵੋਟਾਂ ਤੋਂ ਲੱਗਦਾ ਹੈ। ਇਸ ਮੌਕੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਲਖਬੀਰ ਸਿੰਘ ਨਿਜ਼ਾਮਪੁਰਾ, ਜੋਸ਼ ਜੀ ਦੇ ਪੋਤਰੇ ਡਾਕਟਰ ਪਰਮਜੀਤ ਸਿੰਘ ਜੋਸ਼, ਬਲਵਿੰਦਰ ਸਿੰਘ ਦੁਧਾਲਾ, ਨਰਿੰਦਰ ਸਿੰਘ ਬੱਲ, ਬਲਕਾਰ ਸਿੰਘ ਦੁਧਾਲਾ, ਟਹਿਲ ਸਿੰਘ ਚੇਤਨਪੁਰਾ, ਮਹਾਂਬੀਰ ਸਿੰਘ ਗਿੱਲ, ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ ਬਿੱਟੂ, ਕੁਲਵੰਤ ਸਿੰਘ ਚੇਤਨਪੁਰਾ, ਜੋਗਾ ਸਿੰਘ ਸੰਤੂ ਨੰਗਲ, ਸਤਪਾਲ ਸਿੰਘ ਫੌਜੀ, ਬਲਜਿੰਦਰ ਸਿੰਘ, ਅਮਰਜੀਤ ਸਿੰਘ ਗਿੱਲ ਅਤੇ ਸਰਬਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ-ਮਜ਼ਦੂਰ ਸ਼ਾਮਲ ਸਨ।

## ਮੁਹਾਲੀ ਰੈਲੀ ਦੀਆਂ...

ਵਿੱਚ ਹੋ ਰਿਹਾ ਹੈ। 21 ਸਤੰਬਰ ਨੂੰ ਮੁਹਾਲੀ ਦੀ ਦਾਣਾ ਮੰਡੀ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ, ਜਿਸ ਦੀ ਤਿਆਰੀ ਵਾਸਤੇ ਵੱਖ-ਵੱਖ ਪਿੰਡਾਂ ਦੇ ਕਿਰਤੀ ਲੋਕਾਂ ਦੀਆਂ ਮੀਟਿੰਗਾਂ ਕੀਤੀਆ ਜਾ ਰਹੀਆਂ ਹਨ। ਉਹਨਾ ਕਿਹਾ ਕਿ ਇਸ ਰੈਲੀ ਦੀ ਸਫਲਤਾ ਲਈ ਪਿੰਡਾਂ ਦੇ ਖੇਤ ਮਜ਼ਦੂਰ, ਕਿਸਾਨ, ਮੁਲਾਜ਼ਮ, ਐੱਫ ਸੀ ਆਈ ਵਰਕਰ, ਆਸ਼ਾ ਵਰਕਰ, ਮਿੱਡ ਡੇ ਮੀਲ ਵਰਕਰ, ਦੁਕਾਨਦਾਰ ਅਤੇ ਨੌਜਵਾਨ ਪੂਰਾ ਤਾਣ ਲਾਉਣਗੇ। ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਅਤੇ ਇਸ ਨਾਲ ਸੰਬੰਧਤ ਅਵਾਮੀ ਜਥੇਬੰਦੀਆਂ ਪੂਰੀ ਸਰਗਰਮੀ ਦੇ ਰੌਂਅ ਵਿੱਚ ਨਜ਼ਰ ਆ ਰਹੀਆਂ ਹਨ। ਮੁਹਾਲੀ ਰੈਲੀ ਲਈ ਮਜ਼ਦੂਰ ਵਰਗ ਪੂਰੇ ਉਤਸ਼ਾਹ ਵਿੱਚ ਹੈ। ਮੀਟਿੰਗ ਦਾ ਉਤਸ਼ਾਹੀ ਮਾਹੌਲ ਇਸ ਗੱਲ ਦਾ ਗਵਾਹ ਹੈ। ਮੀਟਿੰਗ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਹਰਦੇਵ ਸਿੰਘ ਬਡਲਾ, ਐੱਫ ਸੀ ਆਈ ਦੇ ਆਗੂ ਚਰਨਜੀਤ ਸਿੰਘ, ਹਰਮੀਤ ਸਿੰਘ, ਕੇਵਲ ਸਿੰਘ, ਸ਼ਿੰਦਰਪਾਲ ਸਿੰਘ, ਤਰਸੇਮ ਸਿੰਘ ਤੇ ਅਵਤਾਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

## ਬੇਲੌਸ ਕਮਿਊਨਿਸਟ ਲੀਡਰ...

**ਲੁਧਿਆਣਾ (ਐੱਮ ਐੱਸ ਭਾਟੀਆ)** : 'ਇਨਕਲਾਬੀ ਕਾਮਰੇਡ ਸੁਰਾਵਰਮ ਸੁਧਾਕਰ ਰੈਡੀ ਦਾ ਦੇਹਾਂਤ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ, ਜਿਸ ਨੂੰ ਸਹਿਣ ਕਰਨਾ ਔਖਾ ਹੈ।' ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਨੇ ਉਨ੍ਹਾ ਦੀ ਬੇਵਕਤੀ ਮੌਤ 'ਤੇ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਉਹ ਇੱਕ ਬਾਕਮਾਲ ਬੁਲਾਰੇ, ਡੂੰਘੇ ਵਿਚਾਰਧਾਰਕ, ਇੱਕ ਮਾਨਵਵਾਦੀ ਅਤੇ ਕੋਮਲ ਪਰ ਮਜ਼ਬੂਤ ਇਰਾਦੇ ਵਾਲੀ ਸ਼ਖਸੀਅਤ ਸਨ, ਜੋ ਦੂਜਿਆਂ ਨੂੰ ਠੇਸ ਪਹੁੰਚਾਏ ਬਿਨਾਂ ਸਪੱਸ਼ਟਤਾ ਨਾਲ ਆਪਣੇ ਵਿਚਾਰਾਂ ਨੂੰ ਪ੍ਰਗਟ ਕਰ ਸਕਦੇ ਸਨ ਅਤੇ ਇੱਕ ਅਜਿਹੇ ਵਿਅਕਤੀ, ਜਿਹਨਾ ਹਮੇਸ਼ਾ ਆਪਣੇ ਪਿਆਰ ਭਰੇ ਸੁਭਾਅ ਨਾਲ ਪਰਿਵਾਰਕ ਅਤੇ ਸਮਾਜਿਕ ਬੰਧਨਾਂ ਨੂੰ ਮਜ਼ਬੂਤ ਕੀਤਾ। ਇਸ ਦੇ ਨਾਲ ਹੀ ਉਹ ਇੱਕ ਇਨਕਲਾਬੀ ਲੜਾਕੂ ਸਨ, ਜਿਹਨਾ ਕਮਿਊਨਿਸਟ ਪਾਰਟੀ ਦੀਆਂ ਨੀਤੀਆਂ ਨੂੰ ਭਾਵਨਾ, ਅਨੁਸ਼ਾਸਨ ਅਤੇ ਦ੍ਰਿੜ੍ਹਤਾ ਨਾਲ ਅੱਗੇ ਵਧਾਇਆ।

ਸ਼ੋਕ ਪ੍ਰਗਟ ਕਰਨ ਵਾਲਿਆਂ ਵਿੱਚ ਡੀ ਪੀ ਮੌੜ ਜ਼ਿਲ੍ਹਾ ਸਕੱਤਰ, ਡਾਕਟਰ ਅਰੁਣ ਮਿੱਤਰਾ ਅਤੇ ਚਮਕੌਰ ਸਿੰਘ ਸਹਾਇਕ ਜ਼ਿਲ੍ਹਾ ਸਕੱਤਰ, ਐੱਮ ਐੱਸ ਭਾਟੀਆ ਸ਼ਹਿਰੀ ਸਕੱਤਰ, ਸੂਬਾ ਕਾਰਜਕਾਰਨੀ ਮੈਂਬਰ ਰਮੇਸ਼ ਰਤਨ, ਕੇਵਲ ਸਿੰਘ ਬਨਵੈਤ, ਵਿਜੇ ਕੁਮਾਰ, ਕੁਲਵੰਤ ਕੌਰ, ਭਗਵਾਨ ਸਿੰਘ ਸੋਮਲ ਖੇੜੀ, ਜਗਦੀਸ਼ ਰਾਏ ਬੌਬੀ, ਨਿਰੰਜਨ ਸਿੰਘ, ਸੁਰਿੰਦਰ ਸਿੰਘ ਜਲਾਲਦੀਵਾਲ, ਗੁਰਮੇਲ ਮੈਲਡੇ, ਗੁਰਨਾਮ ਬਹਾਦਰਕੇ,ਚਮਕੌਰ ਸਿੰਘ ਦੌਧਰ, ਡਾ. ਰਜਿੰਦਰਪਾਲ ਸਿੰਘ ਔਲਖ ਸ਼ਾਮਲ ਹਨ।

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ

ਪਹਿਲਾ ਪ੍ਰਕਾਸ਼ ਗੁਰਪੁਰਬ

ਭਾਦੋਂ ਸੁਦੀ ੧ ਮੁਤਾਬਿਕ ੯ ਭਾਦੋਂ, ਸੰਮਤ ਨਾਨਕਸ਼ਾਹੀ ੫੫੭ (24 ਅਗਸਤ, 2025)

ਇਸ ਪਾਵਨ ਦਿਹਾੜੇ ਦੀਆਂ ਦੇਸ਼ ਵਿਦੇਸ਼ ਦੀ ਸੰਗਤ ਨੂੰ

ਹਾਰਦਿਕ ਵਧਾਈਆਂ

ਅੱਜ ਦੇ ਦਿਨ ਭਾਦੋਂ ਸੁਦੀ ੧, ਸੰਮਤ ੧੬੬੧ (ਸੰਨ 1604) ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਸੀ। ਇਹ ਦਿਹਾੜਾ ਸੰਗਤਾਂ ਵੱਲੋਂ ਹਰ ਸਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ 'ਤੇ ਸਮੂਹ ਸੰਗਤ ਨੂੰ ਅਪੀਲ ਹੈ ਕਿ ਆਓ, ਗੁਰਬਾਣੀ ਦੀਆਂ ਮੁੱਲਵਾਨ ਸਿੱਖਿਆਵਾਂ ਨੂੰ ਆਪਣੇ ਹਿਰਦੇ ਵਿਚ ਵਸਾਈਏ ਅਤੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਸੇਧਾਂ ਨਿਰਧਾਰਤ ਕਰੀਏ।

-ਗੁਰੂ ਪੰਥ ਦਾ ਦਾਸ-

ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਜਾਰੀ ਕਰਤਾ : ਮੈਨੇਜਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਪਾਵਰਕਾਮ ਦੇ ਐੱਸਡੀਓ ਸੁਸ਼ੀਲ ਗੈਂਦ ਵਿਰੁੱਧ ਰੋਸ ਧਰਨਾ

**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**- ਪਾਵਰਕਾਮ (ਸ਼ਹਿਰੀ) ਦੇ ਐੱਸਡੀਓ ਸੁਸ਼ੀਲ ਗੈਂਦ ਵਿਰੁੱਧ ਆਰਟੀਆਈ ਐਕਟੀਵਿਸਟ ਸੁਖਚੈਨ ਸਿੰਘ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕਰਕੇ ਨਾਅਰੇਬਾਜ਼ੀ ਕੀਤੀ ਗਈ।ਇਹ ਰੋਸ ਪ੍ਰਦਰਸ਼ਨ ਐੱਸਡੀਓ ਵੱਲੋਂ



ਲੋਕਾਂ ਦੇ ਕੰਮਕਾਜ ਨਾ ਕਰਨ, ਖੱਜਲ ਖੁਆਰ ਕਰਨ ਅਤੇ ਉਨ੍ਹਾਂ ਕੋਲੋਂ ਜਾਇਜ਼ ਕੰਮਾਂ ਬਦਲੇ ਪੈਸੇ ਲੈਣ ਦੇ ਲਗਾਏ ਗਏ ਦੋਸ਼ਾਂ ਦੇ ਵਿਰੋਧ ਵਿੱਚ ਸੀ।ਇਸ ਮੌਕੇ ਆਰਟੀਆਈ ਐਕਟੀਵਿਸਟ ਸੁਖਚੈਨ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਕਤ ਐੱਸਡੀਓ ਵੱਲੋਂ ਉਨ੍ਹਾਂ ਦੀ ਜਾਇਜ਼ ਕੰਮਾਂ ਨੂੰ ਰੋਕ ਕੇ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਸੀ, ਜੋ ਉਨ੍ਹਾਂ ਵੱਲੋਂ ਦੇਣ ਤੋਂ ਨਾਂਹ ਕਰ ਦਿੱਤੀ ਗਈ, ਜਿਸ ਤੋਂ ਬਾਅਦ ਐੱਸਡੀਓ ਨੇ ਉਨ੍ਹਾਂ ਨਾਲ ਰੰਜਿਸ਼ ਰੱਖਣੀ ਸ਼ੁਰੂ ਕਰ ਦਿੱਤੀ।ਉਨ੍ਹਾਂ ਕਿਹਾ ਕਿ ਮੇਰੇ ਤੋਂ ਇਲਾਵਾ ਹੋਰ ਅਨੇਕਾਂ ਵਿਅਕਤੀ ਇਸ ਅਧਿਕਾਰੀ ਤੋਂ ਪੀੜ੍ਹਤ ਹਨ। ਜਿਨ੍ਹਾਂ ਦੀਆਂ ਸਮੱਸਿਆਵਾਂ ਨੂੰ ਉੱਚ ਅਧਿਕਾਰੀਆਂ ਸਾਹਮਣੇ ਰੱਖਿਆ ਗਿਆ ਹੈ। ਸੁਖਚੈਨ ਸਿੰਘ ਨੇ ਕਿਹਾ ਕਿ ਐਸਡੀਓ ਸੁਸ਼ੀਲ ਗੈਂਦ ਵਿਭਾਗ ਦੇ ਹੀ ਜਾਇਜ਼ ਤੇ ਲੋਕਹਿਤ ਕੰਮਾਂ ਨੂੰ ਲਟਕਾ ਰਿਹਾ ਹੈ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਆਪਣੇ ਸਾਥੀਆਂ ਦੀ ਮਦਦ ਨਾਲ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਮੌਕੇ ਸੁਖਚੈਨ ਸਿੰਘ, ਬਾਬਾ ਕੁਲਵੰਤ ਸਿੰਘ, ਜਰਨੈਲ ਸਿੰਘ ਲਾਡੀ ਸਰਪੰਚ ਆਦਿ ਦੀ ਐੱਸਡੀਓ ਗੈਂਦ ਨਾਲ ਐਕਸੀਅਨ ਬਟਾਲਾ ਜਗਤਾਰ ਸਿੰਘ ਦੇ ਸਾਹਮਣੇ ਤਿੱਖੀ ਬਹਿਸ ਵੀ ਹੋਈ।ਧਰਨਾਕਾਰੀਆਂ ਨੇ ਮੰਗ ਕੀਤੀ ਕਿ ਐੱਸਡੀਓ ਦਾ ਤਬਾਦਲਾ ਕਰਵਾਇਆ ਜਾਵੇ ਅਤੇ ਬਣਦੀ ਕਾਨੂੰਨੀ ਕਾਰਵਾਈ ਤਹਿਤ ਸਸਪੈਂਡ ਕੀਤਾ ਜਾਵੇ। ਐਕਸੀਅਨ ਜਗਤਾਰ ਸਿੰਘ ਨੇ ਇਸ ਮਾਮਲੇ ਵਿੱਚ ਧਰਨਾਕਾਰੀਆਂ ਨੂੰ 5 ਦਿਨਾਂ ਦਾ ਸਮਾਂ ਦਿੰਦੇ ਹੋਏ ਬਣਦੀ ਵਿਭਾਗੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ, ਜਿਸ ਤੋਂ ਬਾਅਦ ਰੋਸ ਧਰਨਾ ਸਮਾਪਤ ਕੀਤਾ ਗਿਆ।ਦੂਸਰੇ ਪਾਸੇ ਐੱਸਡੀਓ ਸੁਸ਼ੀਲ ਗੈਂਦ ਨੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ ਅਤੇ ਉਲਟਾ ਧਰਨਾਕਾਰੀਆਂ ਉਪਰ ਬਲੈਕਮੇਲ ਕਰਨ ਦੇ ਦੋਸ਼ ਲਗਾਏ ਹਨ।ਇਸ ਮੌਕੇ ਵਿਨੋਦ ਸ਼ਰਮਾ, ਲਾਡੀ ਪਿੰਡੀ, ਯੂਨਸ ਮਸੀਹ, ਹਰਪ੍ਰੀਤ ਸੋਨਾ, ਸੁਰਿੰਦਰ ਪਾਂਧੀ, ਸ਼ਵਕੀਰਤ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿੱਚ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ ਭਾਵਨਾ ਦੇ ਨਾਲ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਬੱਚਿਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਉਪਰੰਤ ਮੈਡਮ ਰੁਪਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨਾ ਦੇ ਇਤਿਹਾਸ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ ਗਿਆ। 11ਵੀਂ ਜਮਾਤ ਦੇ ਵਿਦਿਆਰਥੀ ਹਰਨੇਕ ਸਿੰਘ ਦੁਆਰਾ ਇੱਕ ਕਵਿਤਾ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ ਗਈ। ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਕੂਲ ਵਿੱਚ ਬਾਬਾ ਬੁੱਢਾ ਸਾਹਿਬ ਜੀ ਦੁਆਰਾ ਆਰੰਭ ਕੀਤੀ ਹੋਈ ਮਰਿਆਦਾ ਸ਼ਬਦ ਚੌਕੀ ਕੱਢੀ ਗਈ ਅਤੇ ਬੱਚਿਆਂ ਨੇ ਸ਼ਬਦ ਗਾਇਨ ਕੀਤੇ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਮਨਜੀਤ ਬਾਵਾ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਗੁਰਪੁਰਬ ਦੀ ਵਧਾਈ ਦਿੰਦਿਆਂ ਵੱਧ ਤੋਂ ਵੱਧ ਨਿਤਨੇਮ ਅਤੇ ਸਹਿਜ ਪਾਠ ਕਰਨ, ਬਾਣੀ ਕੰਠ ਕਰਨ ਅਤੇ ਬਾਣੀ ਵਿਚਾਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਗੁਰਬਾਣੀ ਨਾਲ ਜੁੜ ਕੇ ਅਸੀਂ ਆਪਣਾ ਜੀਵਨ ਸਫਲ ਕਰ ਸਕੀਏ। ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਕੋਹਾਲੀ ਵਿਖੇ ਗੋਲੀ ਲੱਗਣ ਨਾਲ ਨੌਜਵਾਨ ਜ਼ਖ਼ਮੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪੁਲਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਕੋਹਾਲੀ ਵਿਖੇ ਬੀਤੀ ਰਾਤ ਨੌਜਵਾਨਾਂ ਵੱਲੋਂ ਚਲਾਈਆਂ ਗੋਲੀਆਂ ਨਾਲ ਇੱਕ ਨੌਜਵਾਨ ਮਨਤ੍ਰਪ ਸਿੰਘ ਪੁੱਤਰ ਗੁਰਪਾਲ ਸਿੰਘ ਵਾਸੀ ਕੋਹਾਲੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜੋ ਅੰਮ੍ਰਿਤਸਰ ਦੇ ਇੱਕ ਨਿੱਜੀ ਹਸਪਤਾਲ 'ਚ ਦਾਖਲ ਹੈ।ਹਾਲਤ ਕਾਫੀ ਨਾਜ਼ੁਕ ਬਣੀ ਹੋਈ ਹੈ।ਕੁਲਬੀਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਕੋਹਾਲੀ ਦੇ ਬਿਆਨਾਂ 'ਤੇ ਚਾਰ ਦੋਸ਼ੀਆਂ ਰਣਜੀਤ ਸਿੰਘ ਰਾਣਾ ਪੁੱਤਰ ਬਲਕਾਰ ਸਿੰਘ, ਗੁਰਲਾਲ ਸਿੰਘ ਪੁੱਤਰ ਰਣਜੀਤ ਸਿੰਘ ਉਰਫ਼ ਘੁੱਲਾ, ਜੋਬਨਪ੍ਰੀਤ ਸਿੰਘ ਪੁੱਤਰ ਹਰਪਾਲ ਸਿੰਘ, ਅਭੀਜੋਤ ਸਿੰਘ ਅਭੀ ਪੁੱਤਰ ਸ਼ਬੇਗ ਸਿੰਘ ਸਾਰੇ ਵਾਸੀ ਕੋਹਾਲੀ ਸਮੇਤ 4-5 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਪੁਲਿਸ ਥਾਣਾ ਲੋਪੋਕੇ ਵਿਖੇ 109, 351(3), 191(3), 190,3(5), ਬੀਐੱਨਐੱਸ.25-27-54-59 ਏ-ਐਕਟ ਤਹਿਤ ਪਰਚਾ ਦਰਜ ਕਰ ਲਿਆ ਗਿਆ ਹੈ।ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਕੁਲਬੀਰ ਸਿੰਘ ਨੇ ਦੱਸਿਆ



ਕਿ ਉਹ ਆਪਣੇ ਘਰ ਵਿੱਚ ਰਾਤ ਕਰੀਬ ਸਵਾ 9 ਵਜੇ ਗੁਰਲਾਲ ਸਿੰਘ ਪੁੱਤਰ ਸੁਖਦੇਵ ਸਿੰਘ ਅਤੇ ਮਨਤ੍ਰਪ ਸਿੰਘ ਪੁੱਤਰ ਗੁਰਪਾਲ ਸਿੰਘ ਸਮੇਤ ਬੈਠੇ ਸਨ ਕਿ ਉਨ੍ਹਾਂ ਨੂੰ ਰਣਜੀਤ ਸਿੰਘ ਉਰਫ਼ ਰਾਣਾ ਦਾ ਧਮਕੀ ਭਰਿਆ ਫੋਨ ਆਇਆ।ਜਦੋਂ ਉਨ੍ਹਾਂ ਨੇ ਬਾਹਰ ਜਾ ਕੇ ਵੇਖਿਆ ਤਾਂ ਉਕਤ ਸਾਰੇ ਵਿਅਕਤੀ ਰਫ਼ਲਾਂ ਅਤੇ ਪਿਸਤੌਲਾਂ ਨਾਲ ਲੈਸ ਹੋ ਤੇ ਉਨ੍ਹਾਂ ਦੇ ਘਰ ਵੱਲ ਨੂੰ ਆ ਰਹੇ ਸਨ, ਜਿਨ੍ਹਾਂ ਨੇ ਉਨ੍ਹਾਂ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਉਸ ਸਮੇਂ ਇੱਕ ਗੋਲੀ ਮਨਤ੍ਰਪ ਸਿੰਘ ਦੀ ਸੱਜੀ ਬਾਂਹ ਦੇ ਡੌਲੇ ਅਤੇ ਛਾਤੀ ਨੂੰ ਚੀਰਦੀ ਹੋਈ ਲੰਘ ਗਈ, ਜਿਸ ਨਾਲ ਉਸਦੀ ਰੀੜ੍ਹ ਦੀ ਹੱਡੀ ਅਤੇ ਇੱਕ ਗੁਰਦਾ ਵੀ ਨੁਕਸਾਨਿਆ ਗਿਆ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਪਿੰਡ ਵਾਸੀ ਇਕੱਠੇ ਹੋਣੇ ਸ਼ੁਰੂ ਹੋ ਗਏ ਤਾਂ ਉਕਤ ਵਿਅਕਤੀ ਹਥਿਆਰਾਂ ਸਮੇਤ ਫਾਇਰਿੰਗ ਕਰਦੇ ਹੋਏ ਫਰਾਰ ਹੋ ਗਏ।ਇਸ ਦੀ ਵਜ੍ਹਾ ਕੋਈ ਝਗੜਾ ਦੱਸਿਆ ਜਾਂਦਾ ਜਿਸ 'ਚ ਕੁਝ ਵਿਅਕਤੀ ਰਾਜ਼ੀਨਾਵਾਂ ਕਰਨ ਦੇ ਵਿਰੁੱਧ ਸਨ।ਪੁਲਸ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

## ਕਰੀਬ 9 ਕਰੋੜ ਰੁਪਏ ਖਰਚ ਕਰਕੇ 30 ਪਿੰਡਾਂ ਅੰਦਰ ਬਣਾਈਆਂ ਜਾਣਗੀਆਂ ਖੇਡ ਗਰਾਊਂਡਾਂ : ਕਟਾਰੂਚੱਕ

**ਪਠਾਨਕੋਟ (ਦਵਿੰਦਰ ਸਿੰਘ)**- ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੂਰੇ ਪੰਜਾਬ ਅੰਦਰ ਬਿਨ੍ਹਾਂ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ, ਲੋਕਾਂ ਨੂੰ ਵਧੀਆ ਸਿੱਖਿਆ ਪ੍ਰਣਾਲੀ ਅਤੇ ਚੰਗੀ ਸਿਹਤ ਅਤੇ ਹੁਣ ਇਸ ਦੇ ਨਾਲ ਨਾਲ ਖੇਡਾਂ ਨਾਲ ਜੋੜਨ ਦਾ ਇੱਕ ਚੰਗਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਅਧੀਨ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਕਰੀਬ 30 ਪਿੰਡਾਂ ਅੰਦਰ ਆਧੁਨਿਕ ਸੁਵਿਧਾਵਾਂ ਨਾਲ ਖੇਡ ਗਰਾਉਂਡ ਬਣਾਏ ਜਾਣਗੇ, 30 ਪਿੰਡਾਂ ਅੰਦਰ ਜਿੰਮ ਵੀ ਬਣਾਏ ਜਾਣਗੇ ਅਤੇ ਪੂਰੇ ਪੰਜਾਬ ਕਰੀਬ 3000 ਖੇਡ ਗਰਾਊਂਡ ਬਣਾਏ ਜਾ ਰਹੇ ਹਨ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ



ਮੰਤਰੀ ਪੰਜਾਬ ਨੇ ਪਿੰਡ ਕਟਾਰੂਚੱਕ ਵਿਖੇ ਸਥਿਤ ਦਫਤਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਜ਼ਿਲ੍ਹਾ ਪ੍ਰਧਾਨ ਵੀਸੀ ਵਿੰਗ ਪਠਾਨਕੋਟ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਕੁਲਜੀਤ ਸੈਣੀ ਜ਼ਿਲਾ ਸੋਸ਼ਲ ਮੀਡੀਆ ਇੰਚਾਰਜ ਅਤੇ ਆਮ ਆਦਮੀ ਪਾਰਟੀ ਦੇ ਹੋਰ ਅਹੁਦੇਦਾਰ ਵੀ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਕਰੀਬ 30 ਖੇਡ ਗਰਾਊਂਡ ਬਣਾਏ ਜਾਣੇ ਹਨ ਜਿਸ ਵਿੱਚ ਪਿੰਡ ਤਾਲੂਰ, ਅੰਬੀ ਖੜਖੜ੍ਹਾ, ਬਸਤੀ ਡੇਰਾ ਮਾਖਨਪੁਰ, ਫਰਵਾਲ, ਰਤਨਗੜ੍ਹ, ਨੰਗਲ ਫਰੀਦਾਂ, ਸਿਹੋੜਾ ਕਲ੍ਹਾਂ, ਬਲੋਰ, ਬਕਨੋਰ, ਪੱਖੋਚੱਕ, ਬਮਿਆਲ, ਦਨਵਾਲ, ਰਮਕਾਲਮਾ, ਪਲਾਹ, ਘਰੋਟਾ ਕਲ੍ਹਾ, ਰਾਜਪੂਰਾ, ਪਰਮਾਨੰਦ, ਚਸ਼ਮਾ, ਕਟਾਰੂਚੱਕ, ਧੋਬੜਾ, ਜੰਗਲ, ਨਾਜੋਚੱਕ, ਨਰਾਇਣਪੁਰ, ਨੌਮਾਲਾ, ਸਾਦੀਪੁਰ, ਸੁਕਾਲਗੜ੍ਹ, ਘਰੋਟਾ ਅਤੇ ਗੋਬਿੰਦਸਰ ਆਦਿ ਪਿੰਡ ਸ਼ਾਮਲ ਹਨ।ਟੈਂਡਰ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ 2 ਸਤੰਬਰ ਤੱਕ ਟੈਂਡਰ ਖੋਲ੍ਹੇ ਜਾਣਗੇ।31 ਜਨਵਰੀ ਤੱਕ ਇਹ ਗਰਾਉਂਡ ਪੂਰੀ ਤਰ੍ਹਾ ਨਾਲ ਬਣਾ ਕੇ ਤਿਆਰ ਕੀਤੇ ਜਾਣਗੇ।ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਭੋਆ ਦੇ 30 ਪਿੰਡਾਂ ਅੰਦਰ ਆਊਟਡੋਰ ਅਤੇ ਇਨਡੋਰ ਜਿੰਮ ਵੀ ਬਣਾਏ ਜਾ ਰਹੇ ਹਨ।ਜਿੰਮਾਂ ਮਹਿਲਾਵਾਂ ਅਤੇ ਪੁਰਸ਼ਾਂ ਲਈ ਵੱਖ-ਵੱਖ ਹੋਣਗੀਆਂ।

## ਧੋਖੇ ਨਾਲ ਆਪਣੇ ਰਿਸ਼ਤੇਦਾਰ ਦੀ ਜ਼ਮਾਨਤ ਦਿਵਾਉਣ ਵਾਲੇ ਸਾਬਕਾ ਸਰਪੰਚ ਖਿਲਾਫ ਧਰਨਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪਿੰਡ ਅਬਦਾਲ ਵਿਖੇ ਬਾਬਾ ਆਲਾ ਸਿੰਘ ਦੇ ਮੇਲੇ ਸਮੇਂ ਪਿੰਡ ਵਾਸੀਆਂ ਨੇ ਗੱਦੀਨਸ਼ੀਨ ਰਾਮ ਸਿੰਘ ਦੇ ਖਿਲਾਫ ਧਰਨਾ ਲਗਾਇਆ, ਜਿਸ ਸਮੇਂ ਸੀਪੀਆਈ ਸੈਕਟਰੀ ਮਜੀਠਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਪੱਤਰਕਾਰਾਂ ਨਾਲ ਕੀਤੀ ਪ੍ਰੈੱਸ ਮਿਲਣੀ ਸਮੇਂ ਉਨ੍ਹਾਂ ਦੱਸਿਆ ਕਿ ਸਾਡਾ ਮੇਲੇ ਵਿੱਚ ਜਾਂ ਧਾਰਮਿਕ ਸਮਾਗਮ ਵਿੱਚ ਕੋਈ ਵਿਘਨ ਪਾਉਣ ਦਾ ਮਕਸਦ ਨਹੀਂ ਹੈ, ਪਰ ਗੱਦੀਨਸ਼ੀਨ ਰਾਮ ਸਿੰਘ ਪੁੱਤਰ ਅਜੀਤ ਸਿੰਘ ਸਾਬਕਾ ਸਰਪੰਚ ਵੱਲੋਂ ਧੋਖੇ ਵਿੱਚ ਰੱਖਦਿਆਂ ਆਪਣੇ ਰਿਸ਼ਤੇਦਾਰ (ਕੁੜਮ) ਦੀ ਜ਼ਮਾਨਤ ਮੇਜਰ ਸਿੰਘ ਪੁੱਤਰ ਤੇਗਾ ਸਿੰਘ ਕੋਲੋਂ ਦਿਵਾਈ ਸੀ।ਉਹ ਵਿਅਕਤੀ ਸਰਬਜੀਤ ਸਿੰਘ ਬਾਅਦ ਵਿੱਚ ਆਪਣੀ ਪਤਨੀ ਨੂੰ ਮਾਰ ਕੇ ਭਗੌੜਾ ਹੋ ਗਿਆ,



ਅਤੇ ਜ਼ਮਾਨਤ ਦੇਣ ਵਾਲੇ ਨੂੰ ਚਾਰ ਲੱਖ ਰੁਪਏ ਦੀ ਜ਼ਮਾਨਤ ਪੈ ਗਈ।ਮਾਨਯੋਗ ਜੱਜ ਹਰਸਿਮਰਨ ਜੀਤ ਕੌਰ ਨੇ ਮੇਜਰ ਸਿੰਘ ਨੂੰ ਜ਼ਮਾਨਤ ਦੇ ਚਾਰ ਲੱਖ ਰੁਪਏ ਜਮ੍ਹਾਂ ਕਰਾਉਣ ਜਾਂ ਫਿਰ ਜ਼ਮੀਨ ਦੀ ਕੁਰਕੀ ਕਰਨ ਦੇ ਹੁਕਮ ਕੀਤੇ ਹੋਏ ਹਨ।ਜ਼ਮਾਨਤ ਦੇਣ ਵਾਲੇ ਮੇਜਰ ਸਿੰਘ ਨੇ ਪਿੰਡ ਦੇ ਮੌਜੂਦਾ ਸਰਪੰਚ ਸੁਬੇਗ ਸਿੰਘ ਨੂੰ ਜ਼ੁਬਾਨੀ ਅਤੇ ਲਿਖਤੀ ਰੂਪ ਵਿੱਚ ਵੀ ਇਨਸਾਫ ਦਿਵਾਉਣ ਦੀ ਬੇਨਤੀ ਕੀਤੀ ਸੀ ਪਰ ਰਾਮ ਸਿੰਘ ਕੋਈ ਇਨਸਾਫ ਦੀ ਗੱਲ ਨਹੀਂ ਕਰ ਰਿਹਾ।ਇਸ ਸਬੰਧੀ ਮੇਜਰ ਸਿੰਘ ਨੇ ਪਿੰਡ ਅਬਦਾਲ ਦੀ ਪੰਚਾਇਤ ਦੇ ਧਿਆਨ ਵਿੱਚ ਵੀ ਲਿਆ ਦਿੱਤਾ ਸੀ ਕਿ ਉਹ ਸਤਿਕਾਰਯੋਗ ਆਲਾ ਸਿੰਘ ਦੇ ਮੇਲੇ ਤੇ ਰਾਮ ਸਿੰਘ ਦੇ ਵਿਰੁੱਧ ਪਿੰਡ ਦੇ ਸਹਿਯੋਗ ਨਾਲ ਧਰਨਾ ਲਗਾਇਆ ਜਾਵੇਗਾ।ਧਰਨੇ ਵਿੱਚ ਬਾਬਾ ਕੁੰਨਣ ਸਿੰਘ, ਅਵਤਾਰ ਸਿੰਘ, ਜਰਮਨ ਸਿੰਘ, ਦਿਲਬਾਗ ਸਿੰਘ ਮੈਂਬਰ, ਮੇਜਰ ਸਿੰਘ, ਲਾਲਾ ਦਿਲਜੀਤ ਸਿੰਘ, ਮਿਸਤਰੀ ਨਿਸ਼ਾਨ ਸਿੰਘ, ਨੰਬਰਦਾਰ ਰਾਜਵਿੰਦਰ ਸਿੰਘ ਮੈਂਬਰ ਅਤੇ ਹੋਰ ਸੈਂਕੜੇ ਲੋਕ ਸ਼ਾਮਲ ਹੋਏ।ਤਹਿਸੀਲਦਾਰ ਮਜੀਠਾ ਅਸੀਸ ਪਾਲ ਗੁਪਤਾ ਅਤੇ ਸੀਆਈਡੀ ਇੰਚਾਰਜ ਮਜੀਠਾ ਮੌਕੇ 'ਤੇ ਪਿੰਡ ਅਬਦਾਲ ਪਹੁੰਚੇ ਅਤੇ ਦੋਵਾਂ ਧਿਰਾਂ ਰਾਮ ਸਿੰਘ ਅਤੇ ਮੇਜਰ ਸਿੰਘ ਅਬਦਾਲ ਨੂੰ ਸਾਹਮਣੇ ਬਿਠਾ ਕੇ ਮਸਲਾ ਹੱਲ ਕਰਨ ਦਾ ਯਕੀਨ ਦਿਵਾਇਆ।ਪਿੰਡ ਅਬਦਾਲ ਦੇ ਮੌਜੂਦਾ ਸਰਪੰਚ ਸ: ਸੁਬੇਗ ਸਿੰਘ ਦੀ ਹਾਜ਼ਰੀ ਵਿੱਚ ਮੇਜਰ ਸਿੰਘ, ਪਿੰਡ ਵਾਸੀਆਂ ਅਤੇ ਕਾਮਰੇਡ ਬਲਕਾਰ ਦੁਧਾਲਾ ਨੂੰ ਭਰੋਸਾ ਮਿਲਣ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ।

## ਗਾਇਕ ਅੰਮ੍ਰਿਤਪਾਲ ਤੇ ਗੀਤਕਾਰ ਜੈਂਪੂ ਖਾਨਪੁਰੀ ਦਾ ਗੀਤ 'ਉੱਡਦੇ ਜਹਾਜ਼' ਲੋਕ ਅਰਪਿਤ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**- ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਇਕ ਸਾਹਿਤਕ ਸਮਾਗਮ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ਜਿਸ ਵਿੱਚ ਗਾਇਕ ਅੰਮ੍ਰਿਤਪਾਲ ਅਤੇ ਗੀਤਕਾਰ ਜੈਂਪੂ ਖਾਨਪੁਰੀ ਦੇ ਸਭਿਆਚਾਰਕ ਗੀਤ ਉੱਡਦੇ ਜਹਾਜ਼ ਦੇ ਪੋਸਟਰ ਨੂੰ ਲੋਕ ਅਰਪਿਤ ਕੀਤਾ ਗਿਆ ।ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਦਟ ਮੀਤ ਪ੍ਰਧਾਨ ਸ: ਸ਼ੇਲਿੰਦਰਜੀਤ ਸਿੰਘ ਰਾਜਨ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਭੈਣ ਭਰਾ ਜੋ ਕਿ ਆਪਣਾ ਘਰ



ਪਰਿਵਾਰ ਛੱਡ ਕੇ ਮਿਹਨਤ, ਮੁਸ਼ੱਕਤ, ਜਾਂ ਸਾਡਾ ਵਿਦਿਆਰਥੀ ਵਰਗ ਉੱਚੀਆਂ ਪੜ੍ਹਾਈਆਂ ਕਰਨ ਲਈ ਗਏ ਨੇ, ਜਦੋਂ ਮਾਤਾ ਪਿਤਾ ਭੈਣ ਭਰਾ, ਰਿਸ਼ਤੇਦਾਰਾਂ ਦੀ ਯਾਦ ਆਉਂਦੀ ਹੈ ਤਾਂ ਮਨ ਭਾਵੁਕ ਹੋ ਜਾਂਦਾ ਹੈ, ਉਸ ਨੂੰ ਮੱਦੇਨਜ਼ਰ ਰੱਖਦਿਆਂ ਗਾਇਕ ਅੰਮ੍ਰਿਤਪਾਲ ਅਤੇ ਗੀਤਕਾਰ ਜੈਂਪੂ ਖਾਨਪੁਰੀ ਦਾ ਇਹ ਗੀਤ ਮੋਹਿਤ ਰਿਕਾਰਡਜ਼ ਦੀ ਪੇਸ਼ਕਸ਼ ਹੈ ।ਇਸ ਮੌਕੇ ਮੈਨੇਜਰ ਗੁਰਪ੍ਰੀਤ ਸਿੰਘ ਮੱਲੋਵਾਲ, ਡਾ: ਗੁਰਚਰਨ ਕੌਰ ਕੋਚਰ, ਹਰਮੇਸ਼ ਕੌਰ ਯੋਧੇ, ਨਿਰਮਲ ਟਪਿਆਲਾ, ਮਾਸਟਰ ਕਿਰਪਾਲ ਸਿੰਘ ਵੇਰਕਾ, ਨਿਰਮਲ ਕੌਰ ਕੋਟਲਾ ਕੀਰਤਪ੍ਰਤਾਪ ਸਿੰਘ ਪੰਨੂੰ ਪ੍ਰਧਾਨ ਮਜਲਸ, ਸ਼ੁਕਰਗੁਜ਼ਾਰ ਸਿੰਘ ਪੰਥਕ ਕਵੀ, ਨਵਦੀਪ ਸਿੰਘ ਬਦੇਸ਼ਾ, ਮੱਖਣ ਭੈਣੀਵਾਲਾ, ਅਮਨ ਢਿੱਲੋਂ, ਦਿਲਰਾਜ ਸਿੰਘ ਦਰਦੀ, ਪ੍ਰਿੰ: ਰਘਬੀਰ ਸਿੰਘ ਸੋਹਲ, ਸੰਤੋਖ ਸਿੰਘ ਗੁਰਾਇਆ ਆਦਿ ਨੇ ਉਕਤ ਗੀਤ ਰਲੀਜ਼ ਕਰਨ ਦੀ ਰਸਮ ਨਿਭਾਈ ।

## ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਜ਼ਿਲ੍ਹਾ ਫੈਂਸਿੰਗ ਖੇਡਾਂ 'ਚ ਜਿੱਤੇ ਸੋਨੇ ਤੇ ਚਾਂਦੀ ਦੇ ਤਮਗੇ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਦੇ ਵਿਦਿਆਰਥੀਆਂ ਨੇ 12ਵੀਆਂ ਜ਼ਿਲ੍ਹਾ ਫੈਂਸਿੰਗ ਖੇਡਾਂ 2025-26 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ।ਅਰਸ਼ੀ ਠਾਕੁਰ (ਅੰਡਰ-17) ਨੇ ਸੋਨ ਤਮਗਾ ਜਿੱਤਿਆ, ਜਦਕਿ ਰੀਆ (ਅੰਡਰ-19) ਨੇ ਉਤਮ ਪ੍ਰਦਰਸ਼ਨ ਕਰਦੇ ਹੋਏ ਇੱਕ ਸੋਨ ਤਮਗਾ ਅਤੇ ਇੱਕ ਚਾਂਦੀ ਦਾ ਤਮਗਾ ਆਪਣੇ ਨਾਂਅ ਕੀਤਾ।ਇਸ ਸਫਲਤਾ 'ਤੇ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ ਅਤੇ ਸਵੈ-ਵਿਸ਼ਵਾਸ ਵਿਕਸਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਡਾਇਰੈਕਟਰ ਓਸ਼ਿਨ ਮਹਾਜਨ ਨੇ ਕਿਹਾ ਕਿ ਸਾਡੇ ਵਿਦਿਆਰਥੀਆਂ ਦੀ ਲਗਨ ਅਤੇ ਸੰਕਲਪ ਸੱਚਮੁੱਚ ਪ੍ਰੇਰਨਾਦਾਇਕ ਹਨ। ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਕਿਹਾ



ਕਿ ਅਰਸ਼ੀ ਅਤੇ ਰੀਆ ਦੁਆਰਾ ਜਿੱਤੇ ਗਏ ਤਮੇਗ ਉਨ੍ਹਾਂ ਦੀ ਕਠੋਰ ਮਿਹਨਤ ਅਤੇ ਸਾਡੇ ਸਟਾਫ਼ ਅਤੇ ਕੋਚਾਂ ਦੇ ਸਾਮੂਹਿਕ ਯਤਨਾਂ ਦਾ ਨਤੀਜਾ ਹਨ।ਅਸੀਂ ਉਨ੍ਹਾਂ ਦੀ ਇਸ ਉਪਲਬਧੀ 'ਤੇ ਮਾਣ ਮਹਿਸੂਸ ਕਰ ਰਹੇ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਉਚਾਈਆਂ ਛੂਹਣ ਦੀ ਉਮੀਦ ਕਰਦੇ ਹਾਂ।

## ਅੰਡਰ-17 ਲੜਕੀਆਂ ਵੱਲੋਂ ਕਬੱਡੀ 'ਚ ਅੱਵਲ ਸਥਾਨ ਹਾਸਲ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੀਆਂ ਕਬੱਡੀ ਅੰਡਰ- 17 ਜ਼ੋਨਲ ਮੈਚ ਜੋ ਕਿ ਫਤਿਹਾਬਾਦ ਵਿਖੇ ਹੋਇਆ, ਦੌਰਾਨ ਲੜਕੀਆ ਦੀ ਅੰਡਰ-17 ਟੀਮ ਦੀ ਸ਼ਾਨਦਾਰ ਪਰਫੋਰਮੈਂਸ ਦੇਖਣ ਨੂੰ ਮਿਲੀ। ਇਸ ਖੇਡ ਦਾ ਆਨੰਦ ਮਾਣਦਿਆਂ ਦਰਸ਼ਕਾਂ ਅਤੇ ਵਿਦਿਆਰਥੀਆਂ ਨੇ ਇਸ ਖੇਡ ਦੀ ਖੂਬ ਪ੍ਰਸ਼ੰਸਾ ਕੀਤੀ।ਲੜਕੀਆਂ ਦੁਆਰਾ ਕਬੱਡੀ ਵਿੱਚ ਬੇ-ਮਿਸਾਲ ਪ੍ਰਦਰਸ਼ਨ ਕੀਤਾ ਗਿਆ। ਲੜਕੀਆਂ ਨੇ



ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ।ਇਸ ਖੇਡ ਵਿੱਚ ਹਿੱਸਾ ਲੈਣ ਵਾਲੀਆਂ ਲੜਕੀਆਂ ਵੀਰਪਾਲ ਕੌਰ, ਸਿਮਰਨ ਦੀਪ ਕੌਰ, ਮਹਿਕਦੀਪ ਕੌਰ, ਚਹਿਕਦੀਪ ਕੌਰ, ਨਵਸਿਮਰਨ ਕੌਰ, ਸਿਮਰਨਦੀਪ ਕੌਰ, ਮੁਸਕਾਨ ਕੌਰ ਨੰਦਨੀ ਅਤੇ ਐਸਮੀਨ ਕੌਰ ਨੇ ਕਬੱਡੀ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਡਿਸਟਰਿਕਟ ਲੈਵਲ ਵਿੱਚ ਆਪਣੀ ਜਗ੍ਹਾ ਬਣਾਈ।ਇਸ ਖੁਸ਼ੀ ਦੇ ਮੌਕੇ ਮੈਨੇਜਮੈਂਟ ਡਾਇਰੈਕਟਰ ਤਜਿੰਦਰ ਸਿੰਘ, ਪ੍ਰੈਜ਼ੀਡੈਂਟ ਮੈਡਮ ਸੁਖਵਿੰਦਰ ਕੌਰ, ਸੈਕਰੇਟਰੀ ਬਨਵੀਰ ਸਿੰਘ, ਮੈਡਮ ਰਮਨਦੀਪ ਕੌਰ, ਮੈਡਮ ਸੰਗੀਤ ਕੌਰ ਅਤੇ ਪ੍ਰਿੰਸੀਪਲ ਨਵਜੋਤ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਜਿੱਤ ਦੀਆਂ ਵਧਾਈਆਂ ਦਿੱਤੀਆਂ ਗਈਆਂ।

# ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੀ ਮੁੱਕੇਬਾਜ਼ੀ 'ਚ ਸਰਦਾਰੀ ਕਾਇਮ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਮੁੱਕੇਬਾਜ਼ ਵਿਦਿਆਰਥੀ ਲੜਕਿਆਂ ਨੇ ਜ਼ਿਲ੍ਹਾ ਪੱਧਰ 'ਤੇ ਤਿੰਨੇ ਵਰਗਾਂ 'ਚ ਜਿੱਤਾਂ ਪ੍ਰਾਪਤ ਕੀਤੀਆਂ ਹਨ। ਸਕੂਲ ਵਿਦਿਆਰਥੀਆਂ ਨੇ ਉਮਰ ਵਰਗ 14, 17 ਅਤੇ 19 ਸਾਲ 'ਚ ਲਗਾਤਾਰ ਪਿਛਲੇ 25 ਸਾਲਾਂ ਤੋਂ ਬਾਕਸਿੰਗ 'ਚ ਜੇਤੂ ਰਹਿ ਕੇ ਸਕੂਲ ਦੀ ਸਰਦਾਰੀ ਨੂੰ ਕਾਇਮ ਰੱਖਿਆ ਹੈ।ਇਸ ਸਬੰਧੀ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਸਕੂਲ ਖੇਡ ਮੁਖੀ ਸ: ਰਣਕੀਰਤ ਸਿੰਘ ਸੰਧੂ ਦੀ ਮੌਜੂਦਗੀ 'ਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ ਬਾਕਸਿੰਗ ਹਾਲ ਵਿਖੇ ਸੈਸ਼ਨ 2025—26 ਦੇ ਲਗਾਤਾਰ 3 ਦਿਨ ਜ਼ਿਲ੍ਹਾ ਪੱਧਰੀ ਸਕੂਲ ਬਾਕਸਿੰਗ ਟੂਰਨਾਮੈਂਟ ਚੱਲਿਆ ਅਤੇ ਇਨ੍ਹਾਂ ਮੁਕਾਬਲਿਆਂ 'ਚੋਂ ਜ਼ਿਲ੍ਹੇ ਦੇ ਵੱਖ—ਵੱਖ ਸਕੂਲਾਂ ਤੋਂ ਆਏ ਬਾਕਸਿੰਗ ਖਿਡਾਰੀਆਂ ਨੇ ਭਾਗ ਲਿਆ।ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਗਵਰਨਿੰਗ ਕੌਂਸਲ ਅਤੇ ਸਕੂਲ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਬਾਕਸਿੰਗ ਕੋਚ ਬਲਜਿੰਦਰ ਸਿੰਘ ਦੀ ਅਗਵਾਈ ਹੇਠ ਉਕਤ ਵਰਗ 'ਚ ਬਾਕਸਿੰਗ ਦੇ ਖਿਡਾਰੀਆਂ ਲਗਾਤਾਰ ਪਿਛਲੇ 25 ਸਾਲਾਂ ਤੋਂ ਜੇਤੂ ਰਹਿ ਕੇ ਸਕੂਲ ਦੀ ਸਰਦਾਰੀ ਨੂੰ ਕਾਇਮ ਰੱਖਿਆ ਹੈ।ਇਸ ਮੌਕੇ ਰਾਜਬਿੰਦਰ ਸਿੰਘ ਸੰਧੂ ਅਤੇ ਸ਼ਰਨਜੀਤ ਸਿੰਘ ਭੰਗੂ ਵੀ ਹਾਜ਼ਰ ਸਨ।

# ਵਿਧਾਇਕ ਸ਼ੈਰੀ ਕਲਸੀ ਤੇ ਡਿਪਟੀ ਕਮਿਸ਼ਨਰ ਨੇ ਵਿਆਹ ਪੁਰਬ ਸਮਾਗਮ ਸੰਬੰਧੀ ਤਿਆਰੀਆਂ ਦਾ ਲਿਆ ਜਾਇਜ਼ਾ

**ਬਟਾਲਾ (ਤਰਲੋਕ ਬੱਗਾ)**- ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਦੇ ਸਬੰਧ ਵਿੱਚ ਚੱਲ ਰਹੀਆਂ ਤਿਆਰੀਆਂ ਦਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਸੁਲਤਾਨਪੁਰ ਲੋਧੀ ਤੋਂ ਆਉਣ ਵਾਲੇ ਨਗਰ ਕੀਰਤਨ ਦੇ ਰੂਟ ਦਾ ਨਿਰੀਖਣ ਕੀਤਾ ਅਤੇ ਮੌਕੇ ਤੇ ਸਬੰਧਤ ਅਧਿਕਾਰੀਆਂ ਨੂੰ ਅਧੂਰੇ ਕੰਮ ਸਮੇਂ ਸਿਰ ਮੁਕੰਮਲ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ।ਇਸ ਮੌਕੇ ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ), ਵਿਕਰਜੀਤ ਸਿੰਘ ਪਾਂਥੇ ਐੱਸਡੀਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ, ਜਸਵੰਤ ਕੌਰ ਐਸਪੀ (ਐੱਚ) ਵੀ ਮੌਜੂਦ ਸਨ।ਇਸ ਮੌਕੇ ਡੀਸੀ ਨੇ ਦੱਸਿਆ ਕਿ ਜਲੰਧਰ ਰੋਡ ਬਟਾਲਾ ਤੋਂ ਲੈ ਕੇ ਨਗਰ ਕੀਰਤਨ ਦੇ ਸਮਾਪਤੀ ਤੱਕ ਸਾਰੇ ਰੂਟ ਨੂੰ ਸ਼ਾਨਦਾਰ



ਤਰੀਕੇ ਨਾਲ ਸਜਾਇਆ ਜਾਵੇਗਾ। ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਸ਼ਹਿਰ ਅੰਦਰ ਸਾਫ-ਸਫ਼ਾਈ ਤੇ ਕੂੜੇ ਦੇ ਢੇਰਾਂ ਨੂੰ ਨਾਲ-ਨਾਲੋ ਚੁੱਕਣ ਦੀ ਹਦਾਇਤ ਕਰਦਿਆਂ ਕਿਹਾ ਕਿ ਰਾਤ ਵੇਲੇ ਵੀ ਸਫ਼ਾਈ ਮੁਹਿੰਮ ਵਿੱਢੀ ਜਾਵੇ। ਨਾਲ ਹੀ ਉਨਾਂ ਸ਼ਹਿਰ ਅੰਦਰ ਨਾਜਾਇਜ਼ ਢੰਗ ਨਾਲ ਲਗਾਏ ਗਏ ਬੈਨਰ ਤੇ ਹੋਰਡਿੰਗਜ਼ ਬੋਰਡ ਵਿਰੁੱਧ ਵੀ ਕਾਰਵਾਈ ਕਰਨ ਲਈ ਕਿਹਾ। ਪਾਵਰਕਾਮ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਵੀ ਥਾਂ ਤੇ ਬਿਜਲੀ ਤਾਰਾਂ ਨੰਗੀਆਂ ਜਾਂ ਢਿੱਲੀਆਂ ਨਹੀਂ ਹੋਣੀਆਂ ਚਾਹੀਦੀਆਂ। ਪੀ.ਡਬਲਿਊ.ਡੀ ਦੇ ਅਧਿਕਾਰੀਆਂ ਨੂੰ ਸ਼ਹਿਰ ਵਿਚਲੀਆਂ ਸੜਕਾਂ ਦੀ ਮੁਰੰਮਤ ਕਰਨ ਦੀ ਹਦਾਇਤ ਕਰਦਿਆਂ ਉਨਾਂ ਕਿਹਾ ਕਿ ਦੇਸ-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ, ਇਸ ਨੂੰ ਯਕੀਨੀ ਬਣਾਇਆ ਜਾਵੇ। ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਸੰਗਤਾਂ ਦੀ ਸਹੂਲਤ ਲਈ ਟਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਮੁੱਚੇ ਰੂਟ ਵਿਚ ਰਹਿੰਦੇ ਕੰਮ ਪੂਰੇ ਕਰਨ ਦੀ ਹਦਾਇਤ ਕੀਤੀ ਤੇ ਕਿਹਾ ਕਿ 30 ਅਗਸਤ ਨੂੰ ਮਨਾਏ ਜਾ ਰਹੇ ਵਿਆਹ ਪੁਰਬ ਤੋਂ ਪਹਿਲਾਂ-ਪਹਿਲਾਂ, ਪੂਰੀ ਸ਼ਰਧਾ ਭਾਵਨਾ ਨਾਲ ਕੰਮ ਕਰਨੇ ਯਕੀਨ ਬਣਾਏ ਜਾਣ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਅੰਮ੍ਰਿਤ ਕਲਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ ਅਤੇ ਗੁਰਨਾਮ ਸਿੰਘ ਜੱਸਲ, ਨਿਤਿਨ ਸਹੋਤਾ ਨਾਇਬ ਤਹਿਸੀਲਦਾਰ , ਰਜਿੰਦਰ ਸ਼ਰਮਾ ਸਹਾਇਕ ਕਮਿਸ਼ਨਰ ਨਗਰ ਨਿਗਮ, ਗੁਰਦੁਆਰਾ ਸ੍ਰੀ ਕੰਧ ਸਾਹਿਬ ਦੇ ਮੈਨੇਜਰ ਜਤਿੰਦਰ ਸਿੰਘ, ਗੁਰਦੁਆਰਾ ਸ੍ਰੀ ਸਤਿਕਾਰੀਆਂ ਸਾਹਿਬ ਦੇ ਮੈਨੇਜਰ ਮਨਜੀਤ ਸਿੰਘ, ਪ੍ਰਿੰਸ ਰੰਧਾਵਾ, ਮਾਸਟਰ ਤਿਲਕ ਰਾਜ, ਐਕਸੀਅਨ ਜਸਪ੍ਰੀਤ ਸਿੰਘ ਸਿੰਘ, ਐਕਸੀਅਨ ਰੋਹਿਤ ਉੱਪਲ, ਵਿੱਕੀ ਚੌਹਾਨ, ਬਲਵਿੰਦਰ ਸਿੰਘ ਸਮੇਤ ਅਧਿਕਾਰੀ ਆਦਿ ਮੌਜੂਦ ਸਨ।

## ਤਰਨਤਾਰਨ ਸ਼ਹਿਰ ਦੇ ਵਿਕਾਸ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਅਰਵਿੰਦਰ ਸਿੰਘ ਰਾਜਾ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਹਰ ਵਰਗ ਨੂੰ ਸੁੱਖ ਸਹੂਲਤਾਂ ਬਿਨਾਂ ਭੇਦਭਾਵ ਦਿੱਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸੂਬਾ ਪੰਜਾਬ ਤਰੱਕੀ ਵੱਲ ਵੱਧ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਲਾਕ ਪ੍ਰਧਾਨ ਝਬਾਲ ਅਰਵਿੰਦਰ ਸਿੰਘ ਰਾਜਾ ਨੇ ਕਿਹਾ ਕਿ ਹਲਕਾ ਤਰਨਤਾਰਨ ਤੋਂ ਇੰਚਾਰਜ ਹਰਮੀਤ ਸਿੰਘ ਸੰਧੂ ਦੀ ਅਗਵਾਈ ਹੇਠ ਲੋਕ ਤੇਜ਼ੀ ਨਾਲ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕਾ ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਹਰਮੀਤ ਸਿੰਘ ਸੰਧੂ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ। ਹਰਮੀਤ ਸਿੰਘ ਸੰਧੂ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਦੇ ਦਿਸ਼ਾ ਨਿਰਦੇਸ਼ਾਂ ਸਦਕਾ ਹਰ ਪਿੰਡ ਅਤੇ ਤਰਨਤਾਰਨ ਸ਼ਹਿਰ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਆਮ ਆਦਮੀ ਪਾਰਟੀ ਵੱਲੋਂ ਚਲਾਈ ਗਈ ਹਰ ਲਾਭਪਾਤਰੀ ਸਕੀਮ ਦੀ ਘਰ-ਘਰ ਪਹੁੰਚ ਕੀਤੀ ਜਾਵੇਗੀ।

# ਪਿੰਡ ਲੁੱਧੜ 'ਚ ਤੇਜ਼ ਰਫਤਾਰ ਵਿਕਾਸ ਕਾਰਜਾਂ ਦਾ ਸਰਪੰਚ ਰਾਜ ਕੁਮਾਰ ਨੇ ਕੀਤਾ ਨਿਰੀਖਣ

**ਮਜੀਠਾ (ਸੋਇਮ ਆਨੰਦ)**- ਹਲਕਾ ਮਜੀਠਾ ਦੇ ਪਿੰਡ ਲੁੱਧੜ 'ਚ ਜੰਗੀ ਪੱਧਰ ਤੇ ਵਿਕਾਸ ਕਾਰਜ ਤੇਜ਼ੀ ਨਾਲ ਜਾਰੀ ਹਨ। ਸਰਪੰਚ ਰਾਜ ਕੁਮਾਰ ਤੇ ਸਮੁੱਚੀ ਪੰਚਾਇਤ ਨੇ ਪਿੰਡ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸਰਪੰਚ ਰਾਜ ਕੁਮਾਰ ਨੇ ਕਿਹਾ ਕਿ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਮੁਕੰਮਲ ਕੀਤਾ ਜਾ ਰਿਹਾ ਹੈ। ਪਿੰਡ ਵਾਸੀਆਂ ਨੂੰ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਅਤੇ ਪੰਚਾਇਤ ਪੂਰੀ ਤਰ੍ਹਾਂ ਵਚਨਬੱਧ ਹੈ।ਸਰਪੰਚ ਰਾਜ ਕੁਮਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਇੱਕ ਕ੍ਰਾਂਤੀਕਾਰੀ ਪਾਰਟੀ ਹੈ, ਜੋ ਲੋਕ ਸੇਵਾ ਨੂੰ ਸਰਵਉਚ ਮੰਨਦੀ ਹੈ।'ਆਪ' ਸਰਕਾਰ ਗਰੀਬ ਅਤੇ ਮੱਧ ਵਰਗ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ।ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦਾ ਪੁਰਾਣੀਆਂ ਪਾਰਟੀਆਂ ਤੋਂ ਵਿਸ਼ਵਾਸ ਉਠ ਚੁੱਕਾ ਹੈ ਅਤੇ ਉਹ ਮਾਨ ਸਰਕਾਰ 'ਤੇ ਪੂਰਾ ਭਰੋਸਾ ਰੱਖਦੇ ਹਨ।ਪਿੰਡ ਵਿੱਚ ਵਿਕਾਸ ਦੀ ਗਤੀ ਨੂੰ ਦੇਖ ਕੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਹੈ ਅਤੇ ਉਹ ਸਰਕਾਰ ਦੇ ਇਨ੍ਹਾਂ ਉਪਰਾਲਿਆਂ ਦੀ ਸ਼ਲਾਘਾ ਕਰ ਰਹੇ ਹਨ।ਵਿਕਾਸ ਕਾਰਜਾਂ ਵਿੱਚ ਬਾਜ਼ਾਰ, ਪਾਣੀ ਦੀ



ਸਪਲਾਈ, ਸਫ਼ਾਈ ਅਤੇ ਹੋਰ ਜ਼ਰੂਰੀ ਸਹੂਲਤਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਰਪੰਚ ਨੇ ਭਰੋਸਾ ਦਿੱਤਾ ਕਿ ਬਾਕੀ ਰੁਕੇ ਕੰਮ ਜਲਦੀ ਹੀ ਮੁਕੰਮਲ ਕੀਤੇ ਜਾਣਗੇ। ਇਸ ਮੌਕੇ ਡਾ. ਰਾਕੇਸ਼ ਕੁਮਾਰ ਸ਼ਰਮਾ, ਸੁਖਵਿੰਦਰ ਸਿੰਘ, ਦੌਲਤ ਰਾਮ, ਨਿਰਮਲ ਸਿੰਘ ਭੱਟੀ, ਦਲਬੀਰ ਚੰਦ, ਕੁਲਵੰਤ ਸਿੰਘ ਅਤੇ ਬਿੰਦੀਆਂ ਲੁੱਧੜ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

# ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

**ਗੁਰਦਾਸਪੁਰ (ਜਨਕ ਮਹਾਜਨ)**- ਰਾਵੀ ਅਤੇ ਉਜ ਦਰਿਆਵਾਂ ਵਿਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਤਰਲੋਕ ਸਿੰਘ ਬਹਿਰਾਮਪੁਰ ਦੀ ਅਗਵਾਈ ਵਿਚ ਮਕੌੜਾ ਪੱਤਣ ਤੇ ਰਾਵੀ ਦਰਿਆ ਦੇ ਪਾਰ ਬਾਰਡਰ ਦੇ ਪਿੰਡਾਂ ਦਾ ਦੌਰਾ ਕੀਤਾ ਗਿਆ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸਤਿਬੀਰ ਸਿੰਘ ਸੁਲਤਾਨੀ ਅਤੇ ਤਰਲੋਕ ਸਿੰਘ ਬਹਿਰਾਮਪੁਰ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਮਕੌੜਾ ਪੱਤਣ ਤੇ ਰਾਵੀ ਦਰਿਆ ਦੇ ਪਾਰ ਬਾਰਡਰ ਦੇ ਪਿੰਡਾਂ ਨੂੰ ਜਾਂਦੀ ਇੱਕੋ ਇਕ ਸੜਕ ਉਜ ਅਤੇ ਰਾਵੀ





ਦਰਿਆ ਵਲੋਂ ਹੜ੍ਹਾਂ ਦੇ ਕਾਰਨ ਢਾਹ ਲਾ ਕੇ ਲਗਭਗ 400 ਫੁੱਟ ਸੜਕ ਦਰਿਆ ਨੇ ਆਪਣੇ ਵਿਚ ਸੁੱਟ ਲਈ ਹੈ ਜਿਸ ਨਾਲ ਚਾਰ ਪਹੀਆ ਵਾਹਨ ਚੱਲਣ ਲਈ ਰਸਤਾ ਨਹੀਂ ਹੈ। ਲੋਕਾਂ ਨੂੰ ਆਉਣ ਜਾਣ ਵਿਚ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਵੀ ਦਰਿਆ ਦੇ ਪਾਰ ਬਾਰਡਰ ਦੇ ਪਿੰਡਾਂ ਦੇ ਕਿਸਾਨਾਂ ਨੇ ਦਰਿਆ ਉੱਤੇ ਪੁਲ ਨਾ ਬਣਨ ਕਰਕੇ ਪਹਿਲਾਂ ਬੜੀ ਮੁਸ਼ਕਿਲ ਨਾਲ ਦਰਿਆ ਵਿਚੋਂ ਦੀ ਤਿੰਨ-ਤਿੰਨ ਟਰੈਕਟਰ ਪਾ ਕੇ ਗੰਨਾ ਦਰਿਆ ਪਾਰ ਕੀਤਾ ਅਤੇ ਵਾਧੂ ਮਜ਼ਦੂਰੀ ਦਾ ਖਰਚਾ ਕਰਕੇ ਦੁਬਾਰਾ ਇਕ ਟਰੈਕਟਰ ਉੱਤੇ ਲੱਦ ਕੇ ਸਰਕਾਰੀ ਅਤੇ ਨਿੱਜੀ ਖੰਡ ਮਿੱਲਾਂ ਤਕ ਗੰਨਾ ਪਹੁੰਚਾਇਆ ਪਰ ਅਜੇ ਤੱਕ ਕਿਸਾਨਾਂ ਨੂੰ ਗੰਨੇ ਦਾ ਪੂਰਾ ਬਕਾਇਆ ਨਹੀਂ ਮਿਲਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਪੀੜਤ ਕਿਸਾਨਾਂ ਦੀ ਰਾਵੀ ਅਤੇ ਉਜ ਦਰਿਆਵਾਂ ਵਲੋਂ ਢਾਹ ਲੱਗ ਕੇ ਦਰਿਆ ਵਿਚ ਡਿੱਗੀ ਹੋਈ ਜ਼ਮੀਨ ਦੀ ਤੁਰੰਤ ਮੁਆਵਜ਼ਾ ਦਿੱਤਾ ਜਾਵੇ, ਦਰਿਆ ਦੀ ਢਾਹ ਲਾਉਣ ਦੀ ਰੋਕਥਾਮ ਲਈ ਮਿਆਰੀ ਅਤੇ ਮਜ਼ਬੂਤ ਸਪਰ ਬਣਾਏ ਜਾਣ, ਲੋਕਾਂ ਦੇ ਆਉਣ-ਜਾਣ ਲਈ ਕਿਸਾਨਾਂ ਦੀ ਜ਼ਮੀਨ ਛੱਡ ਕੇ ਪੱਕੀ ਸੜਕ ਬਣਾਈ ਜਾਵੇ। ਇਸ ਮੌਕੇ ਚੰਨਣ ਸਿੰਘ ਦੋਰਾਂਗਲਾ, ਸਾਗਰ ਸਿੰਘ ਭੋਲਾ, ਮਹਿੰਦਰ ਸਿੰਘ ਕਜਲੇ-ਝੂੰਬਰ, ਜਸਬੀਰ ਸਿੰਘ ਨਿਹੰਗ, ਜਰਨੈਲ ਸਿੰਘ ਝਬਕਰਾ ਅਤੇ ਮੋਹਕਮ ਸਿੰਘ ਆਦਿ ਕਿਸਾਨ ਆਗੂ ਸ਼ਾਮਿਲ ਹੋਏ।

# ਈ-ਰਿਕਸ਼ਿਆਂ ਦੀ ਰਜਿਸਟਰੇਸ਼ਟਨ ਆਰਟੀਓ ਦਫ਼ਤਰ ਗੁਰਦਾਸਪੁਰ ਤੋਂ ਕਰਵਾਉਣਾ ਜ਼ਰੂਰੀ : ਏਆਰਟੀਓ

**ਗੁਰਦਾਸਪੁਰ (ਜਨਕ ਮਹਾਜਨ)**- ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਹੁਕਮਾਂ ਅਨੁਸਾਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ ਅਦਿੱਤਯਾ ਦੇ ਦਿਸ਼ਾ ਨਿਰਦੇਸ਼ਾਂ ਤੇ ਸ਼ਹਿਰ ਅੰਦਰ ਲੋਕਾਂ ਦੀ ਸੁਰੱਖਿਆ ਅਤੇ ਟਰੈਫ਼ਿਕ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਏਆਰਟੀਓ. ਸੁਭਾਸ਼ ਚੰਦਰ ਵਲੋਂ ਈ ਰਿਕਸ਼ਾ ਚਾਲਕਾਂ ਨੂੰ ਖ਼ਾਸ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ



ਆਪਣੇ ਵਾਹਨਾਂ ਦੀ ਰਜਿਸਟਰੇਸ਼ਨ ਆਰਟੀਓ ਦਫ਼ਤਰ ਗੁਰਦਾਸਪੁਰ ਤੋਂ ਜ਼ਰੂਰੀ ਕਰਵਾਉਣ। ਉਨ੍ਹਾਂ ਕਿਹਾ ਅਜਿਹਾ ਨਾ ਕਰਨ ਦੀ ਸੂਰਤ ਵਿਚ ਇਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸੇ ਕੜੀ ਤਹਿਤ ਅੱਜ ਟਰੈਫ਼ਿਕ ਇੰਚਾਰਜ ਏਐੱਸਆਈ ਸਤਨਾਮ ਸਿੰਘ ਵਲੋਂ ਈ ਰਿਕਸ਼ਿਆਂ ਅਤੇ ਵੱਖ-ਵੱਖ ਵਾਹਨਾਂ ਦੀ ਚੈਕਿੰਗ ਕੀਤੀ ਗਈ। ਉਨ੍ਹਾਂ ਵੱਲੋਂ ਵਾਹਨ ਚਾਲਕਾਂ ਵਲੋਂ ਗ਼ਲਤ ਪਾਰਕਿੰਗ ਅਤੇ ਈ-ਰਿਕਸ਼ਾ ਚਾਲਕਾਂ ਵਲੋਂ ਨਿਯਮਾਂ ਦੀ ਉਲੰਘਣਾ ਕਰਨ 'ਤੇ ਚਲਾਨ ਵੀ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਏਐੱਸਆਈ ਸਤਨਾਮ ਸਿੰਘ ਨੇ ਦੱਸਿਆ ਉਚ ਅਧਿਕਾਰੀਆਂ ਦੇ ਹੁਕਮਾਂ 'ਤੇ ਈ ਰਿਕਸ਼ਿਆਂ ਦੀ ਥਾਂ-ਥਾਂ 'ਤੇ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਬਿਨਾਂ ਕਾਗ਼ਜ਼ਾਤ ਦੇ ਈ ਰਿਕਸ਼ਿਆਂ ਨੂੰ ਹੁਣ ਸ਼ਹਿਰ ਅੰਦਰ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਤਨਾਮ ਸਿੰਘ ਨੇ ਦੱਸਿਆ ਕਿ ਅੱਜ ਉਨ੍ਹਾਂ ਦੀ ਟੀਮ ਵੱਲੋਂ ਸੱਤ ਦੇ ਕਰੀਬ ਵਾਹਨਾਂ ਦੇ ਵੱਖ-ਵੱਖ ਜੁਰਮਾਂ ਹੇਠ ਚਲਾਨ ਕੀਤੇ ਗਏ ਹਨ ਜਿਨ੍ਹਾਂ ਵਿਚ ਈ-ਰਿਕਸ਼ਾ ਚਾਲਕਾਂ ਦੇ ਵੀ ਕਾਗ਼ਜ਼ਾਤ ਮੁਕੰਮਲ ਨਾ ਹੋਣ ਅਤੇ ਰਜਿਸਟਰੇਸ਼ਨ ਆਦਿ ਨਾ ਕਰਨ ਦੇ ਜੁਰਮ ਹੇਠ ਚਲਾਨ ਕੀਤੇ ਗਏ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਨਬਾਲਗ ਬੱਚਿਆਂ ਨੂੰ ਦੋ ਪਹੀਆ ਵਾਹਨ ਚਲਾਉਣ ਤੋਂ ਮਨ੍ਹਾ ਕਰਨ ਅਤੇ ਆਪਣੇ ਵਾਹਨਾਂ ਦੇ ਕਾਗ਼ਜ਼ਾਤ ਪੂਰੇ ਰੱਖਣ।

## ਪੰਜਾਬ ਸਰਕਾਰ ਹੜ੍ਹ ਪੀੜਤ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦੇਵੇ : ਦਿਉਲ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਬਿਆਸ ਦਰਿਆ ਦੇ ਵਿਚ ਪਾਣੀ ਦੇ ਪੱਧਰ ਵਧਣ ਕਰਕੇ ਆਏ ਹੜ੍ਹ ਜਿਸ ਵਿਚ ਗੋਇੰਦਵਾਲ ਸਾਹਿਬ, ਮਾਣਕਦੇਕਾ, ਭੈਲ, ਮੁੰਡਾਪਿੰਡ, ਗੁੱਜਰਪੁਰਾ ਅਤੇ ਘੜਕਾ ਸਮੇਤ ਕਈ ਹੋਰ ਪਿੰਡਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫਸਲ ਹੜ੍ਹ ਦੇ ਪਾਣੀ ਨਾਲ ਬਰਬਾਦ ਹੋ ਗਈ, ਇਸ ਸਾਰੇ ਰਕਬੇ ਦੀ ਸਰਕਾਰ ਤੁਰੰਤ ਸਪੈਸ਼ਲ ਗਿਰਦਾਵਰੀ ਕਰਾ ਕੇ ਮੁਆਵਜ਼ਾ ਦੇਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਦਿਓਲ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸ. ਦਿਓਲ ਨੇ ਕਿਹਾ ਕਿ ਮਾਝੇ ਦੇ ਜ਼ਿਲ੍ਹਾ ਤਰਨ ਤਾਰਨ ਦਾ ਮੰਡ ਖੇਤਰ ਦਾ ਇਹ ਵੱਡਾ ਰਕਬਾ ਜਿਸ ਦੀ ਫਸਲ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਹੈ ਉਸ ਨਾਲ ਕਿਸਾਨਾਂ ਦਾ ਵੱਡਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਇਹ ਵੇਲਾ ਹੈ ਜਦੋਂ ਵੱਖ-ਵੱਖ ਸੰਪ੍ਰਦਾਵਾਂ ਦਾ ਸੰਤ ਮਹਾਂਪੁਰਸ਼ ਤੇ ਸੰਗਤ ਇਨ੍ਹਾਂ ਹੜ੍ਹਾਂ 'ਚ ਫਸੇ ਲੋਕਾਂ ਦੀ ਮਦਦ ਕਰ ਰਹੇ ਹਨ। ਇਸ ਵੇਲੇ ਸਰਕਾਰ ਨੂੰ ਵੀ ਆਪਣਾ ਫਰਜ਼ ਨਿਭਾਉਂਦਿਆਂ ਕਿਸਾਨਾਂ ਨੂੰ ਮੁਆਵਜ਼ਾ ਤੁਰੰਤ ਦੇਣਾ ਚਾਹੀਦਾ ਹੈ।

# ਪੀਰ ਬਾਬਾ ਬੁੱਧੂ ਸ਼ਾਹ ਦੀ ਯਾਦ ਵਿੱਚ ਸਾਲਾਨਾ ਜੋੜ ਮੇਲਾ 28 ਨੂੰ

**ਚੋਹਲਾ ਸਾਹਿਬ (ਰਮਨ ਚੱਢਾ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੋਇੰਦਵਾਲ ਸਾਹਿਬ ਰੋਡ ਨੇੜੇ ਬਿਜਲੀ ਘਰ ਚੋਹਲਾ ਸਾਹਿਬ ਵਿਖੇ ਪੀਰ ਬਾਬਾ ਬੁੱਧੂ ਸ਼ਾਹ ਦੀ ਯਾਦ ਵਿੱਚ 28 ਅਗਸਤ ਦਿਨ ਵੀਰਵਾਰ ਨੂੰ ਸਲਾਨਾ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਮੁੱਖ ਸੇਵਾਦਾਰ ਠਾਣਾ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿੱਤੀ। ਠਾਣਾ ਸਿੰਘ ਨੇ ਹੋਰ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਮੇਲੇ ਸਬੰਧੀ ਸਾਰੀਆਂ



ਤਿਆਰੀਆਂ ਮੁਕੰਮਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮੇਲੇ ਵਾਲੇ ਦਿਨ ਪੀਰ ਜੀ ਦੀ ਦਰਗਾਹ ਤੇ ਚਾਦਰ ਦੀ ਰਸਮ ਕੀਤੀ ਜਾਵੇਗੀ। ਉਪਰੰਤ ਪੰਜਾਬ ਦੀ ਮਸ਼ਹੂਰ ਗਾਇਕ ਜੋੜੀਆਂ ਰਾਜ ਅਟੱਲਗੜ੍ਹ, ਮਿਸ ਨੀਲਮ ਅਤੇ ਮੰਗਾ ਰਾਜੋਕੇ ਦੇ ਨਾਲ ਪ੍ਰੀਤ ਵਾਲੀਆ ਆਪਣੀ ਸੁਰੀਲੀ ਗਾਇਕੀ ਰਾਹੀਂ ਦਰਸ਼ਕਾਂ ਦਾ ਮਨ ਮੋਹਣਗੀਆਂ। ਇਸ ਸਮੇਂ ਸਰਵਣ ਸਿੰਘ ਫੌਜੀ ਨੇ ਦੱਸਿਆ ਕਿ ਇਸ ਦਿਨ ਮਨੁੱਖਤਾ ਦੀ ਸੇਵਾ ਖੂਨਦਾਨ ਸੇਵਾ ਸੁਸਾਇਟੀ ਪੱਟੀ ਵੱਲੋਂ ਖੂਨਦਾਨ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਇਲਾਕੇ ਦੇ ਨੌਜਵਾਨ ਆਪਣਾ ਖੂਨਦਾਨ ਕਰਕੇ ਕੀਮਤੀ ਜ਼ਿੰਦਗੀਆਂ ਬਚਾਉਣ ਲਈ ਉਪਰਾਲਾ ਕਰਨਗੇ। ਇਸ ਸਮੇਂ ਡਿੱਪੂ ਹੋਲਡਰ ਨਿਸ਼ਾਨ ਸਿੰਘ ਨੇ ਦੱਸਿਆ ਕਿ ਸਾਰਾ ਦਿਨ ਗੁਰੂ ਘਰ ਦਾ ਲੰਗਰ ਅਤੁੱਟ ਵਰਤੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਪੀਰ ਜੀ ਤੋਂ ਖੁਸ਼ੀਆਂ ਪ੍ਰਾਪਤ ਕਰਨ ਲਈ ਨਤਮਸਤਕ ਹੋਣ ਅਤੇ ਖੂਨਦਾਨ ਕੈਂਪ ਵਿੱਚ ਖੂਨਦਾਨ ਜ਼ਰੂਰ ਕਰਨ। ਇਸ ਸਮੇਂ ਲਖਵਿੰਦਰ ਸਿੰਘ ਗ੍ਰੰਥੀ, ਸਤਬੀਰ ਸਿੰਘ, ਦਾਰਾ ਸਿੰਘ, ਸੁਖਰਾਜ ਸਿੰਘ, ਪ੍ਰੇਮ ਸਿੰਘ ਜੱਜ, ਭਗਵੰਤ ਸਿੰਘ ਫੌਜੀ, ਸੇਵਾ ਸਿੰਘ ਫੌਜੀ, ਕੁਲਵੰਤ ਸਿੰਘ ਸ਼ਾਹ, ਪਲਵਿੰਦਰ ਸਿੰਘ, ਸਾਧੂ ਸਿੰਘ, ਆਕਾਸ਼ਦੀਪ ਸਿੰਘ ਨੂਰ ਅਤੇ ਬਾਜ ਸਿੰਘ ਆਦਿ ਹਾਜ਼ਰ ਸਨ।

# ਪਿੰਡਾਂ ਅੰਦਰ ਚਹੁੰ-ਮੁਖੀ ਵਿਕਾਸ ਕਾਰਜ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ : ਪੰਨੂੰ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਹਲਕਾ ਫਤਿਹਗੜ੍ਹ ਚੂੜੀਆਂ ਦੇ ਇੰਚਾਰਜ ਅਤੇ ਸਾਬਕਾ ਚੇਅਰਮੈਨ ਪਨਸਪ ਪੰਜਾਬ ਬਲਬੀਰ ਸਿੰਘ ਪੰਨੂ ਵੱਲੋਂ ਪਿੰਡ ਦਾਬਾਂਵਾਲ ਕਲਾਂ ਵਿਖੇ ਮੀਟਿੰਗ ਕੀਤੀ ਗਈ ਅਤੇ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਕਈ



ਮੁਸ਼ਕਿਲਾਂ ਦਾ ਮੌਕੇ 'ਤੇ ਹੱਲ ਕੀਤਾ ਗਿਆ।ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਪਨੂੰ ਨੇ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਤਰਜੀਹ ਹੈ ਅਤੇ ਉਹ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਮਿਲ ਕੇ ਪਿੰਡ ਦੇ ਵਿਕਾਸ ਅਤੇ ਮੁਸ਼ਕਿਲਾਂ ਦਾ ਹੱਲ ਕਰਨ ਲਈ ਪਹੁੰਚ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੀ ਕੋਈ ਕਮੀਂ ਨਹੀ ਰਹਿਣ ਦਿੱਤੀ ਜਾਵੇਗੀ ਅਤੇ ਪਾਰਦਰਸ਼ੀ ਢੰਗ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਇਆ ਗਿਆ ਹੈ।ਇਸ ਮੌਕੇ ਸਰਪੰਚ ਰਜਿੰਦਰ ਸਿੰਘ, ਸਰਪੰਚ ਸੁਰਜਨ ਸਿੰਘ ਦਾਬਾਂਵਾਲ ਖੁਰਦ, ਪੰਚ ਜਗਜੀਤ ਸਿੰਘ, ਪੰਚ ਰਣਜੀਤ ਕੌਰ, ਪੰਚ ਰਤਨ ਸਿੰਘ, ਪੰਚ ਹਰਦੇਵ ਸਿੰਘ, ਪੰਚ ਜਗਜੀਵਨ ਸਿੰਘ, ਪੰਚ ਨਵਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਮੰਡ, ਯੂਸਫ ਮਸੀਹ ਪ੍ਰਿੰਸ, ਜੱਗਾ ਦਾਬਾਂਵਾਲ, ਬਲਵੀਰ ਸਿੰਘ ਰਿੰਕੂ, ਅੰਮ੍ਰਿਤ ਪਾਲ ਸਿੰਘ ਯੂਥ ਪ੍ਰਧਾਨ, ਗੁਰਬਿੰਦਰ ਸਿੰਘ, ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਪ੍ਰਧਾਨ ਜਗਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਬਲਾਕ ਪ੍ਰਧਾਨ ਰਘਬੀਰ ਸਿੰਘ ਅਠਵਾਲ, ਹਲਕਾ ਕੁਆਰਡੀਨੇਟਰ ਕਰਮਜੀਤ ਸਿੰਘ ਬਰਾੜ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਹਲਕਾ ਵਾਈਸ ਕੁਆਰਡੀਨੇਟਰ ਗੁਰ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਕਿਸ਼ੋਰ ਸਿੱਖਿਆ ਪ੍ਰੋਗਰਾਮ ਤਹਿਤ ਜ਼ਿਲ੍ਹੇ ਦੇ 19 ਬਲਾਕਾਂ 'ਚ ਪ੍ਰੋਗਰਾਮ ਆਯੋਜਿਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਿੱਖਿਆ ਵਿਭਾਗ ਪੰਜਾਬ ਵੱਲੋਂ ਕਿਸ਼ੋਰ ਸਿੱਖਿਆ ਪ੍ਰੋਗ੍ਰਾਮ ਅਧੀਨ ਜ਼ਿਲ੍ਹੇ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਦੇ 19 ਬਲਾਕਾਂ ਵਿੱਚ ਜੋ ਪ੍ਰੋਗ੍ਰਾਮ ਉਲੀਕਆ ਗਿਆ ਸੀ, ਉਸ ਤਹਿਤ



ਹਰੇਕ ਬਲਾਕ ਦੇ ਬਲਾਕ ਨੋਡਲ ਅਫਸਰ ਵਲੋਂ ਬਲਾਕ ਪੱਧਰ ਤੇ ਪ੍ਰੋਗ੍ਰਾਮ ਬਹੁਤ ਹੀ ਸੁਚਾਰੂ ਢੰਗ ਨਾਲ ਕੰਡਕਟ ਕਰਵਾਇਆ ਗਿਆ ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਰਜੇਸ਼ ਕੁਮਾਰ ਸ਼ਰਮਾ, ਅਤੇ ਜ਼ਿਲ੍ਹਾ ਨੋਡਲ ਅਫਸਰ ਅਮਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਇਨ੍ਹਾਂ ਬਲਾਕ ਪੱਧਰੀ ਪ੍ਰੋਗ੍ਰਾਮਾਂ ਵਿੱਚ ਵਿਦਿਆਰਥੀਆਂ ਦੇ ਫੋਕ ਡਾਂਸ, ਰੋਲ ਪਲੇਅ ਅਤੇ ਰੈੱਡ ਰਿਬਨ ਕੁਇਜ਼ ਕੰਪੀਟੀਸ਼ਨ ਕਰਵਾਏ ਗਏ।ਹੁਣ ਬਲਾਕ ਪੱਧਰੀ ਪ੍ਰੋਗ੍ਰਾਮਾਂ ਵਿੱਚੋਂ ਹਰੇਕ ਈਵੈਂਟ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਵਿਦਿਆਰਥੀ ਮਿਤੀ 26-08-ਅਗਸਤ ਨੂੰ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਹਿੱਸਾ ਲੈਣਗੇ, ਜੋ ਕਿ ਐੱਸਐੱਸਐੱਮ ਕਾਲਜ ਦੀਨਾਨਗਰ ਵਿਖੇ ਕਰਵਾਏ ਜਾਣਗੇ । ਬਲਾਕ ਗੁਰਦਾਸਪੁਰ-1 ਦੇ ਮੁਕਾਬਲਿਆਂ ਵਿੱਚ ਪਹੁੰਚੇ ਜ਼ਿਲ੍ਹਾ ਨੋਡਲ ਅਫਸਰ ਸ: ਪੁਰੇਵਾਲ ਨੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ਜੇਤੂਆਂ ਨੂੰ ਮੁਬਾਰਕਬਾਦ ਦਿੱਤੀ। ਜੱਜ ਦੀ ਭੂਮਿਕਾ ਸਤਬੀਰ ਸਿੰਘ, ਅਜੇ ਕੁਮਾਰ, ਮੈਡਮ ਕਰਮਜੀਤ ਕੌਰ ਅਤੇ ਮੈਡਮ ਬਬੀਤ ਵਲੋਂ ਨਿਭਾਈ ਗਈ ।ਇਸ ਮੌਕੇ ਲਲਿਤ ਕੁਮਾਰ, ਮੈਡਮ ਰਾਜਦੀਪ ਕੌਰ ਅਤੇ ਸਮੂਹ ਸਟਾਫ ਵੀ ਹਾਜ਼ਰ ਸੀ ।

# ਸੁੰਦਰਮ ਫਾਈਨਾਂਸ ਦੀ ਮੋਹਾਲੀ ਸ਼ਾਖਾ ਦੇ 25 ਵਰ੍ਹੇ ਮੁਕੰਮਲ

**ਮੋਹਾਲੀ**- ਸੁੰਦਰਮ ਫਾਈਨਾਂਸ ਦੀ ਮੋਹਾਲੀ (ਚੰਡੀਗੜ੍ਹ) ਸ਼ਾਖਾ ਨੇ ਸ਼ੁੱਕਰਵਾਰ ਨੂੰ ਆਪਣੀ ਸੇਵਾ ਦੇ 25 ਸਾਲ ਪੂਰੇ ਕਰਕੇ ਇੱਕ ਵੱਡਾ ਮੀਲ ਪੱਥਰ ਪ੍ਰਾਪਤ ਕੀਤਾ।ਇਸ ਮੌਕੇ ਸ਼ਾਖਾ ਦੇ ਵਿਹੜੇ ਵਿੱਚ ਇੱਕ ਜਸ਼ਨ ਮਨਾਇਆ ਗਿਆ ਜੋ ਨਾ ਸਿਰਫ 25 ਸਾਲ ਪੂਰੇ ਹੋਣ ਦਾ ਪ੍ਰਤੀਕ ਸੀ ਬਲਕਿ ਗਾਹਕਾਂ ਨਾਲ ਸਥਾਈ ਭਾਈਵਾਲੀ, ਕਰਮਚਾਰੀਆਂ ਦੇ ਸਮਰਪਣ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਸਮਰਥਨ ਨੂੰ ਵੀ ਮਾਨਤਾ ਦਿੰਦਾ ਸੀ।ਇਨ੍ਹਾਂ ਕਰਮਚਾਰੀਆਂ ਨੇ ਮੋਹਾਲੀ ਸ਼ਾਖਾ ਦੀ ਵਿਰਾਸਤ ਨੂੰ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸਦੀ ਇਸ ਮੌਕੇ ਤੇ ਸ਼ਲਾਘਾ ਕੀਤੀ ਗਈ।ਇਸ ਮੌਕੇ ਪ੍ਰਬੰਧਕਾਂ ਨੇ ਬੈਂਕ ਕਰਮਚਾਰੀਆਂ ਦਾ ਸਨਮਾਨ ਕੀਤਾ ਅਤੇ ਗਾਹਕਾਂ ਨੂੰ ਸਨਮਾਨਿਤ ਕੀਤਾ। 1995 ਵਿੱਚ ਸਥਾਪਿਤ, ਇਸ ਸ਼ਾਖਾ ਨੇ ਪੰਜਾਬ ਵਿੱਚ ਵਿੱਤੀ ਪਹੁੰਚ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸੁੰਦਰਮ ਫਾਈਨੈਂਸ ਦੇ ਉੱਤਰੀ ਖੇਤਰੀ ਮੁਖੀ ਸਲੀਨ ਨਾਇਰ ਨੇ ਕਿਹਾ ਕਿ ਸੁੰਦਰਮ ਫਾਈਨੈਂਸ ਦਾ ਲੰਮਾ ਸਫ਼ਰ ਇਮਾਨਦਾਰੀ, ਨਿਰਪੱਖਤਾ ਅਤੇ ਸੇਵਾ ਨੂੰ ਜਾਂਦਾ ਹੈ ਜੋ ਸਾਨੂੰ ਸਾਡੇ ਗਾਹਕਾਂ ਨਾਲ ਜੋੜਦੀ ਹੈ।

24-AUG-PAGE-6.qxd 8/23/2025 10:35 PM Page 1



## ਸਰਕਾਰੀ ਕਾਲਜ ਵਿਖੇ ਫਾਇਰ ਸੇਫਟੀ ਡਰਿੱਲ ਕਰਵਾਈ



**ਬਰੇਟਾ (ਰੀਤਵਾਲ)**-ਸਰਕਾਰੀ ਬਹੁ-ਤਕਨੀਕੀ ਕਾਲਜ ਬਰੇਟਾ ਵਿਖੇ ਫਾਇਰ ਸੇਫਟੀ ਡਰਿੱਲ ਕਰਵਾਈ ਗਈ।ਜਾਣਕਾਰੀ ਦਿੰਦਿਆਂ ਅਫਸਰ ਇੰਚਾਰਜ ਪੁਨੀਤ ਗੁਪਤਾ ਨੇ ਦੱਸਿਆ ਕਿ ਕਾਲਜ ਦੀ ਬਿਲਡਿੰਗ ਤੇ ਵਿਦਿਆਰਥੀਆਂ ਦੀ ਸੁਰੱਖਿਆ ਲਈ ਕਾਲਜ ਵਿਖੇ ਅੱਗ ਬੁਝਾਊ ਯੰਤਰਾਂ ਸਬੰਧੀ ਵਿਦਿਆਰਥੀਆਂ ਤੇ ਸਟਾਫ ਨੂੰ ਸਮੇਂ ਸਮੇਂ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ, ਜਿਸ ਨੂੰ ਮੁੱਖ ਰੱਖਦਿਆਂ ਕਾਲਜ ਵਿਖੇ ਫਾਇਰ ਸੇਫਟੀ ਡਰਿੱਲ ਕਰਵਾਈ ਗਈ।ਇਸ ਸੰਬੰਧੀ ਫਾਇਰ ਸੇਫਟੀ ਵਿਭਾਗ ਮਾਨਸਾ ਦੇ ਜ਼ਿਲ੍ਹਾ ਅਫਸਰ ਵੱਲੋਂ ਵਿਜ਼ਟ ਕੀਤੀ ਗਈ ਤੇ ਅੱਗ ਬੁਝਾਊ ਯੰਤਰਾਂ ਦੇ ਤਕਨੀਕੀ ਮਾਹਰ ਸ਼ੁਭਮ ਕੁਮਾਰ ਨੇ ਵਿਦਿਆਰਥੀਆਂ ਤੇ ਸਮੂਹ ਸਟਾਫ ਨੂੰ ਅੱਗ ਬੁਝਾਊ ਯੰਤਰਾਂ ਦੀ ਵਰਤੋਂ ਤੇ ਸਾਵਧਾਨੀਆਂ ਸੰਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਵਿਦਿਆਰਥੀਆਂ ਤੇ ਸਟਾਫ ਮੈਂਬਰਾਂ ਵੱਲੋਂ ਅੱਗ ਬੁਝਾਊ ਯੰਤਰਾਂ ਨਾਲ ਅੱਗ ਬੁਝਾਉਣ ਦੀ ਪ੍ਰੈਕਟੀਕਲ ਕਰਕੇ ਦੇਖਿਆ ਗਿਆ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਅੰਤਰ-ਸਕੂਲ ਮੁਕਾਬਲੇ ਕਰਵਾਏ



**ਦੋਰਾਹਾ (ਹਰਮਿੰਦਰ ਸਿੰਘ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਅੰਤਰ-ਸਕੂਲ ਮੁਕਾਬਲੇ ਕਰਵਾਏ ਗਏ।ਪ੍ਰੋਗਰਾਮ ਦੇ ਆਰੰਭ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ, ਕਾਲਜ ਪ੍ਰਬੰਧਕੀ ਕਮੇਟੀ ਦੇ ਮੈਂਬਰ ਰਵਿੰਦਰ ਸਿੰਘ ਮਲਹਾਂਸ, ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਤੇ ਗੁਰੂ ਨਾਨਕ ਮਾਡਲ ਸਕੂਲ ਦੇ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ ਨੇ ਸਮੂਹਕ ਰੂਪ ਵਿੱਚ ਸ਼ਮ੍ਹਾ ਰੌਸ਼ਨ ਕੀਤੀ।ਉਪਰੰਤ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਕਾਲਜ ਵਿੱਚ ਪਹੁੰਚੇ ਮਹਿਮਾਨਾਂ, ਵੱਖ-ਵੱਖ ਸਕੂਲਾਂ ਦੇ ਨੁਮਾਇੰਦਿਆਂ ਤੇ ਵਿਦਿਆਰਥੀਆਂ ਦਾ ਰਸਮੀ ਸਵਾਗਤ ਕੀਤਾ।ਪ੍ਰੋ. ਰਾਮਪਾਲ ਬੇਗਾ ਅਤੇ ਡਾ. ਨਿਧੀ ਸਰੂਪ ਦੀ ਅਗਵਾਈ ਹੇਠ ਕਰਵਾਏ ਗਏ ਇਨ੍ਹਾਂ ਅੰਤਰ-ਸਕੂਲ ਮੁਕਾਬਲਿਆਂ ਵਿੱਚ ਸੁੰਦਰ ਲਿਖਾਈ, ਲੇਖ ਰਚਨਾ, ਕਹਾਣੀ ਰਚਨਾ, ਸੰਗੀਤ ਨਾਟਕ, ਗਿੱਧਾ, ਭੰਗੜਾ, ਗੀਤ, ਲੋਕ ਗੀਤ, ਕਵੀਸ਼ਰੀ, ਰੰਗੋਲੀ, ਪੋਸਟਰ ਮੇਕਿੰਗ, ਭੰਡ, ਮੁਹਾਵਰੇਦਾਰ ਵਾਰਤਾਲਾਪ, ਖਿੱਦੋ ਬਣਾਉਣੀ, ਪੱਖੀ ਬਣਾਉਣੀ, ਮਿੱਟੀ ਦੇ ਖਿਡਾਉਣੇ, ਮਹਿੰਦੀ ਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ।ਇਸ ਮੌਕੇ ਕਾਲਜ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ।ਇਸ ਦੇ ਨਾਲ ਹੀ ਸਕੂਲਾਂ ਤੋਂ ਉਚੇਚੇ ਤੌਰ 'ਤੇ ਪਹੁੰਚੇ ਪ੍ਰਿੰਸੀਪਲ ਸਾਹਿਬਾਨ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰੂ ਨਾਨਕ ਮਾਡਲ ਸਕੂਲ ਦੇ ਪ੍ਰਿੰਸੀਪਲ ਡਾ. ਡੀ ਪੀ ਠਾਕੁਰ, ਸ੍ਰੀਮਤੀ ਆਸ਼ਾ ਗੋਸਾਈਂ, ਮਲੋਲ ਸਿੰਘ, ਵਰਿੰਦਰ ਸਿੰਘ, ਧਰਮਜੀਤ ਸਿੰਘ ਢਿੱਲੋਂ ਤੇ ਮਹਿੰਦਰ ਸਿੰਘ ਗਿੱਲ ਉਚੇਚੇ ਤੌਰ 'ਤੇ ਹਾਜ਼ਰ ਸਨ।ਮੰਚ ਸੰਚਾਲਨ ਦੀ ਭੂਮਿਕਾ ਡਾ. ਨਿਧੀ ਸਰੂਪ, ਪ੍ਰੋ. ਰਾਮਪਾਲ ਬੇਗਾ ਤੇ ਪ੍ਰੋ. ਕਿਰਨਪ੍ਰੀਤ ਕੌਰ ਨੇ ਅਦਾ ਕੀਤੀ।

## ਪੀਣ ਵਾਲਾ ਸਾਫ-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਵਚਨਬੱਧ : ਵਿਧਾਇਕ ਬਾਜ਼ੀਗਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਵੱਲੋਂ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਕਰੀਮ ਨਗਰ ਉਰਫ ਚਿੱਚੜਵਾਲਾ ਵਿਖੇ ਲੋਕਾਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਨਵੇਂ ਵਾਟਰ ਵਰਕਸ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਪ੍ਰਾਜੈਕਟ ਤਹਿਤ 9 ਕਿਲੋਮੀਟਰ ਲੰਬੀ ਪਾਈਪ ਲਾਈਨ ਪਾ ਕੇ ਲੋਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਇਆ ਜਾਵੇਗਾ।ਨੀਂਹ ਪੱਥਰ ਰੱਖਣ ਉਪਰੰਤ ਵਿਧਾਇਕ ਨੇ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਚਿੱਚੜਵਾਲਾ ਪਿੰਡ ਦੇ ਲੋਕਾਂ ਨੂੰ ਕਾਫੀ ਸਮੇਂ ਤੋਂ ਸਾਫ ਪਾਣੀ ਦੀ ਕਮੀ ਮਹਿਸੂਸ ਹੋ ਰਹੀ ਸੀ, ਜਿਸ ਕਰਕੇ ਸਰਕਾਰ ਨੇ ਵਾਟਰ ਵਰਕਸ ਦਾ ਕੰਮ ਸ਼ੁਰੂ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰਾਜੈਕਟ ਪੂਰਾ ਹੋਣ ਨਾਲ ਪਿੰਡ ਦੇ ਸੈਂਕੜੇ ਘਰਾਂ ਨੂੰ ਸਿੱਧਾ ਲਾਭ ਮਿਲੇਗਾ।ਇਸ ਦੌਰਾਨ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਤੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਵਿਕਾਸ ਲਈ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਹੈ।

## ਵੀਹਾਨ ਮਲਹੋਤਰਾ ਦੀ ਭਾਰਤੀ ਕ੍ਰਿਕਟ ਟੀਮ 'ਚ ਹੋਈ ਚੋਣ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕ੍ਰਿਕਟ ਹੱਬ ਪਟਿਆਲਾ ਦਾ ਹੋਣਹਾਰ ਖਿਡਾਰੀ ਵਿਹਾਨ ਮਲਹੋਤਰਾ, ਜਿਹੜਾ ਕਿ ਭਾਰਤ ਦੀ ਅੰਡਰ 19 ਕ੍ਰਿਕਟ ਟੀਮ ਵਿੱਚ ਇੰਗਲੈਂਡ ਦੌਰੇ 'ਤੇ ਗਿਆ ਸੀ, ਨੇ ਇੰਗਲੈਂਡ ਵਿਰੁੱਧ ਖੇਡਦਿਆਂ ਇੱਕ ਮੈਚ ਵਿੱਚ 120 ਦੌੜਾਂ ਤੇ ਦੂਸਰੇ ਮੈਚ ਵਿੱਚ 129 ਦੌੜਾਂ ਦਾ ਵਿਸ਼ੇਸ਼ ਯੋਗਦਾਨ ਪਾਇਆ।ਉਸ ਦੀ ਇਸ ਪ੍ਰਾਪਤੀ ਨੂੰ ਦੇਖਦਿਆਂ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਹੁਣ ਆਸਟਰੇਲੀਆ ਵਿਖੇ ਜਾਣ ਵਾਲੀ ਭਾਰਤ ਦੀ ਅੰਡਰ-19 ਕ੍ਰਿਕਟ ਟੀਮ ਵਿੱਚ ਉਸ ਦੀ ਚੋਣ ਕੀਤੀ ਹੈ। ਇਸ ਸਬੰਧੀ ਜਦੋਂ ਉਨ੍ਹਾਂ ਦੇ ਕੋਚ ਕ੍ਰਿਕਟ ਹੱਬ ਦੇ ਕਮਲ ਸੰਧੂ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਵਿਹਾਨ ਮਲਹੋਤਰਾ ਭਾਰਤ ਦੇ ਅੰਡਰ 19 ਦਾ ਖਿਡਾਰੀ ਹੈ, ਪਰ ਉਸ ਨੇ ਪਟਿਆਲਾ ਵੱਲੋਂ ਖੇਡਦਿਆਂ ਸੀਨੀਅਰ ਕਟੋਚ ਸੀਲਡ ਮੈਚਾਂ ਵਿੱਚ ਵੀ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਨ ਕੀਤਾ ਹੈ ਕਿ ਵਿਹਾਨ ਮਲਹੋਤਰਾ ਆਸਟਰੇਲੀਆ ਜਾਣ ਵਾਲੀ ਭਾਰਤੀ ਕ੍ਰਿਕਟ ਟੀਮ ਵਿੱਚ ਚੁਣਿਆ ਗਿਆ ਹੈ।ਇਸ ਮੌਕੇ ਕੋਚ ਕਮਲ ਸੰਧੂ ਨੇ ਖ਼ਾਸ ਤੌਰ 'ਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਤੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਕ੍ਰਿਕਟ ਐਸੋਸੀਏਸ਼ਨ ਨੇ ਸੂਬੇ ਵਿਚ ਕ੍ਰਿਕਟ ਨੂੰ ਉਪਰ ਚੁੱਕਣ ਲਈ ਬਹੁਤ ਵਧੀਆ ਮਾਹੌਲ ਸਿਰਜਿਆ ਹੈ, ਜਿਸ ਦੀ ਬਦੌਲਤ ਹੈ ਕਿ ਇੰਨੇ ਵੱਡੇ ਪੱਧਰ ਤੇ ਪੰਜਾਬ ਦੇ ਖਿਡਾਰੀ ਭਾਰਤ ਦੀ ਟੀਮ ਦਾ ਹਿੱਸਾ ਹਨ।

## ਅਰੋਬਿਕਸ 'ਚ ਡੀ ਏ ਵੀ ਸਕੂਲ ਦੀ ਟੀਮ ਜੇਤੂ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਡੀ. ਏ. ਵੀ. ਨੈਸ਼ਨਲ ਕਲਸਟਰ ਖੇਡਾਂ ਵਿੱਚ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਨੇ ਅਰੋਬਿਕਸ ਵਿੱਚ ਭਾਗ ਲਿਆ, ਜਿਸ ਦੀ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਡਾਕਟਰ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਅੰਡਰ-17 ਤੇ 19 ਅਰੋਬਿਕਸ ਵਿੱਚ ਦੋਨਾਂ ਟੀਮਾਂ ਨੇ ਹੀ ਗੋਲਡ ਮੈਡਲ ਪ੍ਰਾਪਤ ਕਰਕੇ ਸਟੇਟ ਪੱਧਰ ਉੱਤੇ ਕਬਜ਼ਾ ਕੀਤਾ। ਅੰਡਰ-17 ਵਿੱਚ ਹਰਮਨ, ਮਾਨਵੀ, ਮੰਨਤ, ਸਾਨਵੀ, ਜੈਸਮੀਨ ਤੇ ਗੁਨੀਤ ਕੌਰ ਨੇ ਭਾਗ ਲਿਆ। ਅੰਡਰ-19 ਟੀਮ ਵਿੱਚ ਭਵਜੋਤ ਕੌਰ ਨਿਹਾਰੀਕਾ, ਨਿਸ਼ਟਾ, ਏਂਜਲ ਪ੍ਰਾਰਥਨਾ ਤੇ ਜਾਹਨਵੀ ਨੇ ਆਪਣੀ ਬਹੁਤ ਸੋਹਣੀ ਪੇਸ਼ਕਾਰੀ ਦਿਖਾਈ। ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਤੇ ਸਮੂਹ ਸਟਾਫ਼ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਤੇ ਮੁਬਾਰਕਬਾਦ ਦਿੱਤੀ ਗਈ। ਪ੍ਰਿੰਸੀਪਲ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਅੱਗੇ ਤਰੱਕੀ ਕਰਨ ਤਾਂ ਅਸ਼ੀਰਵਾਦ ਵੀ ਦਿੱਤਾ ਗਿਆ। ਇਸ ਸਮੇਂ ਮੈਡਮ ਸ਼ਿਫਾਲੀ, ਡੀ.ਪੀ.ਈ. ਸੁਰਿੰਦਰਪਾਲ ਵਿੱਜ, ਡੀ.ਪੀ.ਈ. ਹਰਦੀਪ ਸਿੰਘ ਤੇ ਡੀ.ਪੀ.ਈ. ਸੁਰਿੰਦਰ ਕੌਰ ਤੂਰ ਮੌਜੂਦ ਸਨ।

## ਰਾਮਲੀਲ੍ਹਾ ਦੇ ਮੰਚਨ ਲਈ ਕਲਾਕਾਰਾਂ ਵੱਲੋਂ ਰਿਹਰਸਲਾਂ ਸ਼ੁਰੂ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਵ ਭਾਰਤ ਕਲਾ ਮੰਚ (ਗੀਤਾ ਭਵਨ) ਰਾਮਪੁਰਾ ਫੂਲ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਜੀਵਨ 'ਤੇ ਆਧਾਰਤ ਰਾਮਲੀਲ੍ਹਾ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਬੰਧੀ ਸਥਾਨਕ ਗੀਤਾ ਭਵਨ ਵਿਖੇ ਕਲਾਕਾਰਾਂ ਵੱਲੋਂ ਰਿਹਰਸਲਾਂ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ।ਮੰਚ ਦੇ ਪ੍ਰਧਾਨ ਸੁਰਿੰਦਰ ਧੀਰ ਨੇ ਦੱਸਿਆ ਕਿ ਰਾਮਲੀਲ੍ਹਾ ਦੀਆਂ ਰਿਹਰਸਲਾਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ।ਉਨ੍ਹਾਂ ਕਿਹਾ ਕਿ ਰਾਮਲੀਲ੍ਹਾ ਦਾ ਮੰਚਨ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਥਾਨਕ ਗੀਤਾ ਭਵਨ ਵਿੱਚ 23 ਸਤੰਬਰ ਤੋਂ ਸ਼ੁਰੂ ਹੋਵੇਗਾ ਤੇ 2 ਅਕਤੂਬਰ ਨੂੰ ਦੁਸਹਿਰੇ ਦਾ ਤਿਉਹਾਰ ਸਥਾਨਕ ਖੇਡ ਸਟੇਡੀਅਮ ਵਿਖੇ ਮਨਾਇਆ ਜਾਵੇਗਾ, ਜਿਸ ਵਿੱਚ ਸ਼ਹਿਰ ਦੇ ਲੋਕਾਂ ਸਮੇਤ ਆਸ-ਪਾਸ ਦੇ ਪਿੰਡਾਂ ਤੋਂ ਵੀ ਸ਼ਰਧਾਲੂ ਸ਼ਾਮਲ ਹੋਣਗੇ।ਰਿਹਰਸਲ ਦੌਰਾਨ ਕਲਾ ਮੰਚ ਦੇ ਡਾਇਰੈਕਟਰ ਸੁਖਮੰਦਰ ਸਿੰਘ ਕਲਸੀ, ਜਨਰਲ ਸਕੱਤਰ ਰਜਨੀਸ਼ ਕਰਕਰਾ, ਮੀਤ ਪ੍ਰਧਾਨ ਰਵੀ ਕਾਂਸਲ, ਜਗਤਾਰ ਮਾਨ, ਬਲਦੇਵ ਜਿੰਦਲ, ਸੁਭਾਸ਼ ਪੇਂਟਰ, ਲਛਮਣ ਦਾਸ ਗੋਇਲ, ਲਾਭ ਚੰਦ ਸਿੰਗਲਾ, ਬਸੰਤ ਕਸੂਤਾ, ਲਖਵਿੰਦਰ ਧੀਰ, ਅਨੀਕੇਤ ਕਰਕਰਾ, ਵਿਨੋਦ ਵਰਮਾ, ਸੰਨੀ ਰਾਵਲਾ, ਟੈਨੀ ਬੁੱਗਰ, ਆਰੀਅਨ ਸ਼ਰਮਾ, ਕ੍ਰਿਸ਼ਨ ਗੋਇਲ, ਵਿੱਕੀ ਕੁਮਾਰ, ਗੁਰਪ੍ਰੀਤ ਸਿੰਘ ਸੀਟਾ, ਸੁਨੀਲ ਦਹੀਆ, ਜਸ਼ਨ ਆਦਿ ਹਿੱਸਾ ਲੈਣ ਰਹੇ ਹਨ।

## ਮਹਿਲਾ ਤੇ ਉਸ ਦੇ ਦੋ ਸਾਥੀ ਸੌ ਕਿੱਲੋ ਭੁੱਕੀ ਸਣੇ ਗ੍ਰਿਫ਼ਤਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਦੀ ਅਨਾਜ ਮੰਡੀ ਵਿਖੇ ਸੀ.ਆਈ.ਏ. ਦੀ ਟੀਮ ਵੱਲੋਂ ਇੱਕ ਮਹਿਲਾ ਸਣੇ ਤਿੰਨ ਵਿਅਕਤੀਆਂ ਨੂੰ ਇੱਕ ਕੁਇੰਟਲ ਭੁੱਕੀ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸੀ.ਆਈ.ਏ. ਸਰਹਿੰਦ ਨੂੰ ਮੁਖਬਰੀ ਮਿਲੀ ਸੀ ਕਿ ਸੰਜੀਵ ਕੁਮਾਰ ਉਰਫ ਸੰਜੂ ਵਾਸੀ ਪਿੰਡ ਲੱਖਾ ਸਿੰਘ ਵਾਲਾ (ਫਿਰੋਜ਼ਪੁਰ), ਉਜਵਲ ਗੁਪਤਾ ਤੇ ਸਿਮਰਨ ਉਰਫ ਸੋਨੀ ਵਾਸੀਆਨ ਸਹਾਰਨਪੁਰ (ਯੂ.ਪੀ.) ਮਿਲ ਕੇ ਭੁੱਕੀ ਵੇਚਣ ਦਾ ਧੰਦਾ ਕਰਦੇ ਹਨ, ਜੋ ਕਿ ਇਸ ਸਮੇਂ ਨਵੀਂ ਅਨਾਜ ਮੰਡੀ ਸਰਹਿੰਦ ਵਿਖੇ ਇੱਕ ਦਰੱਖਤ ਹੇਠਾਂ ਬਣੀਆਂ ਸਲੈਬਾਂ 'ਤੇ ਭੁੱਕੀ ਦੇ ਥੈਲੇ ਰੱਖ ਕੇ ਕਿਸੇ ਗਾਹਕ ਦੀ ਉਡੀਕ ਕਰ ਰਹੇ ਹਨ। ਸੂਚਨਾ ਮਿਲਣ 'ਤੇ ਛਾਪੇਮਾਰੀ ਕਰਦੇ ਹੋਏ ਸੀ.ਆਈ.ਏ. ਸਟਾਫ ਦੇ ਸਬ-ਇੰਸਪੈਕਟਰ ਸਤਵਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਮੌਕੇ ਤੋਂ ਦੋ ਮਰਦਾਂ ਸੰਜੀਵ ਕੁਮਾਰ ਉਰਫ ਸੰਜੂ, ਉੱਜਵਲ ਗੁਪਤਾ ਤੇ ਸਿਮਰਨ ਉਰਫ ਸੋਨੀ ਨਾਮਕ ਮਹਿਲਾ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਦੇ ਕਬਜ਼ੇ ਵਾਲੇ ਪਲਾਸਟਿਕ ਦੇ ਥੈਲਿਆਂ ਦੀ ਜਦੋਂ ਡੀ.ਐੱਸ.ਪੀ. ਨਿਖਿਲ ਗਰਗ ਦੀ ਹਾਜ਼ਰੀ 'ਚ ਤਲਾਸ਼ੀ ਕੀਤੀ ਗਈ ਤਾਂ ਥੈਲਿਆਂ ਵਿੱਚੋਂ 100 ਕਿੱਲੋ ਭੁੱਕੀ ਬਰਾਮਦ ਹੋਈ, ਜਿਸ 'ਤੇ ਤਿੰਨਾਂ ਨੂੰ ਥਾਣਾ ਸਰਹਿੰਦ ਵਿਖੇ ਦਰਜ ਕਰਵਾਏ ਗਏ ਮੁਕੱਦਮੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ।

## ਗੁਰੂ ਤੇਗ ਬਹਾਦਰ ਜੀ ਦੇ ਫ਼ਲਸਫ਼ੇ ਨੂੰ ਜੀਵਨ 'ਚ ਅਪਣਾਉਣ ਦੀ ਲੋੜ : ਡਾ. ਜਗਦੀਪ ਸਿੰਘ



**ਸਮਰਾਲਾ/ਪਟਿਆਲਾ (ਸੁਰਜੀਤ ਸਿੰਘ/ਰਾਜਿੰਦਰ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਤ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ।'ਸ੍ਰੀ ਗੁਰ ਤੇਗ ਬਹਾਦਰ ਜੀ : ਦਰਸ਼ਨ ਤੇ ਚਿੰਤਨ' ਵਿਸ਼ੇ ਉੱਤੇ ਕਰਵਾਏ ਇਸ ਸੈਮੀਨਾਰ ਦਾ ਮੁੱਖ ਸੁਰ ਭਾਸ਼ਣ ਕੇਂਦਰ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼ ਤੋਂ ਪੁੱਜੇ ਵਿਦਵਾਨ ਪਦਮਸ਼੍ਰੀ ਪ੍ਰੋ. ਹਰਮੋਹਿੰਦਰ ਸਿੰਘ ਬੇਦੀ ਨੇ ਦਿੱਤਾ।ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਕੀਤੀ।ਕੁਰੂਕਸ਼ੇਤਰ ਯੂਨਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਡਾ. ਲਾਲਚੰਦ ਗੁਪਤ ਮੰਗਲ ਨੇ ਮੁੱਖ ਮਹਿਮਾਨ ਵਜੋਂ ਤੇ ਡਾ. ਸੁਖਵਿੰਦਰ ਕੌਰ ਬਾਠ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਵਿਭਾਗ ਮੁਖੀ ਡਾ. ਨੀਤੂ ਕੌਸ਼ਲ ਨੇ ਸਵਾਗਤੀ ਭਾਸ਼ਣ ਦਿੱਤਾ ਤੇ ਡੀਨ ਭਾਸ਼ਾਵਾਂ ਡਾ. ਬਲਵਿੰਦਰ ਕੌਰ ਵੱਲੋਂ ਧੰਨਵਾਦੀ ਸ਼ਬਦ ਬੋਲੇ ਗਏ।

ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਨੇ ਜ਼ੋਰ ਦੇ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਫ਼ਲਸਫ਼ੇ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਲੋੜ ਹੈ।ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੀ ਸ਼ਹਾਦਤ ਨਾਲ਼ ਸਬੰਧਤ ਪ੍ਰੋਗਰਾਮਾਂ ਦੀ ਲੜੀ ਵਿੱਚ ਇਹ ਚੌਥਾ ਪ੍ਰਗਰਾਮ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਗੁਰੂ ਸਾਹਿਬ ਦੇ ਜੀਵਨ ਤੇ ਫ਼ਲਸਫ਼ੇ ਨੂੰ ਮੁੱਖ ਰੱਖ ਕੇ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਤੇ ਅਕਾਦਮਿਕ ਗਤੀਵਿਧੀਆਂ ਉਲੀਕੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਸ਼ਖ਼ਸੀਅਤ ਤੋਂ ਸਾਨੂੰ ਸਬਰ, ਸਹਿਜ, ਤਿਆਗ ਤੇ ਉਦਾਰਤਾ ਆਦਿ ਸਿੱਖਣ ਦੀ ਲੋੜ ਹੈ।ਪ੍ਰੋ. ਹਰਮੋਹਿੰਦਰ ਸਿੰਘ ਬੇਦੀ ਨੇ ਆਪਣੇ ਮੁੱਖ ਸੁਰ ਭਾਸ਼ਣ ਵਿੱਚ ਕਿਹਾ ਕਿ ਦੂਜੇ ਧਰਮ ਨੂੰ ਬਚਾਉਣ ਲਈ ਗੁਰੂ ਸਾਹਿਬ ਵੱਲੋਂ ਦਿੱਤੀ ਗਈ ਸ਼ਹਾਦਤ ਦਾ ਇਸ ਪੱਖੋਂ ਬਹੁਤ ਵੱਡਾ ਤੇ ਇਤਿਹਾਸਕ ਮਹੱਤਵ ਹੈ ਕਿ ਉਨ੍ਹਾਂ ਭੈਅ ਦੀ ਰਾਜਨੀਤੀ ਦਾ ਖਾਤਮਾ ਕੀਤਾ। ਮੁੱਖ ਮਹਿਮਾਨ ਡਾ. ਲਾਲ ਚੰਦ ਗੁਪਤ ਮੰਗਲ ਨੇ ਗੁਰੂ ਸਾਹਿਬ ਦੇ ਫ਼ਲਸਫ਼ੇ ਵਿੱਚ ਤਿਆਗ ਦੀ ਭਾਵਨਾ ਨੂੰ ਅਧਾਰ ਬਣਾ ਕੇ ਆਪਣੀ ਗੱਲ ਕੀਤੀ।ਡਾ. ਸੁਖਵਿੰਦਰ ਕੌਰ ਬਾਠ ਨੇ ਗੁਰੂ ਸਾਹਿਬ ਦੀ ਬਾਣੀ ਤੇ ਭਾਰਤੀ ਗਿਆਨ ਪ੍ਰੰਪਰਾ ਦੇ ਹਵਾਲੇ ਨਾਲ਼ ਆਪਣੀ ਗੱਲ ਕੀਤੀ।ਉਦਘਾਟਨੀ ਸੈਸ਼ਨ ਦਾ ਸੰਚਾਲਨ ਡਾ. ਰਜਨੀ ਪ੍ਰਤਾਪ ਵੱਲੋਂ ਕੀਤਾ ਗਿਆ।ਦੂਜੇ ਸੈਸ਼ਨ ਦੀ ਪ੍ਰਧਾਨਗੀ ਡਾ. ਰਵੀ ਕੁਮਾਰ ਅਨੂ ਨੇ ਕੀਤੀ।ਇਸ ਸੈਸ਼ਨ ਵਿੱਚ ਡਾ. ਰਵੀਦੱਤ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਡਾ. ਰੁਪਿੰਦਰ ਸ਼ਰਮਾ ਵਿਸ਼ੇਸ਼ ਬੁਲਾਰੇ ਵਜੋਂ ਸ਼ਾਮਲ ਹੋਏ।ਮੰਚ ਸੰਚਾਲਨ ਡਾ. ਸੋਨੀਆ ਨੇ ਕੀਤਾ।ਵਿਦਾਇਗੀ ਸੈਸ਼ਨ ਦੀ ਪ੍ਰਧਾਨਗੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਸਾਬਕਾ ਪ੍ਰੋਫ਼ੈਸਰ ਡਾ. ਸੁਧਾ ਜਿਤੇਂਦਰ ਨੇ ਕੀਤੀ। ਪੰਜਾਬੀ ਯੂਨੀਵਰਸਿਟੀ ਦੇ ਸਿੱਖ ਵਿਸ਼ਵਕੋਸ਼ ਵਿਭਾਗ ਤੋਂ ਡਾ. ਪਰਮਵੀਰ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।ਸੰਸਕ੍ਰਿਤ ਵਿਭਾਗ ਦੇ ਮੁਖੀ ਡਾ. ਵਰਿੰਦਰ ਕੁਮਾਰ ਨੇ ਵਿਦਾਇਗੀ ਭਾਸ਼ਣ ਦਿੱਤਾ।ਡਾ. ਵਰਿੰਦਰਜੀਤ ਕੌਰ, ਡਾ. ਪਰਵਿੰਦਰ ਕੌਰ ਤੇ ਡਾ. ਰਿਤੂ ਵੱਲੋਂ ਵੀ ਵਿਚਾਰ ਪ੍ਰਗਟਾਏ ਗਏ।

## ਮੰਡੀ ਲੇਬਰ ਰੇਟ 'ਚ ਵਾਧੇ ਲਈ ਪੰਜਾਬ ਸਰਕਾਰ ਤੇ ਬਰਸਟ ਦਾ ਧੰਨਵਾਦ

### *ਆੜ੍ਹਤੀ ਐਸੋਸੀਏਸ਼ਨ, ਗੱਲਾ ਅਨਾਜ ਮੰਡੀ ਮਜ਼ਦੂਰ ਸੰਘ ਨੇ ਚੇਅਰਮੈਨ ਨਾਲ ਕੀਤੀ ਮੁਲਾਕਾਤ*



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਆੜ੍ਹਤੀ ਐਸੋਸੀਏਸ਼ਨ ਪਟਿਆਲਾ ਤੇ ਗੱਲਾਂ ਅਨਾਜ ਮੰਡੀ ਮਜ਼ਦੂਰ ਸੰਘ ਪੰਜਾਬ ਵੱਲੋਂ ਮੰਡੀ ਲੇਬਰ ਰੇਟ ਵਿੱਚ 10 ਫੀਸਦੀ ਵਾਧਾ ਕਰਨ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ੍ਰ. ਹਰਚੰਦ ਸਿੰਘ ਬਰਸਟ ਦਾ ਧੰਨਵਾਦ ਕੀਤਾ ਗਿਆ।ਅੱਜ ਪਟਿਆਲਾ ਦਫ਼ਤਰ ਵਿਖੇ ਆੜ੍ਹਤੀ ਐਸੋਸੀਏਸ਼ਨ ਪਟਿਆਲਾ ਤੇ ਗੱਲਾ ਅਨਾਜ ਮੰਡੀ ਮਜ਼ਦੂਰ ਸੰਘ ਪੰਜਾਬ ਦੇ ਨੁਮਾਇੰਦਿਆਂ ਵੱਲੋਂ ਸ੍ਰ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਗਈ।ਇਸ ਦੌਰਾਨ ਪਹੁੰਚੇ ਨੁਮਾਇੰਦਿਆਂ ਵੱਲੋਂ ਸ੍ਰ. ਬਰਸਟ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਕਦਮ ਬਹੁਤ ਹੀ ਰਾਹਤ ਭਰਿਆ ਹੈ, ਜਿਸ ਨਾਲ ਮੰਡੀ ਮਜ਼ਦੂਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ।ਉਨ੍ਹਾਂ ਕਿਹਾ ਕਿ ਮੰਡੀ ਲੇਬਰ ਰੇਟ ਵਿੱਚ 10 ਫ਼ੀਸਦੀ ਵਾਧਾ ਕਰਨ ਦੀ ਮੰਗ ਪਿਛਲੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਸੀ, ਜਿਸ ਨੂੰ ਸ੍ਰ. ਹਰਚੰਦ ਸਿੰਘ ਬਰਸਟ ਦੇ ਯਤਨਾਂ ਸਦਕਾ ਪੂਰਾ ਕਰ ਦਿੱਤਾ ਗਿਆ ਹੈ।ਇਸ ਲਈ ਅਸੀਂ ਉਨ੍ਹਾਂ ਦੇ ਬਹੁਤ ਧੰਨਵਾਦੀ ਹਾਂ।ਇਸ ਮੌਕੇ ਬਰਸਟ ਨੇ ਕਿਹਾ ਕਿ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਭਲਾਈ ਤੇ ਸੂਬੇ ਦੇ ਵਿਕਾਸ ਲਈ ਵਚਨਬੱਧ ਹੈ।ਆਗਾਮੀ ਸੀਜ਼ਨ ਦੌਰਾਨ ਸੂਬੇ ਦੀਆਂ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ, ਜਿਸ ਲਈ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ।

## ਮੂਨ ਲਾਈਟ ਹਾਈ ਸਕੂਲ ਵਿਖੇ ਨਸ਼ਿਆਂ ਖਿਲਾਫ਼ ਜਾਗਰੂਕਤਾ ਪ੍ਰੋਗਰਾਮ



**ਬੁਢਲਾਡਾ (ਅਸ਼ੋਕ ਲਾਕੜਾ)**-ਸੰਜੀਵਨੀ ਵੈਲਫੇਅਰ ਸੁਸਾਇਟੀ ਵੱਲੋਂ ਮੂਨ ਲਾਈਟ ਹਾਈ ਸਕੂਲ ਵਿਖੇ ਚੇਅਰਪਰਸਨ ਸ਼ਿਵ ਕੁਮਾਰ ਦੇ ਸਹਿਯੋਗ ਨਾਲ ਨਸ਼ਿਆਂ ਖਿਲਾਫ ਜਾਗਰੂਕਤਾ ਪ੍ਰੋਗਰਾਮ ਕਰਾਇਆ ਗਿਆ।ਸੈਮੀਨਾਰ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸੁਨੀਤਾ ਗਰਗ ਦੇ ਸਵਾਗਤੀ ਸ਼ਬਦਾਂ ਨਾਲ ਹੋਈ ।ਉਨ੍ਹਾਂ ਕਿਹਾ ਕਿ ਇਹ ਸਕੂਲ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਆਪਣਾ ਯੋਗਦਾਨ ਪਾਉਣ ਲਈ ਵਚਨਬੱਧ ਹੈ।ਸਭ ਤੋਂ ਪਹਿਲਾਂ ਬੱਚਿਆਂ ਤੋਂ ਨਸ਼ੇ ਤੋਂ ਜਾਗੁਰਤਾ ਲਈ ਬੱਚਿਆਂ ਕੋਲ ਨਸ਼ਿਆਂ ਤੋਂ ਬਚਣ ਲਈ ਕੁਇਜ਼ ਪ੍ਰੋਗਰਾਮ ਕੀਤਾ ਗਿਆ।ਸਹੀ ਜੁਆਬ ਦੇਣ ਵਾਲੇ ਨੂੰ ਇਨਾਮ ਦਿਤਾ ਗਿਆ।ਚੇਅਰਪਰਸਨ ਸ਼ਿਵ ਕੁਮਾਰ ਨੇ ਕਿਹਾ ਕਿ ਸੰਜੀਵਨੀ ਵੈਲਫ਼ੇਅਰ ਸੋਸਾਇਟੀ ਵਲੋਂ ਇਕ ਅਹਿਮ ਕਦਮ ਹੈ।ਉਨ੍ਹਾਂ ਵਿਦਿਆਰਥੀਆਂ ਦੀ ਕੋਸ਼ਿਸ਼ ਦੀ ਸਿਫ਼ਤ ਕਰਦੇ ਹੋਏ ਕਿਹਾ ਕਿ ਜਦ ਤੱਕ ਨੌਜਵਾਨ ਨਸ਼ਿਆਂ ਖਿਲਾਫ ਅੱਗੇ ਨਹੀਂ ਆਉਂਦੇ, ਤਦ ਤੱਕ ਨਸ਼ਾ ਮੁਕਤ ਪੰਜਾਬ ਬਣਾਉਣਾ ਮੁਸ਼ਕਿਲ ਹੈ।ਉਨ੍ਹਾਂ ਕਿਹਾ ਕਿ ਨਸ਼ੇ ਮਨੁੱਖ ਦੇ ਬਲ ਬੁੱਧ ਨੂੰ ਨਾਸ ਕਰਨ ਤੋਂ ਇਲਾਵਾ ਕਈ ਤਰ੍ਹਾਂ ਦੇ ਸਰੀਰਕ ਅਤੇ ਆਤਮਕ ਰੋਗਾਂ ਦੇ ਜਨਮ ਦਾਤੇ ਵੀ ਹਨ। ਬਲਦੇਵ ਕੱਕੜ ਚੇਅਰਪਰਸਨ ਸੰਜੀਵਨੀ ਬੁਢਲਾਡਾ ਨੇ ਨਸ਼ਿਆ ਦੇ ਹੋਣ ਵਾਲੇ ਮਾੜੇ ਪ੍ਰਭਾਵਾ ਬਾਰੇ ਬੱਚਿਆ ਨੂੰ ਜਾਗਰੂਕ ਕੀਤਾ।ਸੋਨੂੰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਨਸ਼ੇ ਸਰੀਰ ਦਾ ਨਾਸ਼ ਕਰਦੇ ਹਨ।ਉਨ੍ਹਾਂ ਤੋ ਬਚਣਾ ਚਾਹੀਦਾ ਹੈ।ਗਿੱਧੇ ਭੰਗੜੇ ਤੇ ਖੇਡ ਮੇਲਿਆਂ ਵਾਲੇ ਪੰਜਾਬ ਦੀ ਪੁਰਾਣੀ ਪਛਾਣ ਵਾਪਸ ਲਿਆਉਣ ਲਈ ਸੂਬੇ ਵਿਚ ਨਸ਼ਿਆਂ ਦਾ ਮੁਕੰਮਲ ਖਾਤਮਾ ਕੀਤਾ ਜਾਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਨਸ਼ੇ ਨਾ ਕੇਵਲ ਮਨੁੱਖੀ ਸਿਹਤ ਨੂੰ ਨੁਕਸਾਨ ਪੁਚਾਉਂਦੇ ਹਨ, ਸਗੋਂ ਇਹ ਸਾਡੀ ਇੱਜ਼ਤ ਤੇ ਸਵੈ ਮਾਣ ਦੇ ਵੀ ਵੱਡੇ ਦੁਸ਼ਮਣ ਹਨ।ਸਰਕਾਰੀ ਹਸਪਤਾਲ ਬੁਢਲਾਡਾ ਤੋਂ ਹਰਬੰਸ ਲਾਲ ਬਲਾਕ ਐਜੂਕੇਟਰ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਕ ਵੱਡੀ ਤੇ ਫੈਸਲਾਕੁਨ ਜੰਗ ਲੜੇ ਜਾਣ ਦੀ ਲੋੜ ਹੈ।

## ਸੀਨੀਅਰ ਸਿਟੀਜ਼ਨ ਦਿਵਸ ਮੌਕੇ ਮੈਡੀਕਲ ਕੈਂਪ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੀਨੀਅਰ ਸਿਟੀਜ਼ਨਜ ਦਿਵਸ ਮੌਕੇ ਸੀਨੀਅਰ ਸਿਟੀਜ਼ਨ ਵੈਲਫੇਅਰ ਸੁਸਾਇਟੀ, ਅਰਬਨ ਅਸਟੇਟ ਨੇ ਮਨੀਪਾਲ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ, ਉੱਤਮ ਬਫੇ ਅਰਬਨ ਅਸਟੇਟ, ਫੇਜ਼ 2, ਪਟਿਆਲਾ ਵਿੱਚ ਸੀਨੀਅਰ ਸਿਟੀਜ਼ਨਾਂ ਦੀ ਭਲਾਈ ਲਈ ਇੱਕ ਵਿਸ਼ੇਸ਼ ਆਰਥੋਪੈਡਿਕਸ ਤੇ ਯੂਰੋਲੋਜੀ ਕੈਂਪ ਦਾ ਆਯੋਜਨ ਕੀਤਾ।ਇਹ ਕੈਂਪ ਸ੍ਰੀ ਅਸ਼ੋਕ ਰਾਜ ਸਿੰਘ ਪੰਨੂ (ਪ੍ਰਧਾਨ ਸੀਨੀਅਰ ਸਿਟੀਜ਼ਨ ਵੈਲਫੇਅਰ ਸੋਸਾਇਟੀ) ਤੇ ਸ਼੍ਰੀ ਅਮਿਤ ਵਾਲੀਆ (ਐਸੋਸੀਏਟ ਮੈਨੇਜਰ, ਮਨੀਪਾਲ ਹਸਪਤਾਲ ਪਟਿਆਲਾ) ਦੀ ਅਗਵਾਈ ਹੇਠ ਆਯੋਜਤ ਕੀਤਾ ਗਿਆ। ਮਨੀਪਾਲ ਹਸਪਤਾਲ ਦੇ ਮਾਹਰ ਡਾ. ਯੋਗੇਸ਼ ਗਰਗ (ਸੀਨੀਅਰ ਸਲਾਹਕਾਰ-ਯੂਰੋਲੋਜੀ) ਤੇ ਡਾ. ਵਿਸ਼ਵ ਗੋਇਲ (ਸੀਨੀਅਰ ਸਲਾਹਕਾਰ-ਆਰਥੋਪੈਡਿਕਸ) ਨੇ ਕੈਂਪ ਦੀ ਅਗਵਾਈ ਕੀਤੀ। ਮੈਂਬਰਾਂ ਨੂੰ ਮਾਹਿਰ ਡਾਕਟਰੀ ਸਲਾਹ ਤੇ ਮਾਰਗਦਰਸ਼ਨ ਪ੍ਰਦਾਨ ਕੀਤਾ।ਮੌਕੇ 'ਤੇ ਹੀ ਵੱਖ-ਵੱਖ ਟੈਸਟ ਕੀਤੇ ਗਏ।ਜਸ਼ਨ ਦੌਰਾਨ ਸੀਨੀਅਰ ਸਿਟੀਜ਼ਨ ਦਿਵਸ 'ਤੇ ਉਜਾਗਰ ਸਿੰਘ ਸੇਵਾਮੁਕਤ ਡੀਪੀਆਰਓ, ਡਾ. ਭੀਮ ਇੰਦਰ ਦੁਆਰਾ ਆਜ਼ਾਦੀ 'ਤੇ ਭਾਸ਼ਣ ਦਿੱਤਾ ਗਿਆ।ਕਈ ਕਵਿਤਾਵਾਂ ਤੇ ਗੀਤ ਗਾਏ ਗਏ।

## ਬੁੱਧ ਰਾਮ ਨੇ ਸਕੂਲ ਦੇ ਦੋ ਕਮਰਿਆਂ ਦਾ ਨੀਂਹ ਪੱਥਰ ਰੱਖਿਆ



**ਬੋਹਾ (ਨਿਰੰਜਣ ਬੋਹਾ)**-ਸਰਕਾਰੀ ਮਿਡਲ ਸਕੂਲ ਉੱਡਤ ਸੈਦੇਵਾਲਾ ਵਿਖੇ ਦੋ ਨਵੇਂ ਕਮਰਿਆਂ ਦਾ ਨੀਂਹ ਪੱਥਰ ਹਲਕਾ ਬੁਢਲਾਡਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਵੱਲੋਂ ਰੱਖਿਆ ਗਿਆ। ਸਕੂਲ ਤੇ ਵਿਦਿਆਰਥੀਆਂ ਦੀ ਜ਼ਰੂਰਤ ਨੂੰ ਦੇਖਦੇ ਹੋਏ ਇਨ੍ਹਾਂ ਦੋ ਕਮਰਿਆਂ ਵਿੱਚੋਂ ਇੱਕ ਕਮਰੇ ਦੀ ਉਸਾਰੀ ਪਿੰਡ ਦੇ ਸਰਪੰਚ ਬਲਜੀਤ ਸਿੰਘ ਦੇ ਉੱਦਮ ਸਦਕਾ ਗ੍ਰਾਮ ਪੰਚਾਇਤ ਉੱਡਤ ਸੈਦੇਵਾਲਾ ਵੱਲੋਂ ਕੀਤੀ ਜਾ ਰਹੀ ਹੈ ਤੇ ਇੱਕ ਕਮਰੇ ਦੀ ਉਸਾਰੀ ਪੰਜਾਬ ਸਰਕਾਰ ਦੁਆਰਾ ਜਾਰੀ ਗਰਾਂਟ ਵਿੱਚੋਂ ਕੀਤੀ ਜਾ ਰਹੀ ਹੈ।ਇਸ ਮੌਕੇ ਮਿਡਲ ਸਕੂਲ ਦੇ ਮੁਖੀ ਧਰਮਿੰਦਰ ਸਿੰਘ ਨੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਤੇ ਪਿੰਡ ਦੀ ਸਮੁੱਚੀ ਪੰਚਾਇਤ ਦਾ ਇਸ ਉੱਦਮ ਲਈ ਧੰਨਵਾਦ ਕੀਤਾ। ਇਸ ਮੌਕੇ ਸਮੂਹ ਸਟਾਫ, ਪ੍ਰਾਇਮਰੀ ਹੈੱਡ ਟੀਚਰ ਗੁਰਜੀਤ ਸਿੰਘ, ਸਰਪੰਚ ਬਲਜੀਤ ਸਿੰਘ, ਸਕੂਲ ਮੈਨਜਮੈਂਟ ਕਮੇਟੀ ਦੇ ਚੇਅਰਮੈਨ ਜਗਸੀਰ ਸਿੰਘ, ਜਸਪਾਲ ਸਿੰਘ, ਪਰਮਜੀਤ ਸਿੰਘ, ਸੁਖਵੰਤ ਸਿੰਘ, ਜਸਵੀਰ ਸਿੰਘ, ਚੰਚਲ ਸਿੰਘ, ਮਨਵਿੰਦਰ ਸਿੰਘ, ਸ਼ੰਭੂ ਸਿੰਘ ਦੇ ਨਾਲ ਨਾਲ ਸਕੂਲ ਦੀ ਸਮੂਹ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਾਜ਼ਰ ਰਹੇ।

## ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਲਵਾਇਆ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਜੋ ਕਿ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸਦੇ ਨਾਲ-ਨਾਲ ਹੁਣ ਸੰਸਥਾ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਲਖਵਿੰਦਰ ਸਿੰਘ ਤੇ ਸਰਬਜੀਤ ਕੌਰ ਵਾਸੀ ਆਲਮਵਾਲਾ ਜ਼ਿਲ੍ਹਾ ਮੋਗਾ ਦਾ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਉਨ੍ਹਾ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਨ੍ਹਾ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾ ਦੀ ਐੱਮ ਡੀ ਅਮ੍ਰਿਤਪਾਲ ਕੌਰ ਮਾਨ ਤੇ ਸਟਾਫ ਮੈਂਬਰ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਜੀਵਨ ਜੋਤ ਨਰਸਿੰਗ ਇੰਸ. 'ਚ ਏਡਜ਼ ਤੇ ਟੀ ਬੀ ਬਾਰੇ ਕੀਤਾ ਜਾਗਰੂਕ

**ਜਗਰਾਉਂ (ਸੰਜੀਵ ਅਰੋੜਾ)**-ਜੀਵਨ ਜੋਤ ਨਰਸਿੰਗ ਇੰਸਟੀਚਿਊਟ ਸਵੱਦੀ ਖੁਰਦ ਜਗਰਾਉਂ ਵਿਖੇ ਏਡਜ਼ ਤੇ ਟੀ. ਬੀ. ਦੀ ਬਿਮਾਰੀ ਦੇ ਬਾਰੇ ਜਾਗਰੂਕਤਾ ਮੁਹੱਈਆ ਕਰਵਾਈ ਗਈ, ਜਿਸ ਵਿੱਚ ਮੈਡਮ ਸਤਪਾਲ ਕੌਰ ਆਈ. ਸੀ. ਟੀ. ਸੀ. ਕੌਂਸਲਰ ਸਿਵਲ ਹਸਪਤਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਜੀਵਨ ਜੋਤ ਨਰਸਿੰਗ ਇੰਸਟੀਚਿਊਟ ਦੇ ਜੀ. ਐੱਨ. ਐੱਮ. ਦੀਆਂ ਵਿਦਿਆਰਥਣਾਂ ਨੂੰ ਏਡਜ਼ ਜਿਹੀ ਭਿਆਨਕ ਬਿਮਾਰੀ ਦੇ ਕਾਰਨ, ਚਿੰਨ੍ਹ, ਲੱਛਣ ਤੇ ਉਨ੍ਹਾਂ ਦੀ ਰੋਕਥਾਮ ਦੇ ਬਾਰੇ ਦੱਸਿਆ ਤੇ ਨਾਲ ਹੀ ਹੋਰ ਭਿਆਨਕ ਬਿਮਾਰੀਆਂ ਜਿਵੇਂ ਕਿ ਟੀ. ਬੀ. ਦੀ ਬਿਮਾਰੀ ਬਾਰੇ ਵਿਸਥਾਰ 'ਚ ਬੱਚਿਆਂ ਨੂੰ ਸਮਝਾਇਆ। ਮੈਡਮ ਸਤਪਾਲ ਕੌਰ ਨੇ ਦੱਸਿਆ ਕਿ ਆਉਣ ਵਾਲੇ ਭਵਿੱਖ ਵਿੱਚ ਆਪਾਂ ਕਿਵੇਂ ਅਜਿਹੀਆਂ ਏਡਜ਼ ਤੇ ਟੀ. ਬੀ. ਜਿਹੀਆਂ ਭਿਆਨਕ ਬਿਮਾਰੀਆਂ ਤੋਂ ਬਚ ਸਕਦੇ ਹਾਂ ਤੇ ਹੋਰ ਵੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰ ਸਕਦੇ ਹਾਂ ਤਾਂ ਜੋ ਏਦਾਂ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਕਾਲਜ ਡਾਇਰੈਕਟਰ ਡਾ. ਪਰਮਿੰਦਰ ਸਿੰਘ, ਮੈਡਮ ਗਗਨਦੀਪ ਕੌਰ ਤੇ ਪ੍ਰਿੰਸੀਪਲ ਮੈਡਮ ਸਤਬੀਰ ਕੌਰ ਆਦਿ ਹਾਜ਼ਰ ਸਨ।

## ਸੀਵਰੇਜ ਕਾਮੇ ਨਹੀਂ ਕਰਨਗੇ ਹੜਤਾਲ, ਸਾਡੀ ਲੜਾਈ ਸਰਕਾਰ ਨਾਲ ਹੈ ਨਾ ਕਿ ਲੋਕਾਂ ਨਾਲ : ਖੰਨਾ



**ਲੌਂਗੋਵਾਲ (ਪ੍ਰਦੀਪ ਸੱਪਲ)**-ਪੰਜਾਬ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਇੰਪਲਾਈਜ਼ ਕੰਟਰੈਕਟ ਵਰਕਰ ਤੇ ਲੇਬਰ ਯੂਨੀਅਨ ਰਜਿ. 23 (ਏਟਕ) ਦੇ ਸੂਬਾ ਪ੍ਰਧਾਨ ਤੇ ਵਰਕਿੰਗ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਸੀਵਰੇਜ ਬੋਰਡ ਦੇ ਕਾਮੇ ਹਾਲੇ ਹੜਤਾਲ ਨਹੀਂ ਕਰਨਗੇ।

ਸੂਬਾ ਪ੍ਰਧਾਨ ਖੰਨਾ ਦਾ ਕਹਿਣਾ ਹੈ ਕਿ ਪਿਛਲੇ ਦਿਨੀਂ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਸਬ ਕਮੇਟੀ ਦੇ ਚੇਅਰਮੈਨ ਮਾਨਯੋਗ ਹਰਪਾਲ ਸਿੰਘ, ਡਾ. ਰਵਜੋਤ ਸਿੰਘ ਸਥਾਨਕ ਸਰਕਾਰਾਂ ਮੰਤਰੀ ਤੇ ਸੀਵਰੇਜ ਬੋਰਡ ਦੇ ਮੁੱਖ ਕਾਰਜਕਾਰੀ ਅਫਸਰ ਮੈਡਮ ਦੀਪਤੀ ਉੱਪਲ, ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਸਥਾਨਕ ਸਰਕਾਰ, ਮੁੱਖ ਇੰਜਨੀਅਰ-ਕਮ-ਤਕਨੀਕੀ ਸਲਾਹਕਾਰ ਮੁਕੇਸ਼ ਗਰਗ, ਐੱਮ ਪੀ ਜੀ ਏ ਗੁਰਵਿੰਦਰਪਾਲ ਸਿੰਘ ਆਦਿ ਉੱਚ-ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਚੇਅਰਮੈਨ ਹਰਪਾਲ ਸਿੰਘ ਚੀਮਾ ਵੱਲੋਂ ਤਕਰੀਬਨ ਡੇਢ ਮਹੀਨੇ ਦਾ ਸਮਾਂ ਜਿਹੜਾ ਜਥੇਬੰਦੀ ਤੋਂ ਮੰਗਿਆ ਸੀ, ਜਿਸ ਵਿੱਚ ਉਨ੍ਹਾਂ ਸੀਵਰੇਜ ਬੋਰਡ ਦੇ ਉੱਚ ਅਧਿਕਾਰੀਆਂ ਨੂੰ ਕੱਚੇ ਕਾਮਿਆਂ ਨੂੰ ਵਿਭਾਗ ਵਿੱਚ ਲਿਆਉਣ ਲਈ ਪਾਲਸੀ ਬਣਾਉਣ ਲਈ ਇਸ ਪ੍ਰਕਿਰਿਆ ਨੂੰ ਜਲਦੀ ਬਣਾ ਕੇ ਸਬ ਕਮੇਟੀ ਨੂੰ ਭੇਜਣ ਬਾਰੇ ਹਦਾਇਤਾਂ ਕੀਤੀਆਂ ਗਈਆਂ ਸਨ।ਸੂਬਾ ਪ੍ਰਧਾਨ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਪੰਜਾਬ ਦੇ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਰੋਸ ਨਹੀਂ ਹੈ ਤੇ ਉਹ ਪੰਜਾਬ ਦੇ ਅੰਦਰ ਚੱਲ ਰਹੀਆਂ ਵਾਟਰ ਸਪਲਾਈ ਤੇ ਸੀਵਰੇਜ ਸਕੀਮਾਂ ਨੂੰ ਉਨਾ ਚਿਰ ਬੰਦ ਕਰਕੇ ਹੜਤਾਲ 'ਤੇ ਨਹੀਂ ਜਾਣਗੇ, ਜਿੰਨਾ ਚਿਰ ਸਬ ਕਮੇਟੀ ਵੱਲੋਂ ਸੀਵਰੇਜ ਬੋਰਡ ਦੇ ਅਧਿਕਾਰੀਆਂ ਤੋਂ ਮੰਗੀ ਗਈ ਰਿਪੋਰਟ ਸਬ ਕਮੇਟੀ ਨੂੰ ਮੁਹੱਈਆ ਨਹੀਂ ਕਰਵਾਈ ਜਾਂਦੀ।ਸਾਡੀ ਲੜਾਈ ਪੰਜਾਬ ਸਰਕਾਰ ਨਾਲ ਹੈ, ਨਾ ਕਿ ਪੰਜਾਬ ਦੇ ਲੋਕਾਂ ਨਾਲ। ਉਨ੍ਹਾਂ ਕਿਹਾ ਕਿ 11 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਸੰਗਰੂਰ ਵਿਖੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਵੱਲੋਂ ਇੱਕ ਵੱਡੀ ਰੋਸ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਵੱਖ ਵੱਖ ਵਿਭਾਗਾਂ ਅੰਦਰ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਆਊਟਸੋਰਸ ਕਾਮਿਆਂ ਨੂੰ ਅਪੀਲ ਵੀ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ 11 ਸਤੰਬਰ ਨੂੰ ਸੰਗਰੂਰ ਮੁੱਖ ਮੰਤਰੀ ਦੀ ਕੋਠੀ ਪਹੁੰਚਣਗੇ। ਇਸ ਮੌਕੇ ਗੁਰਵਿੰਦਰ ਸਿੰਘ ਧਾਲੀਵਾਲ, ਗਗਨਦੀਪ ਸਿੰਘ, ਜਸਵੀਰ ਸਿੰਘ ਭੀਖੀ, ਮੇਵਾ ਸਿੰਘ ਸਰਦੂਲਗੜ੍ਹ, ਕ੍ਰਿਸ਼ਨ ਸਿੰਘ ਨੀਟਾ, ਕੁਮਾਰ ਚੀਮਾ, ਗਗਨਦੀਪ ਸਿੰਘ ਫਿਰੋਜ਼ਪੁਰ, ਯਾਦਵਿੰਦਰ ਸਿੰਘ, ਕੁਲਵਿੰਦਰ ਸਿੰਘ, ਸੰਦੀਪ ਸਿੰਘ ਗਿੱਦੜਬਾਹਾ, ਕੁਲਦੀਪ ਸਿੰਘ ਫਤਿਹਗੜ੍ਹ ਸਾਹਿਬ, ਕਰਮਜੀਤ ਸਿੰਘ ਗਿੱਦੜਬਾਹਾ ਪੁੰਨੂੰ ਮਾਨਸਾ, ਦਿਨੇਸ਼ ਕੁਮਾਰ ਮਾਨਸਾ, ਭੁਪਿੰਦਰ ਸਿੰਘ ਲੌਂਗੋਵਾਲ, ਸੰਦੀਪ ਅਟਵਾਲ ਕਰਨੈਲ ਸਿੰਘ ਸਰਹੰਦ, ਪ੍ਰਦੀਪ ਸਿੰਘ ਛਾਹੜ ਆਦਿ ਵਰਕਰ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਦੀ ਕਾਮਰਸ ਐਸੋਸੀਏਸ਼ਨ ਵੱਲੋਂ ਪੇਪਰ ਰੀਡਿੰਗ ਮੁਕਾਬਲਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਦੀ ਕਾਮਰਸ ਐਸੋਸੀਏਸ਼ਨ ਵੱਲੋਂ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਨ ਤੇ ਸੰਚਾਰ ਦੇ ਹੁਨਰ ਦਾ ਵਿਕਾਸ ਕਰਨ ਲਈ ਪੇਪਰ ਰੀਡਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬੀ.ਕਾਮ. ਭਾਗ ਪਹਿਲਾ ਦੇ ਕੁੱਲ 130 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਨ੍ਹਾਂ ਵਿਦਿਆਰਥੀਆਂ ਵਿੱਚੋਂ ਕੁੱਲ 21 ਵਿਦਿਆਰਥੀਆਂ ਨੂੰ ਦੂਜੇ ਪੜਾਅ ਲਈ ਸ਼ਾਰਟਲਿਸਟ ਕੀਤਾ ਗਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਾਮਰਸ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਉਸਾਰੂ ਸਰਗਰਮੀਆਂ ਵਿਦਿਆਰਥੀਆਂ ਦੇ ਵਿੱਦਿਅਕ, ਵਿਹਾਰਕ ਤੇ ਵਿਵਹਾਰਕ ਗਿਆਨ ਵਿੱਚ ਵਾਧਾ ਕਰਦੀਆਂ ਹਨ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਆਪਣੇ ਅੰਦਰ ਸੰਚਾਰ ਦੇ ਹੁਨਰ ਨੂੰ ਵਿਕਸਤ ਕਰਨ ਤੇ ਅਜਿਹੀਆਂ ਸਿੱਖਿਆ ਭਰਪੂਰ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਕਾਮਰਸ ਵਿਭਾਗ ਦੇ ਮੁਖੀ ਪ੍ਰੋ. ਮੁਹੰਮਦ ਅਨਵਰ ਨੇ ਧੰਨਵਾਦ ਦਾ ਮਤਾ ਪੇਸ਼ ਕਰਦਿਆਂ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਮਹਿਕਦੀਪ ਕੌਰ, ਦੂਜਾ ਸਥਾਨ ਰਿਤਿਕ ਸ਼ਰਮਾ ਅਤੇ ਤੀਜਾ ਸਥਾਨ ਅਨਮੋਲਪ੍ਰੀਤ ਕੌਰ ਤੇ ਬ੍ਰਹਮ ਕੌਰ ਨੇ ਹਾਸਲ ਕੀਤਾ।ਇਸ ਮੌਕੇ ਕਾਮਰਸ ਵਿਭਾਗ ਦੇ ਡਾ. ਹਰਜੀਤ ਕੌਰ, ਡਾ. ਰਸ਼ਪਾਲਜੀਤ ਕੌਰ, ਪ੍ਰੋ. ਨਵਨੀਤ ਕੌਰ, ਪ੍ਰੋ. ਗੁਰਪ੍ਰੀਤ ਕੌਰ ਤੇ ਹੋਰ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਜ਼ ਨੇ ਮੁੱਖ ਮੰਤਰੀ ਤੇ ਸਿਹਤ ਮੰਤਰੀ ਨੂੰ ਭੇਜਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਆਸ਼ਾ ਵਰਕਰਜ਼ ਤੇ ਆਸ਼ਾ ਫੈਸਿਲੀਟੇਟਰਜ਼ ਸਾਂਝਾ ਮੋਰਚਾ ਵੱਲੋਂ ਸਿਵਲ ਹਸਪਤਾਲ ਮੋਗਾ ਵਿਖੇ ਪੰਜਾਬ ਆਗੂ ਸਾਬਕਾ ਜਰਨਲ ਸਕੱਤਰ ਜਸਵਿੰਦਰ ਕੌਰ ਕਮਾਲ ਕੇ, ਜ਼ਿਲ੍ਹਾ ਪ੍ਰਧਾਨ ਸ਼ਿੰਦਰਪਾਲ ਕੌਰ (ਅਮਨਦੀਪ), ਜ਼ਿਲ੍ਹਾ ਜਨਰਲ ਸਕੱਤਰ ਅਮਨਦੀਪ ਕੌਰ (ਰੱਤੂ), ਜ਼ਿਲ੍ਹਾ ਆਗੂ ਨਿੰਦਰ ਕੌਰ ਪ.ਸ.ਸ.ਫ. ਮੁੱਖ ਦਫਤਰ 1680-22/ਬੀ ਚੰਡੀਗੜ੍ਹ ਦੀ ਅਗਵਾਈ ਵਿੱਚ ਸਿਵਲ ਹਸਪਤਾਲ ਦੇ ਡਾਕਟਰ ਅਸ਼ੋਕ ਸਿੰਗਲਾ ਮੋਗਾ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਮੰਤਰੀ ਬਲਵੀਰ ਸਿੰਘ ਨੂੰ ਮੰਗ ਪੱਤਰ ਭੇਜਿਆ ਗਿਆ।ਇਸ ਮੌਕੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ, ਜ਼ਿਲ੍ਹਾ ਪ੍ਰਧਾਨ ਕਲਾਸ ਫ਼ੋਰ ਚਮਨ ਲਾਲ ਸੰਗੇਲੀਆ, ਟ੍ਰੇਡ ਯੂਨੀਅਨ ਕੌਂਸਲ ਮੋਗਾ ਜਰਨਲ ਸਕੱਤਰ ਜਗਸੀਰ ਸਿੰਘ, ਜ਼ਿਲ੍ਹਾ ਚੇਅਰਮੈਨ ਦੀਵਾ ਸਿੰਘ, ਜਥੇਬੰਦੀ ਸਕੱਤਰ, ਮਨੀਸ਼ ਕੁਮਾਰ ਮੋਗਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਅਮਰਜੀਤ ਕੌਰ ਨੇ ਦੱਸਿਆ ਕਿ ਵਰਕਰਾਂ ਦੀਆਂ ਲਮਕ ਅਵਸਥਾ ਵਿੱਚ ਮੰਗਾਂ ਨੂੰ ਤੁਰੰਤ ਮੰਨਿਆ ਜਾਵੇ ਤੇ ਕੱਟੇ ਹੋਏ ਭੱਤੇ ਨੂੰ ਮੁੜ ਤੋ ਬਹਾਲ ਕੀਤਾ ਜਾਵੇ।ਫੈਸਿਲੀਟੇਟਰਜ਼ ਨੂੰ ਕੇਂਦਰ ਸਰਕਾਰ ਤੋਂ ਮਿਲਣ ਵਾਲਾ 1 ਹਜ਼ਾਰ ਤੇ ਟੂਰ ਮਨੀ ਦੁੱਗਣਾ ਕੀਤਾਂ ਜਾਵੇਂ, ਸੇਵਾ ਮੁਕਤ ਵਰਕਰਾਂ ਨੂੰ ਸਹਾਇਤਾ ਰਾਸ਼ੀ ਘੱਟੋ ਘੱਟ ਪੰਜ ਲੱਖ ਰੁਪਏ ਦੇਣਾ ਯਕੀਨੀ ਬਣਾਇਆ ਜਾਵੇ।ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ, ਮਿਲਣ ਵਾਲੇ ਫਿੱਕਸ ਭੱਤੇ 2500/ਰੁਪਏ ਨੂੰ ਵਾਅਦੇ ਅਨੁਸਾਰ 10 ਹਜ਼ਾਰ ਕੀਤਾ ਜਾਵੇ ਆਦਿ।ਇਹ ਸਾਰੀਆਂ ਮੰਗਾਂ ਮੁਸ਼ਕਲਾਂ ਦੀ ਸੁਣਵਾਈ ਨਾ ਹੋਣ ਕਾਰਨ ਪੰਜਾਬ ਦੇ ਸਰਜਨ ਸਾਹਿਬ ਦਫ਼ਤਰਾਂ 'ਤੇ 25 ਅਗਸਤ ਤੋਂ 31 ਅਗਸਤ ਤੱਕ ਪੂਰਨ ਤੌਰ 'ਤੇ ਸਿਹਤ ਵਿਭਾਗ ਦੇ ਸਾਰੇ ਕੰਮਾਂ ਦੇ ਬਾਈਕਾਟ ਦਾ ਨੋਟਿਸ ਦਿੱਤਾ ਜਾ ਰਿਹਾ ਹੈ।ਸਾਰੀਆਂ ਮੰਗਾਂ/ਮੁਸ਼ਕਲਾਂ ਲਈ ਜਾਂ ਤਾਂ ਪੰਜਾਬ ਸਰਕਾਰ ਟੇਬਲ ਟਾਕ ਕਰੇ, ਨਹੀਂ ਤਾਂ ਫਿਰ ਆਰ-ਪਾਰ ਦੇ ਸੰਘਰਸ਼ ਸ਼ੁਰੂ ਕੀਤੇ ਜਾਣਗੇ।ਇਸ ਮੌਕੇ ਨਿੰਦਰ ਕੌਰ ਮੀਤ ਪ੍ਰਧਾਨ ਪਰਮਜੀਤ ਕੌਰ ਦਾਤਾ, ਬਲਾਕ ਪ੍ਰਧਾਨ ਜਸਵਿੰਦਰ ਕੌਰ ਦੌਲੇਵਾਲਾ, ਸਰਬਜੀਤ ਕੌਰ, ਗੀਤਾ, ਮਨਜੀਤ ਕੌਰ, ਪਰਮਜੀਤ ਕੌਰ, ਅਮ੍ਰਿਤਾ ਕੌਰ, ਅਮਨਦੀਪ ਕੌਰ ਭਿੰਡਰਾਂ, ਸੀਤਾ, ਹਰਮੀਤ ਕੌਰ ਆਦਿ ਹਾਜ਼ਰ ਸਨ।

## ਅੱਖਾਂ ਦਾ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਅੱਜ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨੇਤਰਦਾਨ ਮਹਾਦਾਨ ਦੇ ਸੰਕਲਪ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਵਾਲੀ ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਰਾਮਪੁਰਾ ਫੂਲ ਵੱਲੋਂ ਸ਼੍ਰੀ ਮਹੰਤ ਰਾਮ ਨਰਾਇਣ ਗਿਰੀ ਜੀ, ਤ੍ਰਿਵੈਣੀ ਗਿਰੀ ਆਸ਼ਰਮ ਵਾਲੇ ਦੇ ਅਸ਼ੀਰਵਾਦ ਨਾਲ 131ਵਾਂ ਅੱਖਾਂ ਦਾ ਚੈੱਕਅਪ ਤੇ ਆਪ੍ਰੇਸ਼ਨ (ਲੈਂਜ) ਕੈਂਪ 24 ਅਗਸਤ ਐਤਵਾਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ, ਸਥਾਨ ਸੰਤ ਤ੍ਰਿਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ, ਬੱਸ ਸਟੈਂਡ ਰੋਡ, ਨੇੜੇ ਨਗਰ ਕੌਂਸਲ ਦਫਤਰ, ਰਾਮਪੁਰਾ ਫੂਲ ਵਿਖੇ ਲਗਾਇਆ ਜਾ ਰਿਹਾ ਹੈ।ਇਸ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੁੱਖ ਸੇਵਾਦਾਰ ਰਾਕੇਸ਼ ਤਾਇਲ ਨੇ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਅਪ੍ਰੇਸ਼ਨ (ਲੈਂਜ) ਤੇ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਣਗੀਆਂ।

## ਮਾਊਂਟ ਲਿਟਰਾ ਦੀਆਂ ਵਿਦਿਆਰਥਣਾਂ ਨੇ ਟੇਬਲ ਟੈਨਿਸ 'ਚ ਸੋਨ ਤਮਗਾ ਜਿੱਤਿਆ



**ਰਾਮਪੁਰਾਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹਾ ਪੱਧਰ 'ਤੇ ਕਰਵਾਈਆਂ ਜਾ ਰਹੀਆਂ ਸਕੂਲ ਖੇਡਾਂ ਦੌਰਾਨ ਟੇਬਲ ਟੈਨਿਸ ਮੁਕਾਬਲੇ 'ਚ ਭਾਗ ਲੈਂਦਿਆਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ।ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੀਆਂ ਅੰਡਰ-17 ਕੁੜੀਆਂ ਨੇ ਸੋਨ ਤਮਗਾ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ, ਜੋ ਕਿ ਸਕੂਲ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਸਕੂਲ ਦੀ ਪ੍ਰਿੰਸੀਪਲ ਗੀਤਾ ਪਿੱਲੇ ਨੇ ਟੇਬਲ ਟੈਨਿਸ ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਸਕੂਲ ਦੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਵਿਦਿਆਰਥੀਆਂ ਦੀ ਸਫਲਤਾ ਲਈ ਹਰ ਸੰਭਵ ਯਤਨ ਕਰੇਗਾ।ਉਹ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕੀਤਾ ਜਾ ਸਕੇ ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇ ਤਾਂ ਜੋ ਉਹ ਚੰਗੇ ਖਿਡਾਰੀ ਬਣ ਸਕਣ।

## ਧੂਰੀ ਰੇਲਵੇ ਸਟੇਸ਼ਨ 'ਤੇ ਬੰਦੇ ਭਾਰਤ ਟਰੇਨ ਰੁਕਣ ਦਾ ਸਵਾਗਤ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸੰਗਰੂਰ ਡਿਸਟ੍ਰਿਕਟ ਇੰਡਸਟਰੀ ਚੈਂਬਰ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸ਼ੈਟੀ ਸਿੰਗਲਾ ਨੇ ਫਿਰੋਜ਼ਪੁਰ ਤੋਂ ਦਿੱਲੀ ਵਾਇਆ ਧੂਰੀ ਚੱਲਣ ਵਾਲੀ ਬੰਦੇ ਭਾਰਤ ਐਕਸਪ੍ਰੈੱਸ ਟਰੇਨ ਦੇ ਰੁਕਣ ਦਾ ਤਹਿ-ਦਿਲੋਂ ਸਵਾਗਤ ਕੀਤਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਹੁਣ ਪੂਰੀ ਹੋ ਗਈ ਹੈ।ਉਨ੍ਹਾਂ ਕਿਹਾ ਕਿ ਇਸ ਟਰੇਨ ਨਾਲ ਵਿਦਿਆਰਥੀਆਂ, ਰੋਜ਼ਾਨਾ ਆਵਾਜਾਈ ਕਰਨ ਵਾਲੇ ਯਾਤਰੀਆਂ ਤੇ ਵਪਾਰੀਆਂ ਨੂੰ ਵੱਡੀ ਰਾਹਤ ਮਿਲੇਗੀ।ਵਿਦਿਆਰਥੀ ਹੁਣ ਆਸਾਨੀ ਨਾਲ ਪਟਿਆਲਾ, ਅੰਬਾਲਾ ਤੇ ਦਿੱਲੀ ਵਰਗੇ ਸਿੱਖਿਆ ਕੇਂਦਰਾਂ ਤੱਕ ਪਹੁੰਚ ਸਕਣਗੇ, ਜਦੋਂਕਿ ਵਪਾਰੀ ਆਪਣਾ ਕੀਮਤੀ ਸਮਾਂ ਬਚਾ ਕੇ ਵਪਾਰਕ ਸਰਗਰਮੀਆਂ ਹੋਰ ਤੇਜ਼ੀ ਨਾਲ ਅੱਗੇ ਵਧਾ ਸਕਣਗੇ।ਸ਼ੈਟੀ ਸਿੰਗਲਾ ਨੇ ਦੱਸਿਆ ਕਿ ਜਾਣਕਾਰੀ ਮੁਤਾਬਿਕ ਬੰਦੇ ਭਾਰਤ ਐਕਸਪ੍ਰੈੱਸ ਸਵੇਰੇ 7:55 ਵਜੇ ਫਿਰੋਜ਼ਪੁਰ ਤੋਂ ਚੱਲੇਗੀ ਤੇ ਫਰੀਦਕੋਟ, ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ, ਕੁਰਕਸ਼ੇਤਰ ਤੇ ਪਾਣੀਪਤ ਰਾਹੀਂ ਹੁੰਦੀ ਹੋਈ ਦੁਪਹਿਰ 2:25 ਵਜੇ ਪੁਰਾਣੀ ਦਿੱਲੀ ਸਟੇਸ਼ਨ ਪਹੁੰਚੇਗੀ।ਇਸੇ ਤਰ੍ਹਾਂ ਵਾਪਸੀ ਯਾਤਰਾ ਦੌਰਾਨ ਇਹ ਟਰੇਨ ਸ਼ਾਮ 4:20 ਵਜੇ ਪੁਰਾਣੀ ਦਿੱਲੀ ਤੋਂ ਚੱਲਕੇ ਰਾਤ 10:25 ਵਜੇ ਫਿਰੋਜ਼ਪੁਰ ਪਹੁੰਚੇਗੀ।

## ਮਾਣੂੰਕੇ ਦੇ ਯਤਨਾਂ ਸਦਕਾ ਭੰਮੀਪੁਰਾ ਵਿਖੇ 66 ਕੇ ਵੀ ਗਰਿੱਡ ਮਨਜ਼ੂਰ

### ਪਾਵਰਕਾਮ ਵਿਭਾਗ ਵੱਲੋਂ ਗਰਿੱਡ ਦੇ ਨਿਰਮਾਣ ਲਈ ਗ੍ਰਾਂਟ ਜਾਰੀ

**ਜਗਰਾਉਂ (ਸੰਜੀਵ ਅਰੋੜਾ)**-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਦੇ ਯਤਨਾਂ ਸਦਕਾ ਇਲਾਕੇ ਦੇ ਲੋਕਾਂ ਨੂੰ ਨਿਰਵਿਘਨ ਤੇ ਪੂਰੀ ਬਿਜਲੀ ਸਪਲਾਈ ਦੇਣ ਲਈ ਪੰਜਾਬ ਸਰਕਾਰ ਵੱਲੋਂ ਪਿੰਡ ਭੰਮੀਪੁਰਾ ਵਿਖੇ ਬਿਜਲੀ ਦਾ ਨਵਾਂ 66 ਕੇਵੀ ਗਰਿੱਡ ਬਣਾਉਣ ਦੀ ਮੰਨਜ਼ੂਰੀ ਦੇ ਦਿੱਤੀ ਹੈ ਤੇ ਇਸ ਗਰਿੱਡ ਦੇ ਨਿਰਮਾਣ ਲਈ ਪੰਜਾਬ ਸਰਕਾਰ ਦੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵਿਭਾਗ ਵੱਲੋਂ 21 ਅਗਸਤ ਨੂੰ ਪੱਤਰ ਨੰਬਰ 3780 ਰਾਹੀਂ ਲਗਭਗ ਪੌਣੇ ਸੱਤ ਕਰੋੜ ਰੁਪਏ ਵੀ ਜਾਰੀ ਕਰ ਦਿੱਤੇ ਗਏ ਹਨ। ਹਲਕੇ ਦੇ ਲੋਕਾਂ ਨੂੰ ਇਸ ਵੱਡੀ ਖੁਸ਼ਖਬਰੀ ਦੀ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਦੱਸਿਆ ਕਿ ਉਹ ਆਪਣੇ ਲੋਕਾਂ ਨੂੰ ਬਿਜਲੀ ਦੀਆਂ ਵੱਡੀਆਂ ਸਮੱਸਿਆਵਾਂ ਤੋਂ ਨਿਯਾਤ ਦਿਵਾਉਣ ਲਈ ਲਗਾਤਾਰ ਯਤਨਸ਼ੀਲ ਹਨ ਤੇ ਪਿੰਡ ਭੰਮੀਪੁਰਾ ਵਿਖੇ ਮਨਜ਼ੂਰ ਹੋਏ ਬਿਜਲੀ ਦੇ 66 ਕੇਵੀ ਗਰਿੱਡ ਦੀ ਮਨਜ਼ੂਰੀ ਤੋਂ ਪਹਿਲਾਂ ਪਿੰਡ ਗਿੱਦੜਵਿੰਡੀ ਵਿਖੇ ਸਵਾ ਚਾਰ ਕਰੋੜ ਰੁਪਏ ਦੀ ਲਾਗਤ ਨਾਲ ਨਵਾਂ 66 ਕੇਵੀ ਗਰਿੱਡ ਬਣਨਾ ਸ਼ੁਰੂ ਹੋ ਚੁੱਕਾ ਹੈ ਤੇ ਪਿੰਡ ਬੁਜਰਗ ਵਿਖੇ ਨਵਾਂ 66 ਕੇਵੀ ਗਰਿੱਡ ਬਣਾਉਣ ਲਈ ਪੌਣੇ ਸੱਤ ਕਰੋੜ ਰੁਪਏ ਦੀ ਰਕਮ ਵੀ ਜਾਰੀ ਹੋ ਚੁੱਕੀ ਹੈ, ਜਿਸ ਦੇ ਨਿਰਮਾਣ ਕਾਰਜਾਂ ਦੀ ਪ੍ਰਕਿਰਿਆ ਚੱਲ ਰਹੀ ਹੈ। ਇਸ ਤੋਂ ਇਲਾਵਾ ਪਿੰਡ ਕਾਉਂਕੇ ਕਲਾਂ ਵਿਖੇ ਵੀ ਨਵਾਂ 66 ਕੇਵੀ ਗਰਿੱਡ ਲਗਾਉਣ ਲਈ ਯਤਨ ਜਾਰੀ ਹਨ ਤੇ ਜਗਰਾਉਂ ਸ਼ਹਿਰ ਵਿੱਚ ਵੀ 66 ਕੇਵੀ ਗਰਿੱਡ ਸਥਾਪਤ ਕਰਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਵਿਧਾਇਕਾ ਨੇ ਦੱਸਿਆ ਕਿ ਪਿੰਡ ਭੰਮੀਪੁਰਾ ਵਿਖੇ ਨਵਾਂ 66 ਕੇਵੀ ਗਰਿੱਡ ਸਥਾਪਤ ਹੋਣ ਨਾਲ ਪਿੰਡ ਭੰਮਪੁਰਾ ਤੋਂ ਇਲਾਵਾ ਪਿੰਡ ਚੀਮਾ, ਬੱਸੂਵਾਲ, ਲੰਮੇ, ਮਾਣੂੰਕੇ ਬਾਵਾ, ਮਾਣੂੰਕੇ, ਦੇਹੜਕਾ, ਰਣਧੀਰਗੜ੍ਹ, ਅਖਾੜਾ, ਡੱਲਾ, ਮੱਲ੍ਹਾ ਆਦਿ ਪਿੰਡਾਂ ਦੇ ਲੋਕਾਂ ਨੂੰ ਘਰੇਲੂ ਤੇ ਖੇਤੀਬਾੜੀ ਸੈਕਟਰ ਲਈ ਨਿਰਵਿਘਨ ਤੇ ਪੂਰੀ ਬਿਜਲੀ ਸਪਲਾਈ ਮਿਲੇਗੀ ਅਤੇ ਘੱਟ ਵੋਲਟੇਜ ਦੀ ਸਮੱਸਿਆ ਖਤਮ ਹੋ ਜਾਵੇਗੀ। ਇਸ ਮੌਕੇ ਜਗਰਾਉਂ ਦੇ ਐਕਸੀਅਨ ਇੰਜ: ਗੁਰਪ੍ਰੀਤਮਹਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਵਿਧਾਇਕਾ ਸਰਵਜੀਤ ਕੌਰ ਮਾਣੂੰਕੇ ਹੋਰਾਂ ਦੇ ਸਹਿਯੋਗ ਨਾਲ ਇਲਾਕੇ ਦੇ ਲੋਕਾਂ ਨੂੰ ਬਿਜਲੀ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਬਿਜਲੀ ਦੇ ਵੱਡੇ ਪ੍ਰੋਜੈਕਟ ਮਨਜ਼ੂਰ ਹੋਏ ਹਨ ਤੇ ਕਰੋੜਾਂ ਰੁਪਏ ਦੀ ਲਾਗਤ ਵਾਲੇ 11 ਕੇਵੀ ਫੀਡਰ ਵੀ ਉਸਾਰੇ ਗਏ ਹਨ। ਇਸ ਤੋਂ ਇਲਾਵਾ ਵਿਧਾਇਕਾ ਮਾਣੂੰਕੇ ਵੱਲੋਂ ਯਤਨ ਕਰਕੇ ਲਗਭਗ ਡੇਢ ਕਰੋੜ ਰੁਪਏ ਦੀ ਲਾਗਤ ਨਾਲ 220 ਕੇਵੀ ਗਰਿੱਡ ਜਗਰਾਉਂ ਦੀ ਬਿਲਡਿੰਗ ਵਿੱਚ ਵੀ ਵਾਧਾ ਕੀਤਾ ਗਿਆ ਹੈ ਤੇ ਉਸ ਵਿੱਚ 25 ਨਵੇਂ ਬਰੇਕਰ ਸਥਾਪਤ ਕੀਤੇ ਜਾ ਚੁੱਕੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਸੁਖਵਿੰਦਰ ਸਿੰਘ, ਐਕਸੀਅਨ ਰਾਏਕੋਟ ਇੰਜ: ਕੁਲਵੰਤ ਸਿੰਘ, ਪਰਮਜੀਤ ਸਿੰਘ ਚੀਮਾ, ਐੱਸ.ਡੀ.ਓ. ਰੂਮੀ ਇੰਜ: ਅਮਰਿੰਦਰ ਕੁਮਾਰ ਆਦਿ ਹਾਜ਼ਰ ਸਨ।

## ਮਸਜਿਦ ਦੀ ਉਸਾਰੀ ਲਈ ਦਿੱਤੀ ਗਰਾਂਟ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਥਾਨਕ ਸ਼ਹਿਰ ਦੇ ਦਸਮੇਸ਼ ਨਗਰ ਵਿਖੇ ਸਥਿਤ ਹਜਰਤ ਉਮਰ ਫਾਰੂਕ ਮਸਜਿਦ ਦੀ ਉਸਾਰੀ ਕਾਰਜਾਂ ਲਈ ਪੰਜਾਬ ਵਕਫ਼ ਬੋਰਡ ਵੱਲੋਂ ਗਰਾਂਟ ਜਾਰੀ ਕੀਤੀ ਗਈ।ਇਸ ਗਰਾਂਟ ਤਹਿਤ ਮਿਲੇ ਚੈੱਕ ਨੂੰ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਤੇ ਅਸਟੇਟ ਅਫਸਰ ਮੋਹਸੀਨ ਅਲੀ ਨੇ ਮਸਜਿਦ ਪ੍ਰਬੰਧਕਾਂ ਨੂੰ ਸੌਂਪਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਮਸਜਿਦਾਂ, ਦਰਗਾਹਾਂ ਤੇ ਧਾਰਮਿਕ ਸਥਾਨਾਂ ਦੀ ਸੰਭਾਲ ਤੇ ਵਿਕਾਸ ਲਈ ਬੋਰਡ ਵੱਲੋਂ ਵੱਖ-ਵੱਖ ਸਕੀਮਾਂ ਤਹਿਤ ਵੱਡੇ ਪੱਧਰ 'ਤੇ ਕਦਮ ਚੁੱਕੇ ਜਾ ਰਹੇ ਹਨ।ਡਾ. ਅਨਵਰ ਭਸੌੜ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਤੇ ਵਕਫ਼ ਬੋਰਡ ਦੇ ਚੇਅਰਮੈਨ ਮੁਹੰਮਦ ਉਵੈਸ ਦੀ ਅਗਵਾਈ ਹੇਠ ਸੂਬੇ ਵਿੱਚ ਮੁਸਲਿਮ ਭਾਈਚਾਰੇ ਦੀ ਭਲਾਈ ਲਈ ਖਾਸ ਯੋਜਨਾਵਾਂ ਤਿਆਰ ਕੀਤੀਆਂ ਗਈਆਂ ਹਨ।ਇਨ੍ਹਾਂ ਯੋਜਨਾਵਾਂ ਦਾ ਮੰਤਵ ਨਾ ਕੇਵਲ ਧਾਰਮਿਕ ਢਾਂਚਿਆਂ ਦੀ ਉਸਾਰੀ ਕਰਨਾ ਹੈ, ਸਗੋਂ ਸਿੱਖਿਆ, ਰੋਜ਼ਗਾਰ ਤੇ ਸਮਾਜਿਕ ਤਰੱਕੀ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਹੈ।ਅਸਟੇਟ ਅਫਸਰ ਮੋਹਸੀਨ ਅਲੀ ਨੇ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਬੋਰਡ ਵੱਲੋਂ ਅਜਿਹੀਆਂ ਸਕੀਮਾਂ ਰਾਹੀਂ ਭਾਈਚਾਰੇ ਦੀ ਹਰੇਕ ਜਾਇਜ਼ ਲੋੜ ਪੂਰੀ ਕੀਤੀ ਜਾਵੇਗੀ।

24-AUG-PAGE-5.qxd 8/23/2025 10:36 PM Page 1



# ਲਾਪਤਾ ਨੌਜਵਾਨਾਂ ਦੇ ਵਾਰਸਾਂ ਵੱਲੋਂ ਘੱਗਾ ਥਾਣੇ ਅੱਗੇ ਰੋਹ ਭਰਪੂਰ ਧਰਨਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਪਿੰਡ ਡਰੌਲੀ ਦੇ ਦੋ ਨੌਜਵਾਨਾਂ ਵੱਲੋਂ ਨਾਲ ਲੱਗਦੇ ਪਿੰਡ ਦੀ ਨਾਬਾਲਗ ਲੜਕੀ ਨੂੰ ਲੈ ਕੇ ਫਰਾਰ ਹੋਣ ਦੇ ਮਾਮਲੇ ਵਿੱਚ ਉਸ ਸਮੇਂ ਨਵਾਂ ਮੋੜ ਆ ਗਿਆ, ਜਦੋਂ ਪਿਛਲੇ ਕਰੀਬ ਇੱਕ ਮਹੀਨੇ ਤੋਂ ਲਾਪਤਾ ਲੜਕਿਆਂ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਪੁਲਸ ਥਾਣਾ ਘੱਗਾ ਦਾ ਘਿਰਾਓ ਕਰਕੇ ਗੇਟ ਸਾਹਮਣੇ ਧਰਨਾ ਲਗਾ ਦਿੱਤਾ।ਇਸ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਪੁਲਸ ਵੱਲੋਂ ਇੱਕ ਮਹੀਨੇ ਦੇ ਕਰੀਬ ਸਮਾਂ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਕੀਤੇ ਜਾਣ ਨੂੰ ਲੈ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਦੂਜੇ ਪਾਸੇ ਪੁਲਸ ਨੇ ਮਾਮਲੇ ਦੀ ਬਰੀਕੀ ਨਾਲ ਪੜਤਾਲ ਕਰਦਿਆਂ ਜਲਦੀ ਹੱਲ ਦਾ ਭਰੋਸਾ ਦਿੱਤੇ ਜਾਣ ਮਗਰੋਂ ਧਰਨਾਕਾਰੀ ਸ਼ਾਂਤ ਹੋਏ।

ਲਾਪਤਾ ਲੜਕਿਆਂ ਦੇ ਪਿਤਾ ਗੁਰਮੁੱਖ ਸਿੰਘ, ਬਲਵਿੰਦਰ ਰਾਮ, ਮਾਂ ਅਮਰਜੀਤ ਕੌਰ, ਅਮਰੀਕੋ ਦੇਵੀ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਪਾਤੜਾਂ ਵਿਖੇ ਕਾਰ ਬਾਜ਼ਾਰ ਵਿੱਚ ਡੈਂਟਿੰਗ ਪੇਂਟਿੰਗ ਦਾ ਕੰਮ ਕਰਦੇ ਹਨ। ਬੀਤੀ 29 ਤੇ 30 ਜੁਲਾਈ ਦੀ ਰਾਤ ਨੂੰ ਉਨ੍ਹਾਂ ਦੇ ਲੜਕੇ ਮਿਲਣ ਰਾਮ ਤੇ ਮੰਨੂ ਅਚਾਨਕ ਗਾਇਬ ਹੋ ਗਏ। ਤਕਰੀਬਨ ਕਰੀਬ 3 ਵਜੇ ਦੇ ਕਰੀਬ ਨਾਲ ਲੱਗਦੇ ਪਿੰਡ ਦੀ ਲੜਕੀ ਦੇ ਮਾਪੇ ਪੁਲਸ ਲੈ ਕੇ ਉਨ੍ਹਾਂ ਦੇ ਘਰੇ ਆਏ ਤੇ ਕਿਹਾ ਕਿ ਦੋਵੇਂ ਲੜਕੇ ਪਿੰਡ ਦੀ ਨਾਬਾਲਗ ਲੜਕੀ ਨੂੰ ਲੈ ਕੇ ਫਰਾਰ ਹੋ ਗਏ ਹਨ।ਇਸ ਦੌਰਾਨ ਜਦੋਂ ਉਹ ਲੜਕਿਆਂ ਦੀ ਭਾਲ ਕਰ ਰਹੇ ਸਨ ਤਾਂ ਭਾਖੜਾ ਨਹਿਰ ਦੇ ਕਿਨਾਰੇ ਉਨ੍ਹਾਂ ਦੇ ਮੋਟਰਸਾਈਕਲ ਦੇ ਕੁਝ ਹਿੱਸੇ ਮਿਲੇ, ਜਿਸ ਤੋਂ ਪਰਿਵਾਰ ਨੂੰ ਸ਼ੱਕ ਹੋਣ 'ਤੇ ਜਦੋਂ ਗੋਤਾਖੋਰ ਬੁਲਾ ਕੇ ਭਾਖੜਾ ਨਹਿਰ ਵਿੱਚੋਂ ਭਾਲ ਸ਼ੁਰੂ ਕੀਤੀ ਤਾਂ ਨਹਿਰ ਵਿੱਚੋਂ ਲੜਕਿਆਂ ਦਾ ਮੋਟਰਸਾਈਕਲ ਤੇ ਮੋਬਾਇਲ ਫੋਨ ਗੋਤਾਖੋਰ ਨੂੰ ਲੱਭਾ।ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਲੜਕਿਆਂ ਨੂੰ ਗਾਇਬ ਜਾਂ ਕਤਲ ਕਰ ਦਿੱਤਾ ਗਿਆ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਪੁਲਸ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਜਾ ਰਹੀ।ਇਨਸਾਫ਼ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਸ ਲੜਕਿਆਂ ਦੇ ਲਾਪਤਾ ਹੋਣ ਦੇ ਮਾਮਲੇ ਦੀ ਬਾਰੀਕੀ ਨਾਲ ਪੜਤਾਲ ਕਰਨ ਦੇ ਨਾਲ ਨਾਲ ਮਾਮਲੇ ਵਿੱਚ ਕਿਸੇ ਵਿਅਕਤੀ ਦੇ ਦੋਸ਼ੀ ਪਾਏ ਜਾਣ ਦੀ ਸੂਰਤ ਵਿੱਚ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਉਗਰਾਹਾਂ, ਜਰਨੈਲ ਸਿੰਘ ਡਰੌਲੀ, ਅਮਨ ਘੱਗਾ, ਜੱਸ ਘੱਗਾ, ਜਸਕਰਨ ਸਿੰਘ, ਮਨਦੀਪ ਸਿੰਘ ਮੋਮੀਆਂ, ਜਸਵਿੰਦਰ ਸਿੰਘ, ਰਾਜੂ, ਰੋਸ਼ਨ ਰਾਮ, ਦਰਸ਼ਨ ਰਾਮ, ਨੰਬਰਦਾਰ ਬੀਰਾ ਰਾਮ ਡਰੌਲੀ ਤੇ ਮੇਵਾ ਰਾਮ ਆਦਿ ਹਾਜ਼ਰ ਸਨ।ਇਸ ਸਬੰਧੀ ਥਾਣਾ ਮੁਖੀ ਘੱਗਾ ਪਵਿੱਤਰ ਸਿੰਘ ਨੇ ਦੱਸਿਆ ਕਿ ਲਾਪਤਾ ਹੋਈ ਨਾਬਾਲਗ ਲੜਕੀ ਦੇ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਲੜਕੀ ਨੂੰ ਲੈ ਕੇ ਜਾਣ ਵਾਲੇ ਲੜਕੇ ਸਮੇਤ ਇੱਕ ਨਾਬਾਲਗ ਲੜਕੇ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ।ਬਾਦਸ਼ਾਹਪੁਰ ਪੁਲਸ ਚੌਕੀ ਦੇ ਇੰਚਾਰਜ ਜੈ ਪ੍ਰਕਾਸ਼ ਸਿੰਘ ਦੀ ਅਗਵਾਈ ਵਿੱਚ ਪੁਲਸ ਜਾਂਚ ਕਰ ਰਹੀ ਹੈ।ਭਾਖੜਾ ਨਹਿਰ ਵਿੱਚੋਂ ਮੋਬਾਈਲ ਫੋਨ ਤੇ ਮੋਟਰਸਾਈਕਲ ਮਿਲਣ ਦੇ ਮਾਮਲੇ ਸਬੰਧੀ ਉਨ੍ਹਾਂ ਕਿਹਾ ਕਿ ਹਾਲੇ ਤੱਕ ਕੋਈ ਵੀ ਅਜਿਹਾ ਸਬੂਤ ਹਾਸਲ ਨਹੀਂ ਹੋਇਆ, ਜਿਸ ਦੇ ਆਧਾਰ 'ਤੇ ਕਿਸੇ ਨੂੰ ਦੋਸ਼ੀ ਬਣਾਇਆ ਜਾ ਸਕੇ।ਪੁਲਸ ਮਾਮਲੇ ਦੀ ਬਰੀਕੀ ਨਾਲ ਪੜਤਾਲ ਕਰ ਰਹੀ ਹੈ, ਜਲਦੀ ਕੇਸ ਨੂੰ ਹੱਲ ਕਰ ਲਿਆ ਜਾਵੇਗਾ।

# ਭਾਰਤ ਨੂੰ ਬਰਬਾਦ ਹੋਣ ਤੋਂ ਕਮਿਊਨਿਸਟ ਹੀ ਬਚਾ ਸਕਦੇ : ਗਦਾਈਆ, ਖੁਸ਼ੀਆ ਸਿੰਘ



**ਬਰਨਾਲਾ (ਰਜਿੰਦਰ ਬਰਾੜ)**-ਭਾਰਤੀ ਕਮਿਊਨਿਸਟ ਪਾਰਟੀ ਦੇ 25 ਮਹਾਂ ਸੰਮੇਲਨ, ਜੋ 21 ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਿਹਾ ਹੈ, ਉਸ ਦੇ ਪਹਿਲੇ ਦਿਨ ਮੁਹਾਲੀ ਦੀ ਅਨਾਜ ਮੰਡੀ ਨੇੜੇ ਰੇਲਵੇ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਦੀ ਤਿਆਰੀ ਲਈ ਸੀ ਪੀ ਆਈ ਵੱਲੋਂ ਸ਼ਹੀਦ ਊਧਮ ਸਿੰਘ ਸੁਨਾਮ ਊਧਮ ਰਾਮ ਮੁਹੰਮਦ ਸਿੰਘ ਆਜ਼ਾਦ ਦੀ ਜਨਮ ਭੂਮੀ ਸੁਨਾਮ 'ਤੋਂ ਚੱਲਿਆ ਜਥਾ ਮਾਨਸਾ, ਬਠਿੰਡਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਹੁੰਦਾ ਹੋਇਆ ਅੱਜ ਬਰਨਾਲਾ ਜ਼ਿਲ੍ਹੇ ਵਿੱਚ ਪਹੁੰਚਿਆ। ਜਥੇ ਦਾ ਸਵਾਗਤ ਕਰਨ ਵਾਲਿਆਂ ਵਿੱਚ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ ਬਰਨਾਲਾ, ਜੁਗਰਾਜ ਸਿੰਘ ਰਾਮਾ ਆਲੀ ਖਾਂ ਬਰਨਾਲਾ, ਸ੍ਰੀ ਰਾਮ, ਗੁਰਮੇਲ ਸਿੰਘ ਉੱਗੋਕੇ, ਧਰਮਾ ਸਿੰਘ ਸੁੱਖਪੁਰ, ਮੋਹਣ ਸਿੰਘ, ਬਚਨ ਸਿੰਘ ਮਹਿਲ ਕਲਾਂ, ਪਰਮਜੀਤ ਸਿੰਘ, ਇਕਬਾਲ ਸਿੰਘ ਮਹਿਲ ਕਲਾਂ, ਸੁੱਖਦੇਵ ਸਿੰਘ ਸ਼ਹਿਣਾ, ਰੂਪ ਸਿੰਘ ਪ੍ਰਧਾਨ, ਕਰ ਸਿੰਘ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ: ਏਟਕ ਦੇ ਆਦਿ ਆਗੂ ਸ਼ਾਮਲ ਸਨ। ਇਹ ਕਾਫ਼ਲਾ ਪਿੰਡਾਂ ਵਿੱਚੋਂ ਦੀ ਹੁੰਦਾ ਹੋਇਆ ਬਰਨਾਲਾ ਜ਼ਿਲ੍ਹੇ ਦੇ ਕਸਬਾ ਸ਼ਹਿਣਾ ਵੱਲ ਰਵਾਨਾ ਹੋਇਆ। ਸ਼ਹਿਣੇ ਪਿੰਡ ਹੋਏ ਇਕੱਠ ਨੂੰ ਸੰਬੋਧਨ ਕਰਨ ਉਪਰੰਤ ਪਿੰਡ ਪੱਖੋਕੇ ਵਿਖੇ ਵੱਡੇ ਇੱਕਠ ਨੂੰ ਆਪਣਾ ਸੁਨੇਹਾ ਦਿੰਦਾ ਹੋਇਆ ਬਰਨਾਲਾ ਸੰਧੂ ਪੱਤੀ ਦੇ ਪਾਰਕ 'ਚ ਪਹੁੰਚਿਆ। ਇਸ ਸਮੇਂ ਹੋਏ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸਕੱਤਰੇਤ ਮੈਂਬਰ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਤੇ ਬਰਨਾਲਾ ਜ਼ਿਲ੍ਹੇ ਦੇ ਸਕੱਤਰ ਖੁਸ਼ੀਆ ਸਿੰਘ ਬਰਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਸੀ ਪੀ ਆਈ ਦਾ ਇਹ ਮਹਾਂ ਸੰਮੇਲਨ 20 ਸਾਲਾਂ ਬਾਅਦ ਹੋ ਰਿਹਾ ਹੈ, ਇਸ ਸੰਮੇਲਨ ਵਿੱਚ ਦੇਸ਼ ਦੇ ਵੱਖ ਵੱਖ ਹਿੱਸਿਆਂ 'ਚ ਲੋਕਾਂ ਦੀਆਂ ਮੁਸ਼ਕਲਾਂ ਵਿਰੁੱਧ ਹੱਲ ਕਰਨੀਆਂ ਹਨ, ਦੇਸ਼ ਨੂੰ ਫਾਸ਼ੀਵਾਦ ਤੋਂ ਕਿਵੇਂ ਬਚਾਉਣਾ ਹੈ, ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਨੇ ਦੇਸ਼ ਦੀ ਆਜ਼ਾਦੀ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਕਮਿਊਨਿਸਟ ਪਾਰਟੀਆਂ ਦੇ ਹੱਕ ਜਦੋਂ ਵੀ ਪਾਸਾ ਆਇਆ, ਇਨ੍ਹਾਂ ਨੇ ਲੋਕ ਪੱਖੀ ਕਾਨੂੰਨ ਬਣਾਉਣ ਲਈ ਪਹਿਲ ਕਦਮੀ ਕੀਤੀ ਹੈ। ਕਮਿਊਨਿਸਟ ਪਾਰਟੀ ਅੱਜ ਬੇਰੁਜ਼ਗਾਰੀ ਦੇ ਖਾਤਮੇ ਲਈ ਜੱਦੋ ਜਹਿਦ ਕਰ ਰਹੀ ਹੈ, ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਐਕਟ ਬਣਾ ਕੇ ਹਰ ਨੌਜਵਾਨ ਲੜਕੇ ਲੜਕੀ ਕੰਮ ਪ੍ਰਾਪਤੀ ਲਈ ਵੀ ਅਵਾਜ਼ ਬੁਲੰਦ ਕਰ ਰਹੀ ਹੈ, ਕਮਿਊਨਿਸਟ ਪਾਰਟੀ ਨੇ ਪਹਿਲ ਕਦਮੀਂ ਕਰਦਿਆਂ 2005 ਵਿੱਚ ਯੂ ਪੀ ਏ ਸਰਕਾਰ ਸਮੇਂ ਪਿੰਡਾਂ ਦੇ ਕਿਰਤੀਆਂ ਲਈ ਨਰੇਗਾ 2005 ਬਣਵਾਇਆ ਗਿਆ। ਦੇਸ਼ ਦੀ ਮੋਦੀ ਹਕੂਮਤ ਨੇ ਦੇਸ਼ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ, ਇਸ ਨੂੰ ਬਰਬਾਦੀ ਤੋਂ ਕਮਿਊਨਿਸਟ ਹੀ ਬਚਾ ਸਕਦੇ ਹਨ।

## ਬਰਸੀ 'ਤੇ ਵਿਸ਼ੇਸ਼

# ਦੇਸ਼ ਭਗਤ ਰਵਾਇਤਾਂ ਦਾ ਧਾਰਨੀ ਸੀ ਕਾਮਰੇਡ ਦਲੀਪ ਸਿੰਘ



ਦੇਸ਼ ਭਗਤ ਰਵਾਇਤਾਂ ਦੇ ਅਲੰਬਰਦਾਰ ਤੇ ਦੇਸ਼ ਭਗਤ ਪਰਿਵਾਰ ਦਾ ਜੰਮਪਲ ਕਾਮਰੇਡ ਦਲੀਪ ਸਿੰਘ ਇਨਕਲਾਬੀ ਲਾਲ ਝੰਡੇ ਦੀ ਅਗਵਾਈ ਵਿੱਚ ਹਮੇਸ਼ਾ ਉਨ੍ਹਾਂ ਗਰੀਬ ਗੁਰਬੇ ਤੇ ਸਰਕਾਰਾਂ ਤੋਂ ਅਣਗੌਲੇ ਰਹੇ ਲੋਕਾਂ ਦੇ ਹੱਕ ਵਿੱਚ ਖੜ੍ਹਿਆ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਤੇ ਅਫਸਰਸ਼ਾਹੀ ਕੋਲ ਸੁਣਵਾਈ ਬਹੁਤ ਘੱਟ ਹੁੰਦੀ ਸੀ।ਲੋਕ ਤੇ ਦੇਸ਼ ਸੇਵਾ ਦੀ ਗੁੜਤੀ ਉਨ੍ਹਾਂ ਨੂੰ ਆਪਣੇ ਉੱਘੇ ਦੇਸ਼ ਭਗਤ ਖਾਨਦਾਨ ਵਿੱਚੋਂ ਮਿਲੀ, ਕਿਉਂਕਿ ਕਾਮਰੇਡ ਜੀ ਦੇ ਦਾਦਾ ਜੀ ਦੇ ਸਕੇ ਭਰਾ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਉੱਘੇ ਦੇਸ਼ ਭਗਤ ਸਨ, ਜਿਨ੍ਹਾਂ ਨੇ 1921 ਵਿੱਚ ਲਾਹੌਰ ਤੋਂ ਰੋਜ਼ਾਨਾ ਅਕਾਲੀ ਅਖ਼ਬਾਰ ਸ਼ੁਰੂ ਕਰਕੇ ਅੰਗਰੇਜ਼ਾਂ ਵਿਰੁੱਧ ਬਗਾਵਤ ਛੇੜ ਦਿੱਤੀ।ਇਸ ਅਖ਼ਬਾਰ ਦੇ ਛਪਣ ਨਾਲ ਸਾਰੇ ਪਾਸੇ ਅਕਾਲੀ ਅਖਵਾਉਣ ਦੀ ਲਹਿਰ ਤੇ ਅਕਾਲੀ ਪਾਰਟੀ ਹੋਂਦ ਵਿੱਚ ਆਈ।ਸੰਨ 1926 ਵਿੱਚ ਮਾਸਟਰ ਜੀ ਨੇ ਦਿੱਲੀ ਤੋਂ ਡੇਲੀ ਹਿੰਦੁਸਤਾਨ ਟਾਈਮਜ਼ ਅਖ਼ਬਾਰ ਕੱਢ ਕੇ ਅੰਗਰੇਜ਼ਾਂ ਨੂੰ ਚੈਲੰਜ ਕਰ ਦਿੱਤਾ ਤੇ ਮਾਸਟਰ ਜੀ ਨੂੰ ਕਾਲੇਪਾਣੀ ਦੀ ਲੰਬੀ ਸਜ਼ਾ ਹੋ ਗਈ।ਇਸੇ ਤਰ੍ਹਾਂ ਕਾਮਰੇਡ ਜੀ ਦੇ ਸਕੇ ਚਾਚਾ ਜੀ ਸ: ਗੋਪਾਲ ਸਿੰਘ ਨਨਕਾਣਾ ਸਾਹਿਬ ਦੇ ਸਾਕੇ ਵਿੱਚ ਸ਼ਹੀਦ ਹੋ ਗਏ ਤੇ ਦੂਸਰੇ ਸਕੇ ਚਾਚਾ ਜੀ ਸ. ਦਿਆਲ ਸਿੰਘ ਅਜ਼ਾਦ ਨੇ ਪ੍ਰਤਾਪ ਸਿੰਘ ਕੈਰੋਂ, ਲਾਲਾ ਜਗਤ ਨਾਰਾਇਣ, ਗੋਪੀ ਚੰਦ ਭਾਰਗੋ ਤੇ ਡਾ. ਕਿਚਲੂ ਨਾਲ 14 ਸਾਲ 7 ਮਹੀਨੇ ਅੰਗਰੇਜ਼ਾਂ ਦੀ ਜੇਲ੍ਹ ਕੱਟੀ ਤੇ ਵੱਡੇ ਭਰਾ ਪ੍ਰੀਤਮ ਸਿੰਘ ਜੋਸ਼ ਤੇ ਤੀਜੇ ਚਾਚਾ ਜੀ ਨਿਹਾਲ ਸਿੰਘ ਸੰਧਾ ਨੇ ਵੀ ਲਹੌਰ ਕਿਸਾਨ ਮੋਰਚੇ ਵਿੱਚ 2-2 ਸਾਲ ਕੈਦ ਕੱਟੀ।ਇਸ ਤਰ੍ਹਾਂ ਇਹ ਖਾਨਦਾਨ ਪੀੜ੍ਹੀ ਦਰ ਪੀੜ੍ਹੀ ਦੇਸ਼ ਹਿਤੈਸ਼ੀ ਤੇ ਕੁਰਬਾਨੀ ਦੇ ਜਜ਼ਬੇ ਨਾਲ ਗੜੁੱਚ ਰਿਹਾ ਤੇ ਵਿਰਸੇ ਵਿੱਚੋਂ ਮਿਲੀ ਦੇਸ਼ ਤੇ ਲੋਕ ਸੇਵਾ ਦੀ ਗੁੜਤੀ ਨੇ ਕਾਮਰੇਡ ਦਲੀਪ ਸਿੰਘ ਨੂੰ ਗਰੀਬਾਂ ਤੇ ਲੋੜਵੰਦਾਂ ਤੇ ਨਿਆਸਰਿਆਂ ਦੀ ਸੇਵਾ ਕਰਨ ਲਈ ਪ੍ਰੇਰਤ ਕੀਤਾ।ਦੇਸ਼ ਦੀ ਵੰਡ ਤੋਂ ਬਾਅਦ ਕਾਮਰੇਡ ਦਲੀਪ ਸਿੰਘ ਨੇ ਆਪਣੇ ਭਰਾਵਾਂ ਪ੍ਰੀਤਮ ਸਿੰਘ ਜੋਸ਼, ਕਾਮਰੇਡ ਮਹਿੰਦਰ ਸਿੰਘ ਤੇ ਕਾਂਗਰਸੀ ਆਗੂ ਬੰਤਾ ਸਿੰਘ ਦੇ ਸਹਿਯੋਗ ਨਾਲ ਪਟਿਆਲਾ ਜ਼ਿਲ੍ਹੇ ਦੇ ਭੁਨਰਹੇੜੀ ਬਲਾਕ ਵਿੱਚ ਪਿੰਡ ਸੁੰਦਰ ਸਿੰਘ ਵਾਲਾ ਵਸਾ ਲਿਆ ਤੇ ਛੇਤੀ ਹੀ ਇਹ ਪਿੰਡ ਮੁਜਾਰਾ ਲਹਿਰ ਦਾ ਗੜ੍ਹ ਬਣ ਗਿਆ।ਇੱਥੇ ਹੀ ਸੰਘਰਸ਼ ਕਰਕੇ ਕਾਮਰੇਡ ਦਲੀਪ ਸਿੰਘ ਨੇ ਕਾ: ਮਨਸਾ ਸਿੰਘ ਤੇ ਕਾ: ਮਹਿੰਦਰ ਸਿੰਘ ਜਿਹੇ ਸਾਥੀਆਂ ਨਾਲ ਰਲ ਕੇ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਪਿੰਡ ਉਦੇਪੁਰ ਦੀਵਾਨ ਵਾਲਾ ਦੇ ਵਿੱਚੋਂ ਬੀਘੇ ਜ਼ਮੀਨੇ ਗਰੀਬ ਪਰਵਾਰਾਂ ਨੂੰ ਦੇ ਕੇ 7500 ਵਿੱਘੇ ਜ਼ਮੀਨ ਦੇ ਮੁੜ ਮਾਲਕ ਬਣਾਇਆ।ਇਸ ਤਰ੍ਹਾਂ ਦੇ ਘੋਲ ਪਿੰਡ ਬਿਜਲ, ਡੇਹਲੋਂ ਮਾਜਰਾ, ਮਲਕਪੁਰ ਵੱਡੇਵਾਂ ਤੇ ਸੁਨਿਆਰ ਹੇੜੀ ਵਿੱਚ ਲੜ ਕੇ ਗਰੀਬਾਂ ਨੂੰ ਮਾਲਕੀ ਹੱਕ ਦਿਵਾਏ ਤੇ ਅਫ਼ਸਰਾਂ ਦੀ ਰਿਸ਼ਵਤ ਖੋਰੀ ਵਿਰੁੱਧ ਜਹਾਦ ਛੇੜੀ ਰੱਖਿਆ।ਅੰਤਲੇ ਸਮੇਂ ਵਿੱਚ ਉੱਘੇ ਸੀ ਪੀ ਆਈ ਐੱਮ ਨੇਤਾ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਅਗਵਾਈ ਵਿੱਚ ਅੱਤਵਾਦ ਤੇ ਫ਼ਿਰਕਾਪ੍ਰਸਤੀ ਖਿਲਾਫ ਜ਼ੋਰਦਾਰ ਸੰਗਰਾਮ ਲੜਦਿਆਂ ਹਾਰਟ ਅਟੈਕ ਹੋਣ ਕਾਰਨ 24 ਅਗਸਤ 1990 ਨੂੰ ਕਾਮਰੇਡ ਦਲੀਪ ਸਿੰਘ ਸਦੀਵੀ ਵਿਛੋੜਾ ਦੇ ਗਏ।ਹਰ ਸਾਲ ਅੱਜ ਦੇ ਦਿਨ ਪਿੰਡ ਸੁੰਦਰ ਸਿੰਘ ਵਾਲਾ ਵਿੱਚ ਉਨ੍ਹਾਂ ਦੇ ਪਾਏ ਪੂਰਨਿਆਂ ਉੱਤੇ ਤੁਰਨ ਦਾ ਅਹਿਦ ਕੀਤਾ ਜਾਂਦਾ ਹੈ।ਦੱਸਣਯੋਗ ਹੈ ਕਿ ਕਾਮਰੇਡ ਜੀ ਦੀ ਪੋਤੀ ਸਮਪ੍ਰੀਤ ਕੌਰ ਐਡੀਸ਼ਨਲ ਸੈਸ਼ਨ ਜੱਜ ਹਨ ਤੇ ਉਨ੍ਹਾਂ ਦਾ ਬੇਟਾ ਕਾਮਰੇਡ ਰਮੇਸ਼ ਸਿੰਘ ਅਜ਼ਾਦ ਅਤੇ ਭਤੀਜੇ ਰਵਿੰਦਰ ਰਵੀ ਤੇ ਪਰਵਿੰਦਰ ਸਿੰਘ ਅਜ਼ਾਦ ਲੋਕ ਪੱਖੀ ਪ੍ਰੰਪਰਾਵਾਂ ਨੂੰ ਅੱਗੇ ਤੋਰ ਰਹੇ ਹਨ।

-ਰਜਿੰਦਰ ਸਿੰਘ ਥਿੰਦ

## ਕਾਤਰਾਂ

### ਨਵਜੋਤ ਕੌਰ ਨੇ ਡੀ ਸੀ ਦਾ ਅਹੁਦਾ ਸੰਭਾਲਿਆ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਅਤੇ ਕੇਂਦਰ ਸਰਕਾਰ ਵੱਲੋਂ ਚਲਾਈਆਂ ਗਈਆਂ ਵੱਖ ਵੱਖ ਮੁਹਿੰਮਾਂ ਨੂੰ ਤਰਜੀਹੀ ਆਧਾਰ 'ਤੇ ਅਮਲੀ ਰੂਪ 'ਚ ਲਾਗੂ ਕੀਤਾ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀਮਤੀ ਨਵਜੋਤ ਕੌਰ ਆਈ ਏ ਐਸ ਵੱਲੋਂ ਬਤੌਰ ਡਿਪਟੀ ਕਮਿਸ਼ਨਰ ਨੇ ਅਹੁਦਾ ਸੰਭਾਲਣ ਮੌਕੇ ਕੀਤਾ।ਸ੍ਰੀਮਤੀ ਨਵਜੋਤ ਕੌਰ 2018 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ।ਇਸ ਤੋਂ ਪਹਿਲਾਂ ਉਹ ਵਧੀਕ ਸਕੱਤਰ ਪ੍ਰਸੋਨਲ ਵਿਭਾਗ ਤੇ ਵਾਧੂ ਚਾਰਜ ਡਾਇਰੈਕਟਰ ਆਬਕਾਰੀ ਦੇ ਤੌਰ 'ਤੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ।ਬਤੌਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਮਾਨਸਾ ਵਿਖੇ ਉਨ੍ਹਾਂ ਦੀ ਇਹ ਪਹਿਲੀ ਤਾਇਨਾਤੀ ਹੈ।

### ਲੱਖਾਂ ਰੁਪਏ ਦੀ ਠੱਗੀ ਦੇ ਮਾਮਲੇ 'ਚ ਪਿਓ-ਪੁੱਤ 'ਤੇ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਦੇਸ਼ ਭੇਜਣ ਦੇ ਨਾਮ 'ਤੇ ਕਰੀਬ 30 ਲੱਖ ਰੁਪਏ ਦੀ ਠੱਗੀ ਮਾਰੇ ਜਾਣ ਦੇ ਇੱਕ ਕਥਿਤ ਮਾਮਲੇ 'ਚ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਪਿਓ-ਪੁੱਤਰ ਵਿਰੁੱਧ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਵਰਿੰਦਰ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਦਰਖਾਸਤ ਵਿੱਚ ਦੋਸ਼ ਲਗਾਏ ਸਨ ਕਿ ਚੰਡੀਗੜ੍ਹ ਵਿਖੇ ਇੰਮੀਗ੍ਰੇਸ਼ਨ ਦਾ ਕੰਮ ਕਰਨ ਵਾਲੇ ਪ੍ਰਭਜੋਤ ਸਿੰਘ ਤੇ ਉਸ ਦੇ ਪਿਤਾ ਬਲਜੀਤ ਸਿੰਘ ਨੇ ਸਾਲ 2022 'ਚ ਉਸ ਨੂੰ ਤੇ ਉਸ ਦੀ ਮੰਗੇਤਰ ਨੂੰ ਯੂ. ਕੇ. ਭੇਜਣ ਦਾ ਝਾਂਸਾ ਦੇ ਕੇ ਉਨ੍ਹਾਂ ਤੋਂ 30,65,900/- ਰੁਪਏ ਹਾਸਲ ਕਰ ਲਏ, ਪਰ ਉਕਤ ਵਿਅਕਤੀਆਂ ਵੱਲੋਂ ਨਾ ਤਾਂ ਉਸ ਨੂੰ ਤੇ ਉਸ ਦੀ ਮੰਗੇਤਰ ਨੂੰ ਯੂ. ਕੇ. ਭੇਜਿਆ ਗਿਆ ਤੇ ਨਾ ਹੀ ਉਨ੍ਹਾਂ ਦੇ ਪੈਸੇ ਵਾਪਸ ਕੀਤੇ ਗਏ।ਉਕਤ ਵਿਅਕਤੀਆਂ ਵੱਲੋਂ ਅਜਿਹਾ ਕਰਕੇ ਉਨ੍ਹਾਂ ਨਾਲ ਧੋਖਾਧੜੀ ਕੀਤੀ ਗਈ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਪ੍ਰਭਜੋਤ ਸਿੰਘ ਤੇ ਬਲਜੀਤ ਸਿੰਘ ਵਾਸੀਆਨ ਪਿੰਡ ਨਿਆਮੂਮਾਜਰਾ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਕੇਸ ਦਰਜ ਕਰਵਾ ਕੇ ਚੁੰਨੀ ਕਲਾਂ ਚੌਕੀ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

### ਸ੍ਰੀ ਗਣੇਸ਼ ਮਹਾਂਉਤਸਵ ਸੰਬੰਧੀ ਧਾਰਮਿਕ ਸਮਾਗਮ 27 ਤੋਂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪ੍ਰਾਚੀਨ ਸ੍ਰੀ ਸ਼ਿਵਾਲਾ ਬ੍ਰਹਮਚਾਰੀ ਮੰਦਰ ਵਿਖੇ ਸ੍ਰੀ ਗਣੇਸ਼ ਮਹਾਂਉਤਸਵ ਸਬੰਧੀ ਧਾਰਮਿਕ ਸਮਾਗਮ 27 ਅਗਸਤ ਤੋਂ ਸ਼ੁਰੂ ਹੋ ਰਹੇ ਹਨ, ਜੋ 6 ਸਤੰਬਰ ਨੂੰ ਮੂਰਤੀ ਵਿਸਰਜਨ ਤੱਕ ਜਾਰੀ ਰਹਿਣਗੇ। ਇਸ ਸਬੰਧੀ ਪ੍ਰਬੰਧਕਾਂ ਨੇ ਦੱਸਿਆ ਕਿ ਮੰਦਰ ਹਾਲ ਵਿੱਚ 27 ਅਗਸਤ ਨੂੰ ਗਣੇਸ਼ ਜੀ ਦੀ ਮੂਰਤੀ ਸਥਾਪਤ ਕੀਤੀ ਜਾਵੇਗੀ। ਰੋਜ਼ਾਨਾ ਸ਼ਾਮ ਨੂੰ 5 ਵਜੇ ਕੀਰਤਨ ਹੋਵੇਗਾ ਤੇ 8 ਵਜੇ ਆਰਤੀ ਹੋਵੇਗੀ, ਉਪਰੰਤ ਆਈ ਸੰਗਤ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਧਾਰਮਿਕ ਸਮਾਗਮ 5 ਸਤੰਬਰ ਤੱਕ ਜਾਰੀ ਰਹਿਣਗੇ ਤੇ 6 ਸਤੰਬਰ ਇੱਕ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਜਾਵੇਗੀ। ਪ੍ਰਬੰਧਕਾਂ ਅਨੁਸਾਰ ਭਗਵਾਨ ਸ੍ਰੀ ਗਣੇਸ਼ ਜੀ ਦੀ ਮੂਰਤੀ ਸ਼ੋਭਾ ਯਾਤਰਾ ਦੌਰਾਨ ਸਰਹਿੰਦ ਨਹਿਰ ਪੁੱਜੇਗੀ, ਜਿੱਥੇ ਇਸ ਨੂੰ ਵਿਸਰਜਤ ਕੀਤਾ ਜਾਵੇਗਾ।

# ਭਲਕ ਦੇ ਰੋਸ ਮਾਰਚ ਦੀਆਂ ਤਿਆਰੀਆਂ ਮੁਕੰਮਲ : ਬਰਾੜ



**ਮੋਗਾ (ਇਕਬਾਲ ਸਿੰਘ ਖਹਿਰਾ)**-ਕ੍ਰਾਂਤੀਕਾਰੀ ਈ-ਰਿਕਸ਼ਾ ਯੂਨੀਅਨ ਦੇ ਮੇਜਰ ਸਿੰਘ ਖੋਸਾ ਪਾਂਡੋ ਚੇਅਰਮੈਨ ਨੇ ਦੱਸਿਆ ਕਿ ਅੱਜ ਜ਼ਿਲ੍ਹਾ ਪ੍ਰਧਾਨ ਸਰਬਣ ਬਰਾੜ ਦੀ ਪ੍ਰਧਾਨਗੀ ਵਿੱਚ 25 ਅਗਸਤ ਨੂੰ ਰਿਕਸ਼ਾ ਚਾਲਕਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਰੋਸ ਮਾਰਚ ਕਰਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਬਾਰੇ ਅਤੇ ਮੰਗ ਪੱਤਰ ਤਿਆਰ ਕਰਨ ਦੇ ਸਬੰਧ ਵਿੱਚ ਅੱਡੋ ਅੱਡ ਈ ਰਿਕਸ਼ਾ ਸਟੈਂਡਾਂ ਤੋਂ ਆਗੂ ਸਾਹਿਬਾਨਾਂ ਨੂੰ ਸੱਦ ਕੇ ਮੀਟਿੰਗ ਕੀਤੀ।ਮੀਟਿੰਗ ਵਿੱਚ ਮੇਜਰ ਸਿੰਘ ਖੋਸਾ ਪਾਂਡੋ ਚੇਅਰਮੈਨ, ਹਰਜਿੰਦਰ ਸਿੰਘ ਖੋਸਾ, ਸੇਵਕ ਸਿੰਘ, ਕਮਲਜੀਤ ਸਿੰਘ ਘੋਲੀਆ, ਹਰਜਿੰਦਰ ਸਿੰਘ, ਜਗਜੀਤ ਸਿੰਘ ਚੜਿਕ, ਗੁਰਸੇਵਕ ਸਿੰਘ, ਇੰਦਰ ਸਿੰਘ ਖੋਸਾ ਪਾਂਡੂ ਇੰਦਰਜੀਤ ਸਿੰਘ ਖੋਸਾ ਕੋਟਲਾ, ਜੱਸਾ ਸਿੰਘ ਤੇ ਤਰਸੇਮ ਸਿੰਘ ਸੋਨਾ ਆਦਿ ਆਗੂ ਸ਼ਾਮਲ ਹੋਏ।ਵੱਖ ਵੱਖ ਈ ਰਿਕਸ਼ਾ ਸਟੈਂਡਾਂ ਦੇ ਪ੍ਰਧਾਨਾਂ ਨੇ ਦੱਸਿਆ ਕਿ ਉਨ੍ਹਾਂ 25 ਅਗਸਤ ਦੇ ਮੁਜ਼ਾਹਰੇ ਦੇ ਸਬੰਧ ਵਿੱਚ ਸਾਰੇ ਈ ਰਿਕਸ਼ਾ ਚਾਲਕਾਂ ਵਿੱਚ ਪ੍ਰਚਾਰ ਕੀਤਾ ਹੈ।ਵੱਡੀ ਗਿਣਤੀ ਵਿੱਚ ਈ ਰਿਕਸ਼ਾ ਚਾਲਕ ਕ੍ਰਾਂਤੀਕਾਰੀ ਰਿਕਸ਼ਾ ਯੂਨੀਅਨ ਦੇ ਸੱਦੇ 'ਤੇ 25 ਅਗਸਤ ਦੇ ਰੋਸ ਮਾਰਚ ਵਿੱਚ ਸ਼ਾਮਲ ਹੋਣਗੇ।ਵਿਚਾਰ ਵਟਾਂਦਰੇ ਤੋਂ ਬਾਅਦ ਚਾਰ ਮੰਗਾਂ ਦਾ ਮੰਗ ਪੱਤਰ ਤਿਆਰ ਕੀਤਾ ਗਿਆ।ਇਹ ਮੰਗ ਪੱਤਰ ਡਿਪਟੀ ਕਮਿਸ਼ਨਰ ਮੋਗਾ ਨੂੰ ਉਨ੍ਹਾਂ ਦਾ ਹੱਲ ਕਰਨ ਲਈ ਦਿੱਤਾ ਜਾਵੇਗਾ। ਕ੍ਰਾਂਤੀਕਾਰੀ ਈ ਰਿਕਸ਼ਾ ਯੂਨੀਅਨ ਦੇ ਪ੍ਰਧਾਨ ਨੇ ਈ-ਰਿਕਸ਼ਾ ਚਾਲਕਾਂ ਨੂੰ ਅਪੀਲ ਕੀਤੀ ਕਿ ਆਪਣੀਆਂ ਜਾਇਜ਼ ਮੰਗਾਂ ਦੇ ਹੱਲ ਕਰਾਉਣ ਲਈ 25 ਅਗਸਤ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਰੋਸ ਮਾਰਚ ਵਿੱਚ ਸ਼ਾਮਲ ਹੋਵੋ।ਇਹ ਮਾਰਚ ਨਵੀਂ ਦਾਣਾ ਮੰਡੀ ਤੋਂ ਸ਼ੁਰੂ ਹੋ ਕੇ ਬਾਜ਼ਾਰ ਵਿੱਚ ਦੀ ਹੁੰਦਾ ਹੋਇਆ ਡੀ ਸੀ ਦਫਤਰ ਮੋਗਾ ਦੇ ਗੇਟ ਤੱਕ ਜਾਵੇਗਾ।ਗੇਟ ਉੱਤੇ ਰੈਲੀ ਕਰਨ ਉਪਰੰਤ ਡੀ ਸੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ।

# ਸੀ ਪੀ ਆਈ ਦਾ ਹੁਸੈਨੀਵਾਲਾ ਤੋਂ ਚੱਲਿਆ ਚੇਤਨਾ ਮਾਰਚ ਜਥਾ ਅੱਜ ਫਰੀਦਕੋਟ 'ਚ

## ਕੋਟਕਪੂਰਾ ਤੇ ਫਰੀਦਕੋਟ 'ਚ ਕੀਤੀਆਂ ਜਾਣਗੀਆਂ ਦੋ ਪਬਲਿਕ ਰੈਲੀਆਂ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਭਾਰਤੀ ਕਮਿਊਨਿਸਟ ਪਾਰਟੀ ਦੇ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋਣ ਵਾਲੇ ਕੌਮੀ ਮਹਾਂ-ਸੰਮੇਲਨ ਦੀ ਤਿਆਰੀ ਸਬੰਧੀ ਹੁਸੈਨੀਵਾਲਾ ਸ਼ਹੀਦਾਂ ਦੀ ਯਾਦਗਾਰ ਤੋਂ ਚੱਲਿਆ ਜੱਥਾ 24 ਅਗਸਤ ਨੂੰ ਫਰੀਦਕੋਟ ਜ਼ਿਲ੍ਹੇ ਵਿੱਚ ਪ੍ਰਵੇਸ਼ ਕਰੇਗਾ, ਜਿਸ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਾਰਟੀ ਆਗੂ ਪਿੰਡ ਖਾਰਾ ਵਿਖੇ 'ਜੀ ਆਇਆਂ' ਕਹਿਣਗੇ। ਇਸ ਜਥੇ ਨਾਲ ਪਹਿਲੀ ਪਬਲਿਕ ਮੀਟਿੰਗ 10:30 ਵਜੇ ਕੋਟਕਪੂਰਾ ਦੇ ਸ਼ਹੀਦ ਭਗਤ ਸਿੰਘ ਪਾਰਕ ਸਾਹਮਣੇ ਪੁਰਾਣਾ ਕਿਲ੍ਹਾ ਸਕੂਲ ਵਿਖੇ ਕੀਤੀ ਜਾਵੇਗੀ, ਜਿਸ ਨੂੰ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਅਰਸ਼ੀ, ਕਾਮਰੇਡ ਜਗਰੂਪ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੀਨੀਅਰ ਆਗੂ ਸੰਬੋਧਨ ਕਰਨਗੇ।ਇਹ ਜਾਣਕਾਰੀ ਜ਼ਿਲ੍ਹਾ ਫਰੀਦਕੋਟ ਦੇ ਸੈਕਟਰੀ ਅਸ਼ੋਕ ਕੌਸ਼ਲ, ਮੀਤ ਸਕੱਤਰ ਕਾਮਰੇਡ ਗੁਰਨਾਮ ਸਿੰਘ, ਮਾਸਟਰ ਗੁਰਚਰਨ ਸਿੰਘ ਮਾਨ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਅੰਦਰ ਦੂਜੀ ਪਬਲਿਕ ਰੈਲੀ ਸ਼ਹੀਦ ਕਾਮਰੇਡ ਅਮੋਲਕ ਭਵਨ ਫਰੀਦਕੋਟ ਨੇੜੇ ਕਾਲਟੈਕਸ ਪੈਟਰੋਲ ਪੰਪ ਵਿਖੇ ਕੀਤੀ ਜਾਵੇਗੀ।

ਆਗੂਆਂ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਜਲਸਿਆਂ ਵਿੱਚ ਦੇਸ਼ ਤੇ ਸੂਬੇ ਦੇ ਹਾਲਾਤ, ਸਭ ਹੱਦਾਂ ਬੰਨੇ ਟੱਪ ਚੁੱਕੀ ਮਹਿੰਗਾਈ ਤੇ ਬੇਰੁਜ਼ਗਾਰੀ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ।ਉਨ੍ਹਾਂ ਜ਼ਿਲ੍ਹੇ ਭਰ ਦੇ ਸੂਝਵਾਨ ਤੇ ਇਨਸਾਫ਼ ਪਸੰਦ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਹੁੰਮ ਹੁਮਾ ਕੇ ਪਾਰਟੀ ਆਗੂਆਂ ਦੇ ਵਿਚਾਰ ਸੁਨਣ ਲਈ ਇਨ੍ਹਾਂ ਜਲਸਿਆਂ ਵਿੱਚ ਸ਼ਮੂਲੀਅਤ ਕਰਨ।ਇਸ ਮੌਕੇ ਨਰੇਗਾ ਵਰਕਰਾਂ ਦੇ ਸੀਨੀਅਰ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ, ਪ ਪੀ ਸਿੰਘ ਢਿੱਲਵਾਂ, ਪੈਨਸ਼ਨਰ ਆਗੂ ਹਰਪਾਲ ਮਚਾਕੀ, ਕੁਲਵੰਤ ਸਿੰਘ ਚਾਨੀ, ਮਾਸਟਰ ਸੋਮ ਨਾਥ ਅਰੋੜਾ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਚਰਨਜੀਤ ਸਿੰਘ ਚੰਮੇਲੀ, ਬਲਕਾਰ ਸਿੰਘ ਸਹੋਤਾ, ਰਾਮ ਸਰੂਪ ਚੰਦਭਾਨ ਤੇ ਰੇਸ਼ਮ ਮੱਤਾ ਆਦਿ ਤੋਂ ਇਲਾਵਾ ਆਸ਼ਾ ਵਰਕਰਾਂ ਦੀ ਸੂਬਾ ਪ੍ਰਧਾਨ ਬੀਬੀ ਅਮਰਜੀਤ ਕੌਰ ਤੇ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਸਕੱਤਰ ਬੀਬੀ ਸ਼ਸ਼ੀ ਸ਼ਰਮਾ ਹਾਜ਼ਰ ਸਨ।

# ਹਾਦਸੇ 'ਚ ਫੱਟੜ ਵਿਅਕਤੀ ਦੀ ਪੀ ਜੀ ਆਈ 'ਚ ਮੌਤ

**ਧੂਰੀ (ਮਨੋਹਰ ਸਿੰਘ ਸੱਗੂ)**-ਲੰਘੇ ਦਿਨੀਂ ਸ਼ਹਿਰ ਦੀ ਤੋਤਾਪੁਰੀ ਸੜਕ 'ਤੇ ਹਾਦਸੇ ਦਾ ਸ਼ਿਕਾਰ ਹੋਏ ਵਿਅਕਤੀ ਦੀ ਇਲਾਜ ਦੌਰਾਨ ਪੀ ਜੀ ਆਈ ਚੰਡੀਗੜ੍ਹ ਵਿਖੇ ਮੌਤ ਹੋ ਗਈ।ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੇ ਆਪਣੇ ਬਿਆਨ 'ਚ ਅਕਾਸ਼ ਕੁਮਾਰ ਵਾਸੀ ਰਚਨਾ ਬਸਤੀ ਧੂਰੀ ਨੇ ਕਿਹਾ ਕਿ ਲੰਘੀ 12 ਅਗਸਤ ਨੂੰ ਉਸ ਦੇ ਤਾਏ ਦਾ ਮੁੰਡਾ ਬਲਜੀਤ ਸਿੰਘ ਉਰਫ਼ ਬੋਲੂ ਜਦੋਂ ਦੁਪਹਿਰ ਸਮੇਂ ਕੰਮ ਤੋਂ ਸ਼ਹਿਰ ਦੀ ਤੋਤਾਪੁਰੀ ਸੜਕ 'ਤੇ ਰੋਟੀ ਖਾਣ ਲਈ ਪੈਦਲ ਘਰ ਨੂੰ ਜਾ ਰਿਹਾ ਸੀ ਤਾਂ ਪਿੱਛੋਂ ਆ ਰਹੇ ਮੋਟਰਸਾਈਕਲ ਸਵਾਰ ਨੇ ਆਪਣਾ ਮੋਟਰਸਾਈਕਲ ਉਸ ਦੇ ਤਾਏ ਦੇ ਮੁੰਡੇ 'ਚ ਮਾਰਿਆ ਤੇ ਹਾਦਸੇ ਦੌਰਾਨ ਬਲਜੀਤ ਸਿੰਘ ਗੰਭੀਰ ਫੱਟੜ ਹੋ ਗਿਆ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਧੂਰੀ ਲਿਆਂਦਾ ਗਿਆ, ਜਿੱਥੋਂ ਡਾਕਟਰਾਂ ਨੇ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਤੇ ਫੇਰ ਪੀ ਜੀ ਆਈ ਚੰਡੀਗੜ੍ਹ ਲਈ ਰੈਫ਼ਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਅੱਜ ਉਸ ਦੀ ਮੌਤ ਹੋ ਗਈ।ਸਿਟੀ ਪੁਲਸ ਧੂਰੀ ਵੱਲੋਂ ਮ੍ਰਿਤਕ ਦੇ ਚਚੇਰੇ ਭਰਾ ਅਕਾਸ਼ ਕੁਮਾਰ ਦੇ ਬਿਆਨ ਦੇ ਆਧਾਰ 'ਤੇ ਮੋਟਰਸਾਈਕਲ ਸਵਾਰ ਮਨਦੀਪ ਸਿੰਘ ਵਾਸੀ ਪਿੰਡ ਬਮਾਲ ਦੇ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ।

# ਮਾਤਾ ਗੁਜਰੀ ਸਕੂਲ ਗੁਥਮੜਾ ਦੇ ਖਿਡਾਰੀਆਂ ਦੀ ਤਾਈਕਵਾਂਡੋ ਮੁਕਾਬਲੇ 'ਚ ਸ਼ਾਨਦਾਰ ਜਿੱਤ

**ਦੇਵੀਗੜ੍ਹ (ਰਾਜਿੰਦਰ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ, ਗੁਥਮੜਾ (ਦੇਵੀਗੜ੍ਹ) ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ 18 ਅਗਸਤ ਨੂੰ ਐਮੀਨੈਂਸ ਸਕੂਲ, ਬਲਬੇੜਾ ਵਿਖੇ ਕਰਵਾਈਆਂ ਗਈਆਂ 69ਵੀਂ ਗਰਮ ਰੁੱਤ ਜ਼ੋਨਲ ਸਕੂਲ ਪੱਧਰੀ ਖੇਡਾਂ (ਤਾਈਕਵਾਂਡੋ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਡਰ-17 ਅਤੇ ਅੰਡਰ-19 ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਸ ਉਪਲਬਧੀ 'ਤੇ ਸਕੂਲ ਦੇ ਪ੍ਰੈਜ਼ੀਡੈਂਟ ਰਵਿੰਦਰ ਕੌਰ, ਡਾਇਰੈਕਟਰ ਭੁਪਿੰਦਰ ਸਿੰਘ, ਪ੍ਰਿੰਸੀਪਲ ਮਮਤਾ ਮੱਕੜ ਅਤੇ ਕੋਚ ਹਰਦੀਪ ਕੁਮਾਰ ਨੇ ਜਿੱਤ ਦਰਜ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਣ ਵਾਲੀਆਂ ਰਾਜ ਅਤੇ ਰਾਸ਼ਟਰੀ ਪੱਧਰੀ ਮੁਕਾਬਲਿਆਂ ਵਿੱਚ ਹੋਰ ਉਚਾਈਆਂ ਛੂਹਣ ਲਈ ਸ਼ੁੱਭਕਾਮਨਾਵਾਂ ਦਿੱਤੀਆਂ।



# ਵੱਧ ਤੋਂ ਵੱਧ ਤਕਨੀਕੀ ਸਿੱਖਿਆ ਹਾਸਲ ਕਰਨ ਨੌਜਵਾਨ : ਪ੍ਰਭਦੀਪ ਨੱਥੋਵਾਲ

## ਕੰਪਿਊਟਰ ਸੈਂਟਰ ਦੇ ਸਿਖਿਆਰਥੀਆਂ ਨੂੰ ਵੰਡੇ ਸਰਟੀਫਿਕੇਟ



**ਸੰਗਰੂਰ (ਪ੍ਰਵੀਨ ਸਿੰਘ)**-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਖੇੜੀ ਜੱਟਾਂ ਵਿਖੇ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਤੋਂ ਪਿੰਡ ਤੇ ਆਲੇ ਦੁਆਲੇ ਦੇ ਪਿੰਡਾਂ ਦੇ ਬੱਚੇ ਤੇ ਨੌਜਵਾਨ ਭਰਵਾਂ ਲਾਭ ਲੈ ਰਹੇ ਹਨ, ਜੋ ਕਿ ਆਪਣੇ ਆਪ ਦੇ ਵਿੱਚ ਮਿਸਾਲ ਹੈ।ਅੱਜ ਦੇ ਯੁੱਗ ਵਿੱਚ ਕਾਮਯਾਬ ਹੋਣ ਲਈ ਲਾਜ਼ਮੀ ਹੈ ਕਿ ਨੌਜਵਾਨ ਵੱਧ ਤੋਂ ਵੱਧ ਤਕਨੀਕੀ ਸਿੱਖਿਆ ਹਾਸਲ ਕਰਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਲੋਕ ਸੰਪਰਕ ਵਿਭਾਗ ਪੰਜਾਬ ਦੇ ਡਿਪਟੀ ਡਾਇਰੈਕਟਰ ਸ੍ਰ. ਪ੍ਰਭਦੀਪ ਸਿੰਘ ਨੱਥੋਵਾਲ ਨੇ ਕੀਤਾ।ਉਹ ਸਮਾਜ ਸੇਵੀ ਸ੍ਰੀ ਫਤਹਿ ਪ੍ਰਭਾਕਰ ਦੀ ਅਗਵਾਈ ਵਿੱਚ ਪਿਛਲੇ ਇੱਕ ਦਹਾਕੇ ਤੋਂ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡਣ ਲਈ ਰੱਖੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪੁੱਜੇ ਸਨ।ਸ੍ਰ. ਨੱਥੋਵਾਲ ਨੇ ਕਿਹਾ ਕਿ ਡਾ. (ਪ੍ਰੋ.) ਐੱਸ. ਪੀ. ਸਿੰਘ ਓਬਰਾਏ ਵੱਲੋਂ ਦੇਸ਼ ਤੇ ਵਿਦੇਸ਼ ਅੰਦਰ ਅਨੇਕਾਂ ਸਮਾਜ ਭਲਾਈ ਦੇ ਕਾਰਜ ਕੀਤੇ ਜਾ ਰਹੇ ਹਨ।ਅਜੋਕਾ ਯੁਗ ਟੈਕਨਾਲੋਜੀ ਦਾ ਹੈ ਤੇ ਨੌਜਵਾਨ ਬੱਚੇ ਬਚੀਆਂ ਖਾਸ ਤੌਰ 'ਤੇ ਪੇਂਡੂ ਖੇਤਰ ਵਾਲੇ, ਜੇਕਰ ਸਮੇਂ ਦੇ ਹਾਣੀ ਬਣਨਾ ਚਾਹੁੰਦੇ ਹਨ ਤਾਂ ਕੰਪਿਊਟਰ ਸਮੇਤ ਨਵੀਂ-ਨਵੀਂ ਟੈਕਨਾਲੋਜੀ ਵੱਧ ਤੋਂ ਵੱਧ ਸਿੱਖਣ।ਸ੍ਰੀ ਨੱਥੋਵਾਲ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਦਾ ਪਿੰਡ ਖੇੜੀ-ਜੱਟਾਂ ਪੰਜਾਬ ਦੇ ਵਿਕਾਸ ਮੁੱਖੀ ਪਿੰਡਾਂ ਦੀ ਸੂਚੀ ਵਿੱਚ ਗਿਣਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਪਿੰਡ ਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਪਿੰਡ ਹੈ ਤੇ ਲੋਕਾਂ ਦੀ ਸੋਚ ਵਿਕਾਸ ਮੁੱਖੀ ਤੇ ਉਸਾਰੂ ਹੈ।ਉਨ੍ਹਾਂ ਕਿਹਾ ਕਿ ਨੇੜੇ ਦੇ ਪਿੰਡਾਂ ਦੇ ਹੋਰਨਾਂ ਬੱਚਿਆਂ ਤੇ ਨੌਜਵਾਨਾਂ ਨੂੰ ਵੀ ਪਟਵਾਰੀ ਗਿਰਧਾਰੀ ਲਾਲ ਮੈਮੋਰੀਅਲ ਵਿਖੇ ਚਲਾਏ ਜਾ ਰਹੇ ਕੰਪਿਊਟਰ ਸੈਂਟਰ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ।ਇਸ ਸਮੇਂ ਪਿੰਡ ਦੇ ਸਾਬਕਾ ਸਰਪੰਚ ਸ੍ਰ. ਸੁਰਜੀਤ ਸਿੰਘ ਤੇ ਸਾਬਕਾ ਪੰਚ ਸ੍ਰ. ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਆਏ ਮਹਿਮਾਨਾਂ ਤੇ ਪਿੰਡ ਨੂੰ ਵਿਕਾਸ ਮੁਖੀ ਬਣਾਉਣ ਵਿੱਚ ਪਿਛਲੇ ਇੱਕ ਦਹਾਕੇ ਤੋਂ ਯੋਗਦਾਨ ਪਾਉਣ ਵਾਲੇ ਸ੍ਰੀ ਫਤਿਹ ਪ੍ਰਭਾਕਰ ਦਾ ਧੰਨਵਾਦ ਕਰਦੇ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ, ਹਰਜਿੰਦਰ ਸਿੰਘ, ਨਿਰਮਲ ਸਿੰਘ, ਹਰਦੀਪ ਸਿੰਘ, ਦੇਸ ਰਾਜ, ਨਿੱਕਾ ਖਾਂ, ਰਣਜੀਤ ਸਿੰਘ ਤੇ ਹਰਜਿੰਦਰ ਸਿੰਘ ਹਾਜ਼ਰ ਸਨ।

# 31 ਅਗਸਤ ਦੀ ਕਨਵੈਨਸ਼ਨ ਦੀਆਂ ਤਿਆਰੀਆਂ ਜ਼ੋਰਾਂ 'ਤੇ : ਸਰਾਭਾ, ਬਨਵੈਤ

**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ ਜ਼ਿਲ੍ਹਾ ਲੁਧਿਆਣਾ ਵੱਲੋਂ 31 ਅਗਸਤ 2025 ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦੀ ਪੂਰਤੀ ਲਈ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਸ ਦੀ ਜਾਣਕਾਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਪ੍ਰਮੁੱਖ ਆਗੂ ਸਾਥੀ ਚਰਨ ਸਿੰਘ ਸਰਾਭਾ, ਗੁਰਮੇਲ ਸਿੰਘ ਮੈਲਡੇ, ਹਰਬੰਸ ਸਿੰਘ ਪੰਧੇਰ, ਸੁਰਿੰਦਰ ਸਿੰਘ ਬੈਂਸ, ਪ੍ਰਵੀਨ ਕੁਮਾਰ, ਕੇਵਲ ਸਿੰਘ ਬਨਵੈਤ, ਵਿਨੋਦ ਕੁਮਾਰ, ਪਰਮਜੀਤ ਸਿੰਘ, ਰਣਜੀਤ ਸਿੰਘ ਮੁਲਾਂਪੁਰ ਨੇ ਅੱਜ ਪੀ ਡਬਲਿਊ ਡੀ ਕੰਪਲੈਕਸ ਨੇੜੇ ਘੁਮਾਰ ਮੰਡੀ ਲੁਧਿਆਣਾ ਵਿਖੇ ਕਨਵੈਨਸ਼ਨ ਦਾ ਇਸ਼ਤਿਹਾਰ ਜਾਰੀ ਕਰਕੇ ਦਿੱਤੀ।ਉਨ੍ਹਾਂ ਕਿਹਾ ਕਿ ਕਨਵੈਨਸ਼ਨ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਪੂਰਤੀ ਲਈ ਸਰਕਾਰ ਵੱਲੋਂ ਵਾਅਦੇ ਕਰਕੇ ਮੁਕਰਨ ਤੇ ਆਉਣ ਵਾਲੇ ਸਮੇਂ ਵਿੱਚ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਉਣ ਵਾਲਿਆਂ ਨੂੰ ਸਬਕ ਸਿਖਾਉਣ ਲਈ ਵਿਚਾਰ ਚਰਚਾ ਕੀਤੀ ਜਾਵੇਗੀ, ਜਿਸ ਵਿੱਚ ਸੂਬੇ ਦੇ ਪ੍ਰਮੁੱਖ ਆਗੂ ਸ਼ਾਮਲ ਹੋਣਗੇ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਕਨਵੈਨਸ਼ਨ ਦੀਆਂ ਤਿਆਰੀਆਂ ਲਈ ਵੱਖ ਵੱਖ ਵਿਭਾਗਾਂ ਦੇ ਆਗੂ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ।ਉਨ੍ਹਾਂ ਅਪੀਲ ਕੀਤੀ ਕਿ ਦਿੱਤੇ ਗਏ ਸਮੇਂ 'ਤੇ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ।

ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਬਲਿਕ ਸੈਕਟਰ ਦੇ ਬੰਦ ਪਏ ਅਦਾਰਿਆਂ ਨੂੰ ਬਹਾਲ ਕਰਕੇ, ਖ਼ਤਮ ਕੀਤੀਆਂ ਅਸਾਮੀਆਂ ਨੂੰ ਬਹਾਲ ਕਰਕੇ ਵਿਦੇਸ਼ਾਂ ਵੱਲ ਭੱਜਦੀ ਨੌਜੁਆਨੀ ਨੂੰ ਰੋਕਣ ਲਈ ਨਵੀਂ ਪੱਕੀ ਭਰਤੀ ਦਾ ਪ੍ਰਬੰਧ ਕੀਤਾ ਜਾਵੇ, ਵੱਖ ਵੱਖ ਵਿਭਾਗਾਂ ਵਿੱਚ ਕੱਚੇ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ, ਪੇ ਕਮਿਸ਼ਨ ਤੇ ਡੀ ਏ ਦੀਆਂ ਕਿਸ਼ਤਾਂ ਜਾਰੀ ਕਰਕੇ ਅਤੇ ਬਕਾਇਆ ਯਕਮੁਸ਼ਤ ਦਿੱਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਕੇ ਇੰਨ ਬਿੰਨ ਲਾਗੂ ਕੀਤੀ ਜਾਵੇ, 4-9-14 ਏ ਪੀ ਸੀ ਸਕੀਮ ਲਾਗੂ ਕੀਤੀ ਜਾਵੇ, ਮਿੱਡ ਡੇ ਮੀਲ, ਆਸ਼ਾ ਵਰਕਰਾਂ, ਆਂਗਨਵਾੜੀ ਵਰਕਰਾਂ ਦੀਆਂ ਉਜ਼ਰਤਾਂ ਵਿੱਚ ਵਾਧਾ ਕਰਕੇ, ਸਿਧਾਂਤਾਂ ਅਨੁਸਾਰ, ਘੱਟੋ ਘੱਟ ਤਨਖਾਹ 35000 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ, ਕੱਟੇ ਭੱਤੇ ਬਹਾਲ ਕੀਤੇ ਜਾਣ, ਚੋਣ ਮਨੋਰਥ ਪੱਤਰਾਂ ਵਿੱਚ ਕੀਤੇ ਵਾਅਦੇ ਪੂਰੇ ਕੀਤੇ ਜਾਣ ਆਦਿ ਮੰਗਾਂ ਦੀ ਹਮਾਇਤ ਕੀਤੀ।

ਇਸ ਮੌਕੇ ਜ਼ੋਰਾ ਸਿੰਘ ਮਨਸੂਰਾਂ, ਜੀਤ ਸਿੰਘ, ਚਰਨਜੀਤ ਸਿੰਘ ਪਮਾਲੀ, ਸੰਦੀਪ ਵਰਮਾ, ਜੈ ਵੀਰ, ਬਲਵੀਰ ਸਿੰਘ, ਗਿਆਨ ਸਿੰਘ, ਅਵਤਾਰ ਸਿੰਘ, ਜਸਵੰਤ ਸਿੰਘ ਰਣੀਆਂ, ਕਾਂਸ਼ੀ ਰਾਮ, ਸੁਖਵਿੰਦਰ ਸਿੰਘ, ਪ੍ਰਮੋਦ ਕੁਮਾਰ, ਗੁਰਪ੍ਰੀਤ ਸਿੰਘ ਆਦਿ ਨੇ ਕਨਵੈਨਸ਼ਨ ਨੂੰ ਕਾਮਯਾਬ ਕਰਨ ਲਈ ਅਪੀਲ ਕੀਤੀ।

# ਦੇਸ਼ ਭਗਤ ਗਲੋਬਲ ਸਕੂਲ 'ਚ ਭਾਸ਼ਣ ਮੁਕਾਬਲੇ ਕਰਵਾਏ

## ਨਸ਼ੇ ਜੀਵਨ ਨੂੰ ਬਰਬਾਦ ਕਰਦੇ ਹਨ ਤੇ ਇਨ੍ਹਾਂ ਤੋਂ ਦੂਰ ਰਹਿਣਾ ਹੀ ਸੁਖਮਈ ਭਵਿੱਖ ਦੀ ਕੁੰਜੀ : ਪ੍ਰਿੰ. ਜਿੰਦਲ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਵਿਸ਼ੇ 'ਤੇ ਇੰਟਰ ਹਾਊਸ ਭਾਸ਼ਣ ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਚਾਰਾਂ ਹਾਊਸਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਵਿਦਿਆਰਥੀਆਂ ਨੇ ਨਸ਼ਿਆਂ ਦੇ ਖ਼ਤਰਨਾਕ ਪ੍ਰਭਾਵਾਂ ਬਾਰੇ ਚਰਚਾ ਕਰਦਿਆਂ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ।

ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਭਾਸ਼ਣਾਂ ਰਾਹੀਂ ਬੱਚਿਆਂ ਨੇ ਸਪੱਸ਼ਟ ਕੀਤਾ ਕਿ ਨਸ਼ੇ ਜੀਵਨ ਨੂੰ ਬਰਬਾਦ ਕਰਦੇ ਹਨ ਤੇ ਇਨ੍ਹਾਂ ਤੋਂ ਦੂਰ ਰਹਿਣਾ ਹੀ ਸੁਖਮਈ ਭਵਿੱਖ ਦੀ ਕੁੰਜੀ ਹੈ।ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਤੱਥਾਂ, ਉਦਾਹਰਨਾਂ ਤੇ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਆਪਣੀਆਂ ਗੱਲਾਂ ਰੱਖੀਆਂ।ਨਿਰਣਾਇਕ ਮੰਡਲ ਨੇ ਵਿਦਿਆਰਥੀਆਂ ਦੇ ਵਿਚਾਰਾਂ ਤੇ ਪ੍ਰਸਤੁਤੀ ਦੀ ਖ਼ੂਬ ਸਰਾਹਨਾ ਕੀਤੀ। ਮੁਕਾਬਲੇ ਵਿੱਚ ਪਹਿਲਾ ਸਥਾਨ ਸੁਨਿਕਸ਼ਾ (ਅੱਠਵੀਂ ਜਮਾਤ), ਦੂਜਾ ਤੇ ਤੀਜਾ ਸਥਾਨ ਕ੍ਰਮਵਾਰ ਦੀਆਂ (ਛੇਵੀਂ ਜਮਾਤ) ਤੇ ਅਯਾਨ (ਛੇਵੀਂ ਜਮਾਤ) ਨੇ ਹਾਸਲ ਕੀਤਾ।ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ।

ਪ੍ਰਿੰਸੀਪਲ ਡਾਕਟਰ ਜਿੰਦਲ ਨੇ ਸਭ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਬੱਚਿਆਂ ਨੂੰ ਸਮਾਜਕ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੇ ਹਨ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਦੇ ਜਨਤਕ ਬੋਲਣ ਦੇ ਹੁਨਰ ਨੂੰ ਵਧਾਉਣਾ, ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਵਧਾਉਣਾ ਤੇ ਵੱਖ-ਵੱਖ ਸੰਬੰਧਤ ਵਿਸ਼ਿਆਂ 'ਤੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਉਤਸ਼ਾਹਤ ਕਰਨਾ ਹੈ।

# ਰਮਿੰਦਰ ਆਵਲਾ ਨੇ ਹਲਕਾ ਗੁਰੂ ਹਰਸਹਾਏ 'ਚ ਸਰਗਰਮੀਆਂ ਕੀਤੀਆਂ ਤੇਜ਼

## ਪਿੰਡ ਪੱਧਰ 'ਤੇ ਬੂਥ ਤੇ ਬਲਾਕ ਪੱਧਰੀ ਕਮੇਟੀਆਂ ਬਣਾਉਣ ਅਤੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਮੀਟਿੰਗ



**ਗੁਰੂ ਹਰਸਹਾਏ/ਜਲਾਲਾਬਾਦ (ਮਨਦੀਪ ਸਿੰਘ ਸੋਢੀ/ਜਗੀਰ ਕੌਰ, ਜੀਤ ਕੁਮਾਰ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਮੱਦੇਨਜ਼ਰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ।ਅੱਜ ਹਲਕਾ ਗੁਰੂ ਹਰਸਹਾਏ ਦੇ ਵੱਖ-ਵੱਖ ਪਿੰਡਾਂ ਵਿੱਚ ਹਲਕਾ ਜਲਾਲਾਬਾਦ ਤੋਂ ਸਾਬਕਾ ਕਾਂਗਰਸੀ ਵਿਧਾਇਕ ਰਮਿੰਦਰ ਸਿੰਘ ਆਂਵਲਾ ਵੱਲੋਂ ਵੀ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ ਹੈ।ਉਨ੍ਹਾਂ ਵੱਲੋਂ ਗੁਰੂ ਹਰਸਹਾਏ ਬਲਾਕ ਦੇ ਵਰਕਰਾਂ ਨਾਲ ਵਰਕਰ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ।ਪਿੰਡਾਂ ਦੇ ਵਰਕਰਾਂ ਨੂੰ ਕਾਂਗਰਸ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂੰ ਕਰਵਾਇਆ ਜਾ ਰਿਹਾ ਹੈ।ਪਾਰਟੀ ਦੇ ਏਜੰਡੇ ਅਨੁਸਾਰ ਪਿੰਡ ਪੱਧਰ 'ਤੇ ਬੂਥ ਕਮੇਟੀਆਂ, ਮੰਡਲ ਕਮੇਟੀਆਂ ਤੇ ਬਲਾਕ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ। ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ।ਅੱਜ ਹਲਕੇ ਦੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਵੱਖ-ਵੱਖ ਜ਼ੋਨਾਂ ਅਧੀਨ ਪੈਂਦੇ ਪਿੰਡਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ।ਇਸ ਦੌਰਾਨ ਪਿੰਡ ਮੰਡੀ ਪੰਜੇ ਕੇ ਵਾਲਾ ਜ਼ੋਨ ਵਿੱਚ ਪੈਂਦੇ ਪਿੰਡਾਂ ਦੀ ਕੀਤੀ ਦੂਜੀ ਮੀਟਿੰਗ ਪਿੰਡ ਚੱਕ ਮਹੰਤਾਂ ਵਿੱਚ ਤੇ ਤੀਜੀ ਮੀਟਿੰਗ ਨਿਧਾਨਾ ਜ਼ੋਨ ਦੇ ਪੈਂਦੇ ਪਿੰਡਾਂ ਵਿੱਚ ਵੱਖ-ਵੱਖ ਪਿੰਡਾਂ ਦੀਆਂ ਨੁੱਕੜ ਮੀਟਿੰਗਾਂ ਕਰਦਿਆਂ ਪਿੰਡਾਂ ਦੇ ਕਾਂਗਰਸੀ ਵਰਕਰਾਂ ਨੂੰ ਲਾਮਬੰਦ ਕਰਕੇ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ। ਵਰਕਰਾਂ ਵੱਲੋਂ ਕਾਂਗਰਸ ਪਾਰਟੀ ਦੇ ਏਜੰਡੇ 'ਤੇ ਡੱਟ ਕੇ ਪਹਿਰਾ ਦੇਣ ਤੇ ਵੱਡੀ ਜਿੱਤ ਪਾਰਟੀ ਦੀ ਝੋਲੀ ਪਾਉਣ ਦਾ ਵਿਧਾਇਕ ਰਮਿੰਦਰ ਸਿੰਘ ਆਂਵਲਾ ਨੂੰ ਭਰੋਸਾ ਦਿਵਾਇਆ।ਵੱਖ ਵੱਖ ਪਿੰਡਾਂ ਤੋਂ ਆਏ ਵਰਕਰਾਂ ਵੱਲੋਂ ਮੀਟਿੰਗ ਦੌਰਾਨ ਉਨ੍ਹਾਂ ਚੰਗੇ ਇਮਾਨਦਾਰ ਤੇ ਮਿਹਨਤੀ ਆਗੂਆਂ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਟਿਕਟਾਂ ਦੇਣ ਦੀ ਗੱਲ 'ਤੇ ਜ਼ੋਰ ਦਿੱਤਾ।ਇਸ ਮੌਕੇ ਬਲਾਕ ਪ੍ਰਧਾਨ ਅਮਰੀਕ ਸਿੰਘ, ਭੀਮ ਕੰਬੋਜ, ਕਰਤਾਰ ਸਿੰਘ ਬੂਰ ਵਾਲਾ ਸਰਪੰਚ ਸੰਦੀਪ ਸਿੰਘ ਮਾਹਮੂ ਜੋਈਆਂ, ਭਿੰਦਰ ਗੈਰੀ, ਸਰਵਣ ਸਿੰਘ ਮਿਸ਼ਰੀ ਵਾਲਾ ਗੁਰਪੀਤ ਅਵਾਨ, ਰਸ਼ਪਾਲ ਮਹਿਮਾ, ਹੈਪੀ ਮਿਰਜ਼ਾ ਰਣਧੀਰ ਸਿੰਘ, ਗੁਰਲਾਲ ਸਿੰਘ ਗਗਨ ਬੰਨਾ ਵਾਲਾ, ਗੁਰਲਾਲ ਲਾਲੀ, ਅਮ੍ਰਿਤਪਾਲ ਸਿੰਘ ਪੀ ਏ, ਅਮਰ ਕੰਬੋਜ ਪੀ ਏ, ਨਿਸ਼ੂ ਦਹੂਜ ਓ.ਐੱਸ.ਡੀ, ਸਚਿਨ ਆਵਲਾ, ਜੌਨੀ ਆਵਲਾ, ਅਸ਼ੋਕ ਕੰਬੋਜ, ਰਿੰਕੂ ਸੋਢੀ, ਮਨਦੀਪ ਮੰਨੀ ਆਦਿ ਵੱਖ ਵੱਖ ਪਿੰਡਾਂ ਤੋਂ ਮੌਜੂਦਾ ਤੇ ਸਾਬਕਾ ਸਰਪੰਚ-ਪੰਚ, ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਕਾਂਗਰਸ ਪਾਰਟੀ ਦੇ ਅਹੁਦੇਦਾਰ ਤੇ ਹੋਰ ਕਾਂਗਰਸੀ ਆਗੂ ਵੀ ਹਾਜ਼ਰ ਸਨ।

# ਲੋਕ ਸੇਵਾ ਕੈਂਪ ਰੱਦ ਕਰਵਾਉਣ ਤੇ ਆਗੂਆਂ ਦੀ ਗ੍ਰਿਫਤਾਰੀ ਦੇ ਵਿਰੋਧ 'ਚ ਭਾਜਪਾ ਵੱਲੋਂ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੂਬਾ ਸਰਕਾਰ ਵੱਲੋਂ ਪੁਲਸ ਪ੍ਰਸ਼ਾਸਨ ਰਾਹੀਂ ਭਾਜਪਾ ਵੱਲੋਂ ਪਿੰਡਾਂ 'ਚ ਲਾਏ ਜਾ ਰਹੇ ਲੋਕ ਸੇਵਾ ਕੈਂਪ ਰੱਦ ਕਰਵਾਉਣ ਤੋਂ ਬਾਅਦ ਸੂਬੇ ਦੀ ਭਾਜਪਾ ਇਕਾਈ ਸੜਕਾਂ 'ਤੇ ਉੱਤਰ ਆਈ ਹੈ ਬੀਤੇ ਦਿਨ ਵੱਖ ਵੱਖ ਪਿੰਡਾਂ ਚ ਲੋਕ ਸੇਵਾ ਕੈਂਪ ਰੱਦ ਕਰਵਾਉਣ ਤੇ ਦੋ ਦਰਜਨ ਤੋਂ ਵੱਧ ਭਾਜਪਾ ਆਗੂਆਂ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਭਾਜਪਾ ਨੇ ਸੂਬੇ 'ਚ ਪੁਲਸ ਪ੍ਰਸ਼ਾਸਨ ਤੇ ਸੂਬਾ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤੇ ਤੇ ਮਾਨ ਸਰਕਾਰ ਦੇ ਪੁਤਲੇ ਵੀ ਫੂਕੇ ਗਏ।ਬਠਿੰਡਾ ਲੋਕ ਸਭਾ ਹਲਕਾ ਇੰਚਾਰਜ ਸੇਵਾ ਮੁਕਤ ਆਈ ਏ ਐੱਸ ਪਰਮਪਾਲ ਕੌਰ ਸਿੱਧੂ ਦੀ ਅਗਵਾਈ 'ਚ ਰਾਮਾ ਮੰਡੀ ਵਿਖ਼ੇ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤਾ। ਭਾਜਪਾ ਆਗੂਆਂ ਨੇ ਸਰਕਾਰ ਤੇ ਪੁਲਸ ਦੀ ਕਾਰਵਾਈ ਦੀ ਨਿੰਦਾ ਕੀਤੀ ਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ, ਜਿਸ ਉਪਰੰਤ ਪਰਮਪਾਲ ਸਿੱਧੂ ਦੀ ਅਗਵਾਈ 'ਚ ਭਾਜਪਾਈਆਂ ਨੇ ਮਾਨ ਸਰਕਾਰ ਦਾ ਪੁਤਲਾ ਫੂਕਿਆ। ਪਰਮਪਾਲ ਕੌਰ ਨੇ ਦੋਸ਼ ਲਾਏ ਕੇ ਸੂਬਾ ਸਰਕਾਰ ਕੇਂਦਰੀ ਯੋਜਨਾਵਾਂ 'ਚ ਸਾਜ਼ਿਸ਼ ਅਧੀਨ ਅੜਿੱਕਾ ਬਣ ਰਹੀ ਹੈ। ਲੋਕ ਸੇਵਾ ਕੈਂਪ ਯੋਜਨਾਬੱਧ ਤਰੀਕੇ ਨਾਲ ਲੱਗ ਰਹੇ ਹਨ, ਜਿਸ 'ਚ ਕੁੱਝ ਵੀ ਗ਼ੈਰ-ਕਨੂੰਨੀ ਨਹੀਂ ਹੈ। ਕਾਰਡ ਬਣਾਉਣ ਦੀ ਸਾਰੀ ਕਾਰਵਾਈ ਕੇਂਦਰ ਸਰਕਾਰ ਤੋਂ ਮਨਜ਼ੂਰਸ਼ੁਦਾ ਆਮਲੇ ਫੈਲੇ ਰਾਹੀਂ ਕੀਤੀ ਜਾਂਦੀ ਹੈ। ਸਰਕਾਰ ਦੇ ਇਸ਼ਾਰੇ 'ਤੇ ਪੁਲਸ ਗ਼ੈਰ-ਸੰਵਿਧਾਨਕ ਢੰਗ ਨਾਲ ਕੈਂਪ ਰੱਦ ਕਰਵਾ ਰਹੀ ਹੈ। ਲੋਕ ਭਲਾਈ ਲਈ ਲੱਗਣ ਵਾਲੇ ਕੈਂਪ ਬੰਦ ਕਰਵਾਉਣਾ ਛੱਡ ਕੇ ਪੁਲਸ ਸੂਬੇ ਦੇ ਅਮਨ ਕਨੂੰਨ ਤੇ ਨਸ਼ਿਆਂ ਦੀ ਰੋਕਥਾਮ ਵੱਲ ਧਿਆਨ ਕਰੇ, ਮਾਨ ਸਰਕਾਰ ਦੀ ਧੱਕੇਸ਼ਾਹੀ ਭਾਜਪਾ ਨੂੰ ਡੱਕ ਨਹੀਂ ਸਕਦੀ ਤੇ ਲੋਕ ਸੇਵਾ ਕੈਂਪ ਹੋਰ ਵੀ ਵੱਡੀ ਗਿਣਤੀ 'ਚ ਲੱਗਣਗੇ। ਇਸ ਮੌਕੇ ਸੁਖਵਿੰਦਰ ਕੌਰ ਸ਼ੇਰਗੜ੍ਹ, ਰਜਨੀ ਜੱਸਲ, ਗੋਪਾਲ ਸਿੰਘ, ਰਕੇਸ਼ ਮਹਾਜਨ, ਤੇਲੂ ਰਾਮ ਤੇ ਵੱਡੀ ਗਿਣਤੀ 'ਚ ਭਾਜਪਾ ਵਰਕਰ ਹਾਜ਼ਰ ਸਨ। ਇਹ ਜਾਣਕਾਰੀ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਨੇ ਸਾਂਝੀ ਕੀਤੀ।

# ਭਾਜਪਾ ਨੇ ਫੂਕਿਆ ਸਰਕਾਰ ਦਾ ਪੁਤਲਾ, ਜੰਮ ਕੇ ਕੀਤੀ ਨਾਅਰੇਬਾਜ਼ੀ

## ਕੇਂਦਰ ਦੀਆਂ ਸਕੀਮਾਂ ਦਾ ਲਾਭ ਹਰ ਹਾਲਤ ਲੋਕਾਂ ਤੱਕ ਪਹੁੰਚਾਵਾਂਗੇ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਸਿੰਘ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਿੱਧੀ ਚੇਤਾਵਨੀ ਦਿੰਦਿਆਂ ਕਿਹਾ ਕਿ ਇਹ ਸਰਕਾਰ ਭਾਜਪਾ ਦਾ ਜਿੰਨਾ ਨਿਘਾਰ ਕਰਨ ਦੀ ਕੋਸ਼ਿਸ਼ ਕਰੇਗੀ, ਭਾਜਪਾ ਉਨੀ ਹੀ ਮਜ਼ਬੂਤ ਹੋ ਕੇ ਨਿਕਲੇਗੀ।ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਲਾਭ ਜ਼ਰੂਰਤਮੰਦਾਂ ਤੱਕ ਪਹੁੰਚਾਉਣ ਨੂੰ ਲੈ ਕੇ ਮੋਗਾ ਜ਼ਿਲ੍ਹੇ ਦੇ ਪਿੰਡ ਡਾਲਾ ਵਿੱਚ ਕੈਂਪ ਲਗਾ ਰਹੇ ਭਾਜਪਾ ਵਰਕਰਾਂ ਨੂੰ ਜਿਸ ਤਰ੍ਹਾਂ ਪੁਲਸ ਨੇ ਧੱਕੇ ਮਾਰ ਕੇ ਉਥੋਂ ਭਜਾਉਣ ਦੀ ਕੋਸ਼ਿਸ਼ ਕੀਤੀ ਬਾਅਦ ਵਿੱਚ ਭਾਜਪਾ ਲੀਡਰਾਂ ਨੂੰ ਗ੍ਰਿਫ਼ਤਾਰੀ ਵਿੱਚ ਲੈ ਕੇ 6 ਘੰਟੇ ਬਿਨਾਂ ਕਾਰਨ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜਿਸ ਦੇ ਰੋਸ ਵਜੋਂ ਅੱਜ ਭਾਜਪਾ ਵਰਕਰਾਂ ਵਿੱਚ ਰੋਸ ਵਧ ਗਿਆ।ਭਾਜਪਾ ਵਰਕਰਾਂ ਨੇ ਦੁੰਨੇਕੇ ਸਥਿੱਤ ਜ਼ਿਲ੍ਹਾ ਭਾਜਪਾ ਦਫ਼ਤਰ ਦੇ ਬਾਹਰ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।ਇਸ ਮੌਕੇ ਤਰਲੋਚਨ ਸਿੰਘ ਗਿੱਲ, ਨਿਧੜਕ ਸਿੰਘ ਬਰਾੜ, ਰਾਕੇਸ਼ ਸ਼ਰਮਾ, ਰਾਹੁਲ ਗਰਗ, ਵਿੱਕੀ ਸਿਤਾਰਾ, ਡਾ. ਸੀਮਾਂਤ ਗਰਗ, ਮਨਿੰਦਰ ਕੌਰ, ਕਮਲਜੀਤ ਕੌਰ ਧੱਲੇਕੇ, ਦੇਵ ਪ੍ਰਿਯਾ ਤਿਆਗੀ, ਐੱਸ. ਪੀ. ਮੁਖਤਿਆਰ ਸਿੰਘ, ਵਿਨੈ ਸ਼ਰਮਾ, ਨਿਰਮਲ ਸਿੰਘ ਮੀਨੀਆਂ, ਸਤਿੰਦਰਜੀਤ ਸਿੰਘ ਚੀਮਾ, ਤੇਜਵੀਰ ਸਿੰਘ, ਕੌਂਸਲਰ ਕੁਲਵਿੰਦਰ ਕੌਰ, ਭੁਪਿੰਦਰ ਹੈਪੀ, ਉਮਾਂਕਾਤ, ਸੁਕੇਸ਼ ਸੂਦ, ਅਮਰਜੀਤ ਸਿੰਘ ਕੋਕਰੀ, ਨਿਰਮਲ ਸਿੰਘ ਲੰਢੇਕੇ, ਹਰਨੇਕ ਸਿੰਘ ਮੋਠਾਂਵਾਲੀ, ਗੁਰਮੇਲ ਸਿੰਘ ਬਾਠ, ਸੂਰਜ ਭਾਨ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਭਾਜਪਾ ਵਰਕਰ ਤੇ ਸਮਰਥਕ ਹਾਜ਼ਰ ਸਨ, ਜਿਨ੍ਹਾਂ ਦਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਪਹੁੰਚਣ 'ਤੇ ਧੰਨਵਾਦ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਭਾਜਪਾ ਲੀਡਰਸ਼ਿਪ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਨਿਗ੍ਹਾ ਵੀ ਭਾਜਪਾ ਦੇ ਇਸ ਵਿਰੋਧ ਪ੍ਰਦਰਸ਼ਨ ਵਿੱਚ ਹੋਵੇਗੀ, ਜੋ ਲੋਕ ਕਹਿੰਦੇ ਸਨ ਕਿ ਭਾਜਪਾ ਦਾ ਪਿੰਡਾਂ ਵਿੱਚ ਕੋਈ ਆਧਾਰ ਨਹੀਂ ਹੈ, ਉਨ੍ਹਾਂ ਕੱਲ ਦੇਖਿਆ ਹੋਵੇਗਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਅੱਤਿਆਚਾਰ ਕਰਨ ਦੀ ਕੋਸ਼ਿਸ਼ ਕੀਤੀ, ਪੁਲਸ ਦੀ ਮਦਦ ਨਾਲ ਉਨ੍ਹਾਂ ਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ ਫਿਰ ਵੀ ਭਾਜਪਾ ਵਰਕਰਾਂ ਦਾ ਉਤਸ਼ਾਹ ਤੇ ਜੋਸ਼ ਇਸ ਕਦਰ ਵਧ ਗਿਆ ਕਿ ਭਾਜਪਾ ਦੇ ਚਾਲੀ ਤੋਂ ਵੱਧ ਅੱਹੁਦੇਦਾਰਾਂ ਤੇ ਮਰਦਾਂ ਨੂੰ ਪੁਲਸ ਹਿਰਾਸਤ ਵਿੱਚ ਲਿਆ ਗਿਆ ਤੇ ਵੀ ਪੁਲਸ ਇਹ ਫ਼ੈਸਲਾ ਨਹੀਂ ਕਰ ਸਕੀ ਕਿ ਇਨ੍ਹਾਂ 'ਤੇ ਕਿਸ ਧਾਰਾ ਦਾ ਕੇਸ ਦਰਜ ਕੀਤਾ ਜਾਵੇ ਤੇ ਬਾਅਦ ਵਿੱਚ ਆਖਿਰਕਾਰ ਸ਼ਾਮ 7 ਵਜੇ ਦੇ ਕਰੀਬ ਵਰਕਰਾਂ ਨੂੰ ਛੱਡਣਾ ਪਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਇਸ ਕਾਰਵਾਈ ਨਾਲ ਪੂਰੇ ਪੰਜਾਬ ਵਿੱਚ ਸੰਦੇਸ਼ ਗਿਆ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਚੋਣ ਵਾਅਦੇ ਪੂਰੇ ਨਹੀਂ ਕਰ ਸਕੀ ਹੈ, ਜੋ ਕੇਂਦਰ ਸਰਕਾਰ ਦੀਆਂ ਲੋਕ ਅਤੇ ਲਾਭਕਾਰੀ ਯੋਜਨਾਵਾਂ ਪੰਜਾਬ ਦੇ ਲੋਕਾਂ ਲਈ ਚਲਾਈਆਂ ਗਈਆਂ ਹਨ, ਉਨ੍ਹਾਂ ਦਾ ਲਾਭ ਲੋਕਾਂ ਤੱਕ ਪਹੁੰਚਾਉਣ ਦੀ ਬਜਾਏ ਲੋਕਾਂ ਨੂੰ ਮਿਲ ਰਹੇ ਲਾਭ ਵੀ ਖੋਹਣਾ ਚਾਹੁੰਦੀ ਹੈ।ਇਸ ਮੌਕੇ ਗੁੱਸੇ ਵਿੱਚ ਆਏ ਵਰਕਰਾਂ ਨੇ ਪੰਜਾਬ ਸਰਕਾਰ ਖਿਲਾਫ਼ ਜਮ ਕੇ ਨਾਅਰੇਬਾਜ਼ੀ ਕੀਤੀ ਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਦਾ ਗ੍ਰਾਫ ਦਿਨੋਂ ਦਿਨ ਘਟਦਾ ਜਾ ਰਿਹਾ ਹੈ, ਜਿਸ ਦੀ ਬੌਖਲਾਹਟ ਸਰਕਾਰ ਨੂੰ ਸਤਾ ਰਹੀ ਹੈ।

24 Aug Page 6.qxd 8/23/2025 10:29 PM Page 1



## ਭਗਵੰਤ ਮਾਨ ਵੱਲੋਂ ਹੜ੍ਹ ਪ੍ਰਭਾਵਿਤ ਕਪੂਰਥਲਾ ਜ਼ਿਲ੍ਹੇ ਦਾ ਤੂਫ਼ਾਨੀ ਦੌਰਾ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਹੋਏ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਲਈ ਢੁੱਕਵਾਂ ਮੁਆਵਜ਼ਾ ਦੇਣ ਦਾ ਐਲਾਨ ਕੀਤਾ।ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਕੁਦਰਤੀ ਆਫ਼ਤਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਢੰਗ-ਤਰੀਕੇ ਵੀ ਤਲਾਸ਼ੇ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਕੁਦਰਤੀ ਆਫ਼ਤ ਕਰਕੇ ਸੂਬੇ ਵਿੱਚ ਪੈਦਾ ਹੋਈ ਸਥਿਤੀ ਦੀ ਬਾਕਾਇਦਾ ਨਿਗਰਾਨੀ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹਿਲਾਂ ਹੀ ਵੱਡੇ ਪੱਧਰ 'ਤੇ ਰਾਹਤ ਅਤੇ ਬਚਾਅ ਕਾਰਜ ਚੱਲ ਰਹੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਹੋਏ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ ਲਈ ਵਿਸ਼ੇਸ਼ ਗਿਰਦਾਵਰੀ ਵਿੱਚ ਫਸਲ, ਪਸ਼ੂ, ਘਰ ਆਦਿ ਤੋਂ ਇਲਾਵਾ ਅਜਿਹੇ ਹਰ ਨੁਕਸਾਨ ਨੂੰ ਵਿਚਾਰਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਨੀਵੇਂ ਇਲਾਕਿਆਂ ਵਿੱਚ ਹੜ੍ਹ ਕਰਕੇ ਹੋਏ ਨੁਕਸਾਨ ਦਾ ਪਤਾ ਲਗਾ ਕੇ ਲੋਕਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇਗਾ।





## ਨਾਗਰਾ ਦੇ ਕਈ ਪਰਵਾਰ ਕਾਂਗਰਸ ਛੱਡ ਕੇ 'ਆਪ' 'ਚ ਹੋਏ ਸ਼ਾਮਲ

**ਜਲੰਧਰ (ਸ਼ੈਲੀ ਐਲਬਰਟ)**- ਜਲੰਧਰ ਨਾਰਥ ਹਲਕੇ ਵਿੱਚ ਕਾਂਗਰਸ ਪਾਰਟੀ ਨੂੰ ਇੱਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਵਾਰਡ ਨੰਬਰ 82, ਪਿੰਡ ਨਾਗਰਾ ਵਿੱਚ ਕਾਂਗਰਸ ਦੇ ਪੁਰਾਣੇ ਵਰਕਰਾਂ ਸਮੇਤ ਕਈ ਪਰਵਾਰਾਂ ਨੇ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਹ ਪਰਵਾਰ ਵਾਰਡ ਪ੍ਰਧਾਨ ਦੀਪਕ ਸੰਧੂ ਵੱਲੋਂ ਆਯੋਜਿਤ ਕੀਤੀ ਗਈ ਇੱਕ ਮਹੱਤਵਪੂਰਨ ਮੀਟਿੰਗ ਦੌਰਾਨ ਸ਼ਾਮਲ ਹੋਏ। ਇਸ ਮੌਕੇ ਬਸੰਤ ਸਿੰਘ, ਦੀਪਕ, ਬਲਵਿੰਦਰ ਕੁਮਾਰ, ਗਗਨਦੀਪ ਸਿੰਘ, ਸਲੀਮ, ਮਿੰਟੂ ਦਾਸ, ਸੰਜੈ ਮਿਸ਼ਰਾ, ਕੁਸੁਮ ਦੇਵੀ, ਉਮਾ ਦੇਵੀ, ਪੂਨਮ, ਜਯੋਤੀ, ਮਾਇਆਵਤੀ ਸਮੇਤ ਕਈ ਪਰਿਵਾਰਾਂ ਨੇ ਆਮ ਆਦਮੀ ਪਾਰਟੀ 'ਤੇ ਆਪਣੇ ਪੂਰੇ ਭਰੋਸੇ ਦਾ ਇਜ਼ਹਾਰ ਕੀਤਾ।ਹਲਕਾ ਇੰਚਾਰਜ ਨਾਰਥ ਦਿਨੇਸ਼ ਢੱਲ ਤੇ ਜ਼ਿਲ੍ਹਾ ਪ੍ਰਧਾਨ ਅੰਮ੍ਰਿਤਪਾਲ ਦੀ ਅਗਵਾਈ ਵਿੱਚ ਸ਼ਾਮਿਲ ਹੋਏ। ਇਸ ਮੌਕੇ ਦਿਨੇਸ਼ ਢਲ ਨੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਜਲੰਧਰ ਨਾਰਥ ਹਲਕੇ ਦੇ ਕਿਸੇ ਵੀ ਪਿੰਡ ਜਾਂ ਮੁਹੱਲੇ ਦਾ ਕੰਮ ਰੁਕਣ ਨਹੀਂ ਦਿੱਤਾ ਜਾਵੇਗਾ।

## ਵਿਦੇਸ਼ ਦਾ ਦੌਰਾ ਰੱਦ ਕਰਕੇ ਹੜ੍ਹ ਪੀੜਤਾਂ ਦੀ ਸਹਾਇਤਾ 'ਚ ਜੁਟੇ ਸੰਤ ਸੀਚੇਵਾਲ

**ਸ਼ਾਹਕੋਟ (ਗਿਆਨ ਸੈਦਪੁਰੀ)**- ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਮੀਂਹ ਕਾਰਨ ਦਰਿਆਵਾਂ ਦੇ ਕੰਢਿਆਂ ਵਾਲੇ ਖੇਤਰ ਦੇ ਪਿੰਡ ਲੰਬੇ ਸਮੇਂ ਤੋਂ ਹੜ੍ਹਾਂ ਵਿੱਚ ਡੁੱਬੇ ਹੋਏ ਹਨ। ਇਨ੍ਹਾਂ ਹਾਲਾਤਾਂ ਵਿੱਚ, ਪੰਜਾਬ ਦੇ ਸੰਸਦ ਮੈਂਬਰ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਬਚਾਅ ਕਾਰਜਾਂ ਲਈ ਪਹਿਲੇ ਦਿਨ ਤੋਂ ਹੀ ਯਤਨਸ਼ੀਲ ਹਨ। ਸੰਤ ਸੀਚੇਵਾਲ ਨੇ ਆਪਣਾ ਇੰਗਲੈਂਡ ਦੌਰਾ ਵੀ ਰੱਦ ਕਰ ਦਿੱਤਾ ਹੈ। ਸੰਤ ਸੀਚੇਵਾਲ ਦੇ ਸੇਵਾਦਾਰਾਂ ਨੇ ਇਸ ਗੱਲ ਦੀ ਪੁਸ਼ਟੀ ਕਰਦਿਆ ਹੋਇਆ ਦੱਸਿਆ ਕਿ ਉਹਨਾਂ ਵੱਲੋਂ ਇੰਗਲੈਂਡ ਲਈ ਹਵਾਈ ਟਿਕਟ ਕਰਵਾਈ ਹੋਈ ਸੀ। ਜਿੱਥੇ ਉਹ ਧਾਰਮਿਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਪਹੁੰਚ ਰਹੇ ਸੀ। ਪਰ ਆਹਲੀ ਨੇੜੇ ਦੇ ਐਡਵਾਂਸ ਬੰਨ੍ਹ ਦੇ ਖੁਰਨ ਦੀ ਖਬਰ ਸੁਣਦਿਆ ਹੀ ਬੰਨ੍ਹ ਨੂੰ ਬਚਾਉਣ ਲਈ ਸੰਤ ਸੀਚੇਵਾਲ ਵੱਲੋਂ ਵਿਦੇਸ਼ ਦਾ ਦੌਰਾ ਰੱਦ ਕਰ ਦਿੱਤਾ ਗਿਆ, ਜੋ ਟੁੱਟਣ ਦੇ ਕੰਢੇ ਸੀ। ਇਲਾਕੇ ਦੇ ਲੋਕਾਂ ਨੇ ਜਾਣਕਾਰੀ ਦਿੰਦਿਆ ਹੋਇਆ ਦੱਸਿਆ ਕਿ ਸੰਤ ਸੀਚੇਵਾਲ ਦੇ ਪਹੁੰਚਣ ਨਾਲ ਇੱਥੇ ਇਲਾਕੇ ਦੇ ਲੋਕਾਂ ਵਿੱਚ ਵੱਡੀ ਉਮੀਦ ਜਾਗੀ ਹੈ। ਉਹਨਾਂ ਦੱਸਿਆ ਕਿ ਜੇਕਰ ਇਹ ਬੰਨ੍ਹ ਟੁੱਟ ਜਾਂਦਾ ਤਾਂ ਹੜ੍ਹ ਨਾਲ ਲਗਭਗ 35 ਤੋਂ 40 ਹਜ਼ਾਰ ਏਕੜ ਜ਼ਮੀਨ ਵਿੱਚ ਤਬਾਹੀ ਹੋ ਸਕਦੀ ਸੀ, ਜੋ ਕਿ ਹੁਣ ਸੁਰੱਖਿਅਤ ਹੈ। ਪਿੰਡ ਸੁਰੂਪਵਾਲ ਦੇ ਕਿਸਾਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਜਿਵੇਂ ਹੀ ਸੰਤ ਸੀਚੇਵਾਲ ਜੀ ਨੂੰ ਦੇਰ ਰਾਤ ਜਾਣਕਾਰੀ ਮਿਲੀ ਤਾਂ ਉਹਨਾਂ ਆਪਣਾ ਅੱਜ ਇੰਗਲੈਂਡ ਜਾਣ ਦਾ ਦੌਰਾ ਰੱਦ ਕਰਕੇ ਸਿੱਧਾ ਆਹਲੀ ਕਲਾਂ ਦੇ ਐਡਵਾਂਸ ਨੂੰ ਬਚਾਉਣ ਲਈ ਸੇਵਾਦਾਰਾਂ ਨਾਲ ਪਹੁੰਚ ਗਏ।



## ਲੈਂਡ ਪੂਲਿੰਗ ਸਕੀਮ ਰੱਦ ਕਰਵਾ ਕੇ ਪੰਜਾਬੀਆਂ ਨੇ ਫਿਰ ਸਿਰਜਿਆ ਇਤਿਹਾਸ : ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬੀਆਂ ਨੇ ਸੰਘਰਸ਼ਾਂ ਰਾਹੀਂ ਲੈਂਡ ਪੂਲਿੰਗ ਸਕੀਮ ਨੂੰ ਰੱਦ ਕਰਵਾ ਕੇ ਫਿਰ ਇਤਿਹਾਸ ਸਿਰਜਿਆ ਹੈ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਹਨਾਂ ਕਿਹਾ ਕਿ ਸਾਮਰਾਜਵਾਦ ਅਤੇ ਪੂੰਜੀਵਾਦ ਨਾਲ ਜੰਗ ਅੱਗੇ ਵੀ ਚਲਦਾ ਰਹੇਗਾ ਕਿਉਂਕਿ ਇਹਨਾਂ ਦੀ ਅੱਖ ਸਾਡੀ ਜ਼ਮੀਨਾਂ 'ਤੇ ਹੈ ਇਹ ਹਾਕਮਾਂ ਨਾਲ ਮਿਲ ਕੇ ਸਾਡੀਆਂ ਜ਼ਮੀਨਾਂ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਜਿਸ ਨੂੰ ਪੰਜਾਬੀ ਕਿਸੇ ਵੀ ਕੀਮਤ 'ਤੇ ਕਾਮਯਾਬ ਨਹੀਂ ਹੋਣ ਦੇਣਗੇ।ਪੰਜਾਬੀ ਹਮੇਸ਼ਾ ਕਾਰਪੋਰੇਟ ਦੀਆਂ ਸਾਜ਼ਿਸ਼ਾਂ ਨੂੰ ਆਪਣੀ ਏਕਤਾ ਦੇ ਬਲ 'ਤੇ ਫੇਲ੍ਹ ਕਰਨਗੇ।ਸਾਥੀ ਰਾਣਾ ਨੇ ਦੱਸਿਆ ਕਿ ਜਿੱਤ ਰੈਲੀ 24 ਅਗਸਤ ਨੂੰ ਸਮਰਾਲਾ ਵਿਖੇ ਹੋਵੇਗੀ।ਇਸ ਮੌਕੇ ਸਾਥੀ ਹਰਪਾਲ ਸਿੰਘ ਮੱਕੋਵਾਲ ਅਤੇ ਬਲਦੇਵ ਸਿੰਘ ਬੱਲੀ ਬੀ ਉਨ੍ਹਾਂ ਦੇ ਨਾਲ ਹਾਜ਼ਰ ਸਨ।



## ਭਾਜਪਾ ਫਿਲੌਰ ਵੱਲੋਂ ਮੁੱਖ ਮੰਤਰੀ ਦਾ ਪੁਤਲਾ ਫੂਕ ਅਰਥੀ ਫੂਕ ਮੁਜ਼ਾਹਰਾ

**ਫਿਲੌਰ (ਨਿਰਮਲ)**- ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਪਵਾਰ ਦੀ ਪ੍ਰਧਾਨਗੀ 'ਚ ਫਿਲੌਰ ਵਿਖੇ ਅਰਥੀ ਫੂਕ ਮੁਜ਼ਾਹਰਾ ਕਰਕੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ ਗਿਆ।ਇਹ ਪੁਤਲਾ ਫੂਕ ਮੁਜ਼ਾਹਰਾ ਇੰਚਾਰਜ ਡਾ. ਮੁਕੇਸ਼ ਦਾਦਰਾ ਦੀ ਦੇਖ ਰੇਖ ਵਿੱਚ ਕੀਤਾ ਗਿਆ, ਜਿਸ ਦੌਰਾਨ ਵਿਧਾਨ ਸਭਾ ਹਲਕਾ ਫਿਲੌਰ ਦੇ ਬਹੁਤ ਸਾਰੇ ਭਾਜਪਾ ਆਗੂ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ।ਇਸ ਮੌਕੇ ਰਣਜੀਤ ਪਵਾਰ ਨੇ ਕਿਹਾ ਕਿ ਪੰਜਾਬ ਸਰਕਾਰ ਬੁਖਲਾਹਟ 'ਚ ਹੈ। ਕੇਜਰੀਵਾਲ, ਭਗਵੰਤ ਮਾਨ ਨੂੰ ਵਰਤ ਕੇ ਪੰਜਾਬ ਦਾ ਮਾਹੌਲ ਖਰਾਬ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀ ਕੇਂਦਰ ਸਰਕਾਰ ਦੀਆਂ ਸਕੀਮਾਂ ਲੋਕਾਂ ਤੱਕ ਪਹੁੰਚਾ ਰਹੇ ਹਾਂ ਇਸ ਵਿੱਚ ਗਲਤ ਕੀ ਹੈ।ਪਵਾਰ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਸਕੀਮਾਂ ਲੋਕਾਂ ਤੱਕ ਪਹੁੰਚਣਗੀਆਂ ਸੂਬਾ ਸਰਕਾਰ ਕੋਈ ਅਧਿਕਾਰ ਨਹੀਂ ਕਿ ਉਹ ਸੀ ਐਸ ਸੀ ਮਾਨਤਾ ਵਿਅਕਤੀਆਂ ਨੂੰ ਰੋਕ ਸਕੇ ਕਿਉਂਕਿ ਇਹ ਸੈਂਟਰ ਸਰਕਾਰ ਦਾ ਅਦਾਰਾ ਹੈ। ਉਨ੍ਹਾਂ ਦੀ ਮਦਦ ਨਾਲ ਹੀ ਅਸੀਂ ਲੋਕਾਂ ਤੱਕ ਸਕੀਮਾਂ ਦਾ ਲਾਭ ਪਹੁੰਚਾਉਣ ਦਾ ਕੰਮ ਕਰਦੇ ਹਾਂ ਜੋ ਸਾਡੇ ਨੇਤਾ ਅਤੇ ਪਾਰਟੀ ਸਮਰਥਕਾਂ ਨੂੰ ਬਿਨਾਂ ਵਜ੍ਹਾ ਪੁਲਸ ਨੂੰ ਹੁਕਮ ਦੇ ਕੇ ਡਿਟੇਨ ਕੀਤਾ ਗਿਆ ਸੀ। ਰੋਸ ਵਜੋਂ ਪੂਰੇ ਪੰਜਾਬ ਵਿੱਚ ਭਾਜਪਾ ਵੱਲੋਂ ਮੁੱਖ ਮੰਤਰੀ ਦਾ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ। ਉਸ ਲੜੀ ਤਹਿਤ ਫਿਲੌਰ ਵਿੱਚ ਵੀ ਮੁੱਖ ਮੰਤਰੀ ਦਾ ਪੁਤਲਾ ਫੂਕਿਆ ਗਿਆ।



## ਇੰਨੋਸੈਂਟ ਹਾਰਟਸ ਦੀ ਬੈਡਮਿੰਟਨ ਟੀਮ ਨੇ ਜਿੱਤਿਆ ਸੋਨੇ ਦਾ ਤਗਮਾ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ ਬ੍ਰਾਂਚ ਦੀ ਅੰਡਰ-19 ਮੁੰਡਿਆਂ ਦੀ ਬੈਡਮਿੰਟਨ ਟੀਮ ਨੇ ਜਲੰਧਰ ਦੇ ਰਾਇਜ਼ਾਦਾ ਹੰਸ ਰਾਜ ਸਟੇਡੀਅਮ (ਬੈਡਮਿੰਟਨ ਕੋਰਟ) ਵਿਖੇ ਆਯੋਜਿਤ ਪ੍ਰਤਿਸ਼ਠਾਵਾਨ ਸੀ ਬੀ ਐਸ ਈ ਕਲੱਸਟਰ XVIII ਚੈਂਪੀਅਨਸ਼ਿਪ 2025 ਵਿੱਚ ਗੋਲਡ ਮੈਡਲ ਜਿੱਤਿਆ। ਜੇਤੂ ਜੋੜੀ, ਦਿਵਯਮ ਸਚਦੇਵਾ ਅਤੇ ਅਨੀਸ਼ ਭਾਰਦਵਾਜ, ਦੋਵੇਂ ਜਮਾਤ XII ਦੇ ਵਿਦਿਆਰਥੀ, ਨੇ ਪੂਰੇ ਟੂਰਨਾਮੈਂਟ ਦੌਰਾਨ ਬੇਮਿਸਾਲ ਹੁਨਰ, ਦ੍ਰਿੜਤਾ ਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ, ਜਿਸ ਨਾਲ ਖੇਤਰ ਭਰ ਦੇ ਮਜ਼ਬੂਤ ਪ੍ਰਤੀਯੋਗੀਆਂ ਨੂੰ ਪਛਾੜ ਦਿੱਤਾ ਗਿਆ। ਇਸ ਜਿੱਤ ਨਾਲ, ਖਿਡਾਰੀਆਂ ਨੇ ਗੁਜ਼ਰਾਂਵਾਲਾ ਵਿੱਚ ਹੋਣ ਵਾਲੀ ਸੀ ਬੀ ਐਸ ਈ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ 2025 ਵਿੱਚ ਸਥਾਨ ਪ੍ਰਾਪਤ ਕੀਤਾ ਹੈ। ਇੰਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਖਿਡਾਰੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ।



## ਲੋਕਾਂ ਦੇ ਹੱਕ ਉਨ੍ਹਾਂ ਨੂੰ ਦਿਵਾਉਣ ਲਈ ਟਾਈਗਰ ਫੋਰਸ ਆਪਣਾ ਯੋਗਦਾਨ ਪਾਵੇਗੀ : ਅਜੇ ਖੋਸਲਾ



**ਟਾਂਡਾ ਉੜਮੁੜ (ਜਸਵਿੰਦਰ ਸਿੰਘ ਮਿੰਟੂ, ਓਂਕਾਰ ਸਿੰਘ)**- ਵਾਲਮੀਕਨ ਟਾਈਗਰ ਫੋਰਸ ਆਲ ਇੰਡੀਆ ਨੂੰ ਹੋਰ ਮਜ਼ਬੂਤ ਕਰਨ ਅਤੇ ਇਸਦੀ ਪ੍ਰਾਪਤੀਆਂ ਤੇ ਕਾਰਗੁਜ਼ਾਰੀਆਂ ਸਬੰਧੀ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਲਈ ਵਾਲਮੀਕਨ ਟਾਈਗਰ ਫੋਰਸ ਟਾਂਡਾ ਵਿਖੇ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਅਜੇ ਖੋਸਲਾ ਅਤੇ ਉਪ ਪ੍ਰਧਾਨ ਵਿੱਕੀ ਦਿੱਦਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਉਨ੍ਹਾਂ ਨਾਲ ਅਵਤਾਰ ਸਿੰਘ ਮੋਹਕਮਗੜ੍ਹ, ਨੀਰਜ ਭੱਟੀ, ਸੰਨੀ ਭੱਟੀ, ਸਨਾਤਨ ਧਰਮ ਸਭਾ ਅਹਿਆਪੁਰ ਦੇ ਪ੍ਰਧਾਨ ਨਿਖਲੇਸ਼ ਜਸਰਾ, ਸ਼ਿਵ ਸੇਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ, ਸੰਨੀ ਪੰਡਤ, ਬਿੰਦੀ, ਗਣੇਸ਼ ਵੈਦ, ਸੰਨੀ ਕਲਸੀ, ਚੰਦਨ ਦਿਵੇਦੀ ਪਹੁੰਚੇ।ਸਮਾਰੋਹ 'ਚ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਅਜੇ ਖੋਸਲਾ ਨੇ ਕਿਹਾ ਕਿ ਵਾਲਮੀਕਨ ਟਾਈਗਰ ਫੋਰਸ ਆਲ ਇੰਡੀਆ ਦਾ ਅਸਲ ਮਕਸਦ ਸੰਗਠਨ ਨੂੰ ਹੋਰ ਮਜ਼ਬੂਤ ਕਰਕੇ ਲੋਕ ਹਿੱਤ ਨੀਤੀਆਂ 'ਤੇ ਚਲਦੇ ਹੋਏ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣਾ ਹੈ। ਇਸ ਮੌਕੇ ਪ੍ਰਧਾਨ ਅਜੇ ਖੋਸਲਾ ਨੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਸੰਬੰਧੀ ਅਵਤਾਰ ਸਿੰਘ ਮੋਹਕਮਗੜ੍ਹ ਨੂੰ ਦੋਆਬਾ ਦਿਹਾਤੀ ਪ੍ਰਧਾਨ, ਨੀਰਜ ਭੱਟੀ ਨੂੰ ਦੋਆਬਾ ਦਿਹਾਤੀ ਉਪ ਪ੍ਰਧਾਨ ਅਤੇ ਸੰਨੀ ਭੱਟੀ ਨੂੰ ਦੋਆਬਾ ਦਿਹਾਤੀ ਸਕੱਤਰ ਨਿਯੁਕਤ ਕਰਕੇ ਉਨ੍ਹਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ।

## ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਕੀਮਾਂ ਬਾਰੇ ਕੈਂਪਾਂ ਨੂੰ ਰੋਕਣਾ ਨਿੰਦਣਯੋਗ : ਚੌਧਰੀ ਮੋਹਣ ਲਾਲ

**ਬੰਗਾ (ਅਵਤਾਰ ਕਲੇਰ)** ਪੰਜਾਬ ਸਰਕਾਰ ਖੁੱਦ ਤਾਂ ਗਰੀਬਾਂ, ਮਜ਼ਦੂਰ ਦਿਹਾੜੀਦਾਰਾਂ ਅਤੇ ਕਿਸਾਨਾਂ ਲਈ ਕੁੱਝ ਵੀ ਨਹੀਂ ਕਰ ਰਹੀ।ਪਰ ਕੇਂਦਰ ਦੀ ਮੋਦੀ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਨੂੰ ਵੀ ਧੱਕੇ ਨਾਲ ਬੰਦ ਕਰਵਾ ਰਹੀ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਜਪਾ ਆਗੂ ਚੌਧਰੀ ਮੋਹਨ ਲਾਲ ਸਾਬਕਾ ਵਿਧਾਇਕ ਬੰਗਾ ਨੇ ਬਹਿਰਾਮ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦਾ ਕੋਈ ਵਸਨੀਕ ਸੁਰਖਿਅਤ ਨਹੀਂ ਹੈ।ਪੰਜਾਬ ਵਿੱਚ ਕਿਸਾਨ ਦਲਿਤ, ਵਪਾਰੀ ਤਕਰੀਬਨ ਹਰ ਵਰਗ ਆਪਣੇ ਆਪ ਨੂੰ ਲੁੱਟਿਆ-ਲੁੱਟਿਆ ਮਹਿਸੂਸ ਕਰ ਰਿਹਾ ਹੈ।ਜਿਥੇ ਕੇਂਦਰ ਦੀ ਮੋਦੀ ਸਰਕਾਰ ਨੇ ਲੋਕ ਭਲਾਈ ਸਕੀਮਾਂ ਜਿਵੇਂ ਆਯੂਸ਼ਮਾਨ ਕਾਰਡ, ਬਜ਼ੁਰਗਾਂ, ਵਿਧਵਾਵਾਂ ਅਤੇ ਅੰਗਹੀਣਾਂ ਲਈ ਪੈਨਸ਼ਨ ਲਗਾਉਣ ਲਈ ਫਾਰਮ ਭਰੇ ਜਾ ਰਹੇ ਹਨ ਉਥੇ ਮਜ਼ਦੂਰਾਂ ਬੇਰੁਜ਼ਗਾਰਾਂ ਦੇ ਕਾਰਡ ਵੀ ਬਣਾਏ ਜਾ ਰਹੇ ਹਨ, ਜਿਸ ਨਾਲ ਉਨ੍ਹਾਂ ਨੂੰ ਆਰਥਿਕ ਸਹਾਇਤਾ ਦੇ ਕੇ ਆਤਮ ਨਿਰਭਰ ਬਣਾਇਆ ਜਾ ਸਕੇ।ਸਾਬਕਾ ਵਿਧਾਇਕ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਜੋ ਪਿੰਡਾਂ ਵਿੱਚ ਦਿੱਤੀਆਂ ਜਾ ਰਹੀਆਂ ਸਕੀਮਾਂ ਬਾਰੇ ਕੈਂਪ ਲਗਾਏ ਜਾ ਰਹੇ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਧੱਕੇ ਨਾਲ ਰੋਕਿਆ ਜਾ ਰਿਹਾ ਹੈ ਜੋ ਕਿ ਗੈਰ ਸੰਵਿਧਾਨਿਕ ਹੈ।ਪੰਜਾਬ ਬੰਦ 'ਚ ਭਾਜਪਾ ਆਗੂਆਂ ਨੂੰ ਹਿਰਾਸਤ ਵਿੱਚ ਲੈ ਕੇ ਬੰਦ ਕਰਾ ਦਿੱਤੇ ਹਨ ਜੋ ਕਿ ਅਤਿ ਨਿੰਦਣ ਯੋਗ ਹੈ।ਇਸ ਮੌਕੇ ਡਾ. ਨਰੇਸ਼ ਰਾਵਲ, ਸੁਰਿੰਦਰਪਾਲ ਸਿੰਘ ਮਹੇਲੀਆਣਾ, ਜੋਗਰਾਜ ਨਿਮਾਣਾ, ਰਾਮ ਨੰਦ ਭਨੋਟ, ਰਾਜੇਸ਼ ਗੁਪਤਾ, ਰਵੀ ਪਾਲ ਬੰਗਾ,ਬਲਦੇਵ ਸਿੰਘ ਚੇੜਾ, ਜਗਜੀਤ ਸਿੰਘ ਕੁਲਥਮ,ਸੁਰਜੀਤ ਕੁਮਾਰ, ਸਤਨਾਮ ਸਿੰਘ ਚੱਕਗੁਰੂ,ਜੈ ਰਾਮ ਚੱਕਗੁਰੂ ,ਕੁਲਵਿੰਦਰ ਸਿੰਘ, ਮੁਕੇਸ਼ ਕੁਮਾਰ ਬਹਿਰਾਮ, ਰਸ਼ਪਾਲ ਸਿੰਘ, ਜਸਵੰਤ ਸਿੰਘ, ਦਿਲਬਾਗ ਸਿੰਘ,ਰਾਮ ਜੀ, ਧੰਨਵੀਰ, ਵਿਸ਼ਵ ਸ਼ਰਮਾ, ਜਗਤਾਰ ਸਿੰਘ ਆਦਿ ਹਾਜ਼ਰ ਸਨ।



## ਵਿਦਿਆਰਥੀਆਂ ਨੇ ਬਲਾਕ ਪੱਧਰੀ ਖੇਡਾਂ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਬਲਾਚੌਰ (ਜਸਵਿੰਦਰ ਬੈਂਸ)**- ਬੀਤੇ ਦਿਨੀ ਬਲਾਚੌਰ ਵਿਖੇ ਹੋਈਆਂ ਬਲਾਕ ਪੱਧਰੀ ਖੇਡਾਂ ਦੌਰਾਨ ਬਲਾਚੌਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਪ੍ਰਿੰਸੀਪਲ ਹਰਮਨਿੰਦਰ ਕੌਰ ਨੇ ਦੱਸਿਆ ਕਿ ਲੜਕੀਆਂ ਅੰਡਰ 19 ਚੈਸ ਕੁੱਲ 4 ਟੀਮਾਂ ਵਿੱਚੋਂ ਪਹਿਲਾ ਸਥਾਨ, ਲੜਕੇ ਅੰਡਰ 19 ਚੈਸ ਕੁੱਲ 4 ਟੀਮਾਂ ਵਿੱਚੋਂ ਪਹਿਲਾ ਸਥਾਨ, ਲੜਕੀਆਂ ਅੰਡਰ 19 ਫੁੱਟਬਾਲ ਵਿੱਚ ਪਹਿਲਾ ਸਥਾਨ, ਲੜਕੀਆਂ ਅੰਡਰ 19 ਕਬੱਡੀ ਵਿੱਚੋਂ ਪਹਿਲਾ ਸਥਾਨ, ਲੜਕੇ ਅੰਡਰ 17 ਕ੍ਰਿਕਟ ਕੁੱਲ 9 ਟੀਮਾਂ ਵਿੱਚੋਂ ਪਹਿਲਾ ਸਥਾਨ, ਲੜਕੇ ਅੰਡਰ 19 ਗਤਕਾ ਵਿੱਚ ਪਹਿਲਾ ਸਥਾਨ, ਲੜਕੇ ਅੰਡਰ 17 ਗਤਕਾ ਵਿੱਚੋਂ ਪਹਿਲਾ ਸਥਾਨ, ਲੜਕੀਆਂ ਅੰਡਰ 17 ਖੋ-ਖੋ ਕੁੱਲ 4 ਟੀਮਾ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ। ਸਕੂਲ ਚੇਅਰਮੈਨ ਐਚ ਪੀ ਸਿੰਘ, ਪ੍ਰਿੰਸੀਪਲ ਹਰਮਨਿੰਦਰ ਕੌਰ ਸਪੋਰਟਸ ਕੋਚ ਰਜਨੀ ਅਤੇ ਸਮੂਹ ਸਟਾਫ ਮੈਂਬਰਾਂ ਵੱਲੋਂ ਜਿੱਥੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ ਉਥੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਵੀ ਸ਼ੁਭਕਾਮਨਾਵਾਂ ਭੇਟ ਕੀਤੀਆਂ।

## ਮੈਥੇਮੈਟਿਕਸ ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

**ਜਲੰਧਰ (ਸ਼ੈਲੀ ਐਲਬਰਟ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਮੈਥੇਮੈਟਿਕਸ ਦੂਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ 10 ਵਿਚੋਂ 9.00 ਐਸ ਜੀ ਪੀ ਏ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਸਥਾਨ, ਜੈਸਮੀਨ ਨੇ 7.40 ਐਸ ਜੀ ਪੀ ਏ ਪ੍ਰਾਪਤ ਕਰਕੇ ਦਸਵਾਂ ਸਥਾਨ ਅਤੇ ਗੁਰਲੀਨ ਕੌਰ ਨੇ 7.20 ਐਸ ਜੀ ਪੀ ਏ ਪ੍ਰਾਪਤ ਕਰਕੇ ਗਿਆਰਵਾਂ ਸਥਾਨ ਹਾਸਲ ਕੀਤਾ। ਇਸ ਮੌਕੇ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਤੇ ਪ੍ਰਿੰਸੀਪਲ ਡਾ. ਸ਼ੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਡਾ. ਹਰਜੀਤ ਸਿੰਘ ਮੁਖੀ ਮੈਥੇਮੈਟਿਕਸ ਵਿਭਾਗ, ਡਾ. ਗਸ਼ਪਾਲ ਸਿੰਘ ਸੰਧੂ ਮੁਖੀ ਕਾਮਰਸ ਵਿਭਾਗ, ਡਾ. ਦਿਨਕਰ ਸ਼ਰਮਾ, ਡਾ. ਪਰਵਿੰਦਰ ਸਿੰਘ, ਪ੍ਰੋ. ਸ਼ੁਭਮ ਵੀ ਹਾਜ਼ਰ ਸਨ।

## ਪੰਡੋਰੀ ਨੇ ਸਕੂਲ ਦੀ ਬਿਲਡਿੰਗ ਤੇ ਬੁਨਿਆਦੀ ਢਾਂਚੇ ਦਾ ਜਾਇਜ਼ਾ ਲਿਆ



**ਮਹਿਤਪੁਰ (ਰਾਜਾ)**- ਸਰਕਾਰੀ ਹਾਈ ਸਕੂਲ ਪੰਡੋਰੀ ਖਾਸ ਵਿੱਚ ਆਮ ਆਦਮੀ ਪਾਰਟੀ ਸ਼ਾਹਕੋਟ ਹਲਕੇ ਦੇ ਇੰਚਾਰਜ ਪਰਮਿੰਦਰ ਸਿੰਘ ਪੰਡੋਰੀ ਨੇ ਸਰਪੰਚ ਸ਼੍ਰੀਮਤੀ ਚਰਨਜੀਤ ਕੌਰ, ਪੰਚਾਇਤ ਮੈਂਬਰਾਂ ਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਨਾਲ ਮਿਲ ਕੇ ਸ਼ਿਰਕਤ ਕੀਤੀ। ਪਰਮਿੰਦਰ ਸਿੰਘ ਪੰਡੋਰੀ ਨੇ ਸਕੂਲ ਦੀ ਬਿਲਡਿੰਗ, ਗਰਾਊਂਡ ਅਤੇ ਹੋਰ ਬੁਨਿਆਦੀ ਢਾਂਚੇ ਦਾ ਜਾਇਜ਼ਾ ਲਿਆ ਅਤੇ ਕਿਹਾ ਕਿ ਬੱਚਿਆਂ ਦੀ ਸਿੱਖਿਆ ਅਤੇ ਭਵਿੱਖ ਨਾਲ ਜੁੜੇ ਕਿਸੇ ਵੀ ਕੰਮ ਵਿੱਚ ਕੋਈ ਵੀ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ।ਸਕੂਲ ਪ੍ਰਬੰਧਕੀ, ਸਟਾਫ ਅਤੇ ਵਿਦਿਆਰਥੀਆਂ ਵੱਲੋਂ ਪਰਮਿੰਦਰ ਸਿੰਘ ਪੰਡੋਰੀ ਦਾ ਸਨਮਾਨ ਕੀਤਾ।

## ਆਦਮਪੁਰ ਏਅਰਪੋਰਟ ਦਾ ਨਾਂਅ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਨਾਂਅ 'ਤੇ ਰੱਖਿਆ ਜਾਵੇ : ਮਨੋਹਰ ਸਿੰਘ, ਦਲਜੀਤ ਭੱਟੀ



**ਆਦਮਪੁਰ (ਪਰਮਜੀਤ ਸਿੰਘ)**- ਸ਼ਹੀਦ ਬਾਬਾ ਮੱਤੀ ਡਰੋਲੀ ਕਲਾਂ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਤੇ ਆਦਮਪੁਰ ਦਲਜੀਤ ਸਿੰਘ ਭੱਟੀ ਵੱਲੋਂ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਸੰਬੰਧ ਵਿੱਚ ਇੱਕ ਵੱਡੀ ਮੀਟਿੰਗ ਰੱਖੀ ਗਈ ਇਸ ਮੌਕੇ ਉਨ੍ਹਾਂ ਸਰਕਾਰ ਪਾਸੋਂ ਮੰਗ ਕੀਤੀ ਕਿ ਆਦਮਪੁਰ ਏਅਰਪੋਰਟ ਦਾ ਨਾਂਅ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਨਾਮ 'ਤੇ ਰੱਖਿਆ ਜਾਵੇ। ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਫਿਰੋਜ਼ਪੁਰ ਤੋਂ ਅੰਮ੍ਰਿਤਸਰ ਵਿੱਚ ਇਹਨਾਂ ਦੀਆਂ ਯਾਦਗਾਰਾਂ ਤੇ ਬੜੇ ਭਾਰੀ ਮੇਲੇ ਲੱਗਦੇ ਹਨ। ਇਸ ਮੌਕੇ ਤੇ ਜਥੇਦਾਰ ਮਨੋਹਰ ਸਿੰਘ ਪ੍ਰਧਾਨ ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ, ਗੁਰਦਿਆਲ ਸਿੰਘ ਨਿੱਝਰ ਚੇਅਰਮੈਨ, ਰਸ਼ਪਾਲ ਸਿੰਘ ਸਰਪੰਚ ਡਰੋਲੀ ਕਲਾ, ਸੁਖਵਿੰਦਰ ਸਿੰਘ ਸਰਪੰਚ ਡਰੋਲੀ ਖੁਰਦ, ਹਰਮਿੰਦਰ ਸਿੰਘ ਸਰਪੰਚ ਕਾਲਰਾ, ਰਜਿੰਦਰ ਸਿੰਘ ਪ੍ਰਧਾਨ ਸੋਸਾਇਟੀ ਬੈਂਕ ਕਾਲਰਾ, ਕਮਲਜੀਤ ਸਿੰਘ ਲੱਕੀ ਸੇਵਾਦਾਰ ਸ਼ਹੀਦ ਬਾਬਾ ਮਤੀ, ਗੁਰਦੁਆਰਾ ਸ਼ਹੀਦ ਬਾਬਾ ਮਤੀ ਜੀ,ਵਰਿੰਦਰ ਸਿੰਘ ਪਰਹਾਰ ਸਮਾਜ ਸੇਵੀ, ਕੁਲਵਿੰਦਰ ਸਿੰਘ ਟੋਨੀ ਸਰਕਲ ਪ੍ਰਧਾਨ ਆਦਮਪੁਰ ਅਕਾਲੀ ਦਲ, ਗੁਰਮੇਲ ਸਿੰਘ ਸਕੱਤਰ ਆਦਮਪੁਰ, ਦਲਜੀਤ ਸਿੰਘ ਭੱਟੀ ਸੀਨੀਅਰ ਮੀਤ ਪ੍ਰਧਾਨ, ਆਦਮਪੁਰ ਗੁਰਮੇਲ ਸਿੰਘ ਜਰਨਲ ਸਕੱਤਰ ਆਦਿ ਹਾਜ਼ਰ ਸਨ।

## ਸਰਕਾਰੀ ਸਕੂਲਾਂ 'ਚ ਨਵੀਕਰਨ ਦੇ ਕੰਮ ਦਾ ਉਦਘਾਟਨ

**ਲਾਲੜੂ (ਵਿਨੈ ਕੁਮਾਰ ਜੈਨ)**- ਪੀ.ਸੀ.ਸੀ.ਪੀ.ਐਲ. ਕੰਪਨੀ ਵੱਲੋਂ ਪਿੰਡ ਮਗਰਾ ਦੇ ਸਰਕਾਰੀ ਪ੍ਰਾਇਮਰੀ ਤੇ ਸੈਕੰਡਰੀ ਸਕੂਲਾਂ ਵਿੱਚ ਨਵੀਕਰਨ ਦੇ ਕੰਮ ਦਾ ਉਦਘਾਟਨ ਕੀਤਾ ਗਿਆ। ਕੰਪਨੀ ਨੇ ਆਪਣੇ ਸੀ.ਐਸ.ਆਰ. ਪ੍ਰੋਗਰਾਮ ਹੇਠ ਲਗਭਗ 14 ਲੱਖ ਰੁਪਏ ਖਰਚ ਕਰਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸੁਵਿਧਾਵਾਂ ਮੁਹੱਈਆ ਕਰਵਾਈਆਂ ਹਨ। ਸਰਕਾਰੀ ਮਿਡਲ ਸਕੂਲ ਮਗਰਾ ਵਿੱਚ ਪੀ.ਸੀ.ਸੀ.ਪੀ.ਐਲ. ਨੇ ਵਿਦਿਆਰਥੀਆਂ ਅਤੇ ਸਕੂਲ ਸਟਾਫ ਲਈ 3 ਨਵੇਂ ਬਾਥਰੂਮ ਤਿਆਰ ਕਰਵਾਏ ਹਨ। ਇਨ੍ਹਾਂ ਸੁਵਿਧਾਵਾਂ ਨਾਲ ਸਕੂਲ ਦੇ ਬੱਚਿਆਂ ਨੂੰ ਸਫਾਈ ਤੇ ਸਿਹਤਮੰਦ ਵਾਤਾਵਰਣ ਪ੍ਰਾਪਤ ਹੋਵੇਗਾ। ਉਦਘਾਟਨ ਸਮਾਰੋਹ 'ਚ ਯਸ਼ ਵਰਧਨ ਤ੍ਰਿਪਾਠੀ, ਮਹੇਸ਼ ਸ਼ੁਕਲਾ, ਸ਼ਿਰਿਸ਼ ਮਿਸ਼ਰਾ, ਅਜੈ ਧਵਨ, ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਭੱਟੀ ਸਮੇਤ ਪਿੰਡ ਦੇ ਪਤਵੰਤੇ ਅਤੇ ਸਕੂਲ ਪ੍ਰਿੰਸੀਪਲ ਹਾਜ਼ਰ ਸਨ।



## ਨਗਰ ਕੌਂਸਲ ਵੱਲੋਂ ਡੇਂਗੂ ਜਾਗਰੂਕਤਾ ਮੁਹਿੰਮ ਜੰਗੀ ਪੱਧਰ 'ਤੇ ਸ਼ੁਰੂ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿਹਤ ਮੰਤਰੀ ਪੰਜਾਬ ਸਰਕਾਰ, ਡਾ. ਬਲਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਰੂਪਨਗਰ, ਡਾ. ਬਲਵਿੰਦਰ ਕੌਰ ਅਤੇ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ, ਡਾ. ਜੰਗਜੀਤ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਸ੍ਰੀ ਅਨੰਦਪੁਰ ਸਾਹਿਬ, ਡਾ. ਕੇ. ਪੀ. ਸਿੰਘ ਦੀ ਅਗਵਾਈ ਹੇਠ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਰੂਰਲ ਅਤੇ ਅਰਬਨ ਏਰੀਏ ਵਿੱਚ ਡੇਂਗੂ ਜਾਗਰੂਕਤਾ ਅਭਿਆਨ ਜੰਗੀ ਪੱਧਰ ਤੇ ਚਲਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਦੱਸਿਆ ਕਿ ਇਸ ਲੜੀ ਤਹਿਤ ਵਾਰਡ ਨੰਬਰ 1 ਮੁਹੱਲਾ ਮਜਾਰਾ ਵਿਖੇ ਸਿਹਤ ਵਿਭਾਗ ਕੀਰਤਪੁਰ ਸਾਹਿਬ ਦੀ ਟੀਮ ਅਤੇ ਹਰਜੀਤ ਸਿੰਘ ਜੀਤਾ ਨਗਰ ਪ੍ਰਧਾਨ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੀ ਅਗਵਾਈ ਵਿੱਚ ਸੈਨੇਟਰੀ ਇੰਸਪੈਕਟਰ ਮਦਨ ਲਾਲ ਰਾਜ ਘਈ ਅਤੇ ਸੁਲਿੰਦਰ ਕੁਮਾਰ ਦੀ ਟੀਮ ਨਾਲ ਮਿਲ ਕੇ ਸਾਂਝਾ ਜਾਗਰੂਕਤਾ ਅਭਿਆਨ ਚਲਾਇਆ ਗਿਆ ਜਿਸ ਵਿੱਚ ਵਾਰਡ 1 ਦੇ ਸਰਕਾਰੀ ਦਫਤਰਾਂ (ਡੀ ਐਸ ਪੀ ਦਫਤਰ, ਪੁਲਿਸ ਸਾਂਝ ਕੇਂਦਰ, ਬੀ ਡੀ ਪੀ ਓ ਦਫਤਰ, ਬੀ ਐਸ ਐਨ ਐਲ ਦਫਤਰ, ਪਟਵਾਰਖਾਨਾ, ਆਮ ਆਦਮੀ ਕਲੀਨਿਕ) ਵਿੱਚ ਵਿਜ਼ਟ ਕਰਕੇ ਕਰਮਚਾਰੀਆਂ ਅਤੇ ਹੋਰ ਹਾਜ਼ਰ ਪਤਵੰਤਿਆਂ ਨੂੰ ਦੱਸਿਆ ਗਿਆ ਕਿ ਡੇਂਗੂ ਬੁਖਾਰ ਏਡੀਜ਼ ਮੱਛਰ ਦੇ ਕੱਟਣ ਨਾਲ ਹੁੰਦਾ ਹੈ । ਉਹਨਾਂ ਦੱਸਿਆ ਕਿ ਡੇਂਗੂ ਦੇ ਲੱਛਣਾਂ ਵਿੱਚ ਤੇਜ਼ ਬੁਖਾਰ, ਹੱਥਾਂ ਪੈਰਾਂ ਵਿੱਚ ਦਰਦ, ਭੁੱਖ ਨਾ ਲੱਗਣਾ, ਉਲਟੀ ਆਉਣਾ, ਅੱਖਾਂ ਵਿੱਚ ਦਰਦ, ਸਿਰਦਰਦ, ਕਮਜ਼ੋਰੀ ਆਦਿ ਲੱਛਣ ਆਮ ਹੁੰਦੇ ਹਨ।



## ਖ਼ਾਲਸਾ ਕਾਲਜ 'ਚ ਵਿਰਾਸਤੀ ਮੇਲਾ ਕਰਵਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਵੋਮੈਨ ਸੈੱਲ ਵਲੋਂ ਸਾਵਣ ਮਹੀਨੇ ਨੂੰ ਸਮਰਪਿਤ ਵਿਰਾਸਤੀ ਮੇਲਾ ਕਰਵਾਇਆ ਗਿਆ। ਮੇਲੇ ਦੌਰਾਨ ਵਿਦਿਆਰਥਣਾਂ ਵਲੋਂ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ। ਵਿਦਿਆਰਥਣਾਂ ਵਲੋਂ ਸੁਹਾਗ, ਘੋੜੀਆਂ ਆਦਿ ਲੋਕ ਗੀਤਾਂ ਦੇ ਨਾਲ ਨਾਲ ਗਿੱਧੇ ਦਾ ਪੇਸ਼ਕਾਰੀ ਵੀ ਬਾਖੂਬੀ ਕੀਤੀ। ਵਿਦਿਆਰਥਣਾਂ ਵਲੋਂ ਮਹਿੰਦੀ ਅਤੇ ਸੇਵੀਆਂ ਵੱਟਣ ਦੇ ਮੁਕਾਬਲੇ ਵੀ ਕਰਵਾਏ ਗਏ ਜਿਸ ਵਿਚ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਇਨਾਮ ਪ੍ਰਾਪਤ ਕੀਤੇ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਵਿਦਿਆਰਥਣਾਂ ਨੂੰ ਆਪਣੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਡਾ. ਕੰਵਲਜੀਤ ਕੌਰ ਤੇ ਵਿਦਿਆਰਥਣਾਂ ਵਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਪ੍ਰੋ. ਲਖਵਿੰਦਰਜੀਤ ਕੌਰ, ਡਾ. ਮਨਬੀਰ ਕੌਰ, ਪ੍ਰੋ. ਗੀਤੂ ਸਿੰਘ, ਡਾ. ਅਰਵਿੰਦਰ ਕੌਰ, ਡਾ. ਹਰਵਿੰਦਰ ਕੌਰ ਤੇ ਸਮੂਹ ਸਟਾਫ਼ ਨੇ ਸਮਾਗਮ ਵਿਚ ਸ਼ਿਰਕਤ ਕੀਤੀ।




## ਸੰਤ ਸੀਚੇਵਾਲ ਨੇ ਕਾਸ਼ਤਕਾਰਾਂ ਨੂੰ ਮੁਆਵਜ਼ਾ ਦੇਣ ਦੀ ਕੀਤੀ ਮੰਗ

**ਸੁਲਤਾਨਪੁਰ ਲੋਧੀ (ਹਨੀ)**- ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਕਰਨ ਆਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲੋ ਮੰਗ ਕੀਤੀ ਕਿ ਫਸਲਾਂ ਦਾ ਮੁਆਵਜ਼ਾ ਕਾਸ਼ਤਕਾਰ ਨੂੰ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਬਹੁਤ ਸਾਰੇ ਕਿਸਾਨਾਂ ਨੇ ਜ਼ਮੀਨ ਠੇਕੇ 'ਤੇ ਲੈ ਕੇ ਝੋਨਾ ਬੀਜਿਆ ਹੋਇਆ ਸੀ। ਖੇਤਾਂ ਵਿੱਚ ਪਿਛਲੇ 13 ਦਿਨਾਂ ਤੋਂ ਪਾਣੀ ਖੜ੍ਹਾ ਰਹਿਣ ਕਾਰਨ ਝੋਨੇ ਦੀ ਫਸਲ ਬੁਰੀ ਤਰ੍ਹਾਂ ਨਾਲ ਤਬਾਹ ਹੋ ਗਈ ਹੈ। ਸੰਤ ਸੀਚੇਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਦੱਸਿਆ ਕਿ ਸਰਕਾਰ ਵੱਲੋਂ ਜਿਹੜਾ ਮੁਆਵਜ਼ਾ ਫਸਲਾਂ ਦੇ ਖਰਾਬੇ ਦਾ ਦਿੱਤਾ ਜਾਂਦਾ ਹੈ ਉਹ ਜ਼ਮੀਨਾਂ ਦੀ ਮਾਲਕੀ ਦੇਖਕੇ ਦਿੱਤਾ ਜਾਂਦਾ ਹੈ। ਇਸ ਕਰਕੇ ਮੁਆਵਜ਼ਾ ਜ਼ਮੀਨ ਦੇ ਮਾਲਕ ਨੂੰ ਚਲਿਆ ਜਾਂਦਾ ਹੈ ਜਦ ਕਿ ਉਸ ਨੇ ਇਹ ਜ਼ਮੀਨ ਠੇਕੇ 'ਤੇ ਦਿੱਤੀ ਹੁੰਦੀ ਹੈ। ਇਸ ਨਾਲ ਕਾਸ਼ਤਕਾਰ ਨੂੰ ਦੋਹਰਾ ਨੁਕਸਾਨ ਝੱਲਣਾ ਪੈਂਦਾ ਹੈ। ਇਸ ਤੋਂ ਪਹਿਲਾਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਵੀ ਸੰਤ ਸੀਚੇਵਾਲ ਨਾਲ ਮੁਲਾਕਾਤ ਕੀਤੀ। ਜਿਸਤੋਂ ਬਾਅਦ ਉਹਨਾਂ ਵੱਲੋਂ ਹੜ੍ਹਾਂ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ ਤੇ ਮੈਡੀਕਲ ਕੈਂਪਾਂ ਦਾ ਸਰਵੇ ਕੀਤਾ ਗਿਆ।



## ਹਵਾਈ ਸੈਨਾ ਵੱਲੋਂ ਵਿਦਿਆਰਥੀਆਂ ਲਈ ਵਿਸ਼ੇਸ਼ ਸੈਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ, ਹੁਸ਼ਿਆਰਪੁਰ ਵਿਖੇ ਵਿਦਿਆਰਥੀਆਂ ਲਈ ਭਾਰਤੀ ਹਵਾਈ ਸੈਨਾ ਦਾ ਇੱਕ ਵਿਸ਼ੇਸ਼ ਜਾਣਕਾਰੀ ਸੈਸ਼ਨ ਆਯੋਜਿਤ ਕੀਤਾ ਗਿਆ, ਜਿਸ ਦਾ ਆਯੋਜਨ 'ਡਾਇਰੈਕਟੋਰੇਟ ਆਫ ਇੰਡਕਸ਼ਨ ਐਂਡ ਸਿਲੈਕਸ਼ਨ ਇਨ ਹੋਲਿਸਟਿਕ ਅਪਰੋਚ' ਦੁਆਰਾ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਹਵਾਈ ਸੈਨਾ ਵਿੱਚ ਅਧਿਕਾਰੀ ਬਣਨ ਲਈ ਭਰਤੀ ਪ੍ਰਕਿਰਿਆ, ਉਪਲਬਧ ਮੌਕਿਆਂ ਅਤੇ ਕਰੀਅਰ ਮਾਰਗਦਰਸ਼ਨ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਪ੍ਰੋਗਰਾਮ ਦਾ ਉਦਘਾਟਨ ਯੂਨੀਵਰਸਿਟੀ ਦੇ ਕਾਰਜਕਾਰੀ ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕੀਤਾ। ਵਿੰਗ ਕਮਾਂਡਰ ਅੰਸ਼ੁਮਨ ਸਮਾਜਪਤੀ ਨੇ ਵਿਦਿਆਰਥੀਆਂ ਨੂੰ ਅਧਿਕਾਰੀਆਂ ਦੀ ਭੂਮਿਕਾ, ਸਿਖਲਾਈ ਪ੍ਰਕਿਰਿਆ ਅਤੇ ਕਰੀਅਰ ਵਿਕਾਸ ਦੇ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਕੁਐਡਰਨ ਲੀਡਰ ਚੱਕਰਵਰਤੀ ਲੱਖਾਵਤ ਨੇ ਹਵਾਈ ਸੈਨਾ ਦੇ ਵੱਖ-ਵੱਖ ਵਿਭਾਗਾਂ ਅਤੇ ਉਨ੍ਹਾਂ ਦੇ ਕੰਮਕਾਜ ਬਾਰੇ ਚਾਨਣਾ ਪਾਇਆ। ਸੈਸ਼ਨ ਵਿੱਚ ਵਿਦਿਆਰਥੀਆਂ ਨੂੰ ਭਰਤੀ ਪ੍ਰਕਿਰਿਆ, ਚੋਣ ਮਾਪਦੰਡ, ਪ੍ਰੀਖਿਆ, ਇੰਟਰਵਿਊ ਅਤੇ ਮੈਡੀਕਲ ਟੈਸਟ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਮੌਕੇ ਹਵਾਈ ਸੈਨਾ ਦੇ ਅਧਿਕਾਰੀਆਂ ਨੇ ਬੱਸ ਪ੍ਰਦਰਸ਼ਨੀ ਰਾਹੀਂ ਵਿਦਿਆਰਥੀਆਂ ਨੂੰ ਹਵਾਈ ਸੈਨਾ ਦੇ ਜਹਾਜ਼ਾਂ ਅਤੇ ਉਨ੍ਹਾਂ ਦੇ ਤਕਨੀਕੀ ਵੇਰਵਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਵੀ ਦਿੱਤੀ।



## ਲਾਇਨਜ਼ ਕਲੱਬ ਬੰਗਾ ਸਿਮਰਨ ਵੱਲੋਂ ਡੀ ਐੱਸ ਪੀ ਸਮੇਤ ਪੁਲਸ ਮੁਲਾਜ਼ਮ ਸਨਮਾਨਤ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਕ ਬੰਗਾ ਵਿਖੇ ਆਪਣੇ ਸਮਾਜ ਸੇਵੀ ਕਾਰਜਾਂ ਲਈ ਜਾਣੀ ਜਾਂਦੀ ਲਾਈਨਜ਼ ਕਲੱਬ ਬੰਗਾ ਸਿਮਰਨ 321 ਵੱਲੋਂ ਆਪਣੇ ਸਮਾਜ ਸੇਵੀ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਕਲੱਬ ਪ੍ਰਧਾਨ ਮੀਨੂੰ ਭੁੱਟਾ ਦੀ ਅਗਵਾਈ ਹੇਠ ਡੀ ਐਸ ਪੀ ਬੰਗਾ ਹਰਜੀਤ ਸਿੰਘ ਰੰਧਾਵਾ, ਐਸ ਐਚ ਓ ਵਰਿੰਦਰ ਕੁਮਾਰ ਤੇ ਸਮੂਹ ਪੁਲਸ ਮੁਲਾਜ਼ਮਾਂ ਨੂੰ ਉਹਨਾਂ ਵੱਲੋਂ ਨਿਭਾਈਆਂ ਜਾ ਰਹੀਆਂ ਵਧੀਆਂ ਸੇਵਾਵਾਂ ਨੂੰ ਦੇਖਦੇ ਹੋਏ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਕਲੱਬ ਪ੍ਰਧਾਨ ਮੀਨੂੰ ਭੁੱਟਾ ਨੇ ਕਿਹਾ ਕਿ ਪੁਲਸ ਵਿਭਾਗ ਕਾਰਨ ਹਰ ਕੋਈ ਸ਼ਹਿਰ ਵਾਸੀ ਸ਼ਹਿਰ ਵਿੱਚ ਪੂਰੀ ਤਰ੍ਹਾਂ ਸੁਰੱਖਿਅਤ ਹਾਂ। ਇਸ ਮੌਕੇ ਕਲੱਬ ਪ੍ਰਧਾਨ ਮੀਨੂੰ ਭੁੱਟਾ, ਰੋਹਿਤ ਚੋਪੜਾ, ਪ੍ਰਿਆ ਚੋਪੜਾ, ਕਮਲਜੀਤ ਰਾਏ, ਸੋਨੀਆ ਰਾਏ, ਲਾਭਦੀਪ ਸਿੰਘ, ਹਰਮਨਪ੍ਰੀਤ ਕੌਰ, ਸ਼ਰਨਦੀਪ ਦੋਸ਼ਾਂਝ, ਹਰਨੇਕ ਸਿੰਘ ਦੁਸਾਂਝ, ਅਮਰਜੀਤ ਸਿੰਘ ਨਾਗਰਾ, ਗੁਰਮੀਤ ਸਿੰਘ, ਕਮਲਜੀਤ ਕੌਰ, ਵਨੀਤਾ ਰਾਣੀ, ਸੁਧੀਰ ਕੁਮਾਰ, ਕੁਲਵਿੰਦਰ ਕੌਰ, ਸੀਮਾ, ਰਮਨਦੀਪ ਸਿੰਘ, ਜਸਵੀਰ ਸਿੰਘ, ਸੰਦੀਪ ਕੁਮਾਰ, ਅਮਰਜੀਤ ਸਿੰਘ ਨੋਰਾ, ਨੀਲਮ, ਮਨਿੰਦਰ ਕੌਰ, ਜਸਪ੍ਰੀਤ ਸਿੰਘ,ਤਨਵੀਰ ਸਿੰਘ, ਮਨਜੋਤ ਕੌਰ, ਰਾਜੇਸ਼ ਕੁਮਾਰ, ਪ੍ਰਿਯੰਕਾ ਕਲਸੀ, ਨਿਧੀ ਕਪੂਰ, ਯੁਵਰਾਜ ਲੱਦੜ ਆਦਿ ਹਾਜ਼ਰ ਸਨ।



## ਢੇਸੀ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਸੰਬੰਧੀ ਅਰੋੜਾ ਨਾਲ ਕੀਤੀ ਮੁਲਾਕਾਤ

**ਜਲੰਧਰ (ਇਕਬਾਲ ਸਿੰਘ ਉੱਭੀ)**- ਬਰਤਾਨਵੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਸ਼ੁੱਕਰਵਾਰ ਨੂੰ ਜਲੰਧਰ ਵਿਖੇ ਸੰਜੀਵ ਅਰੋੜਾ, ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਐਨ ਆਰ ਆਈ ਮਾਮਲੇ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਉਨ੍ਹਾਂ ਦੋਵਾਂ ਦਾ ਜਲੰਧਰ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਤੇ ਪਰਮਜੀਤ ਸਿੰਘ ਰਾਏਪੁਰ, ਮੈਂਬਰ ਐਸ ਜੀ ਪੀ ਸੀ ਕਾਰਜਕਾਰੀ ਕਮੇਟੀ ਅਤੇ ਸਾਬਕਾ ਚੇਅਰਮੈਨ ਜਲੰਧਰ ਸੁਧਾਰ ਟਰੱਸਟ ਨੇ ਨਿੱਘਾ ਸਵਾਗਤ ਕੀਤਾ। ਯੂ ਕੇ ਵਿੱਚ ਤੀਜੀ ਵਾਰ ਸਲੋਹ ਹਲਕੇ ਤੋਂ ਸੰਸਦ ਮੈਂਬਰ ਵਜੋਂ ਚੁਣੇ ਗਏ ਢੇਸੀ ਨੂੰ ਬ੍ਰਿਟਿਸ਼ ਸੰਸਦ ਦੁਆਰਾ ਰੱਖਿਆ ਕਮੇਟੀ ਦੇ ਚੇਅਰਮੈਨ ਵਜੋਂ ਵੀ ਚੁਣਿਆ ਗਿਆ ਹੈ। ਮੀਟਿੰਗ ਵਿੱਚ ਪ੍ਰਵਾਸੀ ਭਾਰਤੀਆਂ ਲਈ ਮਹੱਤਵਪੂਰਨ ਮੁੱਦਿਆਂ, ਖਾਸ ਕਰਕੇ ਜ਼ਮੀਨਾਂ ਦੇ ਝਗੜੇ ਤੇ ਉਨ੍ਹਾਂ ਉੱਤੇ ਕਬਜ਼ੇ ਕਰਨ ਦੇ ਮਾਮਲਿਆਂ ਨੂੰ ਵਿਚਾਰਿਆ ਗਿਆ। ਢੇਸੀ ਨੇ ਸੂਬਾ ਸਰਕਾਰ ਤੋਂ ਇੱਕ ਪ੍ਰਭਾਵਸ਼ਾਲੀ ਇਕਹਿਰੀ-ਖਿੜਕੀ ਪ੍ਰਣਾਲੀ ਦੀ ਕਾਮਨਾ ਕੀਤੀ, ਜਿਸ 'ਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਆਪਣੇ ਕੰਮਾਂ-ਕਾਰਾਂ ਨੂੰ ਪੂਰਾ ਕਰਾਉਣ ਲਈ ਭਰੋਸਾ ਕਰ ਸਕਣ । ਢੇਸੀ ਨੇ ਇਹ ਵੀ ਬੇਨਤੀ ਕੀਤੀ ਕਿ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਦੁਬਾਰਾ ਖੋਲ੍ਹਣ ਲਈ ਦਬਾਅ ਪਾਇਆ ਜਾਵੇ।



## ਆਈ ਟੀ ਆਈਜ਼ ਮੁਲਾਜ਼ਮਾਂ ਵੱਲੋਂ ਧਰਨਾ 7 ਸਤੰਬਰ ਨੂੰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਸੂਬਾ ਕਮੇਟੀ ਮੈਂਬਰਾਂ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਹੈ ਕਿ ਸਰਕਾਰੀ ਆਈ.ਟੀ.ਆਈਜ਼ ਠੇਕਾ ਮੁਲਾਜਮ ਯੂਨੀਅਨ ਪੰਜਾਬ ਦੇ ਬੈਨਰ ਹੇਠ ਆਮ ਆਦਮੀ ਪਾਰਟੀ ਪ੍ਰਧਾਨ, ਕੱਚਿਆਂ ਮੁਲਾਜ਼ਮਾ ਨੂੰ ਪੱਕਾ ਕਰਨ ਲਈ ਬਣਾਈ ਸਬ ਕਮੇਟੀ ਦੇ ਮੈਂਬਰ ਅਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਹਲਕੇ ਸੁਨਾਮ ਵਿਖੇ 7 ਸਤੰਬਰ ਨੂੰ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਉਹਨਾਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।

# ਕਬੱਡੀ ਖੇਡ ਮੁਕਾਬਲੇ ਸਮਾਪਤ

**ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਇਥੋਂ ਦੇ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਚੱਲ ਰਹੀਆਂ ਚਾਰ ਰੋਜ਼ਾ ਜਿਲ੍ਹਾ ਨੈਸ਼ਨਲ ਸਟਾਇਲ ਸਕੂਲ ਕਬੱਡੀ ਖੇਡਾਂ ਸਮਾਪਤ ਹੋ ਗਈਆ। ਅੰਤਿਮ ਦਿਨ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਕਾਰਸੇਵਾ ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਸੁੱਚਾ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜਰੀ ਭਰੀ।ਉਨ੍ਹਾਂ ਕਿਹਾ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਇਲਾਕੇ ਦੀ ਸਾਰਿਆਂ ਤੋਂ ਪੁਰਾਣੀ ਵਿਦਿਅਕ ਸੰਸਥਾ ਖਾਲਸਾ ਸਕੂਲ ਵਿਖੇ ਜ਼ਿਲ੍ਹਾ ਪੱਧਰੀ ਮੁਕਾਬਲੇ ਹੋਏ ਹਨ।ਜਿਸ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ। ਉਨ੍ਹਾ ਜ਼ੇਤੂ ਟੀਮਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਜਰੂਰੀ ਅੰਗ ਹਨ। ਇਸ ਤੋਂ ਪਹਿਲਾਂ ਸਕੂਲ ਮੁਖੀ ਅਤੇ ਜ਼ੋਨਲ ਪ੍ਰਧਾਨ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਸਕੂਲ ਅਤੇ ਖੇਡਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਬਾਅਦ ਸਕੂਲ ਪ੍ਰਬੰਧਕ ਕਮੇਟੀ ਅਤੇ ਖੇਡ ਟੂਰਨਾਮੈਂਟ ਕਮੇਟੀ ਵਲੋਂ ਬਾਬਾ ਸੁੱਚਾ ਸਿੰਘ ਦਾ ਸਨਮਾਨ ਵੀ ਕੀਤਾ ਗਿਆ।ਜੋਨਲ ਸਕੱਤਰ ਅਸ਼ੋਕ ਰਾਣਾ ਅਤੇ ਉਪ ਕਨਵੀਨਰ ਭੁਪਿੰਦਰ ਸਿੰਘ ਮਿੰਟੂ ਨੇ ਦੱਸਿਆ ਕਿ 14 ਸਾਲ ਲੜਕੀਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੇ ਪਹਿਲਾ, ਸ੍ਰੀ ਚਮਕੌਰ ਸਾਹਿਬ ਨੇ ਦੂਜਾ ਅਤੇ ਨੂਰਪੁਰ ਬੇਦੀ ਨੇ ਤੀਜਾ ਸਥਾਨ ਹਾਸਲ ਕੀਤਾ। ਜਦੋਂਕਿ ਲੜਕੀਆਂ ਵਿੱਚ ਭਲਾਣ ਨੇ ਪਹਿਲਾ, ਸ੍ਰੀ ਅਨੰਦਪੁਰ ਸਾਹਿਬ ਨੇ ਦੂਜਾ ਅਤੇ ਨੂਰਪੁਰ ਬੇਦੀ ਨੇ ਤੀਜਾ ਸਥਾਨ ਹਾਸਲ ਕੀਤਾ। 17 ਸਾਲ ਉਮਰ ਵਰਗ ਵਿਚ ਸ੍ਰੀ ਅਨੰਦਪੁਰ ਸਾਹਿਬ ਨੇ ਪਹਿਲਾ, ਤਖਤਗੜ੍ਹ ਨੇ ਦੂਜਾ ਅਤੇ ਰੂਪਨਗਰ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਤਰ੍ਹਾਂ ਲੜਕਿਆਂ 17 ਸਾਲ ਉਮਰ ਵਰਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੇ ਪਹਿਲਾ, ਨੰਗਲ ਨੇ ਦੂਜਾ ਅਤੇ ਭਲਾਣ ਨੇ ਤੀਜਾ ਸਥਾਨ ਹਾਸਲ ਕੀਤਾ। 19 ਸਾਲ ਉਮਰ ਵਰਗ ਲੜਕੀਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੇ ਪਹਿਲਾ, ਰੂਪਨਗਰ ਨੇ ਦੂਜਾ ਅਤੇ ਤਖਤਗੜ੍ਹ ਨੇ ਦੂਜਾ ਸਥਾਨ ਹਾਸਲ ਕੀਤਾ।ਜਦੋਂਕਿ ਲੜਕਿਆਂ ਵਿੱਚ ਸ੍ਰੀ ਅਨੰਦਪੁਰ ਸਾਹਿਬ ਨੇ ਪਹਿਲਾ, ਤਖਤਗੜ੍ਹ ਨੇ ਦੂਜਾ ਅਤੇ ਭਲਾਣ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਪੱਤਰ ਵਿਹਾਰਕ ਪਾਖਰ ਸਿੰਘ ਭੱਠਲ, ਡਾਇਰੈਕਟਰ ਗੁਰਮਿੰਦਰ ਸਿੰਘ ਭੁੱਲਰ, ਸਿੱਖਿਆ ਕੁਆਰਡੀਨੇਟਰ ਦਿਆ ਸਿੰਘ ਸੰਧੂ, ਮੈਨੇਜਰ ਨੰਬਰਦਾਰ ਕੁਲਦੀਪ ਸਿੰਘ ਤੋਂ ਇਲਾਵਾ ਗੁਰਿੰਦਰ ਸਿੰਘ ਕੰਦੋਲਾ, ਸਤਨਾਮ ਸਿੰਘ, ਹਰਿੰਦਰ ਪਾਲ ਕੌਰ, ਸਤਨਾਮ ਸਿੰਘ, ਪੁਸ਼ਪਾ ਦੇਵੀ, ਰਣਵੀਰ ਸਿੰਘ, ਅਮਰਜੀਤ ਸਿੰਘ ਲਾਡੀ, ਅਸ਼ਵਨੀ ਕੁਮਾਰ, ਸੁਰਿੰਦਰ ਸਿੰਘ, ਰਾਮ ਕੁਮਾਰ ਆਦਿ ਹਾਜ਼ਰ ਸਨ।



## ਸ਼ੇਅਰ ਬਜ਼ਾਰ 'ਚ ਲੰਬੇ ਨਿਵੇਸ਼ ਤੇ ਅਨੁਸ਼ਾਸਨ ਨਾਲ ਪੈਸਾ ਕਮਾਇਆ ਜਾ ਸਕਦਾ : ਸਚਦੇਵਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ਼ੇਅਰ ਬਜਾਰ ਵਿੱਚ ਲੰਬੀ ਮਿਆਦ ਦੇ ਨਿਵੇਸ਼ ਅਤੇ ਅਨੁਸ਼ਾਸਨ ਨਾਲ ਪੈਸਾ ਕਮਾਇਆ ਜਾ ਸਕਦਾ ਹੈ, ਇਹ ਪ੍ਰਗਟਾਵਾ ਸੱਚਦੇਵਾ ਸਟਾਕਸ ਦੇ ਐੱਮ.ਡੀ.ਪਰਮਜੀਤ ਸਿੰਘ ਸੱਚਦੇਵਾ ਵੱਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਵਿੱਚ ਦਿੱਤੇ ਗਏ ਇੱਕ ਲੈਕਚਰ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਸ਼ੇਅਰ ਬਜ਼ਾਰ ਵਿੱਚੋ ਹਰ ਵਿਅਕਤੀ ਪੈਸਾ ਕਮਾ ਸਕਦਾ ਹੈ ਲੇਕਿਨ ਇਸ ਲਈ ਜਿੱਥੇ ਤਹਾਨੂੰ ਸਹਿਜਤਾ ਦਿਖਾਉਣੀ ਪਵੇਗੀ ਉੱਥੇ ਹੀ ਸਹੀ ਤਰੀਕਾ ਅਤੇ ਮਾਰਗ ਦਰਸ਼ਕ ਦੀ ਚੋਣ ਵੀ ਕਰਨੀ ਪਵੇਗੀ ਜੋ ਕਿ ਤਹਾਨੂੰ ਉਸ ਮੰਜ਼ਿਲ ਤੱਕ ਪਹੁੰਚਾ ਸਕੇ ਜਿੱਥੇ ਤੁਸੀਂ ਜ਼ਿੰਦਗੀ ਦੌਰਾਨ ਪਹੁੰਚਣਾ ਚਾਹੁੰਦੇ ਹੋ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਜਦੋਂ ਤੁਸੀਂ ਆਪਣੀ ਪੜ੍ਹਾਈ ਪੂਰੀ ਕਰਕੇ ਨੌਕਰੀ ਕਰਨੀ ਸ਼ੁਰੂ ਕਰਦੇ ਹੋ ਤਦ ਤੋਂ ਹੀ ਥੋੜ੍ਹਾ-ਥੋੜ੍ਹਾ ਨਿਵੇਸ਼ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ ਤੇ ਫਿਰ ਜਿਵੇਂ -ਜਿਵੇਂ ਸਮਾਂ ਅੱਗੇ ਵੱਧਦਾ ਹੈ ਇਸ ਨਿਵੇਸ਼ ਵਿੱਚ ਵਾਧਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਬੇਲੋੜੇ ਖਰਚਿਆਂ ਦੀ ਪਹਿਚਾਣ ਕਰਕੇ ਉਨ੍ਹਾਂ 'ਤੇ ਵੀ ਰੋਕ ਲਗਾਉਣੀ ਚਾਹੀਦੀ ਹੈ। ਪਰਮਜੀਤ ਸੱਚਦੇਵਾ ਨੇ ਕਿਹਾ ਕਿ ਤਹਾਨੂੰ ਸਭ ਨੂੰ ਆਪਣੇ ਸ਼ੌਂਕ ਪੂਰੇ ਕਰਨੇ ਚਾਹੀਦੇ ਹਨ ਲੇਕਿਨ ਇਹ ਸ਼ੌਂਕ ਸ਼ੇਅਰ ਬਜ਼ਾਰ ਤੋਂ ਆਉਣ ਵਾਲੀ ਆਮਦਨ ਨਾਲ ਪੂਰੇ ਹੋਣੇ ਚਾਹੀਦੇ ਹਨ ਨਾ ਕਿ ਜਿਹੜੀ ਤੁਸੀਂ ਤਨਖਾਹ ਲੈਂਦੇ ਹੋ ਉਸ ਨਾਲ। ਇਸ ਮੌਕੇ ਰਿਲੇਸ਼ਨਸ਼ਿਪ ਮੈਨੇਜਰ ਸੱਚਦੇਵਾ ਸਟਾਕਸ ਅਮਨਦੀਪ ਕੌਰ ਵੀ ਮੌਜੂਦ ਰਹੇ।



## ਵਿਧਾਇਕ ਰੰਧਾਵਾ ਨੇ 5.49 ਕਰੋੜ ਰੁਪਏ ਦੇ ਸਫਾਈ ਪ੍ਰੋਜੈਕਟ ਨੂੰ ਦਿੱਤੀ ਮਨਜ਼ੂਰੀ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਨਗਰ ਕੌਂਸਲ ਦੀ ਇੱਕ ਮਹੱਤਵਪੂਰਨ ਮੀਟਿੰਗ ਨਗਰ ਕੌਂਸਲ ਦਫ਼ਤਰ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਆਸ਼ੂ ਉਪਨੇਜਾ ਨੇ ਕੀਤੀ, ਜਦੋਂ ਕਿ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਵਿਧਾਇਕ ਰੰਧਾਵਾ 20 ਦਿਨਾਂ ਦੀ ਵਿਦੇਸ਼ ਯਾਤਰਾ ਪੂਰੀ ਕਰਕੇ ਵਾਪਸ ਆਏ ਸਨ ਤੇ ਸਵੇਰੇ 9 ਵਜੇ ਸਿੱਧੇ ਲਾਲੜੂ ਨਗਰ ਕੌਂਸਲ ਦੀ ਮੀਟਿੰਗ ਵਿੱਚ ਪਹੁੰਚੇ। ਇਸ ਤੋਂ ਤੁਰੰਤ ਬਾਅਦ, ਉਨ੍ਹਾਂ ਨੇ ਡੇਰਾਬੱਸੀ ਨਗਰ ਕੌਂਸਲ ਦੀ ਮੀਟਿੰਗ ਵਿੱਚ ਵੀ ਹਿੱਸਾ ਲਿਆ। ਨਗਰ ਕੌਂਸਲ ਨੇ ਅਗਲੇ ਦੋ ਸਾਲਾਂ ਵਿੱਚ ਸਫਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ 5 ਕਰੋੜ 49 ਲੱਖ 43 ਹਜ਼ਾਰ ਰੁਪਏ ਖਰਚ ਕਰਨ ਦਾ ਫੈਸਲਾ ਕੀਤਾ। ਇਸ ਰਕਮ ਨਾਲ, ਘਰ-ਘਰ ਕੂੜਾ ਇਕੱਠਾ ਕਰਨ, ਕੂੜੇ ਨੂੰ ਵੱਖ ਕਰਨ, ਪ੍ਰੋਸੈਸਿੰਗ ਯੂਨਿਟ ਅਤੇ ਨਿਯਮਤ ਰੱਖ-ਰਖਾਅ ਦੀ ਪ੍ਰਣਾਲੀ ਲਾਗੂ ਕੀਤੀ ਜਾਵੇਗੀ। ਪ੍ਰਧਾਨ ਆਸ਼ੂ ਉਪਨੇਜਾ ਨੇ ਕਿਹਾ ਕਿ ਇਹ ਪ੍ਰੋਜੈਕਟ ਨਾ ਸਿਰਫ ਡੇਰਾਬੱਸੀ ਵਿੱਚ ਬਲਕਿ ਪੂਰੇ ਪੰਜਾਬ ਵਿੱਚ ਲਾਗੂ ਕੀਤੀ ਜਾ ਰਹੀ ਸਫਾਈ ਯੋਜਨਾ ਦਾ ਇੱਕ ਹਿੱਸਾ ਹੈ। ਮੀਟਿੰਗ ਵਿੱਚ ਸਫਾਈ ਤੋਂ ਇਲਾਵਾ ਸ਼ਹਿਰ ਵਿੱਚ ਘੁੰਮਦੇ ਆਵਾਰਾ ਪਸ਼ੂਆਂ ਅਤੇ ਕੁੱਤਿਆਂ ਦੀ ਸਮੱਸਿਆ 'ਤੇ ਵੀ ਵਿਸਥਾਰ ਵਿੱਚ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਭਾਜਪਾ ਕੌਂਸਲਰ ਵਿਕਰਾਂਤ ਪਵਾਰ ਨੇ ਆਪਣੇ ਵਾਰਡ ਨੰਬਰ 19 ਦੀ ਗੰਭੀਰ ਸਮੱਸਿਆ-ਪੀਣ ਵਾਲੇ ਪਾਣੀ ਦੀ ਘਾਟ ਨੂੰ ਉਠਾਇਆ। ਇਸ 'ਤੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਭਰੋਸਾ ਦਿੱਤਾ ਕਿ ਜਲਦੀ ਹੀ ਇੱਕ ਨਵਾਂ ਟਿਊਬਵੈੱਲ ਲਗਾਇਆ ਜਾਵੇਗਾ।


**ਜਨਮ ਦਿਨ ਮੁਬਾਰਕ**



ਮਨਗੀਤ ਕੌਰ
ਪਿਤਾ : ਇਕਵਾਕ ਸਿੰਘ ਪੱਟੀ
ਮਾਤਾ : ਕੋਮਲਪ੍ਰੀਤ ਕੌਰ
ਵਾਸੀ : ਅੰਮ੍ਰਿਤਸਰ

## Public Notice

I, Baljitpal Singh S/o Devinder Singh R/o Guru Nanak Pura, Nabipur, P.O., Tehsil/Distt. Gurdaspur, Punjab, 143521, India, declare that in my documents my Father name Dawinder Singh is wrong. But my Father name Devinder Singh is correct.

I, Monika Gill D/o Johan R/o Vill. Alawalpur, P.O. Bhumbli, Tehsil/Distt. Gurdaspur, Punjab, India, Declare that my given name as Monika and my Surname as Gill.

I, Santokh Singh S/O Tarlok Singh R/O 230, Nimla Avenue, Opp S.c Pawan Public School, Naraingarh, Chheharta, Amritsar Punjab 143105 Have Declared That My Son Maninder Pal Singh And His Wife Jagjit Kaur Both Are Out Of My Control. I Disinherit Both Of Them From All My Moveable And Immoveable Property. Anybody Deals In Future With Them For Act And Conduct Is Responsible At His/Her Own Risk. Me And My Other Family Members Are Not Responsible For There Any Act In Future With Anybody.

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਨ ਵਾਲੇ ਸੀਨੀਅਰ ਡੀਐਸਟੀਈ/ਜੇਏਟੀ ਨਿਵਿਦਾ ਸੂਚਨਾ ਨੰਬਰ 433_Sig_JAT_11_25_26 ਸਮਾਪਨ ਮਿਤੀ/ਸਮਾਂ 12.09.2025 ਨੂੰ 12:30 ਵਜੇ ਦੇ ਵਿਰੁੱਧ https://www.ireps.gov.in 'ਤੇ ਈ-ਨਿਵਿਦਾਵਾਂ ਦੀ ਮੰਗ ਕਰਦੇ ਹਨ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਬੋਲੀਆਂ ਅੰਤਮ ਮਿਤੀ ਅਤੇ ਸਮੇਂ ਤਕ ਹੀ ਜਮ੍ਹਾ ਕਰ ਸਕਦੇ ਹਨ। ਇਸ ਨਿਵਿਦਾ ਦੇ ਵਿਰੁੱਧ ਮੈਨੂੰਅਲ ਆਫਰ ਦੀ ਇਜਾਜ਼ਤ ਨਹੀਂ ਹੈ, ਅਤੇ ਪ੍ਰਾਪਤ ਹੋਏ ਅਜਿਹੇ ਕਿਸੇ ਵੀ ਮੈਨੂੰਅਲ ਆਫਰ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਨੂੰ ਇਸ ਨਿਵਿਦਾ ਦੇ ਲਈ ਨਿਵਿਦਾ ਦੇ ਦਸਤਾਵੇਜ਼ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ 'ਤੇ ਉਪਲਬਧ ਆਨਲਾਈਨ ਭੁਗਤਾਨ ਮੋਡ ਜਿਵੇਂ ਨੈੱਟ ਬੈਂਕਿੰਗ, ਡੈਬਿਟ ਕਾਰਡ, ਕ੍ਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜ਼ਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈੱਕ, ਜਮਾਂ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂਅਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

ਐਨਆਈਟੀ ਹੈਡਰ

| | | | |
|---|---|---|---|
| ਕਰਾਰ ਦਾ ਪ੍ਰਕਾਰ | ਕੰਮ | | |
| ਕੰਮ ਦਾ ਨਾਮ | ਜੰਮੂ ਸੰਭਾਗ ਵਿਚ 2/3/4 ਥਾਵਾਂ ਦੇ ਲਈ ਪੀਆਰਐਸ ਆਧੁਨਿਕੀਕਰਨ ਦਾ ਲਾਗੂ ਕਰਨਾ। | | |
| ਨਿਵਿਦਾ ਸਮਾਪਨ ਮਿਤੀ ਸਮਾਂ | 12.09.2025 15:00 | ਨਿਵਿਦਾ ਅਪਲੋਡ ਕਰਨ ਦੀ ਮਿਤੀ ਸਮਾਂ | 21.08.2025 17:52 |
| ਵਿਗਿਆਪਤ ਮੂਲ (ਰੁ.) | 17783025.04 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਮਿਤੀ | 29.08.2025 |
| ਬਿਆਨਾ ਰਾਸ਼ੀ (ਰੁ.) | 238900.00 | ਸਮਾਪਨ ਦਾ ਸਮਾਂ | 03 Months |

ਨਿਵਿਦਾ ਸੂਚਨਾ ਨੰ. 433_Sig_JAT_11_25_26 ਮਿਤੀ:- 21.08.2025 ਸਮਾਪਤੀ ਮਿਤੀ/ਸਮਾਂ: 12.09.2025 15:00 2573/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਡਾ. ਕਸ਼ਮੀਰ ਸਿੰਘ ਦੀ ਐਕਟਿਵਾ ਚੋਰੀ

ਛੇਹਰਟਾ (ਮਨਜ ਕੁਮਾਰ)–ਨਵਾਂਵਦੀ ਲੇਖਕ ਸੰਘ ਸਮੇਤ ਸ਼ਹਿਰ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਦੇ ਮੈਂਬਰ ਅਤੇ ਹੋਮਿਓਪੈਥੀ ਦੇ ਮਾਹਿਰ ਡਾ. ਕਸ਼ਮੀਰ ਸਿੰਘ ਦੀ ਐਕਟਿਵਾ ਬੀਤੇ ਦਿਨੀਂ ਚੋਰੀ ਹੋ ਗਈ। ਡਾ. ਕਸ਼ਮੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ 19 ਅਗਸਤ ਸਵੇਰੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਰਣਜੀਤਪੁਰਾ/ਗੁਰੂ ਨਾਨਕ ਵਾੜਾ ਸਥਿਤ ਚੈਰੀਟੇਬਲ ਹੋਮਿਓਪੈਥਿਕ ਡਿਸਪੈਂਸਰੀ ਵਿਚ ਰੋਜ਼ਾਨਾ ਦੀ ਤਰ੍ਹਾਂ ਮਰੀਜ਼ਾਂ ਦੀ ਜਾਂਚ ਕਰ ਰਹੇ ਸਨ। ਇਸ ਉਪਰੰਤ ਜਦੋਂ ਉਹ ਘਰ ਜਾਣ ਲਈ ਡਿਸਪੈਂਸਰੀ ਤੋਂ ਬਾਹਰ ਆਏ ਤਾਂ ਉਨ੍ਹਾਂ ਦੀ ਕਾਲੇ ਰੰਗ ਦੀ ਐਕਟਿਵਾ ਨੰਬਰ ਪੀਬੀ-02 ਸੀਐੱਸ 9670 ਗਾਇਬ ਸੀ। ਉਨ੍ਹਾਂ ਦੱਸਿਆ ਕਿ ਗਲੀ ਦੇ ਸੀਸੀਟੀਵੀ ਕੈਮਰੇ ਚੈੱਕ ਕਰਨ ਉੱਤੇ ਇਕ ਅਣਪਛਾਤਾ ਵਿਅਕਤੀ ਉਨ੍ਹਾਂ ਦੀ ਐਕਟਿਵਾ ਕਰੀਬ 11.30 ਵਜੇ ਚੋਰੀ ਕਰਕੇ ਲਿਜਾਂਦਾ ਦਿੱਸਿਆ, ਜਿਸ ਨੇ ਨੀਲੇ ਰੰਗ ਦੇ ਪਰਨੇ ਨਾਲ ਚਿਹਰਾ ਢੱਕਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਸ ਸਬੰਧ ਵਿਚ ਥਾਣਾ ਕੰਟੋਨਮੈਂਟ ਵਿਚ ਰਿਪੋਰਟ ਦਰਜ ਕਰਵਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਡਾ. ਕਸ਼ਮੀਰ ਸਿੰਘ ਇਸ ਹੋਮਿਓਪੈਥਿਕ ਡਿਸਪੈਂਸਰੀ ਵਿਚ ਮਰੀਜ਼ਾਂ ਨੂੰ ਮੁਫ਼ਤ ਆਪਣੀਆਂ ਸੇਵਾਵਾਂ ਦਿੰਦੇ ਹਨ। ਜਦੋਂ ਤੋਂ ਉਨ੍ਹਾਂ ਇਸ ਹੋਮਿਓਪੈਥਿਕ ਡਿਸਪੈਂਸਰੀ ਵਿਚ ਸੇਵਾਵਾਂ ਦੇਣੀਆਂ ਸ਼ੁਰੂਆਂ ਕੀਤੀਆਂ ਹਨ, ਸ਼ਹਿਰ ਦੇ ਕੋਨੇ-ਕੋਨੇ ਤੇ ਪਿੰਡਾਂ 'ਚੋਂ ਬਹੁਤ ਸਾਰੇ ਲੋਕ ਉਨ੍ਹਾਂ ਕੋਲ ਦਵਾਈ ਲੈਣ ਆਉਣ ਲੱਗ ਪਏ ਹਨ।

# ਪੰਜਾਬ ਸਰਕਾਰ ਆਈ ਟੀ ਸੈਕਟਰ ਨੂੰ ਹੁਲਾਰਾ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ : ਹਰਪਾਲ ਚੀਮਾ

## 'ਆਈ ਟੀ ਇੰਡੀਆ ਐਕਸਪੋ-2025' ਮੌਕੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਲੁਧਿਆਣਾ (ਰਾਜ ਸਿੰਗਲਾ)–ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਈ. ਟੀ. ਸੈਕਟਰ ਨੂੰ ਹੁਲਾਰਾ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਸ ਸਬੰਧੀ ਕਾਫੀ ਸਾਰੀ ਭੂਮੀ ਰਿਜ਼ਰਵ ਕੀਤੀ ਗਈ ਹੈ, ਜਿੱਥੇ ਆਈ. ਟੀ. ਸੈਕਟਰ ਨੂੰ ਹੋਰ ਡਿਵੈਲਪ ਕੀਤਾ ਜਾਵੇਗਾ।



ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸਥਾਨਕ ਹੋਟਲ ਰੀਜੈਂਟਾ ਸੈਂਟਰਲ ਕਲਾਸਿਕ ਵਿਖੇ 'ਆਈ.ਟੀ. ਇੰਡੀਆ ਐਕਸਪੋ-2025' ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਉਣ ਵਾਲੇ ਸਮੇਂ ਵਿੱਚ ਆਈ. ਟੀ. ਸੈਕਟਰ ਨੂੰ ਕਾਫੀ ਸ਼ਹਿਰਾਂ ਵਿੱਚ ਅੱਗੇ ਲਿਜਾਣ ਦਾ ਵਿਚਾਰ ਹੈ, ਜਿਸ ਲਈ ਉਦਯੋਗਪਤੀਆਂ ਵੱਲੋਂ ਕਰੀਬ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਦੀ ਇਨਵੈਸਟਮੈਂਟ ਕੀਤੀ ਜਾ ਚੁੱਕੀ ਹੈ ਤੇ ਆਈ. ਟੀ. ਖੇਤਰ ਵਿੱਚ ਵੀ ਵੱਖ ਪੱਧਰ 'ਤੇ ਇਨਵੈਸਟਮੈਂਟ ਆ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਆਈ. ਟੀ. ਐਕਸਪੋ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇੱਕ ਚੰਗਾ ਉਪਰਾਲਾ ਹੈ।ਉਨ੍ਹਾਂ ਇਸ ਐਗਜੀਬਿਸ਼ਨ ਦਾ ਆਯੋਜਨ ਕਰਨ ਵਾਲੀ ਸਾਰੀ ਟੀਮ ਨੂੰ ਵੀ ਮੁਬਾਰਕਬਾਦ ਦਿੱਤੀ, ਜਿਨ੍ਹਾਂ ਲੁਧਿਆਣਾ ਸ਼ਹਿਰ ਦੇ ਵਸਨੀਕਾਂ ਖਾਸ ਕਰਕੇ ਆਈ.ਟੀ. ਸੈਕਟਰ ਨਾਲ ਜੁੜੇ ਵਿਦਿਆਰਥੀਆਂ ਨੂੰ ਨਵੀਂ ਤਕਨੀਕ ਬਾਰੇ ਜਾਣੂੰ ਕਰਵਾਇਆ ਹੈ।ਉਨ੍ਹਾਂ ਕਿਹਾ ਕਿ ਵੱਖ-ਵੱਖ ਨਾਮੀ ਕੰਪਨੀਆਂ ਦੀ ਇਸ ਐਗਜ਼ੀਬਿਸ਼ਨ ਵਿੱਚ ਲੁਧਿਆਣਾ ਤੋਂ ਇਲਾਵਾ ਹੋਰਨਾਂ ਸ਼ਹਿਰਾਂ ਦੇ ਲੋਕਾਂ ਵੱਲੋਂ ਵੀ ਸ਼ਮੂਲੀਅਤ ਕਰਕੇ ਨਵੇਂ ਪ੍ਰੋਡਕਟਾਂ ਦੀ ਖਰੀਦ ਕੀਤੀ ਜਾ ਰਹੀ ਹੈ ਤੇ ਆਪਣਾ ਤਜਰਬਾ ਸਾਂਝਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਪੰਜਾਬ ਸੂਬੇ ਦੀ ਹੀ ਨਹੀਂ ਸਗੋਂ ਭਾਰਤ ਦੀ ਸਭ ਤੋਂ ਵੱਡੀ ਐਗਜ਼ੀਬਿਸ਼ਨ ਹੈ, ਜਿਸ ਦੀ ਤਿਆਰੀ ਪਿਛਲੇ ਕਰੀਬ 3 ਸਾਲਾਂ ਤੋਂ ਕੀਤੀ ਜਾ ਰਹੀ ਸੀ, ਜਿਸ ਦਾ ਨਤੀਜਾ ਸਾਹਮਣੇ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਸੂਬੇ ਦੀ ਕਰੀਬ 50 ਹਜ਼ਾਰ ਕਰੋੜ ਰੁਪਏ ਜੀ.ਐੱਸ.ਟੀ. ਦੇ ਨੁਕਸਾਨ ਦੀ ਭਰਪਾਈ ਦੇ ਨਾਲ ਕਰੀਬ 10 ਹਜ਼ਾਰ ਕਰੋੜ ਰੁਪਏ ਰੂਰਲ ਡਿਵੈਲਪਮੈਂਟ ਫੰਡ (ਆਰ.ਡੀ.ਐੱਫ.) ਨੂੰ ਵੀ ਜਾਰੀ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਉੱਘੇ ਕਮੇਡੀਅਨ ਜਸਵਿੰਦਰ ਸਿੰਘ ਭੱਲਾ ਦੇ ਪਰਵਾਰ ਪ੍ਰਤੀ ਵੀ ਆਪਣੀ ਸੰਵੇਦਨਾ ਪ੍ਰਗਟ ਕੀਤੀ।ਉਨ੍ਹਾਂ ਜਸਵਿੰਦਰ ਭੱਲਾ ਜੀ ਦੇ ਵਿਛੋੜੇ ਨੂੰ ਪੰਜਾਬੀ ਫਿਲਮ ਜਗਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

# ਸੀ ਪੀ ਆਈ ਦਾ ਹੁਸੈਨੀਵਾਲਾ ਤੋਂ ਚੱਲਿਆ ਜਥਾ ਮਾਰਚ ਅੱਜ ਜ਼ਿਲ੍ਹਾ ਗੁਰਦਾਸਪੁਰ 'ਚ ਪਹੁੰਚੇਗਾ

ਧਾਰੀਵਾਲ (ਮਨਦੀਪ ਸਿੰਘ ਵਿੱਕੀ)–ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਗੁਰਦਾਸਪੁਰ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਕਾਮਰੇਡ ਰਣਜੀਤ ਸਿੰਘ ਡੱਗਰ ਮਹੰਤ ਦੀ ਪ੍ਰਧਾਨਗੀ ਹੇਠ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਮਰੇਡ ਹਰਚਰਨ ਸਿੰਘ ਔਜਲਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ 6 ਬਲਾਕਾਂ ਦੇ ਵੱਖ-ਵੱਖ ਪਿੰਡਾਂ ਤੋਂ ਸਾਥੀਆਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਜ਼ਿਲ੍ਹਾ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ, ਕਾਮਰੇਡ ਹਰਚਰਨ ਸਿੰਘ ਔਜਲਾ ਆਦਿ ਆਗੂਆਂ ਨੇ ਦੱਸਿਆ ਕਿ ਸੀਪੀਆਈ ਦੀ 25ਵੀਂ ਰਾਸ਼ਟਰੀ ਕਾਨਫਰੰਸ ਚੰਡੀਗੜ੍ਹ ਵਿਖੇ 21 ਸਤੰਬਰ ਤੋਂ ਲੈ ਕੇ 25 ਸਤੰਬਰ ਤੱਕ ਚੱਲੇਗੀ। ਇਸ ਰਾਸ਼ਟਰੀ ਕਾਨਫਰੰਸ ਦੀ ਸ਼ੁਰੂਆਤ 21 ਸਤੰਬਰ ਨੂੰ ਮੋਹਾਲੀ ਦੇ ਫੇਸ 11 ਵਿਖੇ ਵਿਸ਼ਾਲ ਰੈਲੀ ਕਰਕੇ ਕੀਤੀ ਜਾਵੇਗੀ। ਇਸ ਕਾਨਫਰੰਸ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਵੱਡੀ ਤਾਦਾਦ ਵਿੱਚ ਡੈਲੀਗੇਟ ਸ਼ਾਮਲ ਹੋਣਗੇ। ਕਾਮਰੇਡ ਬਸੰਤਕੋਟ ਤੇ ਕਾਮਰੇਡ ਔਜਲਾ ਨੇ ਦੱਸਿਆ ਕਿ ਮੋਹਾਲੀ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਵੱਡੀ ਗਿਣਤੀ ਵਿੱਚ ਸਾਥੀਆਂ ਦਾ ਜਥਾ ਪਹੁੰਚੇਗਾ। ਉਨ੍ਹਾਂ ਦੱਸਿਆ ਕਿ ਸੀਪੀਆਈ ਦੇ ਹੁਸੈਨੀਵਾਲਾ ਤੋਂ 21 ਅਗਸਤ ਨੂੰ ਚੱਲੇ ਜਥਾ ਮਾਰਚ ਦਾ ਜ਼ਿਲ੍ਹਾ ਗੁਰਦਾਸਪੁਰ ਵਿੱਚ 24 ਅਗਸਤ ਨੂੰ ਸਵੇਰੇ 10 ਵਜੇ ਕਾਲਾ ਅਫਗਾਨਾ ਵਿੱਚ ਪਹੁੰਚਣ 'ਤੇ ਸਵਾਗਤ ਕੀਤਾ ਜਾਵੇਗਾ ਅਤੇ ਇਹ ਜਥਾ ਵੱਖ-ਵੱਖ ਪਿੰਡਾਂ 'ਤੇ ਹੁੰਦਾ ਹੋਇਆ ਸ਼ਾਮ ਨੂੰ ਆਜ਼ਾਦੀ ਘੁਲਾਟੀਏ ਤੇਜਾ ਸਿੰਘ ਸੁਤੰਤਰ ਦੇ ਜੱਦੀ ਪਿੰਡ ਅਲੂਣਾ ਵਿਖੇ ਪਹੁੰਚੇਗਾ। ਅਗਲੇ ਦਿਨ ਸਵੇਰੇ ਪਿੰਡ ਅਲੂਣਾ ਤੋਂ ਰਵਾਨਾ ਹੋ ਕੇ ਪਠਾਨਕੋਟ ਪਹੁੰਚੇਗਾ। ਉਕਤ ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਬਸੰਤਕੋਟ, ਕਾਮਰੇਡ ਹਰਚਰਨ ਸਿੰਘ ਔਜਲਾ, ਕਾਮਰੇਡ ਬਲਦੇਵ ਸਿੰਘ ਖਹਿਰਾ, ਕਾਮਰੇਡ ਬਲਬੀਰ ਸਿੰਘ ਕੱਤੋਵਾਲ, ਕਾਮਰੇਡ ਜਗਜੀਤ ਸਿੰਘ ਅਲੂਣਾ, ਕਾਮਰੇਡ ਸੁਭਾਸ਼ ਕੈਰੇ, ਕਾਮਰੇਡ ਸੁਖਦੇਵ ਸਿੰਘ ਅਵਾਂਖਾ, ਤਰਲੋਕ ਸਿੰਘ ਰਾਊਵਾਲ, ਗੁਰਚਰਨ ਵਾਲੀਆ, ਕਾਮਰੇਡ ਦਰਸ਼ਨ ਅਵਾਂਖਾ, ਮਨਜੀਤ ਸਿੰਘ ਰਾਊਵਾਲ, ਕਾਮਰੇਡ ਰਾਜਿੰਦਰ ਕੁਮਾਰ, ਕਾਮਰੇਡ ਗੁਰਮੁੱਖ ਸਿੰਘ ਚੱਠੇ ਆਦਿ ਹਾਜ਼ਰ ਸਨ।



# ਅਣਗਿਣਤ ਲੋਕਾਂ ਦੀ ਪਸੰਦ 'ਗਗਨ' ਨਵੇਂ ਪੈਕ ਤੇ ਤਾਜ਼ਾ ਲੋਗੋ ਨਾਲ ਪੇਸ਼

ਪਟਿਆਲਾ:ਭਾਰਤ ਦੇ ਸਭ ਤੋਂ ਮਸ਼ਹੂਰ ਖਾਣ ਵਾਲੇ ਤੇਲ ਦੇ ਬ੍ਰਾਂਡਾਂ ਵਿੱਚੋਂ ਇੱਕ ਗਗਨ ਨੇ ਆਪਣੇ ਨਵੇਂ ਅਵਤਾਰ ਦੇ ਨਾਲ ਬ੍ਰਾਂਡ ਰਿਵਾਈਟਲਾਇਜੇਸ਼ਨ ਦਾ ਐਲਾਨ ਕੀਤਾ ਹੈ।ਇਹ ਰੀ-ਲਾਂਚ ਖਾਸ ਤੌਰ ਤੇ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਮੁੱਖ ਬਾਜ਼ਾਰਾਂ ਵਿੱਚ ਸ਼ੁਰੂ ਕੀਤਾ ਗਿਆ ਹੈ।ਨਵੇਂ ਰੂਪ ਵਿੱਚ ਗਗਨ ਨੂੰ ਇੱਕ ਤਾਜ਼ਾ ਲੋਗੋ, ਨਵਾਂ ਪੈਕ ਅਤੇ ਇੱਕ ਨਵਾਂ ਦ੍ਰਿਸ਼ਟੀਕੋਣ ਮਿਲਿਆ ਹੈ।ਇਸ ਮੁਹਿੰਮ ਦਾ ਮੁੱਖ ਵਿਸ਼ਾ ਇਸਦੀ ਭਾਵੁਕ ਟੈਗਲਾਈਨ ਹੈ- 'ਨੀਲ ਗਗਨ ਦੇ ਤਲੇ, ਬੇਫਿਕਰੀ ਅਤੇ ਸਵਾਦ ਮਿਲੇ'। ਇਸ ਲਾਈਨ ਵਿੱਚ ਖੁੱਲ੍ਹੇ ਨੀਲੇ ਅਸਮਾਨ ਨੂੰ ਆਜ਼ਾਦੀ ਅਤੇ ਖੁਸ਼ੀ ਦਾ ਪ੍ਰਤੀਕ ਮੰਨਦੇ ਹੋਏ ਗਗਨ ਦੇ ਆਈਕੋਨਿਕ ਨੀਲੇ ਰੰਗ ਨੂੰ ਜੋੜਿਆ ਗਿਆ ਹੈ।ਇਸ ਲਾਂਚ ਦੇ ਮੌਕੇ ਬੂੰਗੇ ਇੰਡੀਆ ਦੇ ਸੀ. ਈ. ਓ. ਸੰਦੀਪ ਕੁਮਾਰ ਸਿੰਘ ਨੇ ਕਿਹਾ ਕਿ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਬਾਜ਼ਾਰ ਹਮੇਸ਼ਾ ਤੋਂ ਗਗਨ ਦੇ ਮਜ਼ਬੂਤ ਬਜ਼ਾਰ ਰਹੇ ਹਨ ਜਿਥੇ ਖਾਣਾ ਸੁਆਦ ਨਹੀਂ ਬਲਕਿ ਭਾਵਨਾਵਾਂ ਅਤੇ ਪਰੰਪਰਾ ਦਾ ਲਖਾਇਕ ਹੈ।

### ਮਾਮਲਾ ਰਾਸ਼ਨ ਡੀਪੂ ਦੀ ਦੁਰਵਰਤੋਂ ਦਾ:

# ਫੂਡ ਕਮਿਸ਼ਨ ਦੇ ਦਖਲ ਦੇ ਬਾਵਜੂਦ ਡਾਇਰੈਕਟਰ ਖੁਰਾਕ ਵਿਭਾਗ ਨਹੀਂ ਕਰ ਸਕੇ ਜਾਂਚ ਸ਼ੁਰੂ !

ਬੁਤਾਲਾ (ਨਿਰਮਲ ਸਿੰਘ ਸੰਘਾ)–ਮ੍ਰਿਤਕ ਮਹਿਲਾ ਦੇ ਨਾਂਅ 'ਤੇ ਜਾਰੀ ਹੋਏ ਰਾਸ਼ਨ ਡਿੱਪੂ ਦੀ ਹੋ ਰਹੀ ਦੁਰਵਰਤੋਂ ਦੇ ਮਾਮਲੇ 'ਚ ਸਿੱਟਾ ਰਿਪੋਰਟ ਮਿਲਣ 'ਚ ਹੋ ਰਹੀ ਦੇਰੀ ਨੂੰ ਲੈ ਕੇ ਮੁਦਈ ਧਿਰ ਨੇ ਖਦਸ਼ਾ ਪ੍ਰਗਟਾਇਆ ਹੈ।ਅਨੁਸੂਚਿਤ ਜਾਤੀ ਨਾਲ ਸਬੰਧਿਤ ਬੀਬਾ ਰੁਪਿੰਦਰ ਕੌਰ ਪਤਨੀ ਬਲਦੇਬ ਸਿੰਘ ਵਾਸੀ ਫੋਕਲ ਪੁਆਇੰਟ ਲੁਧਿਆਣਾ ਹਾਲ ਵਾਸੀ ਪਿੰਡ ਬੁਤਾਲਾ ਪੱਤੀ ਰੰਧਾਵਾ ਕਲੋਨੀ ਜ਼ਿਲ੍ਹਾ ਅੰਮ੍ਰਿਤਸਰ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਦੀ ਅਗਵਾਈ 'ਚ ਸੱਦੇ ਪੱਤਰਕਾਰ ਸੰਮੇਲਨ 'ਚ ਖੁਲਾਸਾ ਕੀਤਾ ਹੈ ਕਿ ਮੇਰੀ ਸੱਸ ਸੁਰਜੀਤ ਕੌਰ ਪਤਨੀ ਸਵ. ਬਲਵੰਤ ਸਿੰਘ ਵਾਸੀ ਜਮਾਲਪੁਰ ਫੋਕਲ ਪੁਆਇੰਟ ਲੁਧਿਆਣਾ ਜਿਸ ਦੇ ਨਾਂਅ 'ਤੇ ਰਾਸ਼ਨ ਡਿੱਪੂ ਦੀ ਅਲਾਟਮੈਂਟ ਸੀ।ਸੁਰਜੀਤ ਕੌਰ ਦੀ ਮੌਤ ਸਾਲ 2020 'ਚ ਹੋ ਚੁੱਕੀ ਹੈ।ਉਨ੍ਹਾਂ ਨੇ ਦੱਸਿਆ ਕਿ 2020 ਤੋਂ ਸਾਡੇ ਰਾਸ਼ਨ ਡਿੱਪੂ ਦੀ ਦੁਰਵਤੋਂ ਕਰਕੇ ਸੰਗੀਨ ਅਪਰਾਧ ਕਰ ਰਿਹਾ ਹੈ ਜਦੋਂਕਿ ਸਾਨੂੰ ਇਸ 'ਤੇ ਇਤਰਾਜ਼ ਹੈ।ਬੀਬਾ ਰੁਪਿੰਦਰ ਕੌਰ 'ਬੁਤਾਲਾ' ਨੇ ਦੱਸਿਆ ਕਿ ਅਸੀਂ ਮਾਮਲਾ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਲੁਧਿਆਣਾ ਦੇ ਧਿਆਨ 'ਚ ਵੀ ਲਿਆਂਦਾ ਸੀ, ਪਰ ਉਨ੍ਹਾਂ ਨੇ ਰਾਸ਼ਨ ਡਿੱਪੂ ਦੀ ਦੁਰਵਰਤੋਂ ਦੇ ਮਾਮਲੇ 'ਚ ਕੋਈ ਨਤੀਜਾ ਦੇਣ ਵਾਲੀ ਭੂਮਿਕਾ ਨਹੀਂ ਨਿਭਾਈ ਸੀ ਜਿਸ ਤੋਂ ਬਾਅਦ ਸਾਡੀ ਜਥੇਬੰਦੀ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ



ਸਾਰਾ ਮਾਮਲਾ ਪੰਜਾਬ ਰਾਜ ਫੂਡ ਕਮਿਸ਼ਨ ਦੇ ਧਿਆਨ 'ਚ ਲਿਆਂਦਾ ਸੀ।ਇੰਦਰਾ ਗੁਪਤਾ ਮੈਂਬਰ ਪੰਜਾਬ ਰਾਜ ਫੂਡ ਕਮਿਸ਼ਨ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਕੇਸ ਦੀ ਪੜਤਾਲ ਦੀ ਜ਼ਿੰਮੇਵਾਰੀ ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਨੂੰ ਸੌਂਪੀ ਦਿੱਤੀ ਸੀ, ਪਰ 12 ਮਹੀਨਿਆਂ ਤੋਂ ਜ਼ਿਆਦਾ ਸਮਾਂ ਲੰਘ ਗਿਆ ਹੈ।ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਹੁਣ ਇਹ ਮਾਮਲਾ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦੇ ਧਿਆਨ 'ਚ ਲਿਆ ਕੇ ਰਾਸ਼ਨ ਡਿਪੂ ਨੂੰ ਲੈ ਕੇ ਘਪਲੇ ਕਰਨ ਵਾਲੀ ਟੀਮ 'ਚ ਸ਼ਾਮਲ ਲੋਕਾਂ ਖਿਲਾਫ ਧੋਖਾਧੜੀ ਅਤੇ ਐੱਸਸੀ/ਐੱਸਟੀ ਦੀਆਂ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਵਾਉਣ ਲਈ ਇਸੇ ਹਫਤੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਪਾਸੋਂ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਮਿਲਣ ਲਈ ਵਫਦ ਦੇ ਰੂਪ 'ਚ ਜਾ ਰਹੇ ਹਾਂ।

## ਉੱਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-06 ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 17.09.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਟੈਂਡਰ ਸੰਖਿਆ | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-06 | ਈਐਲਐਸ/ਐਲਡੀਐਚ ਦੇ ਤਿੰਨ ਪੜਾਅ ਇੰਜਣਾਂ ਵਿਚ ਸੀਸੀਬੀ ਬ੍ਰੇਕ ਪ੍ਰਣਾਲੀ ਦੀ ਵਿਆਪਕ ਮੁਰੰਮਤ/ ਨਵੀਨੀਕਰਨ/ਓਵਰਹਾਲਿੰਗ / ਆਈਓਐਚ ਸ਼ੈਡੂਲ | 5,04,37,590.08/- | 0 | 17.09.2025 15:00 ਵਜੇ ਤਕ | 4,02,200/- | 24 ਮਹੀਨੇ | 17.09.2025 15:00 ਵਜੇ ਦੇ ਬਾਅਦ | www.ireps.gov.in |

ਨੰ.: 230-Elect/TRS/LDH/WC/CCB/OT/2025-26/06 ਤਾਰੀਕ – 23.08.2025 2572/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## DR. KARAM SINGH MEMORIAL MULTISPECIALITY HOSPITAL

16-A, Circular Road, Amritsar

### PUBLIC NOTICE

The hospital will be discarding the indoor records as per MCI guidelines for period of 01.04.2021 to 31.08.2022. Anyone who wishes to take their indoor records can approach the medical records department with identity proof within 30 days of this advertisement for taking copy of the record. (M) 9501108805

**Authorized Signatory**
Dr. Karam Singh Memorial Multispeciality Hospital

# ਕਲਾਸੀਫਾਈਡ ਇਸ਼ਤਿਹਾਰ

## ਬੋਲੀ

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਨਗੜ੍ਹ (ਬਰਨਾਲਾ) ਵਿਖੇ ਸ਼ੀਸ਼ਮ 12, ਡੇਕ 4, ਝੁੱਟਕਲ 3, ਕੁੱਲ 19 ਸੁੱਕੇ ਦਰੱਖਤਾਂ ਦੀ ਬੋਲੀ 26 ਅਗਸਤ 2025 ਨੂੰ ਕਰਵਾਈ ਜਾਵੇਗੀ । ਜਿਸ ਦੀ ਕੀਮਤ 195964 ਰੁਪਏ ਹੈ। ਸੰਪਰਕ 98787-57904.

## ਆਮ ਸੂਚਨਾ

ਮੈਂ ਹਰਦਿਆਲ ਸਿੰਘ ਪੁੱਤਰ ਜਵਾਲਾ ਸਿੰਘ ਵਾਰਡ ਨੰਬਰ 9 ਬਰੇਟਾ ਜ਼ਿਲ੍ਹਾ ਮਾਨਸਾ, ਹਰ ਆਮ ਤੇ ਖਾਸ ਨੂੰ ਸੂਚਿਤ ਕਰਦਾ ਹਾਂ ਕਿ ਜਿੱਥੇ ਮੈਂ ਰਹਿ ਰਹੇ ਹਾਂ ਉਹ ਮੇਰਾ ਆਪਣਾ ਰਕਬਾ ਹੈ ਅਤੇ ਮੈਂ ਇਸ ਦਾ ਹਾਊਸ ਟੈਕਸ ਭਰ ਰਿਹਾ ਹਾਂ । ਮੈਂ ਇਸ ਰਕਬੇ ਦਾ ਨਕਸ਼ਾ ਨਗਰ ਕੌਂਸਲ ਬਰੇਟਾ ਵੱਲੋਂ ਪਾਸ ਕਰਵਾਉਣਾ ਚਾਹੁੰਦਾ ਹਾਂ , ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 30 ਦਿਨਾਂ ਦੇ ਅੰਦਰ ਅੰਦਰ ਨਗਰ ਕੌਂਸਲ ਬਰੇਟਾ ਨੂੰ ਪੇਸ਼ ਕਰ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ ਸ਼ਰਨਜੀਤ ਕੌਰ ਪਤਨੀ ਸਰਬਜੀਤ ਸਿੰਘ ਵਾਸੀ ਈ 4/2087, ਹੁਕਮ ਚੰਦ ਕਾਲੋਨੀ, ਅਜਾਦ ਨਗਰ ਅਜਾਦ ਰੋਡ ਛੇਹਰਟਾ ਅੰਮ੍ਰਿਤਸਰ ਆਪਣੇ ਲੜਕੇ ਯਸ਼ਪਾਲ ਸਿੰਘ ਅਤੇ ਉਸਦੀ ਪਤਨੀ ਸੁਰਜੀਤ ਕੋਰ ਉਰਫ ਸੁਨੀਤਾ, ਜੋ ਮੇਰੇ ਕਹਿਣੇ ਵਿੱਚ ਨਹੀ ਹਨ, ਮੇਰੀ ਕੋਈ ਗੱਲ ਨਹੀ ਮੰਨਦੇ, ਆਪਣੀ ਮਰਜੀ ਕਰਦੇ ਹਨ ਨੂੰ ਆਪਣੀ ਚੱਲ ਅਚੱਲ, ਚੁੱਕਵੀਂ ਅਣਚੁੱਕਵੀਂ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫੇ ਨੁਕਸਾਨ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਯਸ਼ਪਾਲ ਸਿੰਘ ਅਤੇ ਉਸਦੀ ਪਤਨੀ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ ਦਲਵਿੰਦਰ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ 662, ਡਾ. ਹੇਤ ਰਾਮ ਕਾਲੋਨੀ, ਛੇਹਰਟਾ, ਅੰਮ੍ਰਿਤਸਰ ਆਪਣੇ ਲੜਕੇ ਰਮਿੰਦਰ ਸਿੰਘ, ਜੋ ਕਿ ਕੁਆਰਾ ਹੈ, ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਚੁੱਕਵੀਂ ਅਣਚੁੱਕਵੀਂ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫੇ ਨੁਕਸਾਨ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਰਮਿੰਦਰ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ ਜਸਵਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ 44, ਗਲੀ ਨੰ: 7 ਅਬਾਦੀ ਗੁਰੂ ਅਮਰਦਾਸ ਕਾਲੋਨੀ, ਅੰਮ੍ਰਿਤਸਰ ਆਪਣੇ ਲੜਕੇ ਹਰਕੀਰਤ ਸਿੰਘ, ਜੋ ਕਿ ਕੁਆਰਾ ਹੈ, ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀ ਮੰਨਦਾ, ਆਪਣੀ ਮਰਜੀ ਕਰਦਾ ਹੈ ਨੂੰ ਆਪਣੀ ਚੱਲ ਅਚੱਲ, ਚੁੱਕਵੀਂ ਅਣਚੁੱਕਵੀਂ ਜਾਇਦਾਦ ਤੋਂ ਬੇਦਖਲ ਕਰਦਾ ਹਾਂ. ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫੇ ਨੁਕਸਾਨ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ. ਮੇਰਾ ਹਰਕੀਰਤ ਸਿੰਘ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ, ਸੁਨੀਤਾ ਰਾਣੀ ਪਤਨੀ ਲੇਟ ਸ੍ਰੀ ਓਮ ਪ੍ਰਕਾਸ਼ ਵਾਸੀ ਗੁਰਸੰਤ ਨਗਰ, ਬਸਤੀ ਦਾਨਿਸ਼ਮੰਦਾਂ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਵੱਡਾ ਲੜਕਾ ਰਾਹੁਲ ਪੁੱਤਰ ਓਮ ਪ੍ਰਕਾਸ਼ ਅਤੇ ਉਸ ਦੀ ਪਤਨੀ ਮੁਸਕਾਨ ਕੁਮਾਰੀ ਉਰਫ ਪ੍ਰਿਆ ਪੁੱਤਰੀ ਸੰਜੇ ਗੁਪਤਾ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਡਾ. ਕੁਲਦੀਪ ਸਿੰਘ ਪੁੱਤਰ ਕ੍ਰਿਸ਼ਨ ਲਾਲ ਅਤੇ ਪੂਨਮ ਦੇਵੀ ਪਤਨੀ ਡਾ. ਕੁਲਦੀਪ ਸਿੰਘ ਦੋਵੇਂ ਵਾਸੀਆਨ ਮਕਾਨ ਨੰ. 7, ਸੋਫੀ ਪਿੰਡ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡੀ ਗੋਦ ਲਈ ਲੜਕੀ ਜਸਲੀਨ (ਜੋ ਕਿ ਆਪਣੇ ਮਾਤਾ-ਪਿਤਾ ਕੋਲ ਚਲੇ ਗਈ ਹੈ), ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਜੋਗਿੰਦਰ ਕੌਰ ਪਤਨੀ ਸਵਰਗਵਾਸੀ ਜਗਦੀਸ਼ ਰਾਮ ਵਾਸੀ ਪਿੰਡ ਸ਼ੇਰਪੁਰ, ਡਾਕਖਾਨਾ ਨੈਣੋਵਾਲ ਜੱਟਾਂ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਜੀਤ ਰਾਮ ਅਤੇ ਉਸ ਦੀ ਪਤਨੀ ਅਮਨਜੀਤ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਵਰਿਆਮ ਸਿੰਘ ਪੁੱਤਰ ਜਰਮ ਸਿੰਘ ਵਾਸੀ ਮਕਾਨ ਨੰਬਰ 180/ ਬੀ, ਸ਼ਾਲੀਮਾਰ ਇਨਕਲੇਵ, ਭੋਜੋਵਾਲ, ਜਿਲ੍ਹਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਚੇਤਨਦੀਪ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਜਿਸ ਕਰਕੇ ਮੈਂ ਆਪਣੇ ਲੜਕੇ ਚੇਤਨਦੀਪ ਸਿੰਘ ਅਤੇ ਉਸਦੀ ਪਤਨੀ ਮਨਿੰਦਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਜੋ ਕੋਈ ਵੀ ਇਨ੍ਹਾਂ ਦੇ ਨਾਲ ਕਿਸੇ ਤਰਾਂ ਦਾ ਲੈਣ-ਦੇਣ ਕਰਦਾ ਹੈ , ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਸੁੱਚਾ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਪਿੰਡ ਹਰੀਕੇ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਰਣਜੀਤ ਸਿੰਘ, ਕੁਲਜੀਤ ਸਿੰਘ ਅਤੇ ਮੇਰੀਆਂ ਨੂੰਹਾਂ ਰਣਜੀਤ ਕੌਰ ਪਤਨੀ ਰਣਜੀਤ ਸਿੰਘ, ਜੋਤੀ ਪਤਨੀ ਕੁਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸੁਨੀਤਾ ਰਾਣੀ ਪਤਨੀ ਅਨਿਲ ਕੁਮਾਰ ਵਾਸੀ ਮੁਹੱਲਾ ਨਵੀਂ ਅਬਾਦੀ ਨਕੋਦਰ, ਤਹਿਸੀਲ ਨਕੋਦਰ (ਜਲੰਧਰ) ਸੂਚਿਤ ਕਰਦੀ ਹਾਂ ਕਿ ਅਨਿਲ ਕੁਮਾਰ ਮੇਰਾ ਪਤੀ ਮੈਨੂੰ ਤੰਗ-ਪਰੇਸ਼ਾਨ ਕਰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਉਕਤ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਅੱਜ ਤੋਂ ਬਾਅਦ ਮੇਰਾ ਅਤੇ ਮੇਰੇ ਬੱਚਿਆਂ ਵੰਦਨਾ ਕੁਮਾਰੀ ਅਤੇ ਹਰਸ਼ ਕੁਮਾਰ ਚੰਦਰ ਦਾ ਅਨਿਲ ਕੁਮਾਰ ਨਾਲ ਕੋਈ ਸੰਬੰਧ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਗਰੀਬ ਦਾਸ ਵਾਸੀ ਪਿੰਡ ਚੀਮਾ ਖੁਰਦ, ਤਹਿਸੀਲ ਫਿਲੌਰ (ਜਲੰਧਰ) ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਸੰਦੀਪ (ਸੋਨੂੰ) ਅਤੇ ਰਮਨ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਦੋਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। (12435)

ਮੈਂ, ਸ਼ਮਸ਼ੇਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਮਕਾਨ ਨੰ. 22, ਗਲੀ ਨੰ. 2, ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਕਾਸ਼ਦੀਪ ਸਿੰਘ ਅਤੇ ਉਸ ਦੀ ਪਤਨੀ ਸੰਦੀਪ ਕੌਰ ਅਤੇ ਇਨ੍ਹਾਂ ਦਾ ਬੱਚਾ ਹਰਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਸ਼ਮੀਰ ਕੌਰ ਪਤਨੀ ਸੁਖਦੇਵ ਸਿੰਘ ਵਾਸੀ ਪਿੰਡ ਬੱਲ ਕਲਾਂ, ਅੰਮ੍ਰਿਤਸਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਅੰਗਰੇਜ਼ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਤਨ ਕੁਮਾਰੀ ਵਿਧਵਾ ਬਿਸ਼ੰਬਰ ਨਾਥ ਵਾਸੀ ਮਕਾਨ ਨੰ. 95/2, ਭਾਰਗੋ ਨਗਰ, ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਵਿੰਦਰ ਕੁਮਾਰ ਉਰਫ ਬੱਬੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਰਿੰਦਰ ਸਿੰਘ ਪੁੱਤਰ ਸੋਹਨ ਸਿੰਘ ਵਾਸੀ 449 ਸੰਗਲਪੁਰਾ ਰੋਡ ਵਾਰਡ ਨੰ: 6 ਗੁਰਦਾਸਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਕਵਿਤਾ ਪਤਨੀ ਰਮਿਤ ਸ਼ਰਮਾ ਵਾਸੀ ਮਕਾਨ ਨੰ: 590, ਪਿੰਡ ਤੇ ਡਾਕ: ਦਕੋਹਾ, ਜ਼ਿਲ੍ਹਾ ਜਲੰਧਰ, ਪੰਜਾਬ-144023 ਸੂਚਿਤ ਕਰਦੀ ਹਾਂ ਕਿ ਮੈਂ ਆਪਣਾ ਨਾਮ ਕਵਿਤਾ ਤੋਂ ਬਦਲ ਕੇ ਕਵਿਤਾ ਸ਼ਰਮਾ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਜੁਗਿੰਦਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਪਾਰਕ ਐਵੀਨਿਊ ਕਾਲੋਨੀ, ਘਰ ਨੰਬਰ 72, ਫਤਹਿਗੜ੍ਹ ਕੋਰੋਟਾਣਾ (ਮੋਗਾ) ਨੇ ਆਪਣਾ ਨਾਂਅ ਬਦਲ ਕੇ ਜੁਗਿੰਦਰ ਸਿੰਘ ਪਰਦੇਸੀ ਰੱਖ ਲਿਆ ਹੈ।

ਮੈਂ, ਸੁਖਚੈਨ ਕੌਰ ਪਤਨੀ ਜੁਗਿੰਦਰ ਸਿੰਘ ਵਾਸੀ ਪਾਰਕ ਐਵੀਨਿਊ ਕਾਲੋਨੀ, ਘਰ ਨੰਬਰ 72, ਫਤਿਹਗੜ੍ਹ ਕੋਰੋਟਾਣਾ (ਮੋਗਾ) ਨੇ ਆਪਣਾ ਨਾਂਅ ਬਦਲ ਕੇ ਸੁਖਚੈਨ ਕੌਰ ਪਰਦੇਸੀ ਰੱਖ ਲਿਆ ਹੈ।

ਮੈਂ, ਕਰਣਵੀਰ ਸਿੰਘ ਉਮਰ 28 ਸਾਲ ਪੁੱਤਰ ਸ੍ਰੀ ਗੁਰਮੁੱਖ ਸਿੰਘ ਵਾਸੀ ਪਿੰਡ ਹਰਦੋਪੱਟੀ ਬੜੈਚ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਕਰਣਵੀਰ ਸਿੰਘ (Karanvir Singh) ਤੋਂ ਬਦਲ ਕੇ ਸਿੰਘ ਕਰਣਵੀਰ (Singh Karanvir) ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## Change of Name

I, Kulwant Kaur W/o Gursewak Singh R/o VPO Panchhat Tehsil Phagwara Distt. Kapurthala Punjab have changed my name from Kulwant Kaur to Rajwant Kaur. Concerned note.

I, Raminder Bedi and Mohinder Bedi W/o Rakesh Chander R/o H.No.2010, Bank Wali Gali Islamabad, Amritsar have declare that above both names are mine one and same person

I, Amandeep Kaur Bhangu W/o Kuldeep Singh R/o VPO Baghiari Tarn Taran have changed my name from Amandeep Kaur Bhangu to Amandeep Kaur

I, Kuldeep Singh Bhangu S/o Budh Singh R/o VPO Baghiari Tarn Taran have changed my name from Kuldeep Singh Bhangu to Kuldeep Singh

I, Rajan S/o Ramesh Kumar Resident of Flat No.3, Mahan Singh Gate, Jagat Jyoti School, Amritsar. I have changed my name from Rajan to Rajan Soni. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਰਤਨਗੜ੍ਹ 'ਚ 8 ਲੱਖ ਰੁਪਏ ਦੀ ਲਾਗਤ ਨਾਲ ਬਣੇ ਆਂਗਣਵਾੜੀ ਸੈਂਟਰ ਦਾ ਉਦਘਾਟਨ

ਪਠਾਨਕੋਟ, (ਦਵਿੰਦਰ ਸਿੰਘ)–ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਰਤਨਗੜ੍ਹ ਵਿਖੇ ਨਵੇਂ ਬਣਾਏ ਗਏ ਆਂਗਣਵਾੜੀ ਸੈਂਟਰ ਦਾ ਉਦਘਾਟਨ ਸਮਾਰੋਹ ਪਿੰਡ ਦੀ ਸਰਪੰਚ ਵੀਨਾ ਸ਼ਰਮਾ ਦੀ ਪ੍ਰਧਾਨਗੀ ਵਿੱਚ ਕੀਤਾ ਗਿਆ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਆਂਗਣਵਾੜੀ ਸੈਂਟਰ ਦਾ ਉਦਘਾਟਨ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਕੁਮਾਰ ਸੈਨੀ ਜ਼ਿਲ੍ਹਾ ਪ੍ਰਧਾਨ ਬੀ. ਸੀ. ਵਿੰਗ ਪਠਾਨਕੋਟ, ਨੀਰੂ ਬਾਲਾ ਬਲਾਕ ਵਿਕਾਸ ਪੰਚਾਇਤ ਅਧਿਕਾਰੀ, ਸੋਹਣ ਲਾਲ ਬਲਾਕ ਪ੍ਰਧਾਨ, ਪ੍ਰੇਮ ਕੁਮਾਰ, ਹੰਸ ਰਾਜ ਸਰਪੰਚ ਨੰਗਲ ਫਰੀਦਾਂ, ਨਰਦੀਪ ਸਿੰਘ, ਅਜੀਤ ਕੁਮਾਰ ਫੌਜੀ, ਅੰਕੁਰ ਸ਼ਰਮਾ, ਦਿਲਬਾਗ ਸਿੰਘ, ਲਤਾ ਸ਼ਰਮਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਰਤਨਗੜ੍ਹ ਵਿਖੇ ਕਰੀਬ 8 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਆਂਗਣਵਾੜੀ ਸੈਂਟਰ ਨੂੰ ਤਿਆਰ ਕਰਕੇ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਵੱਡੇ ਪੱਧਰ ਤੇ ਵਿਕਾਸ ਕਾਰਜ ਚਲ ਰਹੇ ਹਨ ਅਤੇ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਵੀ ਪਾਈ ਜਾ ਰਹੀ ਹੈ।ਉਨ੍ਹਾਂ ਇਸ ਮੌਕੇ ਆਂਗਣਵਾੜੀ ਸੈਂਟਰ ਦੇ ਸਾਹਮਣੇ ਵਾਲੇ ਸਥਾਨ ਤੇ ਇੰਟਰਲਾਕ ਟਾਇਲਾਂ, ਚਾਰਦੀਵਾਰੀ ਅਤੇ ਓਪਨ ਜਿੰਮ ਕਾਰਜਾਂ ਦੇ ਲਈ 10 ਲੱਖ ਰੁਪਏ ਦਿੱਤੇ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਉਹ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਨ੍ਹਾਂ ਕੰਮਾਂ ਦੇ ਹੋਣ ਦੀ ਲੋਕਾਂ ਨੂੰ ਉਮੀਦ ਤੱਕ ਨਹੀਂ ਸੀ ਅਤੇ ਇਨ੍ਹਾਂ ਕਾਰਜਾਂ ਦੇ ਨਾ ਹੋਣ ਕਰਕੇ ਲੋਕ ਪ੍ਰੇਸ਼ਾਨ ਸਨ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਭਵਿੱਖ ਅੰਦਰ ਵੀ ਜਾਰੀ ਰਹਿਣਗੇ ।



## Change of Name

I, Sarabjit Singh Bedi S/o Amar Singh Bedi R/o H.No. 545, A Block, New Amritsar have changed my name from Sarabjit Singh Bedi To Sarbjit Singh Bedi. All Please Note.

I, Preeti Joshi W/o Parmod Pandey R/o H.No- 19, BP Enclave Khambra Road, Mithapur, Jalandhar (Pb) have changed my name to Preeti. All concerned please note.

I, Vipan S/o Radhe Kishan R/o H.No. ES-79, Makhdoom Pura, Dhobi Mohalla, Jalandhar, Punjab have changed my name from Vipan to Vipan Kumar. All concerned please note.

I, Vicky Singh S/O Jasvir Singh R/O Patti Ballo ki ,Dhaliwal Bet, District Kapurthala declares that I have changed my name from Vicky to Vicky Singh

I, SUNIL KUMAR Son of Ravi Kumar, R/o Jalandhar Road, H.No. 51, Aman Nagar, Kapurthala, Punjab, declare that NIKITA is my real daughter. I want to change her name from NITIKA to NIKITA, on her adhaar Card. According to her birth certificate her correct name is "NIKITA". All Noted.

I, Mamta Rani W/o Ashwani Kumar R/o 2985/3, Main Bazar, Gurbax Nagar, Nawan Kot, Amritsar have changed my name from Mamta Rani to Mamta Khurana.

I, Baljit Pal Singh S/o Devinder Singh R/o Guru Nanak Pura, Nabipur, P.O., Tehsil/Distt. Gurdaspur, Punjab-143521, India, have changed my name from Baljit Pal Singh to Baljitpal Singh.

# 120 ਨਸ਼ੀਲੀਆਂ ਗੋਲੀਆਂ ਸਣੇ ਇੱਕ ਔਰਤ ਕਾਬੂ

ਜਲਾਲਾਬਾਦ (ਜੀਤ ਕੁਮਾਰ) -ਥਾਣਾ ਵੈਰੋਕੇ ਦੀ ਪੁਲਸ ਵੱਲੋਂ 120 ਨਸ਼ੀਲੀਆਂ ਗੋਲੀਆਂ ਸਣੇ ਇੱਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਥਾਣਾ ਵੈਰੋਕੇ ਇਲਾਕੇ ਵਿੱਚ ਮੌਜੂਦ ਸੀ ਅਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਜੰਡਵਾਲਾ ਨਹਿਰ ਦੇ ਪੁਲ ਕੋਲ ਪੁੱਜੀ ਤਾਂ ਸਾਹਮਣੇ ਤੋਂ ਇਕ ਔਰਤ ਆਉਂਦੀ ਦਿਖਾਈ ਦਿੱਤੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਕੇ ਆਪਣੇ ਖੱਬੇ ਹੱਥ ਵਿੱਚ ਫੜੇ ਮੋਮੀ ਲਿਫਾਫੇ ਨੂੰ ਸੜਕ ਦੇ ਕਿਨਾਰੇ ਸੁੱਟ ਕੇ ਤੇਜ਼ ਰਫਤਾਰ ਜਾਣ ਲੱਗੀ।

ਇਸ ਔਰਤ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਉਸ ਵੱਲੋਂ ਸੁੱਟੇ ਗਏ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿਚੋਂ 120 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਇਸ ਔਰਤ ਦੀ ਪਹਿਚਾਣ ਪ੍ਰਵੀਨ ਰਾਣੀ ਪਤਨੀ ਮੰਗਲ ਸਿੰਘ ਵਾਸੀ ਚੱਕ ਸੁਹੇਲੇਵਾਲਾ ਵਜੋਂ ਹੋਈ। ਥਾਣਾ ਵੈਰੋਕੇ ਦੀ ਪੁਲਸ ਵੱਲੋਂ 120 ਨਸ਼ੀਲੀਆਂ ਗੋਲੀਆਂ ਸਮੇਤ ਇਸ ਔਰਤ ਨੂੰ ਕਾਬੂ ਕਰਨ ਉਪਰੰਤ ਬੀ.ਐਨ.ਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ।

## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਮਾਲਭਾੜਾ ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-102 | 10.09.2025 ਨੂੰ 11.00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ): 14720/F1, 22480/F1, 19612/F1, 14626/F1, 15015/F1, 14604/F1, 19326/F1, 22486/F1, 14616/F1 & 19614/F1. |
| EAFZR-SLR25-103 | 12.09.2025 ਨੂੰ11.00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਤੇ ਦੇਣ ਦਾ ਠੇਕਾ ਟ੍ਰੇਨ ਨੰਬਰ/ਐਸਐਲਆਰ ਕੰਪਾਰਟਮੈਂਟ):14730/F1, 12030/F1, 11906/R1, 15212/F1, 11906/F1, 14028/F1, 14028/F2, 14618/F1, 14505/F1 & 14028/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। 2559/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।

ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 29.09.2025 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | •ਮੈਸਰਜ਼ ਮਲਹੋਤਰਾ ਫੈਬਰਿਕਸ ਪਿੰਡ ਮਿਹਰਬਾਨ ਰਾਹੋਂ ਰੋਡ, ਲੁਧਿਆਣਾ ਰਾਹੀਂ ਇਸ ਦੇ ਮਾਲਕ ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ ਲੁਧਿਆਣਾ। ਦੂਜਾ ਪਤਾ : ਮਕਾਨ ਨੰ. 5, ਬਸੰਤ ਐਵੀਨਿਊ ਐਕਸਟੈਨਸ਼ਨ ਲੁਧਿਆਣਾ (ਕਰਜ਼ਦਾਰ)<br>•ਸ਼੍ਰੀਮਤੀ ਸ਼ਿਆਮਲੀ ਮਲਹੋਤਰਾ ਪਤਨੀ ਅਕਾਸ਼ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ ਲੁਧਿਆਣਾ। ਦੂਜਾ ਪਤਾ : ਮਕਾਨ ਨੰ. 5, ਬਸੰਤ ਐਵੀਨਿਊ ਐਕਸਟੈਨਸ਼ਨ ਲੁਧਿਆਣਾ<br>•ਸ੍ਰੀ ਕੇਵਲ ਕ੍ਰਿਸ਼ਨ ਮਲਹੋਤਰਾ ਪੁੱਤਰ ਚੂਨੀ ਲਾਲ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ ਲੁਧਿਆਣਾ (ਹੁਣ ਮ੍ਰਿਤਕ ਰਾਹੀਂ ਇਸ ਦੇ ਕਾਨੂੰਨੀ ਵਾਰਸਾਂ) :-<br>• ਸ੍ਰੀ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ ਮਾਡਲ ਟਾਊਨ ਲੁਧਿਆਣਾ। ਦੂਜਾ ਪਤਾ : ਮਕਾਨ ਨੰ. 5, ਬਸੰਤ ਐਵੀਨਿਊ ਐਕਸਟੈਨਸ਼ਨ ਲੁਧਿਆਣਾ।<br>• ਸ਼੍ਰੀਮਤੀ ਰੇਨੂ ਸਚਦੇਵਾ ਪਤਨੀ ਰਵਿੰਦਰ ਕੁਮਾਰ ਵਾਸੀ ਮਕਾਨ ਨੰ. 609/7, ਗਲੀ ਨੰ. 5 ਨੇੜੇ ਸਿੰਘ ਸਭਾ ਗੁਰਦੁਆਰਾ, ਸ਼ਾਮ ਨਗਰ, ਲੁਧਿਆਣਾ<br>• ਸ਼੍ਰੀਮਤੀ ਸੰਦੀਪਿਕਾ ਮਲਹੋਤਰਾ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ. 609/7, ਗਲੀ ਨੰ. 5 ਨੇੜੇ ਸਿੰਘ ਸਭਾ ਗੁਰਦੁਆਰਾ, ਸ਼ਾਮ ਨਗਰ, ਲੁਧਿਆਣਾ<br>• ਸ਼੍ਰੀਮਤੀ ਸੰਜਨਾ ਖੋਸਲਾ ਪਤਨੀ ਅਨਿਲ ਖੋਸਲਾ ਵਾਸੀ 701 ਦੁਗਰੀ, ਧਾਂਦਰਾ ਰੋਡ, ਨੇੜੇ ਸਾਈ ਬਾਬਾ ਮੰਦਰ, ਬਸੰਤ ਐਵੀਨਿਊ, ਲੁਧਿਆਣਾ।<br>• ਸ਼੍ਰੀਮਤੀ ਅੰਜੂ ਵੋਹਰਾ ਪਤਨੀ ਵਿਜੇ ਕੁਮਾਰ ਵੋਹਰਾ, ਵਾਸੀ 345, ਸ਼ੇਰਪੁਰ ਰੋਡ, ਲੁਧਿਆਣਾ।<br>• ਸ਼੍ਰੀਮਤੀ ਮੰਜੂ ਪਤਨੀ ਸ੍ਰੀ ਗੁਲਸ਼ਨ ਵਾਸੀ ਮਕਾਨ ਨੰ. 5 ਗੁਰਮੀਤ ਨਗਰ, ਮਿੱਠਾਪੁਰ ਰੋਡ, ਜਲੰਧਰ।<br>• ਸ਼੍ਰੀਮਤੀ ਦਮਨ ਮਲਹੋਤਰਾ ਪਤਨੀ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ, ਮਾਡਲ ਟਾਊਨ, ਲੁਧਿਆਣਾ (ਹੁਣ ਮ੍ਰਿਤਕ ਰਾਹੀਂ ਇਸ ਦੇ ਕਾਨੂੰਨੀ ਵਾਰਸਾਂ) :-<br>• ਸ੍ਰੀ ਆਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਵਾਸੀ ਮਕਾਨ ਨੰ. 34 ਆਰ, ਮਾਡਲ ਟਾਊਨ ਲੁਧਿਆਣਾ। ਦੂਜਾ ਪਤਾ : ਮਕਾਨ ਨੰ. 5, ਬਸੰਤ ਐਵੇਨਿਊ, ਐਕਸਟੈਂਸ਼ਨ, ਲੁਧਿਆਣਾ।<br>• ਸ਼੍ਰੀਮਤੀ ਰੇਨੂ ਸਚਦੇਵਾ ਪਤਨੀ ਰਵਿੰਦਰ ਕੁਮਾਰ ਵਾਸੀ ਮਕਾਨ ਨੰ. 609/7, ਗਲੀ ਨੰ. 5 ਨੇੜੇ ਸਿੰਘ ਸਭਾ ਗੁਰਦੁਅਰਾ, ਸ਼ਾਮ ਨਗਰ, ਲੁਧਿਆਣਾ।<br>• ਸ਼੍ਰੀਮਤੀ ਸੰਦੀਪਿਕਾ ਮਲਹੋਤਰਾ ਪਤਨੀ ਸੁਭਾਸ਼ ਚੰਦਰ, ਵਾਸੀ ਮਕਾਨ ਨੰ.609/7, ਗਲੀ ਨੰ. 5 ਨੇੜੇ ਸਿੰਘ ਸਭਾ ਗੁਰਦੁਆਰਾ, ਸ਼ਾਮ ਨਗਰ, ਲੁਧਿਆਣਾ।<br>• ਸ਼੍ਰੀਮਤੀ ਸੰਜਨਾ ਖੋਸਲਾ ਪਤਨੀ ਅਨਿਲ ਖੋਸਲਾ ਵਾਸੀ 701, ਦੁਗਰੀ ਧਾਂਦਰਾ ਰੋਡ, ਨੇੜੇ ਸਾਈਂ ਬਾਬਾ ਮੰਦਰ, ਬਸੰਤ ਐਵੀਨਿਊ, ਲੁਧਿਆਣਾ<br>• ਸ਼੍ਰੀਮਤੀ ਅੰਜੂ ਵੋਹਰਾ ਪਤਨੀ ਵਿਜੈ ਕੁਮਾਰ ਵੋਹਰਾ ਵਾਸੀ 345 ਸ਼ੇਰਪੁਰ ਰੋਡ, ਲੁਧਿਆਣਾ।<br>• ਸ਼੍ਰੀਮਤੀ ਮੰਜੂ ਪਤਨੀ ਸ੍ਰੀ ਗੁਲਸ਼ਨ ਵਾਸੀ ਮਕਾਨ ਨੰ. 5, ਗੁਰਮੀਤ ਨਗਰ, ਮਿੱਠਾਪੁਰ ਰੋਡ, ਜਲੰਧਰ।<br>• ਸ਼੍ਰੀਮਤੀ ਰੇਨੂ ਸਚਦੇਵਾ ਪਤਨੀ ਰਵਿੰਦਰ ਕੁਮਾਰ ਵਾਸੀ ਮਕਾਨ ਨੰ. 609/7, ਗਲੀ ਨੰ. 5, ਨੇੜੇ ਸਿੰਘ ਸਭਾ ਗੁਰਦੁਆਰਾ ਸ਼ਾਮ ਨਗਰ, ਲੁਧਿਆਣਾ।<br>• ਸ਼੍ਰੀਮਤੀ ਸੰਦੀਪਿਕਾ ਮਲਹੋਤਰਾ ਪਤਨੀ ਸੁਭਾਸ਼ ਚੰਦਰ ਵਾਸੀ ਮਕਾਨ ਨੰ. 609/7, ਗਲੀ ਨੰ. 5 ਨੇੜੇ ਸਿੰਘ ਸਭਾ ਗੁਰਦੁਆਰਾ, ਸ਼ਾਮ ਨਗਰ, ਲੁਧਿਆਣਾ।<br>• ਸ਼੍ਰੀਮਤੀ ਸੰਜਨਾ ਖੋਸਲਾ ਪਤਨੀ ਅਨਿਲ ਖੋਸਲਾ ਵਾਸੀ 701, ਦੁੱਗਰੀ ਧਾਂਦਰਾ ਰੋਡ, ਨੇੜੇ ਸਾਈਂ ਬਾਬਾ ਮੰਦਰ, ਬਸੰਤ ਐਵੀਨਿਊ, ਲੁਧਿਆਣਾ।<br>• ਸ਼੍ਰੀਮਤੀ ਅੰਜੂ ਵੋਹਰਾ ਪਤਨੀ ਵਿਜੈ ਕੁਮਾਰ ਵੋਹਰਾ ਵਾਸੀ 345 ਸ਼ੇਰਪੁਰ ਰੋਡ, ਲੁਧਿਆਣਾ।<br>• ਸ਼੍ਰੀਮਤੀ ਮੰਜੂ ਪਤਨੀ ਸ੍ਰੀ ਗੁਲਸ਼ਨ ਵਾਸੀ ਮਕਾਨ ਨੰ. 5, ਗੁਰਮੀਤ ਨਗਰ, ਮਿੱਠਾਪੁਰ ਰੋਡ, ਜਲੰਧਰ (ਗਰੰਟਰ) |
| ODT LIMIT/ 090400000040<br>WCTL /090612000003<br>WCTL-ECLGS/090612000012<br>WCTL-ECLGS/090612000042<br>WCTL/090612000043<br>PROJ/ 090624000004<br>PROJ/ 090624000007 | Rs. 2,56,34,347/-<br>Rs. 64,25,979/-<br>Rs. 1,43,44,790/-<br>Rs. 71,08,336/-<br>Rs. 3,99,80,525/-<br>Rs. 32,90,559/-<br>Rs. 46,40,444/-<br>(ਅਤੇ 1.08.2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਅਚੱਲ ਜਾਇਦਾਦ : ਬੈਨਾਮਾ ਵਸੀਕਾ ਨੰ. 2019-20/106/1/14940 ਮਿਤੀ 25.09.2019 ਅਨੁਸਾਰ ਅਕਾਸ਼ ਮਲਹੋਤਰਾ ਪੁੱਤਰ ਕੇਵਲ ਕ੍ਰਿਸ਼ਨ ਮਲਹੋਤਰਾ ਦੀ ਮਲੀਅਕਤ ਜਾਇਦਾਦ ਰਕਬਾ 29 ਮਰਲੇ ਪਿੰਡ ਮਿਹਰਬਾਨ ਨੇੜੇ ਪੁਲਸ ਸਟੇਸ਼ਨ, ਰਾਹੋਂ ਰੋਡ, ਜ਼ਿਲ੍ਹਾ ਲੁਧਿਆਣਾ। |
| ਰਾਖਵੀਂ ਕੀਮਤ | ਰੁ. 1,30,00,000/- (ਇੱਕ ਕਰੋੜ ਤੀਹ ਲੱਖ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 29-09-2025 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ, 'ਜਿਵੇਂ ਹੈ, ਜੋ ਹੈ, ਉਥੇ ਜੋ ਵੀ ਹੈ' ਦੇ ਅਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ (ਬਿਆਨਾ ਰਕਮ) ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 29.09.2025 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਮਿਹਰਬਾਨ , ਲੁਧਿਆਣਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਊਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 22.8.2025 ਅਧਿਕਾਰਤ ਅਫਸਰ

## ਉੱਤਰ ਰੇਲਵੇ

### ਈ-ਨਿਵਿਦਾ ਸ਼ੁਧੀਪੱਤਰ ਸੂਚਨਾ

ਸ਼ੁਧੀਪੱਤਰ ਅਤੇ ਨਿਵਿਦਾ ਵੇਰਵਾ

| | | | |
|---|---|---|---|
| ਸ਼ੁਧੀਪੱਤਰ ਨੰ. | 1 | ਆਈਆਰਈਪੀਐਸ ਦੇ ਅਨੁਸਾਰ ਸ਼ੁਧੀਪੱਤਰ ਪ੍ਰਕਾਸ਼ਨ ਮਿਤੀ | 22/08/25 19:11 |
| ਨਿਵਿਦਾ ਨੰ. | 433_Sig_JAT_13_25_26 (ਖੁਲ੍ਹੀ ਨਿਵਿਦਾ) | | |
| ਕੰਮ ਦਾ ਨਾਮ | ਜੰਮੂ ਡਵੀਜਨ ਵਿਚ 7 ਨੰਬਰ L-xing ਗੇਟ ਦਾ ਇੰਟਰਲਾਕਿੰਗ ਜਿਸ ਵਿਚ TUV 20000 ਤੋਂ ਜਿਆਦਾ ਹੈ ਯਾਨੀ PTK-JAT ਸੈਕਸ਼ਨ ਉਤੇ B2-2 ਅਤੇ C-9 ਅਤੇ PTKC-BPRS ਸੈਕਸ਼ਨ ਉਤੇ C-46A, C-51, C-97, C-134 और C-142 ਹੈ। | | |
| ਨਿਵਿਦਾ ਸਮਾਪਤੀ ਮਿਤੀ ਸਮਾਂ | 15.09.2025 08:00 | ਨਿਵਿਦਾ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 04.08.2025 17:55 |
| ਵਿਗਿਆਪਤ ਮੂਲ (ਰੁ.) | 11431977.29 | ਆਈਆਰਈਪੀਐਸ ਦੇ ਅਨੁਸਾਰ ਬੋਲੀ ਸ਼ੁਰੂ ਮਿਤੀ | 12.08.2025 |
| ਬਿਆਨਾ ਰਾਸ਼ੀ (ਰੁ.) | 207200.00 | ਸਮਾਪਤੀ ਦਾ ਸਮਾਂ | 6 ਮਹੀਨੇ |

ਸੰਸ਼ੋਧਿਤ ਆਈਟਮ
ਐਨਆਈਟੀ ਹੇਡਰ

| ਫੀਲਡ ਨਾਮ | ਮੌਜੂਦਾ ਮੂਲ | ਸੰਸ਼ੋਧਿਤ ਮੂਲ |
|---|---|---|
| ਨਿਵਿਦਾ ਸਮਾਪਤੀ ਮਿਤੀ ਸਮਾਂ | 26/08/25 15:00 | 15/09/25 08:00 |

ਨਿਵਿਦਾ ਨੰਬਰ: 433_Sig_JAT_13_25_26 ਤਾਰੀਕ :- 23.09.2025 ਸਮਾਪਤੀ ਮਿਤੀ/ਸਮਾਂ: 15.09.2025/08:00 2571/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰਬਰ: 118-2025-26-ADEN-JUC ਤਾਰੀਕ: 21.08.2025. ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 15.09.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 21.08.2025 | 01.09.2025 | 15.09.2025 15:00 ਵਜੇ |

ਲੜੀ ਨੰਬਰ:1 ਨਿਵਿਦਾ ਨੰਬਰ : 118-2025-26-ADEN-JUC

ਨਿਵਿਦਾ ਦਾ ਵੇਰਵਾ: ਫਿਲੌਰ-ਲੋਹਿਆਂ ਖਾਸ ਦੇ ਸੈਕਸ਼ਨ ਵਿਚ ਕਿਮੀ 62 / 8-9 ਤੇ ਸਟੀਲ ਟ੍ਰਫ ਬ੍ਰਿਜ ਨੰਬਰ 158 (11x1.83) ਦੇ ਸਥਾਨ ਤੇ ਆਰਸੀਸੀ ਬਾਕਸ (5 ਲੀਟਰ x 1.35 ਮੀਟਰ ਏਅਰ ਪੁਸ਼ਿੰਗ ਦੇ 2 ਟਵਿਨ ਬਾਕਸ) ਪੁਲ ਦੀ ਉਸਾਰੀ।

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,24,56,976.49/- | 2,62,300.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ :"ਆਰ.ਸੀ.ਸੀ. ਪੁਲ/ਸੀਮਿਤ ਉਚਾਈ ਵਾਲੇ ਸਬਵੇ ਕੰਮ"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਤਰੁਟੀ ਲਈ ਅੰਗ੍ਰੇਜੀ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 2554/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਜਾਇਦਾਦ ਵਿਕਰੀ ਨੋਟਿਸ

ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਹੇਠ ਦਰਸਾਈਆਂ ਜਾਇਦਾਦਾਂ ਦਾ ਸਰਫੇਸੀ ਐਕਟ ਦੇ ਸੈਕਸ਼ਨ 13 (4) ਅਧੀਨ ਕਬਜ਼ਾ ਲੈ ਲਿਆ ਹੈ।

ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਐੱਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ ਦੀ ਵਸੂਲੀ ਲਈ ਬੈਂਕ ਵੱਲੋਂ 12.09.2025 ਨੂੰ ਵਿਕਰੀ ਕੀਤੀ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਰਾਜੂ ਵਾਸੀ ਢੇਸੀਆਂ, ਢੇਸੀਆਂ ਸੰਗ, ਜਲੰਧਰ, ਪੰਜਾਬ-144409 (ਕਰਜ਼ਦਾਰ)<br>ਸ਼੍ਰੀਮਤੀ ਰੀਨਾ ਰਾਣੀ ਪਤਨੀ ਪਰਮਜੀਤ ਸਿੰਘ ਵਾਸੀ ਸੰਗ ਢੇਸੀਆਂ, ਢੇਸੀਆਂ ਸੰਗ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144409<br>ਸ੍ਰੀ ਜਗੀਰ ਸਿੰਘ ਕੈਲੇ, ਪੁੱਤਰ ਗੁਰਮੇਜ ਸਿੰਘ ਵਾਸੀ ਚੱਕ ਧੋਥੜ, ਡਾਕ. ਸਰਗੁੰਦੀ, ਫਿਲੌਰ, ਜਲੰਧਰ-144409 (ਗਰੰਟਰ) |
| ਬਕਾਇਆ ਰਾਸ਼ੀ LAP/117602000019 | ਰੁਪਏ 36,79,241/-<br>(ਅਤੇ 1.08.2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਚੱਲ ਵਸਤਾਂ, ਜਿਨ੍ਹਾਂ 'ਚ ਦੋ ਲੋਹੇ ਦੀਆਂ ਅਲਮਾਰੀਆਂ, ਦੋ ਲੋਹੇ ਦੇ ਟਰੰਕ, ਇੱਕ ਲੋਹੇ ਦਾ ਟਰੰਕ, (ਮਿਨੀ ਪੇਟੀ) ਇੱਕ ਲੱਕੜ ਦਾ ਦੀਵਾਨ, ਇੱਕ ਡਬਲ ਬੈੱਡ, ਇੱਕ 5 ਸੀਟਾਂ ਵਾਲਾ ਸੋਫਾ ਅਤੇ ਇੱਕ ਡਰੈਸਿੰਗ ਟੇਬਲ ਸ਼ਾਮਲ। |
| ਰਾਖਵੀਂ ਕੀਮਤ | ਰੁਪਏ 18,000/- (ਰੁਪਏ ਅਠਾਰਾਂ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ (ਬਿਆਨਾ ਰਕਮ) | ਕੁੱਲ ਈ ਐੱਮ ਡੀ (ਬਿਆਨਾ ਰਕਮ) ਰਾਖਵੀਂ ਕੀਮਤ ਦਾ 25 ਫੀਸਦੀ ਹੈ, ਜੋ ਸਫਲ ਬੋਲੀਕਾਰ ਵੱਲੋਂ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਮਿਤੀ 12-09-2025 ਨੂੰ ਅਦਾ ਕੀਤਾ ਜਾਵੇਗਾ। ਟੈਂਡਰ ਫਾਰਮ ਅਤੇ ਈ ਐੱਮ ਡੀ, ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ : ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਦੀ ਜਾਣਕਾਰੀ 'ਚ ਜੋਖਮ : ਕੋਈ ਨਹੀਂ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ, ਜੋ ਹੈ ਜਿਵੇਂ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ ਕੀਤੀ ਜਾਵੇਗੀ। ਟੈਂਡਰ ਸਮੇਤ ਰਾਖਵੀਂ ਕੀਮਤ ਦੀ ਕੁੱਲ 25 ਫੀਸਦੀ ਈ ਐੱਮ ਡੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਹੱਕ 'ਚ ਡਿਮਾਂਡ ਡਰਾਫਟ ਰਾਹੀਂ ਜਲੰਧਰ ਵਿਖੇ ਅਦਾਇਗੀਯੋਗ ਪ੍ਰਾਪਤ ਕਰਨ ਦੀ ਅੰਤਮ ਮਿਤੀ/ਸਮਾਂ 12.09.2025 ਸਵੇਰੇ 11.00 ਵਜੇ ਤੱਕ ਹੈ। ਟੈਂਡਰ ਉਕਤ ਮਿਤੀ ਤੋਂ ਸਵੇਰੇ 11.00 ਵਜੇ ਤੋਂ ਬਾਅਦ ਮੁੱਖ ਦਫਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਸਾਰੇ ਪੇਸ਼ਕਰਤਾਵਾਂ/ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਹਾਜ਼ਰੀ 'ਚ ਖੋਲ੍ਹੇ ਜਾਣਗੇ ਅਤੇ ਵਿਚਾਰੇ ਜਾਣਗੇ। ਟੈਂਡਰ ਫਾਰਮ ਸਮੇਤ ਵਿਕਰੀ ਦੀਆਂ ਸ਼ਰਤਾਂ ਦੇ ਵੇਰਵੇ ਅਤੇ ਜਾਇਦਾਦ ਦੇ ਨਿਰੀਖਣ ਲਈ ਕਿਰਪਾ ਕਰਕੇ ਸ਼ਾਖਾ ਦਫਤਰ ਢੰਡਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਰੂਲਜ਼/ਸ਼ਰਤਾਂ ਤਹਿਤ ਕੀਤੀ ਜਾਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸੇ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਸ਼ਰਤਾਂ ਅਤੇ ਨਿਯਮ ਕਿਸੇ ਸਮੇਂ ਵੀ ਰੱਦ/ਮੁਲਤਵੀ/ਅਣਮਿੱਥੇ ਸਮੇਂ ਲਈ ਅੱਗੇ ਪਾਉਣ/ ਤਬਦੀਲ ਕਰਨ ਦਾ ਅਧਿਕਾਰ ਪ੍ਰਾਪਤ ਹੈ।

ਮਿਤੀ : 22.08.2025 ਅਧਿਕਾਰਤ ਅਫਸਰ

24 Aug Page 8.qxd 8/23/2025 10:28 PM Page 1



## ਪੈਨਸ਼ਨਰਜ਼ ਯੂਨੀਅਨ ਦਾ ਵਫਦ ਪੰਚਾਇਤ ਮੰਤਰੀ ਨੂੰ ਮਿਲਿਆ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਪੰਚਾਇਤੀ ਰਾਜ ਪੈਨਸ਼ਨਰਜ਼ ਯੂਨੀਅਨ ਪੰਜਾਬ ਦਾ ਇੱਕ ਵਫਦ ਕੁਲਵੰਤ ਕੌਰ ਬਾਠ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਧ ਅਤੇ ਸਕੱਤਰ ਅਜੀਤ ਬਾਲਾ ਜੋਸ਼ੀ ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਮਿਲਿਆ। ਵਫਦ ਵੱਲੋਂ ਮੰਤਰੀ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ



ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਜਿਹਨਾਂ ਨੇ 51 ਸਾਲ ਪਹਿਲਾਂ ਪੰਚਾਇਤ ਮੰਤਰੀ ਸੰਤੋਖ ਸਿੰਘ ਰੰਧਾਵਾ ਵਲੋਂ 13 ਜਨਵਰੀ 1974 ਨੂੰ ਰਾਜਪੁਰਾ ਵਿਖੇ ਕੀਤੇ ਐਲਾਨ ਪੰਚਾਇਤ ਸਕਤਰ ਦੀ ਪੋਸਟ ਨੂੰ ਪਰੋਵਿੰਸਲਾਈਜ਼ ਕੀਤਾ ਜਾਂਦਾ ਹੈ, ਨੂੰ ਪੰਚਾਇਤ ਵਿਕਾਸ ਸੱਕਤਰ ਦੀ ਰਚਨਾ ਕਰਕੇ ਪੂਰਾ ਕਰ ਦਿੱਤਾ ਹੈ। ਇਸ ਫੈਸਲੇ ਨਾਲ ਇਹਨਾਂ ਕਰਮਚਾਰੀਆਂ ਨੂੰ ਵੱਡਾ ਮਾਨ ਸਨਮਾਨ ਤੇ ਤਰਕੀਆਂ ਕਰਨ ਦਾ ਮੋਕਾ ਮਿਲ ਸਕੇਗਾ। ਮੁਲਾਕਾਤ ਸਮੇਂ ਅਜੀਤਬਾਲਾ ਜੋਸ਼ੀ ਸਕੱਤਰ ਵਲੋਂ ਮੰਤਰੀ ਦੀ ਹਾਜ਼ਰੀ ਵਿੱਚ ਵਫਦ ਨਾਲ ਵਾਅਦਾ ਕੀਤਾ ਗਿਆ ਕਿ 15 ਸਤੰਬਰ ਤਕ ਪੈਨਸ਼ਨਰਾਂ ਦੀਆਂ ਮੰਗਾਂ ਦਾ ਪੱਕਾ ਹੱਲ ਕਰ ਦਿੱਤਾ ਜਾਵੇਗਾ। ਮੁਲਾਕਾਤ ਸਮੇਂ ਮੈਡਮ ਬਾਠ ਤੋਂ ਇਲਾਵਾ ਗੁਰਮੀਤ ਸਿੰਘ ਭਾਂਖਰਪੁਰ, ਜਾਗੀਰ ਸਿੰਘ ਢਿਲੋਂ, ਹੁਕਮ ਚੰਦ ਸ਼ਰਮਾ, ਗੁਰਮੇਲ ਸਿੰਘ, ਪਰਮਜੀਤ ਸਿੰਘ ਆਦਿ ਪੈਨਸ਼ਨਰ ਹਾਜ਼ਰ ਸਨ।

## ਕਿਤਾਬਾਂ, ਚੁੱਪ ਨੂੰ ਲਲਕਾਰ 'ਚ ਬਦਲਣ ਦੀ ਸਮਰੱਥਾ ਰੱਖਦੀਆਂ : ਇੰਜੀ. ਜਸਵੀਰ ਸਿੰਘ ਮੋਰੋਂ

**ਬੰਗਾ (ਅਵਤਾਰ ਕਲੇਰ)**- ਵਿਵੇਕ ਵਿਕਾਸ ਲਹਿਰ ਪੰਜਾਬ ਮੁੱਖ ਦਫਤਰ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਮੁਫ਼ਤ ਕਿਤਾਬਾਂ ਵੰਡਣ ਦੀ ਮੁਹਿੰਮ ਨਿਰੰਤਰ ਜਾਰੀ ਹੈ। ਇਸ ਦੀ ਸ਼ੁਰੂਆਤ 28 ਜਨਵਰੀ 2025 ਨੂੰ ਪਿੰਡ ਬੇਗੋਵਾਲ ਤੋਂ ਕੀਤੀ ਗਈ ਸੀ। ਉਸ ਤੋਂ ਬਾਅਦ ਪਿੰਡ ਗੋਸਲ,ਮਾਈ ਦਿੱਤਾ,



ਮੀਰਪੁਰ ਲੱਖਾ, ਸਾਹਲੋਂ, ਬਘੌਰਾ, ਨੂਰਪੁਰ, ਤਲਵੰਡੀ ਫੱਤੂ ਅਤੇ ਹੁਣ ਪਿੰਡ ਖਾਨਖਾਨਾ ਵਿਖੇ ਮੁਫ਼ਤ ਕਿਤਾਬਾਂ ਵੰਡੀਆਂ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਇੰਜੀ. ਜਸਵੀਰ ਸਿੰਘ ਮੋਰੋਂ ਨੇ ਕਿਹਾ ਕਿ ਕਿਤਾਬਾਂ,ਸਾਡੀ ਚੁੱਪ ਨੂੰ ਲਲਕਾਰ ਵਿੱਚ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਸਾਨੂੰ ਕਿਤਾਬਾਂ ਪੜ੍ਹਨ ਦੀ ਆਦਤ ਬਣਾ ਲੈਣੀ ਚਾਹੀਦੀ ਹੈ। ਇਸ ਮੌਕੇ ਹਰੀਬਿਲਾਸ ਹੀਉ ਤੇ ਹਰਪਾਲ ਸਿੰਘ ਜਗਤਪੁਰ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਤੋਂ ਇਲਾਵਾ ਅਮਰਜੀਤ ਕੌਰ, ਚਰਨਜੀਤ ਕੌਰ, ਮਹਿੰਦਰ ਪਾਲ, ਸ਼ਾਦੀ ਲਾਲ,ਸੀਮਾ,ਊਸ਼ਾ ਰਾਣੀ ਅਤੇ ਹੋਰ ਨਗਰ ਨਿਵਾਸੀ ਹਾਜ਼ਰ ਸਨ।

## ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀ ਤਿਆਰੀ ਸੰਬੰਧੀ ਮੀਟਿੰਗ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਕਾਂਗਰਸ ਪਾਰਟੀ ਦੇ ਕਪੂਰਥਲਾ ਜ਼ਿਲ੍ਹਾ ਪ੍ਰਧਾਨ ਅਤੇ ਫਗਵਾੜਾ ਹਲਕੇ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਆਪਣੀ ਰਿਹਾਇਸ਼ 'ਤੇ ਪਾਰਟੀ ਦੇ ਦਿਹਾਤੀ ਵਰਕਰਾਂ ਨਾਲ ਮੀਟਿੰਗ ਕੀਤੀ। ਜਿਸ ਵਿੱਚ ਨੇੜਲੇ ਭਵਿੱਖ ਵਿੱਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀਆਂ ਤਿਆਰੀਆਂ ਸਬੰਧੀ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ 'ਚ ਦਿਹਾਤੀ ਕਾਂਗਰਸ ਫਗਵਾੜਾ ਦੇ ਪ੍ਰਧਾਨ ਤੋਂ ਇਲਾਵਾ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਬਲਾਕ ਸੰਮਤੀ ਦੇ ਸਾਬਕਾ ਚੇਅਰਮੈਨ ਸਮੇਤ ਸਮੂਹ ਮੈਂਬਰ, ਸਰਪੰਚ, ਪੰਚ, ਨੰਬਰਦਾਰ ਆਦਿ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਵਿਧਾਇਕ ਧਾਲੀਵਾਲ ਨੇ ਸਮੂਹ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਹਾਈਕਮਾਂਡ ਦੇ ਹੁਕਮਾਂ ਅਨੁਸਾਰ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਪਾਰਟੀ ਟਿਕਟ 'ਤੇ ਯੋਗ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰਿਆ ਜਾਵੇਗਾ।

## ਵਿਦਿਆਰਥਣਾਂ ਨੇ 13 ਗੋਲਡ, 4 ਸਿਲਵਰ ਅਤੇ 4 ਬਰੌਂਜ਼ ਮੈਡਲ ਜਿੱਤ ਕੇ ਰਚਿਆ ਇਤਿਹਾਸ

**ਮਹਿਤਪੁਰ (ਰਾਜਾ)**- ਏਕਮ ਪਬਲਿਕ ਸਕੂਲ ਮਹਿਤਪੁਰ ਦੀਆਂ ਵਿਦਿਆਰਥਣਾਂ ਨੇ ਪੰਜਾਬ ਸਕੂਲ ਖੇਡਾਂ ਦੇ ਜੋਨਲ ਐਥਲੈਟਿਕ ਮੀਟ 2025 ਵਿੱਚ ਅੰਡਰ 14,17 ਅਤੇ 19 ਲੜਕੀਆਂ ਦੇ ਟਰੈਕ ਈਵੈਂਟਸ ਵਿੱਚ ਝੰਡੀ ਗੱਡ ਕੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਪ੍ਰਵੇਸ਼ ਕੀਤਾ। ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਥਿੰਦ ਤੇ ਪ੍ਰਿੰਸੀਪਲ ਅਮਨਦੀਪ ਕੌਰ ਵਲੋਂ ਸਾਂਝੇ ਤੌਰ ਤੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਅੰਡਰ 14 ਵਿੱਚ ਜਪਸੀਰਤ ਕੌਰ ਨੇ100 ਮੀਟਰ ਰੇਸ ਵਿਚ ਫਸਟ, 80 ਮੀਟਰ ਹਰਡਲਜ਼ ਵਿੱਚ ਜਪਨੀਤ ਕੌਰ ਫਸਟ, ਲੌਂਗ ਜੰਪ ਵਿੱਚ ਪੀਹੁਲ ਸੇਤੀਆ ਥਰਡ ,400 ਮੀਟਰ ਵਿੱਚ ਸੁਖਮਨਪ੍ਰੀਤ ਕੌਰ ਥਰਡ ਅਤੇ ਰੀਲੇਅ ਰੇਸ ਵਿੱਚ ਇਹਨਾਂ ਹੀ ਬੱਚੀਆਂ ਨੇ ਸੈਕਿੰਡ ਪੁਜੀਸ਼ਨ ਹਾਸਿਲ ਕੀਤੀ।ਇਸੇ ਪ੍ਰਕਾਰ ਅੰਡਰ 17 ਲੜਕੀਆਂ ਵਿੱਚ 100 ਅਤੇ 200 ਮੀਟਰ ਰੇਸ ਵਿੱਚ ਅਨਮੋਲ ਪ੍ਰੀਤ ਕੌਰ ਨੇ ਫਸਟ, 400 ਮੀਟਰ ਰੇਸ ਅਤੇ 100 ਮੀਟਰ ਹਰਡਲਜ਼ ਵਿੱਚ ਹਰਮਨਜੋਤ ਕੌਰ ਫਸਟ, ਸ਼ਾਰਟਪੁੱਟ ਅਤੇ ਡਿਸਕਸ ਥਰੋ ਵਿੱਚ ਨਵਦੀਪ ਕੌਰ ਫਸਟ ,800 ਮੀਟਰ ਰੇਸ ਰਜਮੀਤ ਕੌਰ ਸੈਕਿੰਡ ਅਤੇ ਲੌਂਗ ਜੰਪ ਵਿੱਚ ਫਸਟ,



4ਗ100 ਰੀਲੇਅ ਰੇਸ ਵਿੱਚ ਇਹਨਾਂ ਹੀ ਖਿਡਾਰਨਾਂ ਵਲੋਂ ਪਹਿਲੀ ਪੁਜੀਸ਼ਨ ਹਾਸਲ ਕੀਤੀ ਗਈ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਅੱਗੇ ਦੱਸਿਆ ਕਿ ਅੰਡਰ 19 ਲੜਕੀਆਂ ਵਿੱਚ 1500 ਮੀਟਰ ਅਤੇ 3000 ਮੀਟਰ ਰੇਸ ਵਿੱਚ ਚੰਨਪ੍ਰੀਤ ਕੌਰ ਫਸਟ, 200 ਮੀਟਰ ਰੇਸ ਵਿੱਚ ਨਵਕੀਰਤ ਕੌਰ ਸੈਕਿੰਡ , ਲੌਂਗ ਜੰਪ ਵਿੱਚ ਸੁਸ਼ੀਲਾ ਥਰਡ, 800 ਮੀਟਰ ਅਤੇ 400 ਮੀਟਰ ਰੇਸ ਵਿੱਚ ਸਰਨੇਹਪ੍ਰੀਤ ਕੌਰ ਫਸਟ ਅਤੇ ਥਰਡ , 4ਗ100 ਰੀਲੇਅ ਰੇਸ ਵਿੱਚ ਚੰਨਪ੍ਰੀਤ ਕੌਰ ਨਵਕੀਰਤ ਕੌਰ ਸੁਸ਼ੀਲਾ ਅਤੇ ਸਰਨੇਹਪ੍ਰੀਤ ਕੌਰ ਨੇ ਸੈਕਿੰਡ ਪੋਜੀਸ਼ਨ ਹਾਸਿਲ ਕੀਤੀ ਗਈ।

## 130 ਵੇਂ ਸੰਵਿਧਾਨਕ ਬਿੱਲ ਨੂੰ ਰੱਦ ਕਰਨ ਦੀ ਮੰਗ

**ਜਲੰਧਰ (ਨ ਜ ਸ)**- ਇੱਥੇ ਜਾਰੀ ਇਕ ਸਾਂਝੇ ਬਿਆਨ ਰਾਹੀਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੇ ਚੇਅਰਮੈਨ ਕਾਮਰੇਡ ਕੇ. ਗੰਗਾਧਰਨ, ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਤੇ ਖਜਾਨਚੀ ਕਾਮਰੇਡ ਰਾਜਿੰਦਰ ਪਰਾਂਜਪੇ ਨੇ ਲੋਕ ਸਭਾ 'ਚ ਪੇਸ਼ ਕੀਤੇ 130ਵੇਂ ਸੰਵਿਧਾਨਕ ਬਿੱਲ ਦਾ ਡਟਵਾਂ ਵਿਰੋਧ ਕਰਦਿਆਂ ਕਿਹਾ ਕਿ ਇਹ ਬਿੱਲ ਨਾ ਕੇਵਲ ਵਰਤਮਾਨ ਨਿਆਂ ਪ੍ਰਣਾਲੀ ਦੇ ਤਕਾਜ਼ਿਆਂ ਦੇ ਮੂਲੋਂ ਉਲਟ ਹੈ ਬਲਕਿ ਭਾਰਤ ਦੇ ਸੰਘਾਤਮਕ ਢਾਂਚੇ 'ਤੇ ਫੈਡਰਲ ਅਧਿਕਾਰਾਂ ਦੀ ਵੀ ਘੋਰ ਉਲੰਘਣਾ ਕਰਦਾ ਹੈ। ਇਸ ਬਿਲ ਪਾਸ ਹੋ ਜਾਣ ਨਾਲ ਕਿਸੇ ਵੀ ਅਪਰਾਧਿਕ ਮਾਮਲੇ 'ਚ 30 ਦਿਨ ਜਾਂ ਇਸ ਤੋਂ ਵੱਧ ਸਮਾਂ ਜੇਲ੍ਹ 'ਚ ਰਹਿਣ ਵਾਲੇ ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਕੇਂਦਰੀ ਤੇ ਸੂਬਾਈ ਮੰਤਰੀਆਂ ਨੂੰ ਬਰਖਾਸਤ ਕੀਤਾ ਜਾ ਸਕਦਾ ਹੈ। ਬਰਖਾਸਤਗੀ ਦੀ ਇਹ ਵਿਵਸਥਾ ਉਦੋਂ ਵੀ ਲਾਗੂ ਹੋਵੇਗੀ ਜੇਕਰ ਅਜਿਹੇ ਹੀ ਕਿਸੇ ਮਾਮਲੇ 'ਚ ਕੋਈ ਅਦਾਲਤ ਪੀ ਐਮ, ਸੀ ਐਮ ਜਾਂ ਕੇਂਦਰੀ ਤੇ ਸੂਬਾਈ ਵਜ਼ੀਰ ਨੂੰ 5 ਸਾਲ ਜਾਂ ਇਸ ਤੋਂ ਵੱਧ ਮਿਆਦ ਦੀ ਸਜ਼ਾ ਸੁਣਾ ਚੁੱਕੀ ਹੋਵੇ। ਅਜਿਹੇ ਕੇਸਾਂ 'ਚ ਅਦਾਲਤਾਂ ਵੀ ਜਲਦੀ ਜਮਾਨਤ ਨਹੀਂ ਦਿੰਦੀਆਂ, ਜਿਸ ਨਾਲ ਅਜਿਹੇ ਮੁੱਖ ਮੰਤਰੀਆਂ ਤੇ ਮੰਤਰੀਆਂ ਦੀ ਛੁੱਟੀ ਕਰਕੇ ਉਨ੍ਹਾਂ ਦੀ ਪਾਰਟੀ ਦੋਫਾੜ ਕਰਕੇ ਅਪਾਣੀ ਮਰਜ਼ੀ ਦੀਆਂ ਸਰਕਾਰਾਂ ਬਣਾਈਆਂ ਜਾ ਸਕਦੀਆਂ ਹਨ। ਬੇਸ਼ੱਕ ਇਸ ਨੂੰ ਪਾਰਲੀਮੈਂਟ ਦੀ ਸਾਂਝੀ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ, ਪਰ ਆਰ ਐਮ ਪੀ ਆਈ ਇਸ ਨੂੰ ਰਦ ਕਰਨ ਦੀ ਮੰਗ ਕਰਦੀ ਹੈ।

## ਸਾਲਾਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)** - ਦਰਬਾਰ ਹਜਰਤ ਪੀਰ ਬਾਬਾ ਗਰੀਬ ਸਾਹ ਸਾਬਰੀ, ਕਲੀਅਰ ਸ਼ਰੀਫ ਵਾਲਿਆਂ ਦੀ ਬਰਸੀ ਤੇ 24ਵਾਂ ਸਲਾਨਾ ਜੋੜ ਮੇਲਾ ਗੱਦੀ ਨਸ਼ੀਨ ਬਾਬਾ ਮਨਜੀਤ ਸਾਬਰੀ ਚੇਅਰਮੈਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਦੀ ਰਹਿਨੁਮਾਈ ਹੇਠ ਪਿੰਡ ਲਿੱਦੜ ਖੁਰਦ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਤਿੰਨ ਦਿਨਾਂ ਮੇਲੇ ਦੌਰਾਨ ਪਹਿਲੇ ਦਿਨ ਚਿਰਾਗਾਂ ਦੀ ਰਸਮ ਉਪਰੰਤ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਦੂਸਰੇ ਅਤੇ ਤੀਸਰੇ ਦਿਨ ਮਸ਼ਹੂਰ ਕਲਾਕਾਰ ਫਿਰੋਜ਼ ਖਾਨ, ਕਮਲ ਕਟਾਣੀਆ, ਮੁਸਕਾਨ ਚੋਪੜਾ,ਹਰਮਨ ਛੱਤਾ, ਨੂਰ ਮੁਹੰਮਦ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ ਵਲੋਂ ਬਾਬਾ ਮਨਜੀਤ ਸਾਬਰੀ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਗੱਦੀ ਨਸ਼ੀਨ ਬਾਬਾ ਮਨਜੀਤ ਸਾਬਰੀ ਵਲੋਂ ਨਜਦੀਕ ਪਿੰਡਾਂ ਦੇ ਕਈ ਸਕੂਲਾਂ ਚ ਬੱਚਿਆਂ ਨੂੰ ਕਾਪੀਆਂ ਅਤੇ ਪੈਨ ਵੰਡੇ ਗਏ। ਦਰਬਾਰ ਤੇ ਤਿੰਨ ਦਿਨ ਹੀ ਠੰਡੇ ਮਿੱਠੇ ਜਲ ਦੀਆਂ ਛਬੀਲਾਂ, ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ।

## ਭਾਜਪਾ ਵਰਕਰਾਂ ਨੇ ਸਰਕਾਰ ਦਾ ਫੂਕਿਆ ਪੁਤਲਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪੰਜਾਬ ਭਰ ਵਿੱਚ ਭਾਜਪਾ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ ਹਿੱਤ ਨੀਤੀਆਂ ਨੂੰ ਲੋੜਵੰਦ ਪਰਿਵਾਰਾਂ ਤੱਕ ਪਹੁੰਚਾਉਣ ਲਈ ਵੱਖ-ਵੱਖ ਸ਼ਹਿਰਾਂ ਵਿੱਚ ਕੈਂਪਾਂ ਦਾ ਆਯੋਜਨ ਕਰ ਰਹੇ ਭਾਜਪਾ ਵਰਕਰਾਂ ਨੂੰ ਪ੍ਰਸ਼ਾਸਨ ਵੱਲੋਂ ਗ੍ਰਿਫਤਾਰ ਕੀਤੇ ਜਾਣ ਦੇ ਰੋਸ ਵਜੋਂ ਵਿਧਾਨ ਸਭਾ ਹਲਕਾ ਉੜਮੁ ਟਾਂਡਾ ਦੇ ਸਮੂਹ ਭਾਜਪਾ ਕਾਰਜਕਰਤਾਵਾਂ ਤੇ ਵਰਕਰਾਂ ਨੇ ਭਾਰੀ ਰੋਸ ਪ੍ਰਗਟ ਕਰਦੇ ਹੋਏ ਨਾਅਰੇਬਾਜੀ ਕੀਤੀ।



ਇਸ ਮੌਕੇ ਤੇ ਭਾਜਪਾ ਪੰਜਾਬ ਕਾਰਯਕਾਰਨੀ ਮੈਂਬਰ ਸੁਰਿੰਦਰ ਜਾਜਾ, ਪੰਜਾਬ ਕਾਰਯਕਾਰਨੀ ਮੈਂਬਰ ਸੰਜੀਵ ਮਿਨਹਾਸ, ਜ਼ਿਲ੍ਹਾ ਜਨਰਲ ਸਕੱਤਰ ਜੋਗੇਸ਼ ਸਪਰਾ, ਬਲਾਕ ਦਿਹਾਤੀ ਪ੍ਰਧਾਨ ਚਰਨਜੀਤ ਸਿੰਘ, ਸ਼ਾਲੂ ਜਹੂਰਾ, ਵੀਨੂੰ ਪੰਡਿਤ, ਬੋਬੀ ਰਾਜਪੁਰ, ਸੁਰਜੀਤ ਜਾਜਾ, ਬਲਵੀਰ ਸਿੰਘ ਸੋਢੀ ਨੰਗਲ ਖੁੰਗਾ ਤੇ ਹੋਰ ਭਾਜਪਾ ਵਰਕਰਾਂ ਨੇ ਸਰਕਾਰ ਖ਼ਿਲਾਫ਼ ਪੁਤਲਾ ਫੂਕ ਪ੍ਰਦਰਸ਼ਨ ਕੇ ਕੀਤਾ।

## ਸਿਹਤਮੰਦ ਜੀਵਨ ਲਈ ਖੇਡਾਂ ਜ਼ਰੂਰੀ : ਕ੍ਰਿਤਿਕਾ ਗੋਇਲ



**ਸ਼ਹੀਦ ਭਗਤ ਸਿੰਘ ਨਗਰ, ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਮਨੋਜ ਲਾਡੀ)** ਸਥਾਨਕ ਜੇ.ਐਸ.ਐਫ.ਐਚ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਫੁੱਟਬਾਲ ਮੈਚ ਕਰਵਾਇਆ ਗਿਆ ਜਿਸ ਵਿੱਚ ਐਸ ਡੀ ਐਮ ਕ੍ਰਿਤਿਕਾ ਗੋਇਲ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦਿਆਂ ਸਿਹਤਮੰਦ ਜੀਵਨ ਲਈ ਖੇਡਾਂ ਦੇ ਮਹੱਤਵ ਬਾਰੇ ਦੱਸਿਆ। ਪੰਜਾਬ ਸਰਕਾਰ ਵੱਲੋਂ ਇਸ ਸਾਲ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਬਾਰੇ ਗੱਲ ਕਰਦਿਆਂ ਐਸ.ਡੀ.ਐਮ. ਕ੍ਰਿਤਿਕਾ ਗੋਇਲ ਨੇ ਕਿਹਾ ਕਿ ਇਸ ਵਾਰ ਬਲਾਕ, ਜ਼ਿਲ੍ਹਾ ਤੇ ਰਾਜ ਪੱਧਰੀ ਖੇਡਾਂ 3 ਸਤੰਬਰ ਤੋਂ 23 ਨਵੰਬਰ ਤੱਕ ਕਰਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਹਰ ਉਮਰ ਵਰਗ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਖੇਡਾਂ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਬਲਾਕ ਪੱਧਰੀ ਖੇਡਾਂ 4 ਸਤੰਬਰ ਤੋਂ 12 ਸਤੰਬਰ ਤੱਕ ਵੱਖ-ਵੱਖ ਬਲਾਕਾਂ ਵਿੱਚ ਹੋਣਗੀਆਂ। ਉਨ੍ਹਾਂ ਦੱਸਿਆ ਕਿ ਬਲਾਕ ਨਵਾਂਸ਼ਹਿਰ ਵਿੱਚ 04-05 ਸਤੰਬਰ, ਬਲਾਕ ਬਲਾਚੌਰ ਅਤੇ ਸੜੋਆ ਵਿੱਚ 8. 9 ਸਤੰਬਰ ਅਤੇ ਬਲਾਕ ਬੰਗਾ ਵਿਖੇ 11-12 ਸਤੰਬਰ ਨੂੰ ਵੱਖ-ਵੱਖ ਉਮਰ ਵਰਗ ਦੀਆਂ ਖੇਡਾਂ ਹੋਣਗੀਆਂ ਜਿਨ੍ਹਾਂ ਵਿੱਚ ਅਥਲੈਟਿਕਸ, ਵਾਲੀਬਾਲ, ਸੂਟਿੰਗ ਤੇ ਕਬੱਡੀ ਸਰਕਲ, ਖੋ-ਖੋ ਸ਼ਾਮਲ ਹਨ।

## ਦਿਵਿਆਂਗ ਬੱਚਿਆਂ ਦੀ ਡਾਕਟਰੀ ਟੀਮ ਵੱਲੋਂ ਕੀਤੀ ਜਾਂਚ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖਿਆ ਵਿਭਾਗ ਵੱਲੋਂ ਸਮੱਗਰਾ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਦੇ ਤਹਿਤ ਅਤੇ ਅਲੀਮਕੋ ਕਾਨ੍ਹਪੁਰ ਦੇ ਸਹਿਯੋਗ ਨਾਲ ਇਥੋਂ ਦੇ ਬਲਾਕ ਪ੍ਰਾਇਮਰੀ ਸਿੱਖਿਆ ਦਫ਼ਤਰ ਵਿਖੇ ਇੱਕ ਰੋਜ਼ਾ ਡਾਕਟਰੀ ਮੁਲਾਂਕਣ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੀ ਸ਼ੁਰੂਆਤ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਮਾਤਾ



ਬਲਵਿੰਦਰ ਕੌਰ ਬੈਂਸ ਨੇ ਕੀਤੀ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਸ਼ਮਸ਼ੇਰ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ, ਨੰਗਲ, ਤਖਤਗੜ੍ਹ, ਝੱਜ ਅਤੇ ਕੀਰਤਪੁਰ ਸਾਹਿਬ ਬਲਾਕਾਂ ਤੋਂ ਪਹੁੰਚੇ ਬੱਚਿਆਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਕੈਂਪ ਵਿੱਚ ਮੰਦਬੁੱਧੀ, ਗੂੰਗੇ-ਬੋਲੇ, ਦਿਮਾਗ ਸਬੰਧੀ ਸਮੱਸਿਆਵਾਂ ਤੇ ਅੰਗਹੀਣਤਾ ਵਾਲੇ ਬੱਚਿਆਂ ਦੀ ਚਾਰ ਮੈਂਬਰੀ ਡਾਕਟਰੀ ਟੀਮ ਵੱਲੋਂ ਵਿਸਥਾਰਪੂਰਵਕ ਜਾਂਚ ਕੀਤੀ ਗਈ। ਇਸ ਦੌਰਾਨ ਕੁੱਲ 50 ਬੱਚਿਆਂ ਦਾ ਮੁਲਾਂਕਣ ਕੀਤਾ ਗਿਆ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜੀਤ ਸਿੰਘ ਮਾਵੀ ਨੇ ਕਿਹਾ ਕਿ ਮੁਲਾਂਕਣ ਤੋਂ ਬਾਅਦ ਜਲਦੀ ਹੀ ਬੱਚਿਆਂ ਨੂੰ ਜ਼ਰੂਰੀ ਸਮਾਨ ਮੁਫ਼ਤ ਵੰਡ ਦਿੱਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ।ਅੰਤ ਵਿੱਚ ਬਲਵਿੰਦਰ ਕੌਰ ਬੈਂਸ ਦਾ ਸਕੂਲ ਪ੍ਰਬੰਧਕਾਂ ਵੱਲੋਂ ਸਨਮਾਨ ਵੀ ਕੀਤਾ ਗਿਆ।

## ਦੋ ਰੋਜ਼ਾ ਵਰਕਸ਼ਾਪ ਲਗਾਈ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਿੱਖਿਆ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਹਦਾਇਤਾਂ ਦੇ ਮੱਦੇਨਜ਼ਰ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਜਲੰਧਰ ਡਾ ਗੁਰਿੰਦਰਜੀਤ ਕੌਰ ਅਤੇ ਉਪ-ਜ਼ਿਲ੍ਹਾ ਸਿੱਖਿਆ ਅਫਸਰ ਰਾਜੀਵ ਜੋਸ਼ੀ ਦੀ ਯੋਗ ਅਗਵਾਈ ਹੇਠ ਵੱਖ-ਵੱਖ





ਬਲਾਕਾਂ ਵਿੱਚ "ਕਿਸ਼ੋਰ ਸਿੱਖਿਆ ਪ੍ਰੋਗਰਾਮ" ਤਹਿਤ ਦੋ ਰੋਜ਼ਾ ਵਰਕਸ਼ਾਪ ਲਗਾਈ ਗਈ ਜਿਸ ਦੇ ਚੱਲਦੇ ਬਲਾਕ ਨਕੋਦਰ-1 ਅਤੇ ਨਕੋਦਰ-2 ਦੇ ਸਮੂਹ ਪ੍ਰਿੰਸੀਪਲ/ ਹੈੱਡਮਾਸਟਰ/ ਹੈੱਡਮਿਸਟ੍ਰੈਸ ਅਤੇ ਉਹਨਾਂ ਦੇ ਨਾਲ ਹਰ ਸਕੂਲ ਵਿੱਚੋਂ ਇੱਕ ਮਾਹਰ ਅਧਿਆਪਕ ਦੀ ਟ੍ਰੇਨਿੰਗ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ ਵਿਖੇ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਸ੍ਰੀ ਕੁਮਾਰ ਗੋਰਵ, ਸੁਖਵਿੰਦਰ ਸਿੰਘ, ਰਾਕੇਸ਼ ਕੁਮਾਰ ਤੇ ਨਰੇਸ਼ ਕੁਮਾਰ ਵੱਲੋਂ ਬਤੌਰ ਬਲਾਕ ਰਿਸੋਰਸ ਪਰਸਨ ਭੂਮਿਕਾ ਨਿਭਾਈ ਗਈ।

## ਜ਼ਿਲ੍ਹੇ 'ਚ ਸਾਰੀਆਂ ਸਥਾਨਕ ਸੰਸਥਾਵਾਂ ਦੇ ਦਫ਼ਤਰ ਸ਼ਨੀਵਾਰ ਤੇ ਐਤਵਾਰ ਖੁੱਲ੍ਹੇ ਰਹਿਣਗੇ : ਕੋਮਲ ਮਿੱਤਲ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਰਕਾਰ ਵੱਲੋਂ ਐਲਾਨੀ ਗਈ ਇੱਕ ਮੁਸ਼ਤ ਨਿਪਟਾਰਾ (ਓ ਟੀ ਐਸ) ਸਕੀਮ ਤਹਿਤ ਲੋਕਾਂ ਨੂੰ ਆਪਣੇ ਜਾਇਦਾਦ ਟੈਕਸ ਦੇ ਬਕਾਏ ਦਾ ਭੁਗਤਾਨ ਕਰਨ ਵਿੱਚ ਸੁਵਿਧਾ ਦੇਣ ਲਈ,



ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਸਾਰੇ ਨਗਰ ਕੌਂਸਲ ਦਫ਼ਤਰ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਖੁੱਲ੍ਹੇ ਰਹਿਣਗੇ, ਇਹ ਜਾਣਕਾਰੀ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਇੱਥੇ ਦਿੱਤੀ।ਜ਼ਿਲ੍ਹੇ ਦੇ ਸ਼ਹਿਰੀ ਵਸਨੀਕਾਂ ਨੂੰ ਇਸ ਸਕੀਮ ਦਾ ਪੂਰਾ ਲਾਭ ਲੈਣ ਦੀ ਅਪੀਲ ਕਰਦੇ ਹੋਏ, ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਿਨਾਂ ਜੁਰਮਾਨੇ ਅਤੇ ਵਿਆਜ ਦੇ, ਪ੍ਰਾਪਰਟੀ ਟੈਕਸ ਬਕਾਏ ਦਾ ਭੁਗਤਾਨ ਕਰਨ ਦੀ ਆਖਰੀ 31 ਅਗਸਤ, 2025 ਤੱਕ ਵਧਾ ਦਿੱਤੀ ਗਈ ਹੈ।'ਇਸ ਸਮਾਂ ਸੀਮਾ ਤੋਂ ਬਾਅਦ, ਬਕਾਏ ਦੀ ਵਸੂਲੀ ਜੁਰਮਾਨੇ ਅਤੇ ਵਿਆਜ ਨਾਲ ਕੀਤੀ ਜਾਵੇਗੀ।' ਜ਼ਿਲ੍ਹੇ ਦੇ ਨਾਗਰਿਕਾਂ ਵੱਲੋਂ ਮਿਲੇ ਉਤਸ਼ਾਹਜਨਕ ਹੁੰਗਾਰੇ ਦੀ ਸ਼ਲਾਘਾ ਕਰਦਿਆਂ, ਸ਼੍ਰੀਮਤੀ ਮਿੱਤਲ ਨੇ ਦੱਸਿਆ ਕਿ ਜ਼ਿਲ੍ਹੇ ਨੇ 1 ਜੁਲਾਈ ਤੋਂ ਹੁਣ ਤੱਕ, ਕੁੱਲ 25.46 ਕਰੋੜ ਰੁਪਏ ਦਾ ਜਾਇਦਾਦ ਟੈਕਸ ਬਕਾਇਆ ਇਕੱਠਾ ਕੀਤਾ ਹੈ। ਨਗਰ ਕੌਂਸਲਾਂ 'ਚੋਂ, ਜ਼ੀਰਕਪੁਰ 15.74 ਕਰੋੜ ਰੁਪਏ ਦੀ ਮਾਲੀਆ ਪ੍ਰਾਪਤੀ ਨਾਲ ਇਸ ਸੂਚੀ ਵਿੱਚ ਸਿਖਰ 'ਤੇ ਹੈ, ਇਸ ਤੋਂ ਬਾਅਦ ਖਰੜ (4.40 ਕਰੋੜ ਰੁਪਏ), ਡੇਰਾਬੱਸੀ (2.47 ਕਰੋੜ ਰੁਪਏ) ਅਤੇ ਲਾਲੜੂ (1.07 ਕਰੋੜ ਰੁਪਏ) ਹਨ। ਹੋਰ ਮਹੱਤਵਪੂਰਨ ਵਸੂਲੀ ਵਿੱਚ ਕੁਰਾਲੀ (70 ਲੱਖ ਰੁਪਏ), ਨਯਾਗਾਓਂ (60.78 ਲੱਖ ਰੁਪਏ) ਅਤੇ ਬਨੂੜ (46.22 ਲੱਖ ਰੁਪਏ) ਸ਼ਾਮਲ ਹਨ।ਉਨ੍ਹਾਂ ਅੱਗੇ ਕਿਹਾ ਕਿ ਓ ਟੀ ਐਸ ਸਕੀਮ ਨੂੰ ਮਿਲਿਆ ਭਾਰੀ ਹੁੰਗਾਰਾ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਵਿੱਤੀ ਤੌਰ ਤੇ ਮਜ਼ਬੂਤ ਕਰਨ ਅਤੇ ਬਿਹਤਰ ਨਾਗਰਿਕ ਸਹੂਲਤਾਂ ਨੂੰ ਯਕੀਨੀ ਬਣਾਉਣ ਵਿੱਚ ਨਾਗਰਿਕਾਂ ਦੇ ਸਹਿਯੋਗ ਨੂੰ ਦਰਸਾਉਂਦਾ ਹੈ।

## ਸਰਬੱਤ ਦੇ ਭਲੇ ਲਈ ਮਹੀਨਾਵਾਰ ਮਹਾਨ ਗੁਰਮਤਿ ਸਮਾਗਮ ਕਰਵਾਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਮੋਜੋਮਜਾਰਾ ਠੱਕਰਵਾਲ ਵਿਖੇ ਡੇਰਾ ਸੰਤਪੁਰੀ ਤੱਪ ਅਸਥਾਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਦੀ ਯਾਦ 'ਚ ਅਤੇ ਸਰਬੱਤ ਦੇ ਭਲੇ ਲਈ ਮਹੀਨਾਵਾਰੀ ਮਹਾਨ ਗੁਰਮਤਿ ਸਮਾਗਮ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸਨ ਸਿੰਘ ਸੋਢੀ ਠੱਕਰਵਾਲ ਚੇਅਰਮੈਨ ਨਿਰਮਲਾ ਸੰਤ ਮੰਡਲ ਪੰਜਾਬ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਬਾਬਾ ਸਰਬਜੀਤ ਸਿੰਘ ਸਾਬੀ, ਬਾਬਾ ਗੁਰਪ੍ਰੀਤ ਸਿੰਘ ਗੋਪੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ ਤਿੰਨ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਹਰਕ੍ਰਿਸਨ ਸਿੰਘ ਸੋਢੀ ਠੱਕਰਵਾਲ ਚੇਅਰਮੈਨ ਨਿਰਮਲਾ ਸੰਤ ਮੰਡਲ ਪੰਜਾਬ, ਸੰਤ ਬਾਬਾ ਜਸਵੰਤ ਸਿੰਘ ਖੇੜਾ, ਭਾਈ ਗੁਰਮੀਤ ਸਿੰਘ ਖੋਥੜਾ, ਭਾਈ ਪਰਮਜੀਤ ਸਿੰਘ ਮਾਹਿਲਪੁਰ, ਭਾਈ



ਜਸਵਿੰਦਰ ਪਾਲ ਸਿੰਘ ਠੱਕਰਵਾਲ, ਭਾਈ ਗੁਰਬਖਸ ਸਿੰਘ ਬੈਚਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

## 'ਹਰ ਸ਼ੁੱਕਰਵਾਰ, ਡੈਂਗੂ 'ਤੇ ਵਾਰ' : ਸਿਵਲ ਸਰਜਨ ਨੇ ਜ਼ੀਰਕਪੁਰ ਦੇ ਮਿਊਂਸਪਲ ਭਵਨ 'ਚ ਕੀਤਾ ਨਿਰੀਖਣ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** 'ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਦਫ਼ਤਰਾਂ ਵਿੱਚ ਚੈਕਿੰਗ ਕੀਤੀ।ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਅਧਿਕਾਰੀਆਂ ਨਾਲ ਜ਼ੀਰਕਪੁਰ ਦੇ ਮਿਊਂਸਪਲ ਭਵਨ ਵਿਚ ਜਾ ਕੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਨਟੇਨਰ



ਚੈੱਕ ਕੀਤੇ ਅਤੇ ਮੱਛਰਾਂ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ।ਉਨ੍ਹਾਂ ਮੌਕੇ ਮੌਜੂਦ ਮਿਊਂਸਪਲ ਸਟਾਫ਼ ਨੂੰ ਅਪੀਲ ਕੀਤੀ ਕਿ ਡੇਂਗੂ ਜਿਹੇ ਜਾਨਲੇਵਾ ਬੁਖ਼ਾਰ ਤੋਂ ਬਚਾਅ ਲਈ ਕਿਸੇ ਵੀ ਥਾਂ 'ਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਜੈਨ ਨੇ ਦਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਦੇ ਸਾਰੇ ਸੀਨੀਅਰ ਅਧਿਕਾਰੀ ਜਿਥੇ ਖ਼ੁਦ ਵੱਖ-ਵੱਖ ਖੇਤਰਾਂ ਵਿਚ ਜਾ ਕੇ ਡੇਂਗੂ-ਵਿਰੋਧੀ ਮੁਹਿੰਮ ਦਾ ਨਿਰੀਖਣ ਕਰ ਰਹੇ ਹਨ, ਉਥੇ ਸਿਹਤ ਟੀਮਾਂ ਆਪੋ-ਅਪਣੇ ਪੱਧਰ ਤੇ ਵੀ ਲਗਾਤਾਰ ਚੈਕਿੰਗ, ਚਲਾਨ ਅਤੇ ਜਾਗਰੂਕਤਾ ਗਤੀਵਿਧੀਆਂ ਕਰ ਰਹੀਆਂ ਹਨ।

## ਵਿੰਗ ਨੇ ਅਪ੍ਰੈਲ ਤੋਂ ਜੁਲਾਈ ਤੱਕ 1.10 ਕਰੋੜ ਰੁਪਏ ਇਕੱਠੇ ਕੀਤੇ : ਕਟਾਰੂਚੱਕ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਦਾ ਲੀਗਲ ਮੈਟਰੋਲੋਜੀ ਵਿੰਗ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਅਪ੍ਰੈਲ ਤੋਂ ਜੁਲਾਈ ਤੱਕ ਇਕੱਠੀ ਕੀਤੀ ਗਈ ਕੰਪਾਊਂਡਿੰਗ ਫੀਸ, ਵੈਰੀਫਿਕੇਸ਼ਨ ਅਤੇ ਇੰਸਪੈਕਸ਼ਨ ਵਰਗੇ ਕਈ ਮਾਪਦੰਡਾਂ ਵਿੱਚ ਵਾਧਾ ਦਰਜ ਕੀਤਾ ਹੈ। ਕੰਪਾਊਂਡਿਗ ਫੀਸਾਂ ਦੇ ਮਾਮਲੇ ਵਿੱਚ, ਲੀਗਲ ਮੈਟਰੋਲੋਜੀ ਵਿੰਗ ਨੇ 1.10 ਕਰੋੜ ਰੁਪਏ ਉਗਰਾਹੇ ਹਨ, ਜਦੋਂ ਕਿ



ਪਿਛਲੇ ਸਾਲ ਇਸੇ ਮਿਆਦ ਦੌਰਾਨ ਵਿੰਗ ਨੇ 49.68 ਲੱਖ ਰੁਪਏ ਹੀ ਇਕੱਠੇ ਕੀਤੇ ਸਨ। ਇਸ ਤਰ੍ਹਾਂ, ਇਹ ਵਾਧਾ 121 ਫੀਸਦ ਬਣਦਾ ਹੈ। ਵਿੰਗ ਨੇ 5753 ਨਿਰੀਖਣ (ਵੈਰੀਫਿਕੇਸ਼ਨ) ਕੀਤੇ ਜਦੋਂ ਕਿ ਇਸ ਵਾਰ ਨਿਰੀਖਣਾਂ ਦੇ ਅੰਕੜੇ 11,035 ਹਨ। ਇਸੇ ਤਰ੍ਹਾਂ ਪਿਛਲੇ ਸਾਲ ਦਰਜ ਹੋਏ ਕੇਸਾਂ ਦੀ ਗਿਣਤੀ 587 ਸੀ ਜਦੋਂ ਕਿ ਇਸ ਸਾਲ ਦੌਰਾਨ ਇਹ ਗਿਣਤੀ 1531 ਤੱਕ ਪਹੁੰਚ ਗਈ ਹੈ। ਇਹ ਜਾਣਕਾਰੀ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦਿੱਤੀ।

## ਯੁਵਕ ਸੇਵਾਵਾਂ ਵਿਭਾਗ ਨੇ ਪੱਸਣ ਵਿਖੇ ਨਸ਼ਿਆਂ ਖ਼ਿਲਾਫ਼ ਦਿੱਤਾ ਜਾਗਰੂਕਤਾ ਦਾ ਹੋਕਾ

**ਜਲੰਧਰ (ਸੁਰਿੰਦਰ ਕੁਮਾਰ)**- ਯੁਵਕ ਸੇਵਾਵਾਂ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਅਤੇ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਯੁਵਕ ਸੇਵਾਵਾਂ ਕਲੱਬ ਪਿੰਡ ਪੱਸਣ ਵਿੱਚ ਨਸ਼ਾ ਵਿਰੋਧੀ ਜਾਗਰੂਕਤਾ ਅਭਿਆਨ ਕਰਵਾਇਆ, ਜਿਸ



ਵਿੱਚ ਪਿੰਡ ਦੇ ਸਰਪੰਚ ਅਸ਼ੋਕ ਕੁਮਾਰ ਅਤੇ ਉੱਘੇ ਗਾਇਕ ਦਲਵਿੰਦਰ ਦਿਆਲਪੁਰੀ ਨੇ ਨਸ਼ਾ ਵਿਰੋਧੀ ਗੀਤਾਂ ਨਾਲ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਵੀ ਦਾਰਾ ਨੇ ਆਪਣੇ ਨਸ਼ਾ ਵਿਰੋਧੀ ਗੀਤ ਗਾ ਕੇ ਨੌਜਵਾਨਾਂ ਨੂੰ ਖੇਡ ਮੈਦਾਨ ਵੱਲ ਆਉਣ ਲਈ ਬੇਨਤੀ ਕੀਤੀ। ਇਸ ਮੌਕੇ ਕਲੱਬ ਦੇ ਪ੍ਰਧਾਨ ਬਲਦੇਵ ਰਾਜ, ਹਨੀ, ਸੁਖਦੇਵ ਲਾਲ, ਹਰਮਨ ਪ੍ਰਿੰਸ, ਸੰਤ ਪ੍ਰਕਾਸ਼ ਪਵਨ, ਰਾਜ ਕੁਮਾਰ, ਭੁਪਿੰਦਰ ਤੇ ਪਿੰਡ ਦੇ ਸਰਪੰਚ ਤੇ ਪੰਚ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ ਵਿੱਚ ਆਏ ਹੋਏ ਬੁਲਾਰਿਆਂ ਦਾ ਯਾਦਗਾਰੀ ਚਿੰਨ੍ਹਾਂ ਨਾਲ ਸਨਮਾਨ ਕੀਤਾ ਗਿਆ।

## ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗ ਰੱਦ ਕਰਨ ਨਾਲ ਮੁਲਾਜ਼ਮ ਤੇ ਪੈਨਸ਼ਨਰ ਵਰਗ 'ਚ ਨਿਰਾਸ਼ਾ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਸਰਕਾਰ ਵੱਲੋਂ ਲਗਾਤਾਰ ਮੁਲਾਜ਼ਮ-ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਅਤੇ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗ ਲਈ ਸਮਾਂ ਦੇ ਕੇ ਮੰਗਾਂ ਨੂੰ ਲਟਕਾਉਣ ਨਾਲ ਮੁਲਾਜ਼ਮ-ਪੈਨਸ਼ਨਰ ਵਰਗ ਵਿੱਚ ਘੋਰ ਨਿਰਾਸ਼ਾ ਪਾਈ ਜਾ ਰਹੀ ਹੈ। ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਐਨ ਮੌਕੇ ਮੀਟਿੰਗ ਰੱਦ ਕਰਨ ਨਾਲ ਮੁਲਾਜ਼ਮ-ਪੈਨਸ਼ਨਰ ਵਰਗ ਸਰਕਾਰ ਤੋਂ ਨਾਰਾਜ਼ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੌਰਮਿੰਟ ਟੀਚਰਜ ਯੂਨੀਅਨ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ ਨੇ ਅੱਡਾ ਈਸਪੁਰ ਵਿਖੇ ਹੋਈ ਮੀਟਿੰਗ 'ਚ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ, ਮਜਦੂਰਾਂ ਅਤੇ ਆਮ ਕਿਰਤੀ ਲੋਕਾਂ ਦਾ ਆਰਥਿਕ ਸੋਸ਼ਣ ਕਰ ਰਹੀ ਹੈ। ਪੁਰਾਣੀ ਪੈਨਸ਼ਨ, ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮ ਪੱਕੇ ਕਰਨ, ਨਿੱਜੀਕਰਨ ਬੰਦ ਕਰਨ ਅਤੇ ਹੋਰ ਕਈ ਹੱਕੀ ਅਤੇ ਜਾਇਜ ਮੰਗਾਂ ਨੂੰ ਹੱਲ ਨਹੀਂ ਕਰ ਰਹੀ ਹੈ। ਆਗੂਆਂ ਨੇ ਸੂਬਾ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਮੁਲਾਜ਼ਮ-ਪੈਨਸ਼ਨਰ ਵਰਗ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ। ਇਸ ਮੌਕੇ ਨਰਿੰਦਰ ਅਜਨੋਹਾ, ਪਰਮਜੀਤ ਕਾਤਿਬ, ਉਂਕਾਰ ਸਿੰਘ, ਹਰਮਨੋਜ ਕੁਮਾਰ, ਸੁਰਜੀਤ ਸਿੰਘ, ਅਜੇ ਕੁਮਾਰ, ਮਨਜਿੰਦਰ ਸਿੰਘ, ਹਰਮਿੰਦਰ ਸਿੰਘ, ਅਸ਼ੋਕ ਕੁਮਾਰ, ਪਰਮਜੀਤ ਸਿੰਘ ਅਤੇ ਗੁਰਚਰਨ ਸਿੰਘ ਆਦਿ ਹਾਜ਼ਰ ਸਨ।

## ਨਵੇਂ ਕਲਾਸਰੂਮ ਦੇ ਨਿਰਮਾਣ ਕਾਰਜ ਦਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਰਕਾਰੀ ਹਾਈ ਸਕੂਲ ਬਹਾਦਰ ਬਾਹੀਆਂ ਵਿਚ ਨਵੇਂ ਕਲਾਸਰੂਮ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਨਿਰਮਾਣ ਕਾਰਜ 'ਤੇ ਕੁੱਲ 9.55 ਲੱਖ ਰੁਪਏ ਖਰਚ ਕੀਤੇ ਜਾਣਗੇ। ਨਵਾਂ ਕਲਾਸਰੂਮ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਇਕ ਬਿਹਤਰ ਅਤੇ ਆਧੁਨਿਕ ਵਾਤਾਵਰਨ ਪ੍ਰਦਾਨ ਕਰੇਗਾ। ਜਿੰਪਾ ਨੇ ਕਿਹਾ ਕਿ ਸਕੂਲਾਂ ਵਿਚ ਇਮਾਰਤਾਂ, ਕਲਾਸਰੂਮਾਂ ਅਤੇ ਹੋਰ ਸਹੂਲਤਾਂ ਦੇ ਵਿਕਾਸ ਨਾਲ ਪੇਂਡੂ ਖੇਤਰਾਂ ਦੇ ਬੱਚੇ ਵੀ ਮਿਆਰੀ ਸਿੱਖਿਆ ਪ੍ਰਾਪਤ ਕਰ ਸਕਣਗੇ। ਇਸ ਮੌਕੇ ਵਿਧਾਇਕ ਨੇ ਸਕੂਲ ਸਟਾਫ਼ ਅਤੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਇਲਾਕੇ ਦੇ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਪ੍ਰਵੀਨ ਕੁਮਾਰੀ, ਮੰਗੀ ਲਾਲ ਸਰਪੰਚ ਬਹਾਦਰਪੁਰ ਬਾਹੀਆਂ, ਅਮਰਜੀਤ ਸਿੰਘ ਸਰਪੰਚ ਬੱਸੀ ਹਸਤ ਖਾਂ, ਐਡਵੋਕੇਟ ਸੁਰਿੰਦਰ ਪਾਲ ਸਰਪੰਚ ਮੰਨਣ, ਸਾਬਕਾ ਸਰਪੰਚ ਰਾਜ ਰਾਣੀ, ਪ੍ਰਿਤਪਾਲ ਸਿੰਘ, ਰਜਿੰਦਰ ਸਿੰਘ, ਰਾਜ ਕੁਮਾਰ ਪੰਚ, ਰਜਿੰਦਰ ਕੁਮਾਰ ਪੰਚ, ਵਿਸ਼ਾਲ ਪੰਚ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।



## ਵਾਤਾਵਰਣ ਦੀ ਸ਼ੁੱਧਤਾ ਲਈ ਫਲਦਾਰ ਬੂਟੇ ਲਗਾਏ : ਧਾਲੀਵਾਲ



**ਹੁਸ਼ਿਆਰਪੁਰ, ਮੇਹਟੀਆਣਾ (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ)** ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਲਾਇਨਜ ਕਲੱਬ ਹੁਸ਼ਿਆਰਪੁਰ ਸਮਰਪਣ ਐਕਟਿਵ ਦੇ ਪ੍ਰਧਾਨ ਲਾਇਨ ਜਤਿੰਦਰਪਾਲ ਐਮ ਜੇ ਐਫ ਦੀ ਪ੍ਰਧਾਨਗੀ ਹੇਠ ਜੁਨੇਜਾ ਪ੍ਰਾਪਰਟੀ ਲਿੰਕਰਜ ਦੇ ਹੈਡਕੁਆਰਟਰ ਫਗਵਾੜਾ ਹੁਸ਼ਿਆਰਪੁਰ ਰੋਡ 'ਤੇ ਦੇਸ਼ ਦੀ ਅਜ਼ਾਦੀ ਦੇ ਪਰਵਾਨਿਆਂ ਨੂੰ ਸ਼ਰਧਾਂਜ਼ਲੀ ਭੇਟ ਕਰਦੇ ਹੋਏ, ਵਾਤਾਵਰਣ 'ਚ ਸੁਧਾਰ ਕਰਨ ਹਿੱਤ, ਵਾਤਾਵਰਨ ਦੀ ਸ਼ੁੱਧਤਾ ਲਈ, ਫਲਦਾਰ, ਫੁੱਲਦਾਰ, ਛਾਂਦਾਰ ਬੂਟੇ ਲਗਾਏ ਗਏ। ਇਸ ਸਮੇਂ ਮੁੱਖ ਮਹਿਮਾਨ ਲਾਇਨ ਐਮ ਪੀ ਸਿੰਘ ਸਿੱਧੂ ਜੋਨ ਚੇਅਰਮੈਨ, ਵਿਸ਼ੇਸ਼ ਮਹਿਮਾਨ ਲਾਇਨ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਨਰਲ ਕੈਟਾਗਿਰੀ ਫਰੰਟ ਪੰਜਾਬ, ਸ੍ਰ ਬਲਵਿੰਦਰ ਸਿੰਘ ਏ ਐਸ ਆਈ, ਸ੍ਰ ਕੁਲਵਿੰਦਰ ਸਿੰਘ ਏ ਐਸ ਆਈ ਪੰਜਾਬ ਪੁਲਸ ਹੁਸ਼ਿਆਰਪੁਰ, ਮੁੱਖ ਪ੍ਰਬੰਧਕ ਲਾਇਨ ਅਸ਼ੋਕ ਕੁਮਾਰ ਜੁਨੇਜਾ, ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਸਕੱਤਰ, ਲਾਇਨ ਮੋਹਨ ਲਾਲ ਖਜ਼ਾਨਚੀ, ਲਾਇਨ ਸੂਰਜ ਕਾਂਤ ਐਮ ਜੇ ਐਫ, ਲਾਇਨ ਸੁਰਿੰਦਰ ਕੁਮਾਰ ਮੀਤ ਪ੍ਰਧਾਨ ਵੱਲੋ ਵਿਸੇਸ਼ ਯੋਗਦਾਨ ਪਾਇਆ ਗਿਆ ਗਿਆ। ਇਲਾਕੇ ਦੇ ਲੋਕਾਂ ਵੱਲੋ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਹੈ।

## ਭ੍ਰਿਸ਼ਟਚਾਰ, ਗੁੰਡਾ ਟੈਕਸ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰੋ : ਝਿੰਜਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਯੂਥ ਅਕਾਲੀ ਦਲ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਸਰਬਜੀਤ ਸਿੰਘ ਝਿੰਜਰ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਉੱਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਝਿੰਜਰ ਨੇ ਕਿਹਾ ਕਿ ਅੱਜ ਜ਼ਿਲ੍ਹਾ ਰੋਪੜ ਦੇ ਅਨੰਦਪੁਰ ਸਾਹਿਬ ਅਤੇ ਨੰਗਲ ਖੇਤਰਾਂ ਵਿੱਚ ਰੇਤ ਕ੍ਰੈਸ਼ਰ ਮਾਲਕਾਂ ਤੋਂ ਗੁੰਡਾ ਟੈਕਸ ਵਜੋਂ ਪ੍ਰਤੀ ਫੁੱਟ ਰੇਤੇ ਦੇ ਬਦਲੇ ਚਾਰ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ। ਝਿੰਜਰ ਨੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਭ੍ਰਿਸ਼ਟਚਾਰ ਅਤੇ ਮਾਫ਼ੀਆ ਰਾਜ ਖ਼ਿਲਾਫ਼ ਆਵਾਜ਼ ਬੁਲੰਦ ਕਰੋ ਤੇ ਸੱਚ ਨੂੰ ਸਾਹਮਣੇ ਲਿਆਉਣ ਲਈ ਮੇਰਾ ਸਾਥ ਦਿਓ।



## ਮੰਡੀਆਂ 'ਚ ਸੁੱਕਾ ਝੋਨਾ ਲਿਆਉਣ ਦੀ ਅਪੀਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ ਦੀ ਪ੍ਰਧਾਨਗੀ ਹੇਠ ਸਮੂਹ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨਾਲ ਖਰੀਫ ਸੀਜ਼ਨ 2025-26 ਦੌਰਾਨ ਪੈਡੀ ਦੀ ਖਰੀਦ ਅਤੇ ਸਟੋਰੇਜ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਦੱਸਿਆ ਗਿਆ ਕਿ ਇਸ ਸਾਲ ਝੋਨੇ ਦਾ ਖਰੀਦ ਸੀਜ਼ਨ ਮਿਤੀ 16-



09-2025 ਤੋਂ ਸ਼ੁਰੂ ਕਰਨ ਦੀ ਤਜ਼ਵੀਜ ਖੁਰਾਕ ਸਪਲਾਈ ਵਿਭਾਗ ਵਲੋਂ ਭਾਰਤ ਸਰਕਾਰ ਨੂੰ ਭੇਜੀ ਗਈ ਹੈ। ਇਸ ਸਬੰਧੀ ਕਿਸਾਨਾਂ/ਜਿਮੀਦਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸੁੱਕਾ ਝੋਨਾ ਹੀ ਮੰਡੀਆ ਵਿੱਚ ਲੈ ਕੇ ਆਉਣ। ਇਸ ਸਬੰਧੀ ਜ਼ਿਲ੍ਹੇ ਦੇ ਸਮੂਹ ਆੜ੍ਹਤੀਏ ਭਾਈਚਾਰੇ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੀ ਆੜ੍ਹਤ ਤੇ ਆਉਣ ਵਾਲੇ ਹਰ ਕਿਸਾਨ/ਜਿਮੀਂਦਾਰ ਨੂੰ ਸੁੱਕਾ ਝੋਨਾ ਮੰਡੀਆਂ ਵਿੱਚ ਲਿਆਉਣ ਸਬੰਧੀ ਜਾਣੂ ਕਰਵਾਉਣ। ਮੀਟਿੰਗ ਵਿੱਚ ਪਨਗ੍ਰੇਨ ਦੇ ਡਾ. ਨਵਰੀਤ, ਪੰਜਾਬ ਰਾਜ ਗੋਦਾਮ ਨਿਗਮ ਦੇ ਰਘਵੀਰ ਸਿੰਘ, ਪਨਸਪ ਦੇ ਪ੍ਰਵੀਨ ਜੈਨ, ਮਾਰਕਫੈੱਡ ਦੇ ਨਵਿਤਾ ਅਤੇ ਐੱਫ ਸੀ ਆਈ ਦੇ ਅਮਿਤ ਮੌਜੂਦ ਸਨ।

## ਹਰਜਾਪ ਸਿੰਘ ਨੇ ਖੇਡਾਂ 'ਚ ਸੋਨੇ ਦਾ ਤਮਗਾ ਜਿੱਤ ਕੇ ਕੀਤਾ ਸਕੂਲ ਦਾ ਨਾਂਅ ਰੌਸ਼ਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਦੀ ਅਗਵਾਈ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਸ਼੍ਰੀ ਧੀਰਜ ਵਸ਼ਿਸ਼ਟ ਦੀ ਯੋਗ ਰਹਿਨੁਮਾਈ ਹੇਠ, ਜ਼ਿਲ੍ਹਾ ਖੇਡ ਇੰਚਾਰਜ ਜਗਜੀਤ ਸਿੰਘ ਦੀ ਇਨਚਾਰਜਸ਼ਿਪ ਵਿੱਚ ਚੱਲ ਰਹੀਆਂ 69ਵੀਆਂ ਜਿਲਾ ਸਕੂਲ ਖੇਡਾਂ (ਅੰਤਰ ਜ਼ੋਨ) 2025-26 ਦੌਰਾਨ ਸਰਕਾਰੀ ਹਾਈ ਸਕੂਲ ਡਗਾਣਾ ਕਲਾਂ ਦੇ ਵਿਦਿਆਰਥੀ ਹਰਜਾਪ ਸਿੰਘ ਧਾਮੀ ਨੇ ਬੇਮਿਸਾਲ ਪ੍ਰਦਰਸ਼ਨ ਕਰਕੇ ਸਕੂਲ ਅਤੇ ਪਿੰਡ ਦੀ ਝੋਲੀ ਵਿੱਚ ਸੋਨਾ ਪਾਇਆ।ਪਚਾਇਤ ਸੰਮਤੀ ਸਟੇਡੀਅਮ ਦਸੂਹਾ ਵਿੱਚ ਆਯੋਜਿਤ 75 ਕਿਲੋ ਵਰਗ ਕੁਸ਼ਤੀ ਮੁਕਾਬਲੇ ਵਿੱਚ ਹਰਜਾਪ ਸਿੰਘ ਨੇ ਜ਼ਬਰਦਸਤ ਜੁਨੂਨ ਅਤੇ ਖੇਡ ਨੇ ਸਭ ਨੂੰ ਪ੍ਰਭਾਵਿਤ ਕੀਤਾ। ਸਕੂਲ ਪ੍ਰਬੰਧਨ ਵੱਲੋਂ ਹਰਜਾਪ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸ਼੍ਰੀਮਤੀ ਹਰਪ੍ਰੀਤ ਕੌਰ ਨੇ ਵਿਦਿਆਰਥੀ ਦੀ ਪ੍ਰਾਪਤੀ 'ਤੇ ਡੀ.ਪੀ.ਈ. ਸ਼੍ਰੀਮਤੀ ਨਵਦੀਪ ਕੌਰ, ਮਾਪਿਆਂ ਅਤੇ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ।

## ਜ਼ਮੀਨ 'ਤੇ ਸਰਕਾਰ ਨੂੰ ਅਸਿੱਧੇ ਢੰਗ ਨਾਲ ਕਬਜ਼ਾ ਨਹੀਂ ਕਰਨ ਦਿਆਂਗੇ : ਸੋਹਾਣਾ

**ਮੁਹਾਲੀ (ਗੁਰਜੀਤ ਬਿੱਲਾ)**- ਸਥਾਨਕ ਨਗਰ ਨਿਗਮ ਸ਼ਹਿਰ ਵਾਸੀਆਂ ਦੀਆਂ ਬੁਨਿਆਦੀ ਜ਼ਰੂਰਤਾਂ ਪੂਰਾ ਕਰਨ ਦੀ ਬਜਾਏ ਜਮੀਨਾਂ ਹੜੱਪਣ ਦੀਆਂ ਕੋਸ਼ਿਸ਼ਾਂ ਨੂੰ ਬੂਰ ਨਹੀਂ ਪੈਣ ਦਿਆਂਗੇ। ਇਹ ਪ੍ਰਗਟਾਵਾ ਐਮ ਸੀ ਭਵਨ ਦੇ ਬਾਹਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਰੱਖੇ ਗਏ ਇੱਕ ਸੰਕੇਤਕ ਧਰਨੇ ਨੂੰ ਸੰਬੋਧਨ ਕਰਦਿਆਂ ਕੀਤਾ। ਸ਼ਹਿਰੀ ਖੇਤਰ ਨਾਲ ਇਕੱਤਰ ਹੋਏ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਜਥੇਦਾਰ ਸੋਹਾਣਾ ਨੇ ਕਿਹਾ ਕਿ ਬੀਤੇ ਸਮੇਂ ਦੌਰਾਨ ਗਮਾਡਾ ਵੱਲੋਂ ਸੋਹਾਣਾ ਦੇ ਨਾਲ ਲੱਗਦੀ 10 ਏਕੜ ਜਮੀਨ ਨੂੰ ਡੰਪਿੰਗ ਡੰਪਿੰਗ ਗਰਾਉਂਡ ਬਣਾਉਣ ਲਈ ਅਕਵਾਇਰ ਕੀਤਾ ਗਿਆ ਸੀ ਜਿਸ ਦੀ ਆੜ ਵਿੱਚ ਨਿਗਮ ਪ੍ਰਸ਼ਾਸਨ ਵੱਲੋਂ ਇਸ ਦੇ ਨਾਲ ਲੱਗਦੀ ਕਈ ਏਕੜ ਜ਼ਮੀਨ ਨੂੰ ਜ਼ਬਰਦਸਤੀ ਹੜੱਪਣਾ ਚਾਹੁੰਦਾ ਹੈ। ਉਹਨਾਂ ਕਿਹਾ ਕਿ ਅੱਜ ਸ਼ਹਿਰ ਵਾਸੀ ਤਮਾਮ ਸਮੱਸਿਆਵਾਂ ਨਾਲ ਜੂਝ ਰਹੇ ਹਨ ਜਿਸ ਵਿੱਚ ਟੁੱਟੀਆਂ ਸੜਕਾਂ, ਕੂੜੇ ਦੀ ਭਾਰੀ ਸਮੱਸਿਆ, ਸਾਫ ਸਫਾਈ ਦਾ ਮੰਦੜਾ ਹਾਲ, ਅਵਾਰਾ ਜਾਨਵਰ ਅਤੇ ਕੁੱਤਿਆਂ ਦੀ ਭਰਮਾਰ, ਵੱਖ-ਵੱਖ ਖੇਤਰਾਂ ਵਿੱਚ ਨਸ਼ੇੜੀਆਂ ਅਤੇ ਗੈਰ ਸਮਾਜਿਕ ਤੱਤਾਂ ਦੇ ਠਾਹਰ ਬਣੇ ਪਾਰਕ, ਭ੍ਰਿਸ਼ਟਾਚਾਰ ਦਾ ਵਿਆਪਕ ਪਸਾਰਾ, ਤੇ ਸਾਫ ਸਫਾਈ ਦੇ ਨਾਕਸ ਪ੍ਰਬੰਧ ਕਾਰਨ ਲੋਕ ਪਰੇਸ਼ਾਨ ਹਨ। ਇਸ ਮੌਕੇ ਧਰਨਾਕਾਰੀਆਂ ਵਿੱਚ ਆ ਕੇ ਮੈਮੋਰੰਡਮ ਹਾਸਲ ਕਰਕੇ ਵਿਸ਼ਵਾਸ਼ ਦਿਵਾਇਆ ਕਿ ਇਨਾਂ ਨੂੰ ਪੂਰਾ ਕਰਨ ਲਈ ਪੂਰੀ ਗੰਭੀਰਤਾ ਦਿਖਾਈ ਜਾਵੇਗੀ,ਜਿਨ੍ਹਾਂ ਦੇ ਭਰੋਸੇ ਮਗਰੋਂ ਧਰਨਾ ਚੁੱਕ ਲਿਆ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਪਾਰਟੀ ਦੇ ਬੁਲਾਰੇ ਸ਼ਮਸ਼ੇਰ ਪੁਰਖਾਲਵੀ, ਕਮਲਜੀਤ ਸਿੰਘ ਰੂਬੀ, ਰਮਨਦੀਪ ਸਿੰਘ ਬਾਵਾ, ਐਮਸੀ ਨਿਰਮਲ ਕੌਰ ਢਿੱਲੋਂ ਤੇ ਹਰਜਿੰਦਰ ਕੌਰ ਬੈਦਵਾਨ ਅਤੇ ਲੰਬੜਦਾਰ ਕਰਮਜੀਤ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸੁਖਵਿੰਦਰ ਸਿੰਘ ਸਿੰਦੀ, ਸੁੰਦਰ ਲਾਲ ਅਗਰਵਾਲ ਤੇ ਡਾ: ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।



## ਬਹਿਰਾਮ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਕੀਤੀ ਭੇਟ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਲੇਖਕ ਸਵ:ਨਰਿੰਦਰ ਸਿੰਘ ਡਾਨਸੀਵਾਲੀਆ ਦੀ ਯਾਦ ਵਿੱਚ ਉਨ੍ਹਾ ਦੀ ਸਲਾਨਾ ਬਰਸੀ ਮੌਕੇ ਉਨ੍ਹਾ ਦੇ ਪਰਵਾਰ ਪਤਨੀ ਬੀਬੀ ਅਮਿਜੀਤ ਕੌਰ,ਬੇਟੀ ਨਰਜੀਵ ਕੌਰ ਤੇ ਅਮਨਜੋਤ ਕੌਰ ਵਲੋਂ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬਹਿਰਾਮ ਦੇ ਬੱਚਿਆ ਨੂੰ ਸ਼ਟੇਸ਼ਨਰੀ ਭੇਂਟ ਕੀਤੀ। ਵਿਸ਼ੇਸ ਤੌਰ ਤੇ ਪੁੰਹਚੇ ਸਾਬਕਾ ਵਿਧਾਇਕ ਚੌਧਰੀ ਮੋਹਣ ਲਾਲ ਨੇ ਇੱਕਠ ਨੂੰ ਸੰਬੋਧਨ ਕਰਦਿਆ ਕਿਹਾ ਕਿ ਡਾਨਸੀਵਾਲੀਆ ਭਾਵੇਂ ਸਾਡੇ ਵਿੱਚ ਨਹੀ ਹਨ।ਪਰ ਉਹ ਸਾਡੇ ਦਿਲਾਂ ਵਿੱਚ ਹਮੇਸ਼ਾ ਵੱਸਦੇ ਰਹਿਣਗੇ,ਕਿਉਕਿ ਉਹ ਇਕ ਨਿਧੱੜਕ ਅਤੇ ਦੂਰਅੰਦੇਸ਼ੀ ਪੱਤਰਕਾਰ ਸਨ। ਉਪਰੰਤ ਨਰਿੰਦਰ ਸਿੰਘ ਡਾਂਨਸੀਵਾਲੀਏ ਵਲੋਂ ਲਿਖੀਆ ਕਿਤਾਬਾਂ ਦਾ ਸੈੱਟ ਉਕਤ ਸਕੂਲ ਦੀ ਲਾਈਬ੍ਰੇਰੀ ਲਈ ਹੈੱਡ ਟੀਚਰ ਵਿਜੇ ਕੁਮਾਰ ਨੂੰ ਭੇਂਟ ਕੀਤਾ।ਇਸ ਮੌਕੇ ਸਾਬਕਾ ਵਿਧਾਇਕ ਚੌਧਰੀ ਮੋਹਣ ਲਾਲ, ਸ.ਜਗਦੀਪ ਸਿੰਘ ਜੌਹਲ ਬੀ.ਪੀ.ਈ.ਓ ਬੰਗਾ ,ਨਛੱਤਰ ਸਿੰਘ ਬਹਿਰਾਮ, ਸਮਾਜ ਸੇਵਕ ਚਰਨਜੀਤ ਸਿੰਘ ਰੰਧਾਵਾ ਬਲਾਕ ਪ੍ਰਧਾਨ,ਡਾ. ਨਰੇਸ਼ ਰਾਵਲ,ਹਰਭਜਨ ਸਿੰਘ ਸੰਘਾ ਸਮਾਜ ਸੇਵਕ,ਸਕੂਲ ਮੁੱਖੀ ਮਾਸਟਰ ਵਿਜੈ ਕੁਮਾਰ,ਸੁਰਿੰਦਰ ਸਿੰਘ ਮੇਹਲੀਆਣਾ,ਰਾਮਾ ਨੰਦ ਭਨੋਟ ਔੜ ਤੇ ਸਕੂਲ ਦੇ ਬੱਚੇ ਹਾਜ਼ਰ ਸਨ।

## ਵਿਧਾਇਕ ਡਾ. ਇਸ਼ਾਂਕ ਦੀ ਸਿੱਖਿਆ ਅਧਿਕਾਰੀਆਂ ਨਾਲ ਮੀਟਿੰਗ



**ਹੁਸ਼ਿਆਰਪੁਰ (ਓ ਪੀ ਰਾਣਾ)**- ਸਿੱਖਿਆ ਦੇ ਪੱਧਰ ਨੂੰ ਹੋਰ ਮਜ਼ਬੂਤ ਕਰਨ ਅਤੇ ਨਵੀਆਂ ਯੋਜਨਾਵਾਂ ਨੂੰ ਲੈ ਕੇ ਵਿਚਾਰ-ਵਟਾਂਦਰਾ ਕਰਨ ਲਈ ਵਿਧਾਇਕ ਡਾ. ਈਸ਼ਾਂਕ ਕੁਮਾਰ ਦੀ ਅਗਵਾਈ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਦਫ਼ਤਰ ਵਿੱਚ ਇੱਕ ਮਹੱਤਵਪੂਰਨ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਵਿੱਚ ਉਨ੍ਹਾਂ ਦੇ ਨਾਲ ਉਪ ਜ਼ਿਲ੍ਹਾ ਸਿੱਖਿਆ ਅਫਸਰ ਧੀਰਜ ਵਿਸ਼ਿਸ਼ਟ, ਡਾ. ਪੰਕਜ ਸ਼ਿਵ, ਡਾ. ਕ੍ਰਿਸ਼ਨ ਗੋਪਾਲ, ਡਾ. ਅਨਿਲ ਕੁਮਾਰ ਗੋਗਨਾ, ਰਿੰਕੀ ਸਮੇਤ ਸਿੱਖਿਆ ਖੇਤਰ ਨਾਲ ਸੰਬੰਧਿਤ ਵੱਖ-ਵੱਖ ਅਧਿਕਾਰੀਆਂ ਅਤੇ ਪ੍ਰਿੰਸੀਪਲਾਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਸਮਾਰਟ ਕਲਾਸਰੂਮ, ਡਿਜ਼ੀਟਲ ਸਿੱਖਣ ਸਮੱਗਰੀ ਅਤੇ ਆਧੁਨਿਕ ਸੁਵਿਧਾਵਾਂ ਨਾਲ ਲੈਸ ਸਕੂਲਾਂ ਦੀ ਦਿਸ਼ਾ ਵਿੱਚ ਕਦਮ ਚੁੱਕਣ ਦਾ ਭਰੋਸਾ ਦਿੱਤਾ ਗਿਆ। ਮੀਟਿੰਗ ਵਿੱਚ ਜ਼ਿਲ੍ਹਾ ਸਮਾਰਟ ਸਕੂਲ ਕੋਆਰਡੀਨੇਟਰ ਪ੍ਰਿੰਸੀਪਲ ਜਿਤਿੰਦਰ ਸਿੰਘ, ਪ੍ਰਿੰਸੀਪਲ ਮਨਜੀਤ ਸਿੰਘ, ਪ੍ਰਿੰਸੀਪਲ ਜਰਨੈਲ ਸਿੰਘ, ਪ੍ਰਿੰਸੀਪਲ ਸਤਿੰਦਰਦੀਪ ਕੌਰ, ਪ੍ਰਿੰਸੀਪਲ ਤਰੁਣ ਸ਼ਰਮਾ, ਸਹਾਇਕ ਸਮਾਰਟ ਕਲਾਸਰੂਮ ਕੋਆਰਡੀਨੇਟਰ ਸਤੀਸ਼ ਕੁਮਾਰ ਸਮੇਤ ਕਈ ਅਧਿਕਾਰੀ ਹਾਜ਼ਰ ਰਹੇ।

# ਕੁੱਟਮਾਰ ਨਾਲ ਇੱਕ ਵਿਅਕਤੀ ਦੀ ਮੌਤ, 2 ਗ੍ਰਿਫ਼ਤਾਰ

**ਮਾਹਿਲਪੁਰ (ਸ਼ਫ਼ਰੀ)**- ਥਾਣਾ ਮੁਖੀ ਮਾਹਿਲਪੁਰ ਜੈ ਪਾਲ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ 22 ਅਗਸਤ ਨੂੰ ਜੋਤੀ ਜੋਸ਼ੀ ਪੁੱਤਰ ਹਰਬੰਸ ਲਾਲ ਵਾਸੀ ਪਿੰਡ ਨੂਰਪੁਰ ਬ੍ਰਾਹਮਣਾ ਨੇ ਪੁਲਸ ਨੂੰ ਦਿੱਤੇ ਬਿਆਨਾ ਵਿੱਚ ਦੱਸਿਆ ਸੀ ਕਿ ਉਸ ਦਾ ਲੜਕਾ ਮੋਹਿਤ ਜੋਸ਼ੀ ਉਮਰ ਕਰੀਬ 33 ਸਾਲ ਜੋ ਮਾਹਿਲਪੁਰ ਵਿਖੇ ਟੈਕਸੀ ਚਲਾਉਂਦਾ ਸੀ, ਮਿਤੀ 21 ਅਗਸਤ ਨੂੰ ਅਮਨਦੀਪ ਸਿੰਘ ਉਰਫ ਆਰ ਦੀਪ ਪੁੱਤਰ ਗਿਆਨ ਚੰਦ ਵਾਸੀ ਪਿੰਡ ਕੈਂਡਵਾਲ ਥਾਣਾ ਮਾਹਿਲਪੁਰ ਦੇ ਚਾਚੇ



ਤਾਏ ਦੇ ਲੜਕੇ ਜੀਤੀ ਅਤੇ ਜਤਿੰਦਰ ਵਾਸੀ ਕੈਂਡਵਾਲ ਨੇ ਜੋ ਮਾਹਿਲਪੁਰ ਵਿੱਚ ਆਪਣੀ ਦੀ ਉਸਾਰੀ ਕਰ ਰਹੇ ਹਨ ਤੋਂ ਇੱਕ ਟੇਬਲ,ਟਾਈਲਾਂ ਦੇ ਕੁਝ ਡੱਬੇ ਅਤੇ ਹੋਰ ਕਬਾੜ ਦਾ ਸਮਾਨ ਉਸ ਦੇ ਛੋਟੇ ਹਾਥੀ ਵਿੱਚ ਲੱਦ ਕੇ ਕਬਾੜੀਆ ਇਕਲਾਸ਼ ਅਲੀ ਪੁੱਤਰ ਬਚਨ ਵਾਸੀ ਪਿੰਡ ਚੰਦੇਲੀ ਜਿਸ ਦੀ ਦੁਕਾਨ ਅੱਡਾ ਚੰਦੇਲੀ ਜੇਜੋ ਤੇ ਹੈ, ਨੂੰ ਕਵਾੜ ਵੇਚਣ ਗਏ ਸੀ। ਜਿੱਥੇ ਉਸ ਦੇ ਲੜਕੇ ਤੇ ਅਮਨਦੀਪ ਸਿੰਘ ਉਰਫ ਆਰ ਦੀਪ ਨੇ ਇਲਜ਼ਾਮ ਲਗਾਇਆ ਸੀ ਕਿ ਤੂੰ ਆਪਣੀ ਗੱਡੀ ਵਿੱਚ ਉਸ ਦੀ ਦੁਕਾਨ ਤੋਂ ਸਮਾਨ ਲੱਦ ਕੇ ਕਿਉਂ ਲਿਆਦਾ ਹੈ ਜਿਸ ਤੋਂ ਬਾਅਦ ਉਸਦੇ ਲੜਕੇ ਮੋਹਿਤ ਜੋਸ਼ੀ ਨੂੰ ਫੋਨ ਕਰਕੇ ਉਪਰੋਕਤ ਵਿਅਕਤੀਆਂ ਨੇ ਕਰੀਬ ਸ਼ਾਮ4 ਵਜੇ ਜੋਸ਼ੀ ਇੰਟਰਪ੍ਰਾਈਜ ਜੇਜੋ ਰੋਡ ਪਿੰਡ ਖਾਨਪੁਰ ਵਿਖੇ ਬੁਲਾਇਆ ਸੀ ਜਿੱਥੇ ਦੋਨਾਂ ਨੇ ਉਸ ਦੇ ਲੜਕੇ ਮੋਹਿਤ ਜੋਸ਼ੀ ਨਾਲ ਲੜਾਈ ਝਗੜਾ ਕਰਕੇ ਉਸ ਦੀ ਕੁੱਟਮਾਰ ਕੀਤੀ ਸੀ ਜਿਸ ਦੇ ਸਿਰ ਵਿੱਚ ਕਾਫੀ ਗੰਭੀਰ ਸੱਟਾਂ ਮਾਰੀਆਂ ਸਨ। ਉਸ ਨੇ ਆਪਣੇ ਲੜਕੇ ਨੂੰ ਇਲਾਜ ਲਈ ਸਿਵਲ ਹਸਪਤਾਲ ਮਾਹਿਲਪੁਰ 'ਚ ਦਾਖ਼ਲ ਕਰਵਾਇਆ ਸੀ ਤੇ ਇਲਾਜ ਕਰਵਾ ਕੇ ਆਪਣੇ ਘਰ ਵਾਪਸ ਚਲੇ ਗਏ ਸੀ ਪਰ 22ਅਗਸਤ ਨੂੰ ਸਵੇਰੇ ਉਸਦੇ ਲੜਕੇ ਮੋਹਿਤ ਜੋਸ਼ੀ ਦੀ ਸਿਹਤ ਖਰਾਬ ਹੋ ਕਰਕੇ ਅਚਾਨਕ ਮੌਤ ਹੋ ਗਈ ਜਿਸ ਦੇ ਬਿਆਨਾ ਤੇ ਥਾਣਾ ਮਾਹਿਲਪੁਰ ਨੇ ਅਲੀ ਪੁੱਤਰ ਬਚਨ ਸ਼ਾਹ ਵਾਸੀ ਚੰਦੇਲੀ ਥਾਣਾ ਮਾਹਿਲਪੁਰ ਅਮਨਦੀਪ ਸਿੰਘ ਉਰਫ ਆਰ ਦੀਪ ਪੁੱਤਰ ਗਿਆਨ ਚੰਦ ਵਾਸੀ ਪਿੰਡ ਕੈਂਡੋਵਾਲ ਨੂੰ ਗ੍ਰਿਫਤਾਰ ਕਰ ਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਹੈ।



# ਜਸਟਿਸ ਰੰਧਾਵਾ ਇੰਡੀਪੈਂਡੈਂਟ ਜਰਨਲਿਸਟ ਕਮਿਸ਼ਨ ਆਫ ਇਨਕੁਆਇਰੀ ਦੇ ਚੇਅਰਮੈਨ ਨਿਯੁਕਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੱਤਰਕਾਰਤਾ ਬਹੁਤ ਸੰਵੇਦਨਸ਼ੀਲ ਕਾਰਜ ਖੇਤਰ ਤੇ ਪੇਸ਼ਾ ਹੈ ਪਰ ਇਸ ਕਾਰਜ ਖੇਤਰ ਵਿੱਚ ਧੱਕੇਸ਼ਾਹੀ ਵੀ ਲੰਮੇ ਸਮੇਂ ਤੋਂ ਪੱਤਰਕਾਰਾਂ ਨਾਲ ਹੁੰਦੀ ਆ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੇਵਾ ਮੁਕਤ ਜਸਟਿਸ ਰਣਜੀਤ ਸਿੰਘ ਰੰਧਾਵਾ ਨੇ ਕੀਤਾ। ਸ਼ਨੀਵਾਰ ਨੂੰ ਉਹ ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਲਾਂਚ ਕੀਤੇ ਗਏ ਇੰਡੀਪੈਂਡੈਂਟ ਜਰਨਲਿਸਟ ਕਮਿਸ਼ਨ ਆਫ ਇਨਕੁਆਇਰੀ ਦੇ ਆਗਾਜ਼ ਸਬੰਧੀ ਹੋਏ ਸਮਾਗਮ ਵਿੱਚ ਬਤੌਰ ਮੁੱਖ ਬੁਲਾਰਾ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਜਸਟਿਸ ਰੰਧਾਵਾ ਨੂੰ ਇਸ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਹਨਾਂ ਨਾਲ ਮੈਂਬਰ ਸੈਕਟਰੀ ਵਜੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਟੀ ਪੀ ਐਸ ਤੁੰਗ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਸਕੌਮ ਵਿਭਾਗ ਤੇ ਆਈ ਐਸ ਵਿਭਾਗ ਦੇ ਸਾਬਕਾ ਮੁਖੀ ਡਾਇਰੈਕਟਰ ਡਾਕਟਰ ਹਰਜਿੰਦਰ ਸਿੰਘ ਵਾਲੀਆ ਹੋਣਗੇ।

# ਜਿਹੜੇ ਜਿੰਦਾ ਬਚ ਗਏ ਕਮ-ਸੇ-ਕਮ ਉਹਨਾਂ ਨੂੰ ਤਾਂ ਜੀਣ ਦੇਈਏ : ਤਲਵਾੜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਬੀਤੀ ਕੱਲ੍ਹ ਰਾਤ ਮੰਡਿਆਲਾਂ ਵਿਖੇ ਵਾਪਰਿਆ ਹਾਦਸਾ ਬੇਹਦ ਦੁਖਦਾਈ ਸੀ ਤੇ ਇਸ ਮੌਕੇ ਸਿਹਤ ਸੁਵਿਧਾਵਾਂ ਦਾ ਪ੍ਰਬੰਧ ਕਰਨ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਨੇ ਵਧੀਆ ਜਤਨ ਵੀ ਕੀਤਾ।ਪਰ ਉਸ ਉਪਰੰਤ ਜਿਸ ਤਰ੍ਹਾਂ ਮਰੀਜ਼ਾਂ ਦੇ ਜੀਵਨ ਨਾਲ ਖਿਲਵਾੜ ਕੀਤਾ ਜਾਣ ਲੱਗ ਪਿਆ ਉਹ ਚਿੰਤਾ ਦਾ ਵਿਸ਼ੇ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਇਸ ਸੰਬੰਧੀ ਪ੍ਰੈਸ ਨੋਟ ਜਾਰੀ ਕਰਦੇ ਹੋਏ ਕਹੇ।ਤਲਵਾੜ ਨੇ ਦੱਸਿਆ ਕਿ ਮੈਡੀਕਲ ਸਾਇੰਸ ਕਹਿੰਦੀ ਹੈ ਕਿ ਅੱਗ ਨਾਲ ਸੜ ਜਾਣ ਵਾਲੇ ਮਰੀਜ਼ ਨੂੰ ਇਨਫੈਕਸ਼ਨ ਬਹੁਤ ਜਲਦੀ ਹੁੰਦੀ ਹੈ ਇਸ ਲਈ ਉਸ ਨੂੰ ਸੈਂਸਿਟਿਵ ਕੇਅਰ ਵਿੱਚ ਰੱਖਿਆ ਜਾਂਦਾ ਹੈ।ਇਥੋਂ ਤੱਕ ਕਿ ਬਹੁਤ ਸਾਰੇ ਵੱਡੇ ਹਸਪਤਾਲਾਂ ਵਿੱਚ ਅੱਗ ਨਾਲ ਜਲੇ ਵਿਅਕਤੀਆਂ ਲਈ ਵਿਸ਼ੇਸ਼ ਵਾਰਡ ਵੀ ਬਣਾਏ ਗਏ ਹਨ।ਪਰ ਅੱਜ ਸਿਵਲ ਹਸਪਤਾਲ ਵਿੱਚ ਰਾਜਨੀਤਿਕ ਆਦਮੀਆਂ ਨੇ ਇਹਨਾਂ ਸਾਰੀ ਗੱਲਾਂ ਦੀ ਪਰਵਾਹ ਕੀਤੇ



ਬਿਨਾਂ ਕੇਵਲ ਆਪਣਾ ਫੋਟੋ ਸੈਸ਼ਨ ਕਰਵਾਉਣ ਲਈ ਮਰੀਜ਼ਾਂ ਦੀ ਜਾਨ ਨੂੰ ਖਤਰੇ ਵਿੱਚ ਪਾ ਦਿੱਤਾ।ਤਲਵਾੜ ਨੇ ਕਿਹਾ ਕਿ ਰਾਜਨੀਤਿਕ ਲੋਕਾਂ ਦੀ ਹਸਪਤਾਲ ਵਿੱਚ ਅਜਿਹੀ ਦਖਲ ਅੰਦਾਜੀ ਨਾਲ ਜਿੱਥੇ ਡਾਕਟਰਾਂ ਨੂੰ ਇਲਾਜ ਕਰਨ ਵਿੱਚ ਪ੍ਰੇਸ਼ਾਨੀ ਆਈ ਹੈ ਉੱਥੇ ਮਰੀਜ਼ਾਂ ਦੀ ਜ਼ਿੰਦਗੀ ਵੀ ਖਤਰੇ ਵਿੱਚ ਪੈ ਗਈ।ਤਲਵਾੜ ਨੇ ਕਿਹਾ ਕਿ ਡਾਕਟਰ ਲੋਕ ਇਹ ਸਾਰੇ ਗੱਲਾਂ ਨੂੰ ਸਮਝਦੇ ਹੋਏ ਵੀ ਰਾਜਨੀਤਿਕ ਦਬਾਅ ਹੇਠ ਇਹਨਾਂ ਲੋਕਾਂ ਦੀ ਗੱਲ ਮੰਨਣ ਲਈ ਮਜ਼ਬੂਰ ਹੋ ਜਾਂਦੇ ਹਨ।ਉਹਨਾਂ ਕਿਹਾ ਕਿ ਫੈਸਲਾ ਲਿਆ ਗਿਆ ਹੈ ਅੱਗੇ ਤੋਂ ਅਜਿਹਾ ਨਾ ਹੋਵੇ ਇਸ ਲਈ ਇਸ ਸੰਬੰਧੀ ਮਾਨਯੋਗ ਹਾਈਕੋਰਟ ਵਿੱਚ ਇੱਕ ਰਿਟ ਦਾਖਲ ਕੀਤੀ ਜਾਵੇਗੀ।

# ਔਰਤਾਂ ਦੀ ਜਾਂਚ ਲਈ ਵਿਸ਼ੇਸ਼ ਕੈਂਪ ਦਾ ਆਯੋਜਨ

**ਗੁਰਾਇਆ (ਬਿੰਦਰ ਸੁਮਨ)**- ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਦੇ ਤਹਿਤ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਿਖੇ ਗਰਭਵਤੀ ਔਰਤਾਂ ਲਈ ਇੱਕ ਵਿਸ਼ੇਸ਼ ਸਿਹਤ ਕੈਂਪ ਲਗਾਇਆ ਗਿਆ। ਇਹ ਕੈਂਪ ਸੀਨੀਅਰ ਮੈਡੀਕਲ ਅਫਸਰ ਡਾ. ਅਮਿਤਾ ਦੁਗਲ ਦੀ ਅਗਵਾਈ ਹੇਠ



ਲਗਾਇਆ ਗਿਆ। ਬਲਾਕ ਬੜਾ ਪਿੰਡ ਦੀਆਂ ਗਰਭਵਤੀ ਔਰਤਾਂ ਨੇ ਇਸ ਕੈਂਪ ਵਿੱਚ ਹਿੱਸਾ ਲਿਆ ਅਤੇ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਲਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੈਡੀਕਲ ਅਫਸਰ ਡਾ. ਮਮਤਾ ਗੌਤਮ ਨੇ ਦੱਸਿਆ ਕਿ ਕੈਂਪ ਦੌਰਾਨ ਹੀਮੋਗਲੋਬਿਨ ਦੀ ਜਾਂਚ, ਬਲੱਡ ਪ੍ਰੈਸ਼ਰ, ਸ਼ੂਗਰ ਟੈਸਟ, ਐਂਟੀਨੇਟਲ ਜਾਂਚ, ਆਇਰਨ ਤੇ ਕੈਲਸ਼ੀਅਮ ਦੀਆਂ ਗੋਲੀਆਂ, ਅਤੇ ਸਿਹਤ ਸਲਾਹ-ਮਸ਼ਵਰਾ ਮੁਹੱਈਆ ਕਰਵਾਇਆ ਗਿਆ। ਇਸ ਤੋਂ ਇਲਾਵਾ, ਗਰਭਵਤੀ ਮਾਵਾਂ ਨੂੰ ਪੌਸ਼ਟਿਕ ਆਹਾਰ ਬਾਰੇ ਵੀ ਜਾਣਕਾਰੀ ਦਿੱਤੀ ਗਈ ਤੇ ਉਨ੍ਹਾਂ ਨੂੰ ਮੁਫ਼ਤ ਪੌਸ਼ਟਿਕ ਭੋਜਨ ਵੀ ਦਿੱਤੀ ਗਈ।

# ਅਕਾਲੀ ਆਗੂਆਂ ਨੇ ਵਿਧਾਇਕ ਗਨੀਵ ਕੌਰ ਮਜੀਠੀਆ ਨਾਲ ਕੀਤੀ ਮੁਲਾਕਾਤ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਵਿਨੋਦ ਸਿੰਘ)**- ਸ਼੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਅਕਾਲੀ ਆਗੂਆਂ ਨੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਦੀ ਅਗਵਾਈ ਹੇਠ ਬਿਕਰਮ ਸਿੰਘ ਮਜੀਠੀਆ ਦੀ ਧਰਮ ਪਤਨੀ ਵਿਧਾਇਕ ਬੀਬਾ ਗਨੀਵ ਕੌਰ ਮਜੀਠੀਆ ਨਾਲ ਵਿਸ਼ੇਸ਼ ਤੌਰ ਤੇ ਮੁਲਾਕਾਤ ਕੀਤੀ। ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਅਤੇ ਚੌਧਰੀ ਬਲਵੀਰ ਸਿੰਘ ਮਿਆਣੀ ਨੇ ਬੀਬਾ ਗਨੀਵ ਕੌਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਗੱਲਬਾਤ ਕਰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਇੱਕ ਵਰਕਰ ਬਿਕਰਮ ਸਿੰਘ ਮਜੀਠੀਆ ਤੇ ਉਨ੍ਹਾਂ



ਦੇ ਪਰਿਵਾਰ ਨਾਲ ਚਟਾਨ ਵਾਂਗ ਖੜਾ ਹੈ। ਪੰਜਾਬ ਸਰਕਾਰ ਵੱਲੋਂ ਬਿਕਰਮ ਸਿੰਘ ਮਜੀਠੀਆ ਤੇ ਝੂਠਾ ਅਤੇ ਬੇਬੁਨਿਆਦ ਕੇਸ ਪਾ ਕੇ ਉਹਨਾਂ ਨੂੰ ਨਜਾਇਜ਼ ਪਰੇਸ਼ਾਨ ਕੀਤਾ ਜਾ ਰਿਹਾ ਹੈ ਪਰ ਮਜੀਠੀਆ ਪੂਰੀ ਤਰ੍ਹਾਂ ਚੜ੍ਹਦੀ ਕਲਾ 'ਚ ਹੈ ਹਮੇਸ਼ਾ ਚੜ੍ਹਦੀ ਕਲਾ ਵਿੱਚ ਹੀ ਰਹਿਣਗੇ। ਜੋ ਕੇਸ ਪੰਜਾਬ ਸਰਕਾਰ ਵੱਲੋਂ ਮਜੀਠੀਆ ਤੇ ਬਣਾਏ ਗਏ ਹਨ ਉਹ ਝੂਠੇ ਅਤੇ ਬੇਬੁਨਿਆਦ ਸਾਬਤ ਤੋਂ ਹੋਣਗੇ ਤੇ ਸ ਬਿਕਰਮ ਸਿੰਘ ਮਜੀਠੀਆ ਇਹਨਾਂ ਸਾਰੇ ਝੂਠੇ ਕੇਸਾਂ ਵਿੱਚੋਂ ਸ਼ਾਨ ਨਾਲ ਬਰੀ ਹੋਣਗੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੰਦੀਪ ਸਿੰਘ ਸੀਕਰੀ ਹਲਕਾ ਇੰਚਾਰਜ ਸ਼ਾਮ 84, ਸੀਨੀਅਰ ਦਲਿਤ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਮਨਜੋਤ ਸਿੰਘ ਸ੍ਰੀ ਹਰਗੋਬਿੰਦਪੁਰ ਤੋਂ ਇਲਾਵਾ ਹੋਰ ਅਕਾਲੀ ਵਰਕਰ ਵੀ ਨਾਲ ਹਾਜ਼ਰ ਸੀ।

# ਵਿਆਹੁਤਾ ਭੇਦਭਰੀ ਹਾਲਤ ਵਿੱਚ ਲਾਪਤਾ

**ਮਾਹਿਲਪੁਰ (ਸ਼ਫ਼ਰੀ)**- ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਸਕਰੂਲੀ ਵਿਚੋਂ ਇਕ 22 ਸਾਲਾ ਵਿਆਹੁਤਾ ਭੇਦਭਰੀ ਹਾਲਤ ਵਿੱਚ ਲਾਪਤਾ ਹੋ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਜੁਲੇਖਾਂ ਪੁੱਤਰੀ ਕਾਸਮਦੀਨ ਪਿੰਡ ਸਕਰੂਲੀ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਦੀ 22 ਸਾਲਾ ਵਿਆਹੁਤਾ ਦੇ



ਭਰਾ ਹੁਸੈਨ ਕੰਮ ਗੁਜਰ ਨੇ ਥਾਣੇ ਵਿਚ ਦਿਤੀ ਦਰਖਾਸਤ ਵਿਚ ਲਿਖਿਆ ਕਿ ਮੇਰੀ ਭੈਣ ਉਸ ਸਮੇਂ ਭੇਦਭਰੀ ਹਾਲਤ ਵਿੱਚ ਲਾਪਤਾ ਹੋ ਗਈ ਜਦੋਂ ਮੈਂ ਤੇ ਮੇਰੀ ਮਾਤਾ 22/08/2025 ਸ਼ਾਮ ਕੋਈ ਚਾਰ ਕੁ ਵਜੇ ਪਸ਼ੂਆਂ ਵਾਸਤੇ ਪੱਠੇ ਲੈਣ ਲਈ ਖੇਤਾਂ ਵਿਚ ਗਏ ਹੋਏ ਸੀ, ਸਾਡੇ ਤੋਂ ਇਲਾਵਾ ਘਰ ਵਿੱਚ ਕੋਈ ਹੋਰ ਨਹੀਂ ਸੀ। ਜਦੋਂ ਵਾਪਸ ਆਏ ਤਾਂ ਮੇਰੀ ਭੈਣ ਜਿਸ ਦਾ ਕੁੱਛ ਸਮਾਂ ਪਹਿਲਾਂ ਵਿਆਹ ਕੀਤਾ ਸੀ ਪਰ ਅਜੇ ਸਹੁਰੇ ਘਰ ਨਹੀਂ ਤੋਰੀ ਸੀ ਗਾਇਬ ਸੀ। ਅਸੀਂ ਪੂਰੀ ਰਾਤ ਆਸ ਪਾਸ ਅਤੇ ਰਿਸ਼ਤੇਦਾਰੀ ਵਿਚ ਬਹੁਤ ਲੱਭਿਆ।ਨਾ ਲੱਭਣ ਦੀ ਸੂਰਤ ਵਿੱਚ ਥਾਣਾ ਮਾਹਿਲਪੁਰ ਵਿੱਚ ਦਰਖਾਸਤ ਦੇਣੀ ਪਈ ਹੈ।

# ਸੈਮੀਨਾਰ ਦੌਰਾਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ



**ਕਰਤਾਰਪੁਰ (ਹਰਮੇਸ਼ ਦੱਤ)**- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਯੁਵਕ ਸੇਵਾਵਾਂ ਵਿਭਾਗ ਵੱਲੋਂ ਬੀਬੀ ਅਮਰ ਕੌਰ ਰਜਿਸਟਰ ਦਿਆਲਪੁਰ ਕਲੱਬ ਦੇ ਸਹਿਯੋਗ ਨਾਲ ਸਥਾਨਕ ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ ਗਿਆ।ਸੈਮੀਨਾਰ ਦੌਰਾਨ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਵੀ ਦਾਰਾ ਨੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਂਦਿਆਂ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਆਪਣਾ 'ਟੀਕਾ' ਗੀਤ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ। ਉਪਰੰਤ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਆਪਣੇ ਨਸ਼ਾ ਵਿਰੋਧੀ ਗੀਤਾਂ ਨਾਲ ਅਤੇ ਹੋਰ ਨੌਜਵਾਨਾਂ ਨੇ ਨਸ਼ਿਆਂ ਤੋਂ ਬਚਣ ਦਾ ਸੁਨੇਹਾ ਦਿੱਤਾ।ਕਾਲਜ ਦੇ ਪ੍ਰਿੰਸੀਪਲ ਡਾ. ਗੁਰਪ੍ਰੀਤ ਸਿੰਘ ਉਪਲ ਨੇ ਯੁਵਕ ਸੇਵਾਵਾਂ ਵਿਭਾਗ ਅਤੇ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਦਾ ਸੈਮੀਨਾਰ ਕਰਵਾਉਣ ਲਈ ਧੰਨਵਾਦ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਡਾ. ਕੰਵਲਜੀਤ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਕਲੱਬ ਦੇ ਮੈਂਬਰਾਂ ਤੋਂ ਇਲਾਵਾ ਡਾ. ਗੁਰਇਕਬਾਲ ਸਿੰਘ, ਪ੍ਰੋਫੈਸਰ ਰਾਜਵਿੰਦਰ ਸਿੰਘ, ਮਨੋਹਰ ਧਾਲੀਵਾਲ ਤੋਂ ਇਲਾਵਾ ਵੱਡੀ ਗਿਣਤੀ ਪਿੰਡ ਵਾਸੀਆਂ ਵੱਲੋਂ ਸ਼ਿਰਕਤ ਕੀਤੀ ਗਈ।

# ਸੁਰਿੰਦਰ ਉੱਗੀ ਨੇ ਜਸਵੀਰ ਧੰਜਲ ਨਾਲ ਪਿੰਡ ਗੋਹੀਰ 'ਚ ਕੀਤੀ ਮੀਟਿੰਗ

**ਕਾਲਾ ਸੰਘਿਆਂ (ਮਨਜੀਤ ਮਾਨ)** ਆਮ ਆਦਮੀ ਪਾਰਟੀ ਨੂੰ ਪਿੰਡ ਵਿੱਚ ਮਜ਼ਬੂਤ ਕਰਨ ਲਈ ਅਤੇ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ ਘਰ ਪਹੁੰਚਾਉਣ ਦੇ ਲਈ ਪਾਰਟੀ ਦੇ ਆਗੂ ਪੂਰੇ ਸਰਗਰਮ ਵਿਖ ਰਹੇ ਹਨ ਇਹਨਾਂ ਸਰਗਰਮੀਆਂ ਤਹਿਤ ਪਿੰਡ ਗਹੀਰ ਵਿਖੇ ਐਮ ਐੱਲ ਏ ਇੰਦਰਜੀਤ ਕੌਰ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹਲਕਾ ਸੰਗਠਨ ਇੰਚਾਰਜ ਜਸਵੀਰ ਧੰਜਲ ਅਤੇ ਬਲਾਕ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਰਿੰਦਰ ਕੁਮਾਰ ਉੱਗੀ ਨੇ ਮੀਟਿੰਗ ਕੀਤੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਾਕ ਪ੍ਰਧਾਨ ਸੁਰਿੰਦਰ ਉੱਗੀ ਨੇ ਦੱਸਿਆ ਕਿ ਉਹਨਾਂ ਦੇ ਕੋਲ ਪਾਰਟੀ ਵੱਲੋਂ ਪਹਿਲਾਂ 11 ਪਿੰਡਾਂ ਦੀ ਜਿੰਮੇਵਾਰੀ ਦਿੱਤੀ ਗਈ ਸੀ, ਪਰ ਹੁਣ ਇਹਨਾਂ ਪਿੰਡਾਂ ਤੋਂ ਇਲਾਵਾ ਤਿੰਨ ਪਿੰਡ ਹੋਰ ਜੋੜ ਚੌਦਾਂ ਪਿੰਡ ਦੇ ਦਿੱਤੇ ਗਏ ਨੇ ਜਿਨਾਂ ਵਿੱਚੋਂ ਗਹੀਰ ਪਿੰਡ ਇੱਕ ਹੈ।ਆਪ ਆਗੂ ਸੁਰਿੰਦਰ ਉੱਗੀ ਨੇ ਅੱਗੇ ਦੱਸਿਆ ਕਿ ਅੱਜ ਇਸ ਪਿੰਡ ਵਿੱਚ ਲੇਡੀਜ਼ ਵਿੰਗ ਅਤੇ ਜੈਂਟਸ ਵਿੰਗ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ ਆਮ ਪਿੰਡ ਵਾਸੀਆਂ ਦਾ ਬਹੁਤ ਭਰਵਾਂ ਹੁੰਗਾਰਾ ਮਿਲਿਆ ਅਤੇ ਉਨ੍ਹਾਂ ਸਭ ਨੇ ਇਕ ਸੁਰ ਵਿੱਚ ਕਿਹਾ ਕਿ ਇਸ ਵਾਰ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਵੀ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰਾ ਨੂੰ ਜਿਤਾ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਨਕੋਦਰ ਨੂੰ ਸੁਚੱਜੀ ਅਗਵਾਈ ਦੇਣ ਵਾਲੇ ਐਮ ਐਲ ਏ ਇੰਦਰਜੀਤ ਕੌਰ ਮਾਨ ਦੀਆਂ ਲੋਕਪੱਖੀ ਤੇ ਲਾਭਕਾਰੀ ਨੀਤੀਆਂ 'ਤੇ ਮੋਹਰ ਲਾਉਣਗੇ। ਇਸ ਮੌਕੇ ਸੰਗਠਨ ਹਲਕਾ ਇੰਚਾਰਜ ਜਸਵੀਰ ਧੰਜਲ, ਬਲਾਕ ਪ੍ਰਧਾਨ ਸੁਰਿੰਦਰ ਕੁਮਾਰ ਉਗੀ, ਲੇਡੀਜ ਵਿੰਗ ਦੇ ਪ੍ਰਧਾਨ ਨੀਤੂ ਬਾਲਾ ਉੱਗੀ ਤੋਂ ਇਲਾਵਾ ਪਿੰਡ



ਗਹੀਰ ਦੇ ਸਰਪੰਚ ਧਰਮਪਾਲ ਗਿੱਲ , ਸਰਜੀਤ ਸਿੰਘ ਪਾਸਾ ਗਿੱਲ,ਸੁਰਿੰਦਰ ਪਾਲ, ਰਜੇਸ਼ ਕੁਮਾਰ, ਕੁਲਵੰਤ ਰਾਏ, ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੀ ਮੀਟਿੰਗ 'ਚ ਆਏ ਪਿੰਡ ਵਾਸੀਆਂ ਦਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਾਕ ਪ੍ਰਧਾਨ ਸੁਰਿੰਦਰ ਉੱਗੀ ਨੇ ਧੰਨਵਾਦ ਕੀਤਾ।

# ਸੁਦੇਸ਼ ਜੈਨ ਦੀਆਂ ਅੱਖਾਂ ਨਾਲ ਦੋ ਜ਼ਿੰਦਗੀਆਂ ਨੂੰ ਮਿਲੇਗੀ ਰੋਸ਼ਨੀ : ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜੈਨ ਕਾਲੋਨੀ ਨਿਵਾਸੀ 75 ਸਾਲਾ ਮਾਤਾ ਸੁਦੇਸ਼ ਜੈਨ ਦੇ ਦੇਹਾਂਤ ਤੋਂ ਬਾਅਦ ਉਨ੍ਹਾਂ ਦੇ ਪਰਵਾਰਕ ਮੈਂਬਰ ਜਤਿੰਦਰ ਜੈਨ, ਰਸ਼ਮੀ ਜੈਨ, ਅਜੈ ਜੈਨ ਤੇ ਅੰਸ਼ੂ ਜੈਨ ਨੇ ਆਪਣੀ ਮਾਤਾ ਦੀਆਂ ਅੱਖਾਂ ਰੋਟਰੀ ਆਈ ਬੈਂਕ ਰਾਹੀਂ ਖਿੰਡ ਆਈ ਹਸਪਤਾਲ ਨੂੰ ਦਾਨ ਕਰ ਦਿੱਤੀਆਂ। ਦਾਨ ਲੈਣ ਦੀ ਪ੍ਰਕਿਰਿਆ ਡਾ. ਅਮਨਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਗੁਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਨੇ ਪੂਰੀ ਕੀਤੀ। ਇਸ ਮੌਕੇ ਰੋਟਰੀ



ਆਈ ਬੈਂਕ ਦੇ ਪ੍ਰਧਾਨ ਅਤੇ ਚੇਅਰਮੈਨ ਜੇ. ਬੀ. ਬਹਿਲ ਨੇ ਪਰਵਾਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਮਾਤਾ ਸੁਦੇਸ਼ ਜੈਨ ਦੀਆਂ ਅੱਖਾਂ ਨਾਲ ਦੋ ਹਨ੍ਹੇਰਾ ਜੀਵਨ ਜੀ ਰਹੇ ਵਿਅਕਤੀਆਂ ਨੂੰ ਰੋਸ਼ਨੀ ਮਿਲੇਗੀ, ਕਿਉਂਕਿ ਇੱਕ ਵਿਅਕਤੀ ਵੱਲੋਂ ਦਾਨ ਕੀਤੀਆਂ ਅੱਖਾਂ ਦੋ ਲੋਕਾਂ ਨੂੰ ਲਗਾਈਆਂ ਜਾ ਸਕਦੀਆਂ ਹਨ।ਸੰਜੀਵ ਅਰੋੜਾ ਨੇ ਕਿਹਾ ਕਿ ਸੋਸਾਇਟੀ ਵੱਲੋਂ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਨੂੰ ਲੋਕਾਂ ਵੱਲੋਂ ਵੱਡਾ ਸਹਿਯੋਗ ਮਿਲ ਰਿਹਾ ਹੈ। ਅਰੋੜਾ ਨੇ ਦੱਸਿਆ ਕਿ ਸਾਡੀਆਂ ਅੱਖਾਂ ਮੌਤ ਤੋਂ ਬਾਅਦ 6 ਤੋਂ 8 ਘੰਟਿਆਂ ਤੱਕ ਜੀਵਤ ਰਹਿੰਦੀਆਂ ਹਨ। ਜੇ ਸਮੇਂ 'ਤੇ ਉਨ੍ਹਾਂ ਨੂੰ ਕੱਢ ਕੇ ਕਿਸੇ ਹੋਰ ਨੂੰ ਲਗਾ ਦਿੱਤਾ ਜਾਵੇ, ਤਾਂ ਕੌਰਨੀਅਲ ਅੰਧੇਪਨ ਨਾਲ ਪੀੜਤ ਵਿਅਕਤੀ ਮੁੜ ਸੰਸਾਰ ਨੂੰ ਵੇਖ ਸਕਦਾ ਹੈ।

# 75 ਗ੍ਰਾਮ ਹੈਰੋਇਨ ਤੇ 42 ਨਸ਼ੀਲੀਆਂ ਗੋਲੀਆਂ ਸਮੇਤ 16 ਮੁਲਜ਼ਮ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਸਰਕਾਰ ਵੱਲੋਂ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲਗਾਤਾਰ ਜਾਰੀ ਰੱਖਦੇ ਹੋਏ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ 16 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 75 ਗ੍ਰਾਮ ਹੈਰੋਇਨ, 42 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ। ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਹ ਕਾਰਵਾਈ ਏ.ਡੀ.ਸੀ.ਪੀ.-1 ਸ੍ਰੀਮਤੀ ਅਕਾਰਸ਼ੀ ਜੈਨ ਅਤੇ ਏ.ਡੀ.ਸੀ.ਪੀ.-2 ਹਰਿੰਦਰ ਸਿੰਘ ਗਿੱਲ ਅਤੇ ਹਲਕਾ ਜੀ.ਓ. ਅਫ਼ਸਰਾਂ ਦੀ ਨਿਗਰਾਨੀ ਹੇਠ ਕੀਤੀ ਗਈ। ਨਸ਼ਾ ਕਰਨ ਅਤੇ ਸਪਲਾਈ ਕਰਨ ਵਾਲਿਆਂ ਖਿਲਾਫ਼ ਪਿਛਲੇ ਦੋ ਦਿਨਾਂ ਵਿੱਚ ਵੱਖ-ਵੱਖ ਥਾਨਿਆਂ ਵਿੱਚ ਨਸ਼ੀਲੇ ਪਦਾਰਥਾਂ ਸਮੇਤ 16 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਾਰਵਾਈ ਦੌਰਾਨ 75 ਗ੍ਰਾਮ ਹੈਰੋਇਨ ਤੇ 42 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਹਨ ਤੇ ਐਨ.ਡੀ.ਪੀ.ਐਸ. ਐਕਟ ਤਹਿਤ 14 ਮੁਕੱਦਮੇ ਦਰਜ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਨਸ਼ਾ ਵੇਚਣ ਵਾਲਿਆਂ ਖਿਲਾਫ਼ ਕਾਰਵਾਈ ਕਰਨ ਦੇ ਨਾਲ-ਨਾਲ ਨਸ਼ੇ ਦੇ ਆਦੀ ਵਿਅਕਤੀਆਂ ਦੇ ਮੁੜ ਵਸੇਬੇ ਲਈ ਵੀ ਯਤਨ ਕੀਤੇ ਜਾ ਰਹੇ ਹਨ ਹੈ, ਜਿਸ ਦੇ ਤਹਿਤ ਕੁੱਲ 8 ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

# ਰੈੱਡ ਕਰਾਸ ਸੁਸਾਇਟੀ ਨੇ ਲਗਾਇਆ ਨਕਲੀ ਅੰਗ ਲਗਾਉਣ ਸੰਬੰਧੀ ਮੁਫ਼ਤ ਕੈਂਪ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦਾ ਮੁੱਖ ਉਦੇਸ਼ ਲੋੜਵੰਦ, ਗਰੀਬ, ਸਰੀਰਕ ਤੌਰ 'ਤੇ ਦਿਵਿਆਂਗ ਅਤੇ ਵਿਧਵਾ ਔਰਤਾਂ ਦੀ ਮਦਦ ਕਰਨਾ ਹੈ।ਇਸ ਉਦੇਸ਼ ਨੂੰ ਪੂਰਾ ਕਰਨ ਲਈ ਸਮੇਂ -ਸਮੇਂ 'ਤੇ ਰੈੱਡ ਕਰਾਸ ਸੁਸਾਇਟੀ ਜਨਤਕ ਸੇਵਾਵਾਂ ਪ੍ਰਦਾਨ ਕਰਨ ਲਈ ਵੱਖ-ਵੱਖ ਥਾਵਾਂ 'ਤੇ ਕੈਂਪ ਲਗਾਉਂਦੀ ਹੈ। ਇਸੇ ਸੰਬੰਧ ਵਿਚ ਸੁਸਾਇਟੀ ਵੱਲੋਂ ਐਕਟ ਹਿਊਮਨ ਸੁਸਾਇਟੀ, ਲੁਧਿਆਣਾ ਦੇ ਸਹਿਯੋਗ ਨਾਲ ਰੈੱਡ ਕਰਾਸ ਦਫ਼ਤਰ ਵਿਖੇ ਨਕਲੀ ਅੰਗ ਫਿੱਟ ਕਰਨ ਲਈ ਇਕ ਮੁਫ਼ਤ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ ਐਕਟ ਹਿਊਮਨ ਸੁਸਾਇਟੀ ਦੇ ਸੰਸਥਾਪਕ ਹਰਲੀਨ ਕੌਰ, ਜਨਰਲ ਮੈਨੇਜਰ ਦੀਪ ਕਾਲੜਾ, ਫੂਪਰੋ ਮੋਹਾਲੀ ਦੇ ਸੰਸਥਾਪਕ ਨਿਮਿਸ਼ ਮਹਿਰਾ, ਗਿਆਨ ਸਿੰਘ ਅਤੇ ਸੁਰਿੰਦਰ ਕੌਰ ਐਨ ਆਰ ਆਈ (ਕੈਨੇਡਾ) ਦੀ ਸਹਾਇਤਾ ਨਾਲ 21 ਲਾਭਪਾਤਰੀਆਂ ਨੂੰ ਮੁਫਤ ਪ੍ਰੋਸਥੈਟਿਕ ਅੰਗ ਪ੍ਰਦਾਨ ਕੀਤੇ ਗਏ।ਉਨ੍ਹਾਂ ਐਕਟ ਹਿਊਮਨ ਸੁਸਾਇਟੀ ਲੁਧਿਆਣਾ ਦੇ ਯਤਨਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਨੇ ਰੈੱਡ ਕਰਾਸ ਦਾ ਸਮਰਥਨ ਕਰਨ ਲਈ ਐਕਟ ਹਿਊਮਨ ਸੁਸਾਇਟੀ ਦਾ ਧੰਨਵਾਦ ਕੀਤਾ। ਸਕੱਤਰ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਕਿਹਾ ਕਿ ਇਸ ਮੌਕੇ ਨਕਲੀ ਲੱਤਾਂ ਦਾ ਲਾਭ ਲੈਣ ਵਾਲੇ ਲਾਭਪਾਤਰੀ ਬਹੁਤ ਖੁਸ਼ ਸਨ। ਉਨ੍ਹਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਪਣੀ ਖੁਸ਼ੀ ਪ੍ਰਗਟ ਕੀਤੀ।ਇਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਉਪ ਪ੍ਰਧਾਨ ਰਾਜੀਵ ਬਜਾਜ ਅਤੇ ਰੈੱਡ ਕਰਾਸ ਸਟਾਫ਼ ਮੈਂਬਰ ਮੌਜੂਦ ਸਨ।

# ਬਾਗ਼ਬਾਨੀ ਨੂੰ ਉਤਸ਼ਾਹਤ ਕਰਨ ਲਈ 'ਆਪਣਾ ਪਿੰਡ-ਆਪਣਾ ਬਾਗ਼' ਮੁਹਿੰਮ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਬਾਗ਼ਬਾਨੀ ਨੂੰ ਉਤਸ਼ਾਹਿਤ ਕਰਨ ਅਤੇ ਫ਼ਸਲੀ ਵਿਭਿੰਨਤਾ ਲਿਆਉਣ ਲਈ ਪਿੰਡਾਂ ਦੀ ਪੰਚਾਇਤੀ ਜ਼ਮੀਨਾਂ ਤੇ ਫ਼ਲਦਾਰ ਪੌਦਿਆਂ ਦੇ ਬਾਗ ਲਗਾਏਗੀ। ਇਸੇ ਮੰਤਵ ਅਧੀਨ ਬਾਗਬਾਨੀ, ਰੱਖਿਆ ਸੇਵਾਵਾਂ ਭਲਾਈ ਅਤੇ ਸੁਤੰਤਰਤਾ ਸੰਗਰਾਮੀ ਮੰਤਰੀ ਮੋਹਿੰਦਰ ਭਗਤ ਅਤੇ ਪੇਂਡੂ ਵਿਕਾਸ 'ਤੇ ਪੰਚਾਇਤਾਂ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਸਾਂਝੇ ਤੌਰ



ਚੰਡੀਗੜ੍ਹ ਵਿਖੇ 'ਅਪਣਾ ਪਿੰਡ-ਅਪਣਾ ਬਾਗ਼' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ । ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਇਸ ਪ੍ਰੋਜੈਕਟ ਅਧੀਨ ਲਗਾਏ ਜਾਣ ਵਾਲੇ ਬਾਗਾਂ ਦਾ ਰੱਖ ਰਖਾਅ ਦਾ ਕੰਮ ਪਹਿਲੇ 3 ਸਾਲਾਂ ਮਗਨਰੇਗਾ ਵੱਲੋਂ ਕੀਤਾ ਜਾਵੇਗਾ। ਇਸ ਮੁਹਿੰਮ ਦੇ ਪਹਿਲੇ ਪੜਾਅ ਵਿੱਚ ਸੂਬੇ ਦੇ 9 ਜਿਲ੍ਹਿਆਂ ਦੀ ਪੰਚਾਇਤੀ ਜ਼ਮੀਨਾਂ ਤੇ 65 ਏਕੜ ਵਿੱਚ ਬਾਗ ਲਗਾਏ ਜਾਣੇਗੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਹਿਲੇ ਪੜਾਅ ਵਿੱਚ ਜਿਲ੍ਹਾ ਗੁਰਦਾਸਪੁਰ ਵਿੱਚ 5 ਏਕੜ ਜ਼ਮੀਨ ਤੇ ਬਾਗ ਲਗਾਏ ਜਾਣਗੇ, ਇਸੇ ਤਰ੍ਹਾਂ ਹੁਸ਼ਿਆਰਪੁਰ-22 ਏਕੜ, ਜਲੰਧਰ-2.5 ਏਕੜ, ਲੁਧਿਆਣਾਂ-5 ਏਕੜ, ਪਠਾਨਕੋਟ 15 ਏਕੜ, ਅੰਮ੍ਰਿਤਸਰ -2 ਏਕੜ, ਕਪੂਰਥਲਾ-4 ਏਕੜ, ਬਠਿੰਡਾ-6 ਏਕੜ ਅਤੇ ਮਲੇਰਕੋਟਲਾ ਵਿੱਚ 4 ਏਕੜ ਪੰਚਾਇਤੀ ਜ਼ਮੀਨਾਂ ਤੇ ਬਾਗ ਲਗਾਏ ਜਾਣਗੇ। ਇਸ ਮੁਹਿੰਮ ਦੀ ਸੁਰੂਆਤ ਕਰਦੇ ਹੋਏ ਬਾਗ਼ਬਾਨੀ ਮੰਤਰੀ ਸ੍ਰੀ ਮੋਹਿੰਦਰ ਭਗਤ ਵੱਲੋਂ ਇਕ ਕਿਤਾਬਚਾ ਵੀ ਜਾਰੀ ਕੀਤਾ ਗਿਆ। ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤਾਂ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਪਹਿਲਾ ਸੂਬੇ ਦਾ ਨਹਿਰੀ ਪਾਣੀ ਇਸਤੇਮਾਲ ਨਹੀਂ ਹੋ ਰਿਹਾ ਸੀ ਪਰ ਮੁੱਖ ਮੰਤਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਲ ਸਰੋਤ ਵਿਭਾਗ ਨਹਿਰਾਂ ਦਾ ਪਾਣੀ ਖੇਤਾਂ ਦੀ ਸਿੰਚਾਈ ਲਈ ਵਰਤਿਆ ਜਾ ਰਿਹਾ ਹੈ।

# ਵਿਸ਼ਾਲ ਖ਼ੂਨਦਾਨ ਕੈਂਪ 25 ਨੂੰ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰਾਜਯੋਗਿਨੀ ਦਾਦੀ ਪ੍ਰਕਾਸ਼ਮਣੀ ਜੀ ਦੀ 18ਵੀਂ ਬਰਸੀ ਅਤੇ ਵਿਸ਼ਵ ਭ੍ਰਾਤ੍ਰਿਤਵ ਦਿਵਸ ਦੇ ਮੌਕੇ ਬ੍ਰਹਮਾਕੁਮਾਰੀਜ਼ ਸੁਨਾਮ ਕੇਂਦਰ



ਵੱਲੋਂ 25 ਅਗਸਤ ਸਵੇਰੇ 9 ਵਜੇ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਕੈਂਪ ਬੀਕੇ ਮੀਰਾ ਦੀਦੀ ਦੀ ਅਗਵਾਈ ਹੇਠ ਰੋਟਰੀ ਕਲੱਬ ਸੁਨਾਮ ਅਤੇ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ ਦੇ ਸਾਂਝੇ ਉਪਰਾਲੇ ਵਜੋਂ ਲਗਾਇਆ ਜਾਵੇਗਾ।ਕੇਂਦਰ ਸੰਚਾਲਿਕਾ ਬੀਕੇ ਮੀਰਾ ਦੀਦੀ ਨੇ ਦੱਸਿਆ ਕਿ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸਰਤਾਜ ਸਿੰਘ (ਐਸ.ਐਸ.ਪੀ. ਸੰਗਰੂਰ), ਪ੍ਰਮੋਦ ਸਿੰਗਲਾ (ਐਸ.ਡੀ.ਐਮ. ਸੁਨਾਮ), ਹਰਿੰਦਰ ਸਿੰਘ ਖੈਰਾ (ਡੀ.ਐਸ.ਪੀ. ਸੁਨਾਮ), ਜਗਦੀਪ ਭਾਰਦਵਾਜ (ਪ੍ਰੈਜ਼ੀਡੈਂਟ, ਰੋਟਰੀ ਕਲੱਬ ਸੁਨਾਮ), ਸ਼ਿਵ ਆਰੀਆ (ਐਮ.ਡੀ., ਕੈਂਬ੍ਰਿਜ ਇੰਟਰਨੈਸ਼ਨਲ ਸਕੂਲ) ਅਤੇ ਬੀਕੇ ਡਾ. ਹਿਮਾਂਸ਼ੂ ਗੋਇਲ ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਸ਼ਾਮਲ ਹੋਣਗੇ।ਉਨ੍ਹਾਂ ਕਿਹਾ ਕਿ ਖੂਨਦਾਨ ਲਈ ਇੱਛੁਕ ਵਿਅਕਤੀ 79860-25188 ਨੰਬਰ 'ਤੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਸਕੂਲ ਨੇੜੇ ਟੋਭੇ ਦਾ ਹੋਵੇਗਾ ਨਵੀਨੀਕਰਨ

**ਐੱਸ ਏ ਐੱਸ ਨਗਰ (ਮੁਹਾਲੀ) (ਗੁਰਜੀਤ ਬਿੱਲਾ)**- ਅਕਾਲੀ ਦਲ ਵੱਲੋਂ ਪਿੰਡ ਸੋਹਾਣਾ ਅਤੇ ਸ਼ਹਿਰ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਦੀ ਮੰਗ ਨੂੰ ਲੈ ਕੇ 22 ਅਗਸਤ ਨੂੰ ਨਗਰ ਨਿਗਮ ਦਫ਼ਤਰ ਅੱਗੇ ਦਿੱਤੇ ਧਰਨੇ ਅਤੇ ਧਰਨੇ ਵਿਚ ਮੰਗ ਪੱਤਰ ਲੈਣ ਲਈ ਪਹੁੰਚੇ ਨਿਗਮ



ਕਮਿਸ਼ਨਰ ਨੂੰ ਅਕਾਲੀ ਦਲ ਦੀ ਕੌਂਸਲਰ ਹਰਜਿੰਦਰ ਕੌਰ ਸੋਹਾਣਾ ਵੱਲੋਂ ਸੋਹਾਣਾ ਨੂੰ ਦਰਪੇਸ਼ ਸਮੱਸਿਆਵਾਂ ਤੋਂ ਜਾਣੂ ਕਰਾਉਣ ਦੇ ਦੂਜੇ ਦਿਨ ਹੀ ਨਗਰ ਨਿਗਮ ਦੇ ਕਮਿਸ਼ਨਰ ਪਰਮਿੰਦਰਪਾਲ ਸਿੰਘ ਨੇ ਪਿੰਡ ਸੋਹਾਣਾ ਦਾ ਦੌਰਾ ਕੀਤਾ। ਉਨ੍ਹਾਂ ਲੜਕੀਆਂ ਦੇ ਸਰਕਾਰੀ ਸਕੂਲ ਦੇ ਨੇੜੇ ਦੋ ਏਕੜ ਥਾਂ ਦੇ ਟੋਭੇ ਦੀ ਗੰਦਗੀ, ਨਾਜਾਇਜ਼ ਕਬਜ਼ੇ, ਟੋਭੇ ਵਿਚ ਪਾਣੀ ਉੱਛਲ ਕੇ ਲੜਕੀਆਂ ਦੇ ਸਕੂਲ ਵਿਚ ਦਾਖਿਲ ਹੋਣ ਦੇ ਮਾਮਲੇ ਦਾ ਜਾਇਜ਼ਾ ਲਿਆ। ਕੌਂਸਲਰ ਹਰਜਿੰਦਰ ਕੌਰ ਸੋਹਾਣਾ ਨੇ ਇਸ ਮੌਕੇ ਕਮਿਸ਼ਨਰ ਨੂੰ ਸਾਰਾ ਮੌਕਾ ਵਿਖਾਇਆ। ਉਨ੍ਹਾਂ ਕਿਹਾ ਕਿ ਇਸ ਟੋਭੇ ਦਾ ਸੀਚੇਵਾਲ ਮਾਡਲ ਅਨੁਸਾਰ ਨਵੀਨੀਕਰਣ ਕੀਤਾ ਜਾਵੇ ਤਾਂ ਕਿ ਇਹ ਟੋਭਾ ਪਾਣੀ ਦੀ ਸੰਭਾਲ ਦੇ ਨਾਲ-ਨਾਲ ਲੋਕਾਂ ਲਈ ਸੈਰਗਾਹ ਵੀ ਬਣ ਸਕੇ।

# ਵਿਦਿਆਰਥੀ ਨੂੰ ਸਟੇਟ ਫੁੱਟਬਾਲ ਟੀਮ ਲਈ ਚੁਣਿਆ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਟੀਫਨ ਇੰਟਰਨੈਸ਼ਨਲ ਸਕੂਲ ਲਈ ਮਾਣ ਵਾਲੀ ਗੱਲ ਇਹ ਹੈ ਕਿ ਸਾਡੇ ਹੋਣਹਾਰ ਵਿਦਿਆਰਥੀ ਗੁਰਸਾਹਿਬਜੋਤ ਸਿੰਘ ਨੂੰ ਅੰਡਰ-14 ਫੁੱਟਬਾਲ ਟੀਮ ਵਿਚ ਸੂਬੇ ਦੀ ਨੁਮਾਇੰਦਗੀ



ਕਰਨ ਲਈ ਚੁਣਿਆ ਗਿਆ । ਮੈਦਾਨ 'ਤੇ ਗੁਰਸਾਹਿਬ ਦੇ ਪ੍ਰਭਾਵਸ਼ਾਲੀ ਹੁਨਰ ਨੇ ਉਸ ਨੂੰ ਆਲ ਦਿੜਬਾ ਜ਼ੋਨ ਫੁੱਟਬਾਲ ਟੀਮ ਵਿੱਚ ਜਗ੍ਹਾ ਦਿੱਤੀ ਅਤੇ ਹੁਣ ਉਸ ਨੂੰ ਰਾਜ ਪੱਧਰ 'ਤੇ ਖੇਡਣ ਲਈ ਚੁਣਿਆ ਗਿਆ ਹੈ।ਰਾਜ ਦੀ ਟੀਮ ਵਿੱਚ ਉਸ ਦੀ ਚੋਣ ਨਾ ਸਿਰਫ ਸਾਡੇ ਸਕੂਲ ਲਈ ਇੱਕ ਮਾਣ ਦਾ ਪਲ ਹੈ ਬਲਕਿ ਉਸ ਦੇ ਸਾਥੀ ਵਿਦਿਆਰਥੀਆਂ ਲਈ ਵੀ ਇੱਕ ਪ੍ਰੇਰਨਾ ਹੈ।ਡਾਇਰੈਕਟਰ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਦੱਸਿਆ ਕਿ ਅਸੀਂ ਗੁਰਸਾਹਿਬਜੋਤ ਸਿੰਘ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦੇ ਹਾਂ ਅਤੇ ਭਵਿੱਖ ਦੇ ਯਤਨਾਂ ਲਈ ਸ਼ੁੱਭਕਾਮਨਾਵਾਂ ਦਿੰਦੇ ਹਾਂ।

# ਐਲ ਪੀ ਯੂ ਨੇ ਨੌਜਵਾਨ ਖੋਜਕਰਤਾਵਾਂ ਨੂੰ 1.65 ਕਰੋੜ ਦੇ ਪ੍ਰੋਤਸਾਹਨ ਇਨਾਮ ਦਿੱਤੇ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਇੱਕ ਅਕਾਦਮਿਕ ਸਮਾਗਮ ਵਿੱਚ ਡਿਪਲੋਮਾ, ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਡਾਕਟਰੇਟ ਪ੍ਰੋਗਰਾਮਾਂ ਵਿੱਚ ਸ਼ਾਮਲ 2,700 ਤੋਂ ਵੱਧ ਵਿਦਿਆਰਥੀ ਖੋਜਕਰਤਾਵਾਂ ਨੂੰ ਉਨ੍ਹਾਂ ਦੇ ਬੌਧਿਕ ਕੰਮਾਂ ਲਈ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਨੂੰ ਸਮੂਹਿਕ ਤੌਰ 'ਤੇ 1.65 ਕਰੋੜ ਦੇ ਵਿੱਤੀ ਪ੍ਰੋਤਸਾਹਨ ਦਿੱਤੇ ਗਏ। ਸਮਾਰੋਹ




ਵਿੱਚ ਮੁੱਖ ਮਹਿਮਾਨ ਸਈਦ ਸਦੀਕਲੀ ਸ਼ਿਹਾਬ ਥੰਗਲ, ਇੰਡੀਅਨ ਯੂਨੀਅਨ ਮੁਸਲਿਮ ਲੀਗ (ਆਈ ਯੂ ਐਮ ਐਲ) ਦੇ ਕੇਰਲਾ ਰਾਜ ਪ੍ਰਧਾਨ ਅਤੇ ਰਾਸ਼ਟਰੀ ਰਾਜਨੀਤਿਕ ਸਲਾਹਕਾਰ ਕਮੇਟੀ ਦੇ ਚੇਅਰਮੈਨ ਸਮੇਤ ਕਈ ਉੱਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕੀਤੀ। ਇਸ ਸਮਾਗਮ ਵਿੱਚ ਮਹਿਮਾਨਾਂ ਈ.ਟੀ. ਮੁਹੰਮਦ ਬਸ਼ੀਰ, ਸੰਸਦ ਮੈਂਬਰ (ਲੋਕ ਸਭਾ), ਕੇਰਲ, ਇੰਡੀਅਨ ਯੂਨੀਅਨ ਮੁਸਲਿਮ ਲੀਗ ਦੇ ਨੇਤਾ ਅਤੇ ਪੀ.ਵੀ. ਅਬਦੁਲ ਵਹਾਬ, ਸੰਸਦ ਮੈਂਬਰ (ਰਾਜ ਸਭਾ), ਕੇਰਲ, ਇੰਡੀਅਨ ਯੂਨੀਅਨ ਮੁਸਲਿਮ ਲੀਗ ਦੇ ਨੇਤਾ ਅਤੇ ਖਜ਼ਾਨਚੀ, ਕਰਨਲ ਡਾ. ਰਸ਼ਮੀ ਮਿੱਤਲ, ਐਲਪੀਯੂ ਦੇ ਪ੍ਰੋ-ਚਾਂਸਲਰ ਸ਼ਾਮਿਲ ਰਹੀ।ਆਪਣੇ ਸਵਾਗਤੀ ਭਾਸ਼ਣ ਵਿੱਚ, ਡਾ. ਅਸ਼ੋਕ ਕੁਮਾਰ ਮਿੱਤਲ ਨੇ ਕੇਰਲ ਤੋਂ ਆਏ ਵਿਸ਼ੇਸ਼ ਵਫ਼ਦ ਦਾ ਨਿੱਘਾ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੇ ਨੇੜੇ ਪੰਜਾਬ ਸ਼ਿਹਾਬ ਥੰਗਲ ਕਲਚਰਲ ਸੈਂਟਰ ਦੇ ਉਦਘਾਟਨ ਦੀ ਸ਼ਲਾਘਾ ਕੀਤੀ। ਕੇਰਲ ਤੋਂ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਵੱਲੋਂ ਉੱਚ ਸਿੱਖਿਆ ਲਈ ਐਲ ਪੀ ਯੂ ਦੀ ਚੋਣ ਕਰਨ ਤੇ ਡਾ. ਮਿੱਤਲ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਅਕਾਦਮਿਕ ਯਾਤਰਾ ਯੂਨੀਵਰਸਿਟੀ ਦੇ ਗੁਣਵੱਤਾ, ਵਿਭਿੰਨਤਾ ਅਤੇ ਨਵੀਨਤਾ ਦੇ ਮੁੱਲਾਂ ਨੂੰ ਦਰਸਾਉਂਦੀ ਹੈ। ਚੋਟੀ ਦੇ ਪ੍ਰਾਪਤੀਆਂ ਕਰਨ ਵਾਲਿਆਂ ਵਿੱਚੋਂ, ਇੱਕ ਪੀ ਐਚ ਡੀ ਸਕਾਲਰ ਨੂੰ 1.79 ਲੱਖ, ਇੱਕ ਪੋਸਟ ਗ੍ਰੈਜੂਏਟ ਨੂੰ ?63 ਹਜ਼ਾਰ ਤੇ ਇੱਕ ਗ੍ਰੈਜੂਏਟ ਸਕਾਲਰ ਨੂੰ ?26 ਹਜ਼ਾਰ ਦਾ ਸਭ ਤੋਂ ਵੱਧ ਪ੍ਰੋਤਸਾਹਨ ਮਿਲਿਆ।

# ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ ਮੌਕੇ ਕਵਿਤਾ ਗਾਇਣ ਮੁਕਾਬਲੇ ਕਰਵਾਏ



**ਬਲਾਚੌਰ (ਜਸਵਿੰਦਰ ਬੈਂਸ)**- ਕਵੀ ਸਵ. ਸ਼ਿਵ ਕੁਮਾਰ ਬਟਾਲਵੀ ਦੇ ਜਨਮ ਦਿਨ ਨੂੰ ਸਮਰਪਿਤ ਪਹਿਲੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਕਵਿਤਾ ਗਾਇਣ ਮੁਕਾਬਲੇ ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀਪੁਰ ਵਿਖੇ ਕਰਵਾਏ ਗਏ। ਜਿਨ੍ਹਾਂ ਵਿੱਚ ਬਲਾਕ ਦੇ ਵੱਖ ਵੱਖ 62 ਸਕੂਲਾਂ ਦੇ ਬੱਚਿਆਂ ਨੇ ਹਿੱਸਾ ਲਿਆ। ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਹਰਪ੍ਰੀਤ ਕੌਰ ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀਪੁਰ ਨੇ ਪਹਿਲਾ, ਕ੍ਰਿਸ਼ਕਾ ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀ ਪੁਰ ਨੇ ਦੂਜਾ ਅਤੇ ਸ਼ਗੁਨ ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀ ਪੁਰ ਨੇ ਤੀਜਾ ਸਥਾਨ ਹਾਸਲ ਕੀਤਾ, ਜਿੰਨਾਂ ਨੂੰ ਇਨਾਮਾਂ ਸਮੇਤ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ ਜਦਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਇਨਾਮ ਦਿੱਤੇ ਗਏ। ਇਨ੍ਹਾਂ ਮੁਕਾਬਲਿਆਂ ਦੇ ਇੰਚਾਰਜ ਸੈਂਟਰ ਹੈਡ ਟੀਚਰ ਤਰਲੋਚਨ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਮਹਿੰਦੀਪੁਰ ਸਨ ਜਦ ਕਿ ਬੀ ਐਨ ਕੁਲਦੀਪ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਜਜਮੈਂਟ ਦੀ ਭੂਮਿਕਾ ਸਟੇਟ ਐਵਾਰਡੀ ਅਧਿਆਪਕ ਪਰਮਜੀਤ ਸਿੰਘ ਮਿੰਟੂ ਸੀ ਐਚ ਟੀ ਗਰਲੋਂਬੇਟ ਵੱਲੋਂ ਨਿਭਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੈਂਟਰ ਹੈੱਡ ਟੀਚਰ ਅਨਿਲ ਕੁਮਾਰ, ਹੈੱਡ ਟੀਚਰ ਹਰਪ੍ਰੀਤ ਕੌਰ, ਹੈੱਡ ਟੀਚਰ ਪ੍ਰੇਮ ਸ਼ਰਮਾ, ਮੈਡਮ ਬਲਜਿੰਦਰ ਕੌਰ, ਅਧਿਆਪਕ ਨਗੇਸ਼ ਕੁਮਾਰ, ਅਧਿਆਪਕ ਯਸ਼ ਪਾਲ, ਹੈੱਡ ਟੀਚਰ ਨਰਿੰਦਰ ਕੁਮਾਰ ਤੇ ਹੋਰ ਹਾਜ਼ਰ ਸਨ।

# ਨੌਜਵਾਨ ਚੜ੍ਹਿਆ ਨਸ਼ਿਆਂ ਦੀ ਭੇਟ

**ਅੱਪਰਾ (ਨਿਰਮਲ ਗੁੜਾ)**- ਥਾਣਾ ਗੁਰਾਇਆ ਅਧੀਨ ਪੈਂਦੇ ਪਿੰਡ ਪੱਦੀ ਜਗੀਰ ਵਿਖੇ ਇੱਕ ਨਸ਼ੇ ਦਾ ਆਦੀ ਨੌਜਵਾਨ ਰਾਤ ਸੁਤਾ ਪਰ ਸਵੇਰ ਵੇਖਿਆ ਤਾਂ ਮੌਤ ਹੋ ਚੁੱਕੀ ਸੀ। ਮ੍ਰਿਤਕ ਦੇ ਸਾਥੀ ਪਾਸੋਂ ਨਸ਼ਾ ਕਰਨ ਵਾਲੀ ਸਰਿੰਜ ਵੀ ਪ੍ਰਾਪਤ ਹੋਈ ਜੋ ਇਕ ਹੀ ਘਰ ਵਿੱਚ ਸੁੱਤੇ ਸਨ। ਉਸ ਨੇ ਦੱਸਿਆ ਕਿ ਬੀਤੀ ਰਾਤ ਚਿੱਟੇ ਦਾ ਸਰਿੰਜ ਨਾਲ ਟੀਕਾ ਵੀ ਲਗਾਇਆ ਸੀ ਅਤੇ ਪੇਪਰ ਤੇ ਵੀ ਚਿੱਟੇ ਦਾ ਨਸ਼ਾ ਲਿਆ ਸੀ। ਘਟਨਾ ਦੀ ਜਾਣਕਾਰੀ ਦਿੰਦਿਆਂ ਮ੍ਰਿਤਕ ਵਿਸ਼ਾਲ ਲਾਖਾ ਦੇ ਪਿਤਾ ਜਸਵਿੰਦਰ ਕੁਮਾਰ ਨੇ ਰੋਂਦੇ ਕੁਰਲਾਉਂਦੇ ਹੋਏ ਦੱਸਿਆ ਕਿ ਉਸ ਦਾ ਇੱਕ ਪੁੱਤਰ ਪ੍ਰਿੰਸ ਕੁਮਾਰ ਮਾੜੀ ਸੰਗਤ ਵਿੱਚ ਪੈਣ ਕਰਕੇ ਕਾਫੀ ਸਮੇ ਤੋਂ ਜੇਲ ਵਿਚ ਹੈ ਅਤੇ ਇਹ ਵਿਸ਼ਾਲ ਕੁਮਾਰ ਨਸ਼ਿਆਂ ਦੀ ਭੇਂਟ ਚੜ ਗਿਆ ਹੈ, ਜਿਸ ਕਾਰਨ ਸਾਡਾ ਘਰ ਖਾਲੀ ਹੋ ਗਿਆ ਹੈ।ਇਸ ਮੌਕੇ ਪਿੰਡ ਦੇ ਮੋਹਤਵਾਰ



ਵਿਅਕਤੀਆਂ ਨੇ ਸਰਕਾਰ ਪਾਸੋਂ ਨਸ਼ਿਆਂ ਤੇ ਕਾਬੂ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਪੁਲਿਸ ਚੌਂਕੀ ਧੁਲੇਤਾ ਦੇ ਇੰਚਾਰਜ ਸਬ ਇੰਨਸਪੈਕਟਰ ਸੁਭਾਸ਼ ਕੁਮਾਰ ਅਤੇ ਪੁਲਿਸ ਚੌਂਕੀ ਦੁਸਾਂਝ ਕਲਾਂ ਦੇ ਇੰਚਾਰਜ ਸੁਖਵਿੰਦਰ ਕੁਮਾਰ ਪੁਲਿਸ ਪਾਰਟੀ ਸਮੇਤ ਵਿਸ਼ੇਸ਼ ਤੌਰ ਤੇ ਪੁੱਜੇ ਅਤੇ ਮ੍ਰਿਤਕ ਸਰੀਰ ਨੂੰ ਪੋਸਟ ਮਾਰਟਮ ਲਈ ਫਿਲੌਰ ਭੇਜ ਕੇ ਕਾਰਵਾਈ ਸ਼ੁਰੂ ਕਰ ਦਿਤੀ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਨੇ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਸਮਾਜ ਸ਼ਾਸਤਰ ਵਿਭਾਗ ਨੇ 'ਟਿਕਾਊ ਵਿਕਾਸ ਟੀਚਿਆਂ ਅਤੇ ਉਸ ਤੋਂ ਪਰੇ ਲਈ ਸਥਾਨਕ



ਯੁਵਾ ਕਾਰਵਾਈਆਂ' ਦੇ ਗਲੋਬਲ ਥੀਮ ਅਨੁਸਾਰ ਅੰਤਰਰਾਸ਼ਟਰੀ ਯੁਵਾ ਦਿਵਸ ਮਨਾਇਆ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਜ਼ਮੀਨੀ ਪੱਧਰ 'ਤੇ ਟਿਕਾਊ ਵਿਕਾਸ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਆਪਣੀ ਭੂਮਿਕਾ ਨੂੰ ਪਛਾਣਨ ਲਈ ਸ਼ਕਤੀ ਪ੍ਰਦਾਨ ਕਰਨਾ ਸੀ। ਪ੍ਰੋਗਰਾਮ ਦੇ ਹਿੱਸੇ ਵਜੋਂ, ਵਿਦਿਆਰਥੀਆਂ ਨੇ ਆਪਣੇ ਭਾਈਚਾਰਿਆਂ ਵਿੱਚ ਟਿਕਾਊ ਵਿਕਾਸ ਅਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਯੋਗਦਾਨ ਪਾਉਣ ਦਾ ਪ੍ਰਣ ਲਿਆ। ਬਹਿਸ ਅਤੇ ਚਰਚਾ ਸੈਸ਼ਨ ਨੇ ਵਿਦਿਆਰਥੀਆਂ ਨੂੰ ਯੁਵਾ-ਅਗਵਾਈ ਵਾਲੀਆਂ ਪਹਿਲਕਦਮੀਆਂ, ਵਾਤਾਵਰਣ ਚੁਣੌਤੀਆਂ ਅਤੇ ਸਮਾਜਿਕ ਸਮਾਨਤਾ ਬਾਰੇ ਆਪਣੇ ਦ੍ਰਿਸ਼ਟੀਕੋਣ ਸਾਂਝੇ ਕਰਨ ਦਾ ਮੌਕਾ ਦਿੱਤਾ। ਸੈਸ਼ਨ ਵਿੱਚ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ, ਜਿਨ੍ਹਾਂ ਨੇ ਵਿਚਾਰਸ਼ੀਲ ਵਿਚਾਰ ਅਤੇ ਕਾਰਜਸ਼ੀਲ ਹੱਲ ਪੇਸ਼ ਕੀਤੇ। ਇਸ ਸਮਾਗਮ ਦਾ ਸੰਚਾਲਨ ਸਹਾਇਕ ਪ੍ਰੋਫੈਸਰ ਏਕਰੂਪ ਕੌਰ ਅਤੇ ਡਾ. ਹਰਮਨਪ੍ਰੀਤ ਕੌਰ ਦੁਆਰਾ ਕੀਤਾ ਗਿਆ। ਵਿਭਾਗ ਦੇ ਮੁਖੀ ਡਾ. ਨਵ ਸ਼ਗਨਦੀਪ ਕੌਰ ਨੇ ਦੱਸਿਆ ਕਿ ਇਸ ਸਮਾਗਮ ਨੇ ਇੱਕ ਟਿਕਾਊ ਭਵਿੱਖ ਨੂੰ ਆਕਾਰ ਦੇਣ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਦੇ ਮਹੱਤਵ ਨੂੰ ਸਫਲਤਾਪੂਰਵਕ ਉਜਾਗਰ ਕੀਤਾ ਹੈ ਅਤੇ ਸਮਾਜਿਕ ਜਾਗਰੂਕਤਾ ਅਤੇ ਨਾਗਰਿਕ ਜ਼ਿੰਮੇਵਾਰੀ ਪ੍ਰਤੀ ਵਿਭਾਗ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

# ਗੁਰੂ ਰਵਿਦਾਸ ਮੰਦਰ ਦੀ ਚਾਰਦੀਵਾਰੀ ਢਾਹੁਣ ਵਾਲਿਆਂ ਨੂੰ ਸੰਗਤਾਂ ਮਾਫ ਨਹੀਂ ਕਰਨਗੀਆਂ : ਕਰੀਮਪੁਰੀ

**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਚੱਬੇਵਾਲ ਵਿਖੇ ਵਿਸ਼ਾਲ ਰੈਲੀ ਦਾਣਾ ਮੰਡੀ ਚੱਬੇਵਾਲ ਵਿਖੇ ਕੀਤੀ ਗਈ, ਜਿਸ ਵਿੱਚ ਹਜ਼ਾਰਾਂ ਪਾਰਟੀ ਵਰਕਰਾਂ ਤੇ ਹਲਕਾ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਬਸਪਾ




ਪੰਜਾਬ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਮੁੱਖ ਮਹਿਮਾਨ ਅਤੇ ਗੁਰਨਾਮ ਚੌਧਰੀ ਕੋਆਰਡੀਨੇਟਰ ਪੰਜਾਬ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਡਾ. ਕਰੀਮਪੁਰੀ ਨੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਮੰਦਿਰ ਧੁਲੇਤਾ ਦੀ ਚਾਰਦੀਵਾਰੀ ਢਾਹ ਕੇ ਗੁਰੂਘਰ ਦਾ ਅਪਮਾਨ ਕਰਨਾ ਅਤੇ ਸੰਗਤਾਂ ਨੂੰ ਥਾਣਿਆਂ ਵਿਚ ਜ਼ਲੀਲ ਕਰਨਾ ਬਹੁਤ ਮੰਦਭਾਗਾ ਤੇ ਚਿੰਤਾ ਦਾ ਵਿਸ਼ਾ ਹੈ। ਉਨਾਂ ਕਿਹਾ ਕਾਂਗਰਸ, ਅਕਾਲੀ, ਭਾਜਪਾ ਵੱਲੋਂ ਦਲਿਤਾਂ, ਗਰੀਬਾਂ ਨੂੰ ਹਮੇਸ਼ਾ ਲੁੱਟਿਆ, ਕੁੱਟਿਆ ਤੇ ਬਰਬਾਦ ਕੀਤਾ ਹੈ। ਕਰੀਮਪੁਰੀ ਨੇ ਕਿਹਾ ਬਹੁਜਨ ਸਮਾਜ ਪਾਰਟੀ ਨੇ ਪੰਜਾਬ ਸੰਭਾਲੋ ਮੁਹਿੰਮ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ ਜਿਸ ਤਹਿਤ 2027 ਦੀਆਂ ਚੋਣਾਂ ਵਿੱਚ ਪੰਜਾਬ ਨੂੰ ਤਰੱਕੀ, ਖੁਸ਼ਹਾਲੀ ਵੱਲ ਲਿਜਾਣ ਲਈ ਅਤੇ ਨਸ਼ਾ ਮੁਕਤ, ਭੈਅ ਮੁਕਤ, ਕਰਜਾ ਮੁਕਤ ਕਰਨ, ਸਿੱਖਿਆ ਨੀਤੀ ਲਾਗੂ ਕਰਨ ਲਈ ਲੋਕ ਬਸਪਾ ਨੂੰ ਇਕ ਮੌਕਾ ਜ਼ਰੂਰ ਦੇਣਗੇ। ਇਸ ਮੌਕੇ ਪੰਜਾਬ ਕੋਆਰਡੀਨੇਟਰ ਗੁਰਨਾਮ ਚੌਧਰੀ, ਮਨਿੰਦਰ ਸ਼ੇਰਪੁਰੀ ਸਕੱਤਰ ਪੰਜਾਬ, ਸੁਖਦੇਵ ਬਿੱਟਾ ਸਕੱਤਰ ਪੰਜਾਬ, ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ,ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਚੱਬੇਵਾਲ, ਯਸ਼ ਭੱਟੀ ਪ੍ਰਧਾਨ ਹਲਕਾ ਚੱਬੇਵਾਲ,ਐਡਵੋਕੇਟ ਧਰਮਿੰਦਰ ਦਾਦਰਾ ਜਨਰਲ ਸਕੱਤਰ ਜਿਲਾ ਹੁਸ਼ਿਆਰਪੁਰ, ਮਦਨ ਸਿੰਘ ਬੈਂਸ ਇੰਚਾਰਜ ਹੁਸ਼ਿਆਰਪੁਰ, ਮਾਸਟਰ ਹਰੀ ਕਿਸ਼ਨ ਕਨਵੀਨਰ ਬਾਮਸੇਫ ਚੱਬੇਵਾਲ ਅਤੇ ਸੈਂਕੜੇ ਬਸਪਾ ਵਰਕਰ ਹਾਜ਼ਰ ਸਨ।

# ਗੈਰ-ਕਾਨੂੰਨੀ ਤੌਰ 'ਤੇ ਨਿੱਜੀ ਜਾਣਕਾਰੀ ਇਕੱਤਰ ਕਰਨ ਵਾਲਿਆਂ ਖ਼ਿਲਾਫ਼ ਕੀਤੀ ਜਾਵੇਗੀ ਸਖ਼ਤ ਕਾਰਵਾਈ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਰਕਾਰ ਨੂੰ ਕੁਝ ਨਿੱਜੀ ਆਪਰੇਟਰਾਂ ਵੱਲੋਂ ਕਥਿਤ ਤੌਰ 'ਤੇ ਗੈਰ-ਕਾਨੂੰਨੀ ਢੰਗ ਨਾਲ ਲੋਕਾਂ ਦੀ ਨਿੱਜੀ ਜਾਣਕਾਰੀ ਇਕੱਤਰ ਕਰਨ ਬਾਰੇ ਭਰੋਸੇਯੋਗ ਰਿਪੋਰਟਾਂ ਮਿਲੀਆਂ ਹਨ।ਇਸ ਸੰਬੰਧੀ ਚਿਤਾਵਨੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, 2023 (ਡੀ ਪੀ ਡੀ ਪੀ ਐਕਟ) ਤਹਿਤ ਸਹਿਮਤੀ ਤੋਂ



ਬਿਨਾਂ ਨਿੱਜੀ ਜਾਣਕਾਰੀ ਇਕੱਤਰ ਕਰਨਾ ਜਾਂ ਵਰਤੋਂ ਕਰਨਾ ਸਜ਼ਾਯੋਗ ਅਪਰਾਧ ਹੈ।ਇਸ ਲਈ ਸਥਾਨਕ ਪੁਲਸ ਨੂੰ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਸਜ਼ਾਯੋਗ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਹ ਵੀ ਧਿਆਨ ਵਿਚ ਆਇਆ ਹੈ ਕਿ ਆਪਣੀ ਜਾਣਕਾਰੀ ਸਾਂਝੀ ਕਰਨ ਵਾਲੇ ਕਈ ਵਿਅਕਤੀਆਂ ਨੂੰ ਪੈਸਿਆਂ ਦੀ ਹੇਰ-ਫੇਰ ਲਈ ਫ਼ੋਨ ਨੰਬਰਾਂ ਅਤੇ ਓ ਟੀ ਪੀ ਦੀ ਦੁਰਵਰਤੋਂ ਵਰਗੇ ਮਾਮਲਿਆਂ ਸਮੇਤ ਘੁਟਾਲਿਆਂ ਅਤੇ ਬੈਂਕਿੰਗ ਧੋਖਾਧੜੀਆਂ ਦਾ ਸ਼ਿਕਾਰ ਬਣਾਇਆ ਗਿਆ ਹੈ।ਉਨ੍ਹਾਂ ਕਿਹਾ ਕਿ ਐਸ ਡੀ ਐਮਜ਼ ਅਤੇ ਪੁਲਸ ਦੀਆਂ ਸਾਂਝੀਆਂ ਟੀਮਾਂ ਬਣਾਈਆਂ ਜਾਣਗੀਆਂ, ਜੋ ਕਿ ਸਬ-ਡਵੀਜਨਾਂ ਵਿਚ ਅਚਨਚੇਤ ਨਿਰੀਖਣ ਕਰ ਕੇ ਇਨ੍ਹਾਂ ਗਤੀਵਿਧੀਆਂ ਨੂੰ ਰੋਕਣ ਦੇ ਉਪਰਾਲੇ ਕਰਨਗੀਆਂ। ਜੇਕਰ ਕੋਈ ਅਣਅਧਿਕਾਰਤ ਵਿਅਕਤੀ ਗ਼ੈਰਕਾਨੂੰਨੀ ਢੰਗ ਨਾਲ ਡਾਟਾ ਇਕੱਤਰ ਕਰਦਾ ਹੈ ਤਾਂ ਉਸ ਵਿਰਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮੁੱਖ ਮੰਤਰੀ ਵੱਲੋਂ ਪਿੰਡ ਮੰਡਿਆਲਾ 'ਚ ਹੋਏ ਸੜਕ ਹਾਦਸੇ 'ਤੇ ਦੁੱਖ ਦਾ ਪ੍ਰਗਟਾਵਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੰਡਿਆਲਾ ਵਿੱਚ ਵਾਪਰੇ ਭਿਆਨਕ ਹਾਦਸੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਜਿਸ ਵਿੱਚ ਐਲ ਪੀ ਜੀ ਟੈਂਕਰ ਵਿੱਚ ਧਮਾਕਾ ਹੋਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ ਅਤੇ 21 ਹੋਰ ਜ਼ਖ਼ਮੀ ਹੋ ਗਏ। ਇਸ ਘਟਨਾ 'ਤੇ ਦੁੱਖ ਤੇ ਅਫਸੋਸ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਜ਼ਾਹਰ ਕੀਤੀ ਮੁੱਖ ਮੰਤਰੀ ਨੇ ਮ੍ਰਿਤਕਾਂ ਦੇ ਪਰਿਵਾਰ ਲਈ ਦੋ-ਦੋ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ। ਭਗਵੰਤ ਸਿੰਘ ਮਾਨ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਸਾਰੇ ਜ਼ਖ਼ਮੀਆਂ ਦੇ ਮੁਫਤ ਇਲਾਜ ਨੂੰ ਯਕੀਨੀ ਬਣਾਉਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।

24 Aug Page 10.qxd 8/23/2025 10:25 PM Page 1





# ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ ਨੂੰ ਸਮਰਪਿਤ ਪੱਤਰਕਾਰ ਨਛੱਤਰ ਸੰਧੂ ਵੱਲੋਂ ਵਿਸ਼ੇਸ਼ ਸਪਲੀਮੈਂਟ



**ਧੰਨਵਾਦ**

ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ ਨੂੰ ਸਮਰਪਿਤ (ਅਜੀਤਵਾਲ-ਜਗਰਾਓ) ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨ 'ਚ ਸਹਿਯੋਗ ਦੇਣ ਵਾਲੇ ਸਮੂਹ ਦੋਸਤਾਂ ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ 'ਚੋਂ ਧੰਨਵਾਦ ਕਰਦਾ ਹਾਂ

**ਪੱਤਰਕਾਰ ਨਛੱਤਰ ਸੰਧੂ**
ਨਵਾਂ ਜਮਾਨਾ ਅਜੀਤਵਾਲ/ਜਗਰਾਓ
ਮੋਬਾ:98151-18229



ਧੰਨ ਧੰਨ ਬਾਬਾ ਨੰਦ ਸਿੰਘ ਜੀ

ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸ਼ੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।



ਬਾਬਾ ਹਰਬੰਸ ਸਿੰਘ ਜੀ
ਨਾਨਕਸਰ ਕਲੇਰਾਂ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।



ਨੰਬਰਦਾਰ ਸਤਨਾਮ ਸਿੰਘ | ਡਾ: ਬੇਅੰਤ ਸਿੰਘ ਮੂੰਮ | ਸਰਪੰਚ ਅਮ੍ਰਿੰਤਪਾਲ ਸਿੰਘ ਤਲਵੰਡੀ | ਸਰਪੰਚ ਜਗਦੇਵ ਸਿੰਘ ਕੁੱਸਾ | ਪੰਕਜ ਅਗਰਵਾਲ, ਪ੍ਰਧਾਨ ਜਗਰਾਓਂ

ਸਮਾਜ ਸੇਵੀ ਕਰਨੈਲ ਸਿੰਘ ਡੋਡ ਗਹਿਲ | ਚਮਨ ਲਾਲ ਰਾਏਕੋਟ, ਫੀਡ ਵਾਲੇ | ਵਕੀਲ ਗੁਰਤੇਜ ਸਿੰਘ ਗਿੱਲ ਜਗਰਾਓਂ | ਜਗਜੀਤ ਸਿੰਘ ਸਿੱਧੂ, ਆੜ੍ਹਤੀਆ | ਸੋਮਨਾਥ ਗੋਇਲ, ਜਗਰਾਓਂ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।



ਸਰਪੰਚ ਪਲਵਿੰਦਰ ਕੌਰ | ਪੰਚ ਪਰਮਜੀਤ ਕੌਰ | ਪੰਚ ਪਰਮਜੀਤ ਕੌਰ | ਪੰਚ ਜਸਵਿੰਦਰ ਕੌਰ | ਪੰਚ ਨਿਰਮਲ ਸਿੰਘ | ਪੰਚ ਗੁਰਮੀਤ ਸਿੰਘ

ਪੰਚ ਜਸਮੇਲ ਸਿੰਘ | ਪੰਚ ਜਗਰੂਪ ਸਿੰਘ | ਪੰਚ ਅਜੈਬ ਸਿੰਘ | ਪੰਚ ਸੁਖਦੀਪ ਕੌਰ | ਪੰਚ ਹਰਪ੍ਰੀਤ ਸਿੰਘ | ਪੰਚ ਪਰਵਿੰਦਰ ਸਿੰਘ

**ਵੱਲੋਂ ਸਮੂਹ ਗ੍ਰਾਂਮ ਪੰਚਾਇਤ ਪਿੰਡ ਡਾਲਾ (ਮੋਗਾ)**



ਪ੍ਰਧਾਨ ਮਹਿੰਦਰ ਕੌਰ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।



ਮੀਤ ਪ੍ਰਧਾਨ ਜਸਮੇਲ ਸਿੰਘ



ਡਾ : ਤਾਰਾ ਸਿੰਘ ਲੱਖਾ | ਡਾ: ਬਲਜਿੰਦਰ ਸਿੰਘ ਲੱਖਾ | ਸਰਪੰਚ ਜਸਵੀਰ ਸਿੰਘ | ਪੰਚ ਜਸਵਿੰਦਰ ਸਿੰਘ | ਹਰਦੀਪ ਸਿੰਘ ਲੱਖਾ

**ਵੱਲੋਂ : ਦੀ ਲੱਖਾ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਲੱਖਾ (ਲੁਧਿਆਣਾ)**



ਬੀਬੀ ਸਰਬਜੀਤ ਕੌਰ ਮਾਣੂੰਕੇ
ਐਮ.ਐਲ.ਏ. ਜਗਰਾਓਂ

ਸਮੂਹ ਗ੍ਰਾਂਮ ਪੰਚਾਇਤ ਪਿੰਡ ਬੁਰਜ ਕੁਲਾਰਾ



ਸਰਪੰਚ ਚਮਕੌਰ ਸਿੰਘ ਸਿੱਧੂ
ਪਿੰਡ ਬੁਰਜ ਕੁਲਾਰਾਂ

Sahil Gupta
Ph. 01624-223404
98147-34044
94646-11991

**Surinder & Company**
Deals in
Wholesale Wheat Atta, Makki Atta, Basan, Mustard Oil Cakes
OLD GRAIN MARKET, JAGRAON-142026

**ਲੱਕੀ ਜਿਊਲਰਜ਼**
ਇਥੇ ਹਰ ਤਰ੍ਹਾਂ ਦੇ ਸੋਨੇ ਅਤੇ ਚਾਂਦੀ ਦੇ ਫੈਨਸ਼ੀ ਜੇਵਰ ਆਰਡਰ 'ਤੇ ਤਿਆਰ ਕੀਤੇ ਜਾਂਦੇ ਹਨ।
98724-25076, 98155-14076



ਬਲਵੀਰ ਸਿੰਘ ਵਿੱਕੀ
ਪਿੰਡ ਚਕਰ , ਪੱਤੀ ਸੰਧੂ (ਲੁਧਿਆਣਾ)

**ਸਰਪੰਚ ਦਾ ਢਾਬਾ**
ਚੌਂਕੀਮਾਨ, ਤਹਿਸੀਲ ਚਗਰਾਓਂ, ਜ਼ਿਲ੍ਹਾ ਲੁਧਿਆਣਾ
ਮਲਕੀਤ ਸਿੰਘ
94630-04908
ਜਗਰਾਜ ਸਿੰਘ
96469-60467



**ਗਿੱਲ ਸਵੀਟ ਸ਼ੋਪ, ਗਿੱਲ ਡੈਅਰੀ**
ਗਿੱਲ ਗੋਲਡ ਲੋਨ
ਇੱਕ ਹੱਥ ਸੋਨੀ ਦਿਓ-ਦੂਜੇ ਹੱਥ ਪੈਸੇ ਲਓ
ਮੋ: 95928-64723
ਮੋ: 96463-45723



ਜਗਪਾਲ ਸਿੰਘ ਗਿੱਲ
ਬਰਨਾਲਾ ਚੌਂਕ, ਰਾਏਕੋਟ

**ਬਿਸ਼ਨਾ ਮੱਲ ਪੂਰਨ ਚੰਦ**
ਪੁਰਾਣੀ ਦਾਣਾ ਮੰਡੀ, ਨੇੜੇ ਲੰਡੇ ਫਾਟਕ, ਅਗਵਾੜ ਖਵਾਜਾ, ਬਾਜੂ ਜਗਰਾਓਂ ਲੁਧਿਆਣਾ




**"ਦਵਾਈ ਛੜ੍ਹੀ ਪੀਤੀ" ਦੇ ਸਾਰੇ ਮਰੀਜ਼ਾਂ ਨੂੰ**
ਇਲਾਕੇ ਦੇ ਸਭ ਤੋਂ ਵਧੀਆ ਅਤੇ ਸਸਤੇ ਹਸਪਤਾਲ
**ਦੀਪ ਹਸਪਤਾਲ,** ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ
ਵਿਖੇ ਹੀ ਲੈ ਕੇ ਆਓ ਜੀ।
ਪਤਾ:- ਦੀਪ ਹਸਪਤਾਲ, ਬਰਨਾਲਾ ਰੋਡ, ਨਿਹਾਲ ਸਿੰਘ ਵਾਲਾ (ਮੋਗਾ)
M:- 01636-255071, 98149-16171



DR. HARGURPARTAP SINGH (MBBS.MS.MIMA)

**CHAMBA Silk Store**
SPL. IN LADIES SUIT & GENTS WEAR
FOLLOW US
Chambasilkstore
Chambasilkstore@gmail.com
98159-06151, 62809-56251
01624-264042



NEAR TALWANDI GATE, RAIKOT (LUDHIANA)

**HOLY HEART SCHOOL**
(Affiliated to CBSE) (AJITWAL)
ADMISSIONS OPEN
PRE-NURSERY TO 11th
M. 78519-78519

2025-26
Chairman Subash Palta
73411-00585



## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।

**ਬਾਬੂ ਰਾਮ ਜਰਨ ਨਾਥ ਜਿਊਲਰਜ**
ਝਾਂਸੀ ਰਾਣੀ ਚੌਂਕ, ਜਗਰਾਓਂ, (ਲੁਧਿਆਣਾ)

| ਰਮੇਸ਼ ਵਰਮਾ | ਵਿਕਰਾਂਤ ਵਰਮਾ |
|---|---|
| 01624-223080 | 98888-34000 |
| 01624-226500 | 85917-36000 |



ਸਾਡਾ ਜਗਰਾਉਂ — ਸਿਹਤਮੰਦ ਜਗਰਾਉਂ

**ਡੇਂਗੂ ਮਲੋਰੀਆਂ ਚਿਕਨਗੁਣੀਆ ਬੁਖਾਰ ਦੇ ਬਚਾਅ ਲਈ ਜਾਗਰੂਕਤਾ ਮੁਹਿੰਮ ਸਮੇਤ ਚਿਤਾਵਨੀ**

### ਡੈਂਗੂ ਦੀ ਰੋਕਥਾਮ ਸਬੰਧੀ

ਡੇਂਗੂ ਮਲੇਰੀਆ, ਚਿਕਨਗੁਣੀਆ ਇੱਕ ਗੰਭੀਰ ਵਾਇਰਲ ਬਿਮਾਰੀ ਹੈ ਜੋ ਕਿ ਏਡੀਜ ਦੇ ਮੱਛਰਾਂ ਦੇ ਕੱਟਣ ਰਾਹੀਂ ਫੈਲਦੀ ਹੈ ਜੋ ਕਿ ਘਰਾਂ ਅਤੇ ਗਲੀ ਮੁੱਹਲਿਆਂ ਵਿੱਚ ਖੜੇ ਸਾਫ ਪਾਣੀ ਤੇ ਸਰੋਤ ਜਿਵੇਂ ਕਿ ਟੁੱਟੇ ਘੜੇ, ਪਲਾਸਟਿਕ ਦੇ ਬਰਤਨ, ਪੁਰਾਣੇ ਟਾਇਰ, ਗਮਲੇ ਕੂਲਰ ਅਤੇ ਅਣ ਢੱਕੀਆਂ ਪਾਣੀ ਦੀਆ ਟੈਕੀਆਂ, ਫਰੇਂਜ ਦੀ ਹੇਠਲੀ ਟਰੇਅ ਤੋਂ ਖੜੇ ਪਾਣੀ ਆਦਿ ਵਿੱਚ ਪਲਦਾ ਹੈ।

(ਬਚਣ ਦੇ ਉਪਾਅ)

(1) ਆਪਣੇ ਘਰ ਅਤੇ ਆਲੇ-ਦੁਆਲੇ ਪਾਣੀ ਖੜਾ ਨਾ ਹੋਣ ਦਿਓ, ਜੇਕਰ ਪਾਣੀ ਖੜਾ ਹੋਵੇ ਤਾਂ ਉਸ ਤੇ ਮਿੱਟੀ ਦਾ ਤੇਲ ਜਾਂ ਕਾਲਾ ਤੇਲ ਪਾਓ।
(2) ਕੂਲਰਾਂ ਅਤੇ ਟੈਕੀਆ ਦਾ ਪਾਣੀ ਹਰ ਹਫਤੇ ਬਦਲਿਆ ਜਾਵੇ।
(3) ਮੱਛਰ ਦੇ ਕੱਟਣ ਤੋਂ ਬਚਣ ਲਈ ਮੱਛਰ ਭਜਾਉ ਕਰੀਮ ਅਤੇ ਮੱਛਰ ਦਾਨੀ ਦੀ ਵਰਤੋ ਕਰੋ।
(4) ਅਜਿਹੇ ਕੱਪੜੇ ਨਾ ਪਾਉ ਜਿੰਨਾ ਵਿੱਚ ਬਾਹਾਂ ਅਤੇ ਲੱਤਾਂ ਨੰਗੀਆ ਹੋਣ।
(5) -ਘਰਾਂ ਉੱਤੇ ਪਏ ਟੁੱਟੇ ਘੜੇ, ਟਾਇਰ, ਬਰਤਨਾਂ ਆਦਿ ਵਿੱਚ ਪਾਣੀ ਨਾ ਖੜਾ ਹੋਣ ਦਿਓ।
(6) ਜੇਕਰ ਕਿਸੇ ਵਿਅਕਤੀ ਨੂੰ ਇਸ ਤਰਾਂ ਬੁਖਾਰ ਹੋਵੇ ਤਾਂ ਤੁਰੰਤ ਸਰਕਾਰੀ ਹਸਪਤਾਲ ਜਾਂ ਨੇੜੇ ਦੇ ਡਾਕਟਰ ਦੀ ਸਲਾਹ ਲਵੋ।
(7) ਮੱਛਰ ਪੈਦਾ ਹੋਣ ਦੇ ਸਥਾਨਾਂ ਦਾ ਖਾਤਮਾ ਕਰਕੇ ਡੈਗੂੰ ਨੂੰ ਰੋਕਿਆ ਜਾ ਸਕਦਾ ਹੈ।
(8) ਪਲਾਸਟਿਕ ਦੇ ਲਿਫਾਫਇਆ ਦੀ ਵਰਤੋਂ ਨਾ ਕਰੋ ਕਿਉਂਕਿ ਇਸ ਨਾਲ ਨਾਲੀ/ਨਾਲੇ/ਸੀਵਰੇਜ ਦੇ ਜਾਮ ਹੋਣ ਦੀ ਸਮੱਸਿਆ ਪੈਂਦਾ ਹੁੰਦੀ ਹੈ, ਇਸ ਨੂੰ ਖਾਣ ਨਾਲ ਪਸ਼ੂ ਮਰ ਜਾਂਦੇ ਹਨ ਅਤੇ ਇਸ ਨਾਲ ਸਿਹਤ ਤੇ ਵੀ ਮਾੜਾ ਅਸਰ ਪੈਂਦਾ ਹੈ ।
(9) ਸੁੱਕਾ/ਗਿੱਲਾ ਕੂੜਾ ਅੱਲਗ-ਅੱਲਗ( ਸੈਗਰੀਗੇਸ਼ਨ) ਕੀਤਾ ਜਾਵੇ ਅਤੇ ਇਸ ਮੁਹਿੰਮ ਤਹਿਤ ਸੁੱਕਾ/ਗਿੱਲਾ ਅੱਲਗ-ਅੱਲਗ ਕਰਨ ਉਪਰੰਤ ਗਿੱਲੇ ਕੂੜੇ ਤੋਂ ਘਰ ਵਿੱਚ ਜੈਵਿਕ ਖਾਦ ਤਿਆਰ ਕੀਤੀ ਜਾਵੇ ਜਾ ਗਿੱਲੇ ਸੁੱਕੇ ਕੂੜੇ ਦੀ ਛਾਂਟੀ(ਅੱਲਗ-ਅੱਲਗ) ਕਰਕੇ ਸਫਾਈ ਸੇਵਕਾਂ ਨੂੰ ਦਿੱਤਾ ਜਾਵੇ ।
(10) ਸ਼ਹਿਰ ਨੂੰ ਸੁੰਦਰ ਬਣਾਉਣ ਲਈ ਨਗਰ ਕੌਂਸਲ ਜਗਰਾਉਂ ਨੂੰ ਸਹਿਯੋਗ ਦਿੱਤਾ ਜਾਵੇ।

ਪ੍ਰਧਾਨ
ਨਗਰ ਕੌਂਸਲ ਜਗਰਾਉ

ਕਾਰਜ ਸਾਧਕ ਅਫਸਰ
ਨਗਰ ਕੌਂਸਲ ਜਗਰਾਉ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।

**NATIONAL B.K.O**
ਇਥੇ ਵਧੀਆ ਕਿਸ਼ਮ ਦੀਆਂ ਇੱਟਾਂ ਤੇ ਟਾਇਲਾਂ ਮਿਲਦੀਆਂ ਹਨ।
ਠੀਕਰੀਵਾਲਾ ਸੰਘੇੜਾ ਰੋਡ, ਬਰਨਾਲਾ
ਹਰਮੇਸ਼ ਕੁਮਾਰ ਕਾਕੂ
98761-30949



## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।

**ਮਨਮੋਹਨ ਐਂਡ ਗੁਪਤਾ ਟਰੈਵਲਜ਼**
ਪਾਸਪੋਰਟ, ਇੰਮੀਗ੍ਰੇਸ਼ਨ, ਹਵਾਈ ਟਿਕਟਾਂ, ਸਟੱਡੀ ਵੀਜ਼ਾ, ਯੂ.ਐਸ. ਅਪਾਇੰਟਮੈਂਟਸ
ਸਾਹਿਲ ਗੁਪਤਾ 98762-56088
ਜੇਅੰਤ ਕੌੜਾ 98556-37634
01624-505300
ਤਹਿਸੀਲ ਰੋਡ, ਨੇੜੇ ਗਰੇਵਾਲ ਪੈਟਰੋਲ ਪੰਪ, ਜਗਰਾਓਂ



## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੀ ਬਰਸੀ 'ਤੇ ਪਹੁੰਚਣ 'ਤੇ ਸੰਗਤਾਂ ਦਾ ਧੰਨਵਾਦ।

**ਗਿੱਲ ਸੀਡ ਫਾਰਮ,** ਪਿੰਡ ਢੁੱਡੀਕੇ, ਮੋਗਾ
ਇਥੇ ਕਣਕ, ਝੋਨੇ ਅਤੇ ਬਾਂਸਮਤੀ ਦੇ ਫਾਉਂਡੇਸ਼ਨ ਅਤੇ ਸਰਟੀਫਾਈਡ ਦੇ ਸੁਧਰੇ ਬੀਜ਼ ਮਿਲਦੇ ਹਨ।
ਬਲਵਿੰਦਰ ਸਿੰਘ ਢੱਡੀਕੇ
98728-55914, 97658-22000

**ਜੀਵਾਨ ਹਸਪਤਾਲ**
ਮੁੱਲਾਪੁਰ ਰੋਡ, ਨੇੜੇ ਪੈਟਰੋਲ ਪੰਪ, ਜਗਰਾਓਂ
ਇਥੇ ਡਿਲਵਰੀ ਕੇਸ, ਟੁੱਟੀਆਂ ਹੱਡੀਆਂ, ਚੂਲਾ ਬਦਲਣ, ਗੋਡੇ ਬਦਲਣ, ਗੁਰਦੇ ਅਤੇ ਪਿੱਤੇ ਦੀ ਪੱਥਰੀ ਦਾ ਦਾ ਅਪ੍ਰੇਸ਼ਨ ਕੀਤਾ ਜਾਂਦਾ ਹੈ।
ਡਾ: ਮੀਨੂੰ ਗੋਇਲ 70095-20543
ਡਾ: ਦੀਪਕ ਗੋਇਲ





ਡਾਕਟਰ ਵਿਲੀਅਮ ਕੇਰੀ
(ਆਖਰੀ ਸਫ਼ੇ ’ਤੇ)


# ਨਵਾਂ ਜ਼ਮਾਨਾ ਐਤਵਾਰਤਾ


ਕਦੇ ਮੰਜ਼ਿਲ ਕਦੇ ਰਾਹਵਾਂ ਨੇ ?
ਸਾਨੂੰ ਵਲ਼ ਲਿਆ ਐਸਾ
ਕਿ ਇਸ ਚੱਕਰਵਿਊ ’ਚੋਂ
ਨਿਕਲਦਾ ਰਸਤਾ ਨਹੀਂ ਕੋਈ
ਕਹਾਣੀ ਵਿੱਚ ਹਰ ਕਿਰਦਾਰ ਦੀ
ਆਪਣੀ ਜਗ੍ਹਾ ਹੁੰਦੀ,
ਬਿਨਾਂ ਰਾਹੁਲ-ਯਸ਼ੋਧਾ ਦੇ ਵੀ
ਬੁੱਧ ਬਣਦਾ ਨਈਂ ਕੋਈ।

– ਰੂਹੀ ਸਿੰਘ


Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 24 ਅਗਸਤ 2025 www.nawanzamana.in ਕੀਮਤ 5.00 ਰੁਪਏ


# ਮੋਹਨ ਕੁਮਾਰਮੰਗਲਮ : ਸ਼ਾਨਦਾਰ ਬੁੱਧੀਜੀਵੀ ਨੇਤਾ


ਅਨਿਲ ਰਾਜ਼ੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ





ਸੁਰੇਂਦਰ ਮੋਹਨ ਕੁਮਾਰਮੰਗਲਮ ਇੱਕ ਸ਼ਾਨਦਾਰ ਕਮਿਊਨਿਸਟ ਨੇਤਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸਿਧਾਂਤਕਾਰ ਸਨ। ਉਹ ਦੱਖਣ ਵਿੱਚ ਕਮਿਊਨਿਸਟ ਲਹਿਰ ਦੇ ਨਿਰਮਾਤਾਵਾਂ ਵਿੱਚੋਂ ਇੱਕ ਸਨ ਅਤੇ 1940 ਦੇ ਦਹਾਕੇ ਦੇ ਸ਼ੁਰੂ ਵਿੱਚ ਮਸ਼ਹੂਰ ‘ਮਦਰਾਸ ਸਾਜ਼ਿਸ਼ ਕੇਸ’ ਵਿੱਚ ਸ਼ਾਮਲ ਸਨ।

### ਲੰਡਨ ਵਿੱਚ ਜਨਮ ਅਤੇ ਪਾਲਣ-ਪੋਸ਼ਣ

ਮੋਹਨ ਕੁਮਾਰਮੰਗਲਮ ਦਾ ਜਨਮ 1 ਨਵੰਬਰ, 1916 ਨੂੰ ਸ੍ਰੀ ਪੀ ਸੁੱਬਾਰਯਨ ਅਤੇ ਸ੍ਰੀਮਤੀ ਰਾਧਾਬਾਈ ਸੁੱਬਾਰਯਨ ਦੇ ਘਰ ਲੰਡਨ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਪੜ੍ਹਾਈ ਕਰਨ ਲਈ ਲੰਡਨ ਆਏ ਸਨ। ਉਨ੍ਹਾਂ ਦੀ ਆਪਣੀ ਇੱਕ ਪ੍ਰਮੁੱਖ ਸ਼ਖਸੀਅਤ ਸੀ, ਜਿਹਨਾਂ ਨੇ ਜੀਵਨ ਦੇ ਵੱਖ-ਵੱਖ ਖੇਤਰਾਂ ’ਚ ਸ਼ਾਨਦਾਰ ਸ਼ਖਸੀਅਤਾਂ ਪੈਦਾ ਕੀਤੀਆਂ। ਵੱਡਾ ਪੁੱਤਰ ਜਨਰਲ ਪੀ.ਪੀ ਕੁਮਾਰਮੰਗਲਮ ਭਾਰਤੀ ਫੌਜ ਦੇ 7ਵੇਂ ਮੁਖੀ ਬਣੇ। ਦਰਅਸਲ, ਮੋਹਨ ਕੁਮਾਰਮੰਗਲਮ ਦੀ ਮਾਂ ਰਾਧਾਬਾਈ 1938 ਵਿੱਚ ਕੇਂਦਰੀ ਅਸੈਂਬਲੀ ਦੀ ਪਹਿਲੀ ਮਹਿਲਾ ਮੈਂਬਰ ਚੁਣੀ ਗਈ ਅਤੇ ਉਹਨਾਂ ਦੀ ਭੈਣ ਪਾਰਵਤੀ ਨੂੰ ਰਾਜਨੀਤੀ ਵਿੱਚ ਲਿਆਈ। ਰਾਧਾਬਾਈ ਇੱਕ ਸਿਆਸਤਦਾਨ, ਸਮਾਜ ਸੁਧਾਰਕ ਅਤੇ ਔਰਤਾਂ ਦੇ ਅਧਿਕਾਰਾਂ ਪ੍ਰਤੀ ਸਮਰਪਿਤ ਆਗੂ ਸੀ ਅਤੇ ਉਹਨਾਂ ਨੇ ਲੰਡਨ ਵਿੱਚ ਗੋਲਮੇਜ਼ ਕਾਨਫਰੰਸਾਂ ਵਿੱਚ ਵੀ ਹਿੱਸਾ ਲਿਆ ਸੀ।

ਪ੍ਰਸਿੱਧ ਬ੍ਰਿਟਿਸ਼ ਕਮਿਊਨਿਸਟ ਇਤਿਹਾਸਕਾਰ ਏਰਿਕ ਹੌਬਸਬਾਮ ਨੇ ਆਪਣੀ ਆਤਮਕਥਾ ‘ਇੰਟਰਸਟਿੰਗ ਟਾਈਮਜ਼’ ਵਿੱਚ ਇਸ ਸ਼ਾਨਦਾਰ ਪਰਵਾਰ ਦਾ ਬੜੇ ਸਨੇਹ ਨਾਲ ਵਰਣਨ ਕੀਤਾ ਹੈ। ਉਹ ਮੋਹਨ ਕੁਮਾਰਮੰਗਲਮ ਨੂੰ ਕੈਂਬਰਿਜ ਜਾ ਕੇ ਮਿਲਣ ਬਾਰੇ ਜ਼ਿਕਰ ਕਰਦਾ ਹੈ।

ਪੀ ਸੁੱਬਾਰਯਨ ਉਸ ਸਮੇਂ ਨਮੱਕਲ (ਸਲੇਮ) ਜ਼ਿਲ੍ਹੇ ਦੇ ਤਿਰੁਚੇਂਗੋਡੇ ਤਾਲੁਕ ਦੇ ਜ਼ਿਮੀਂਦਾਰ ਸਨ। ਇਹ ਪਰਵਾਰ 5000 ਏਕੜ ਤੋਂ ਵੱਧ ਜ਼ਮੀਨ ਦਾ ਮਾਲਕ ਸੀ, ਪ੍ਰੰਤੂ ਪਰਵਾਰ ਨੇ ਜ਼ਮੀਨ ਬੇਜ਼ਮੀਨੇ ਲੋਕਾਂ ਨੂੰ ਵੰਡ ਦਿੱਤੀ ਅਤੇ ਪਰਵਾਰ ਦੇ ਹਰੇਕ ਮੈਂਬਰ ਨੇ ਜ਼ਿੰਦਗੀ ਦਾ ਆਪਣਾ-ਆਪਣਾ ਰਸਤਾ ਚੁਣਿਆ।

ਸੁੱਬਾਰਯਨ ਮਦਰਾਸ ਪ੍ਰੈਜ਼ੀਡੈਂਸੀ ਦੇ ਇੱਕ ਮਸ਼ਹੂਰ ਸਿਆਸਤਦਾਨ ਬਣੇ, ਜਿਨ੍ਹਾਂ ਦੇ ਬਹੁਤ ਸਾਰੇ ਸੰਪਰਕ ਸਨ, ਜੋ ਉਨ੍ਹਾਂ ਦੀ ਬਹੁਤ ਇੱਜ਼ਤ ਕਰਦੇ ਸਨ। ਉਹ ਕਮਿਊਨਿਸਟਾਂ ਦੇ ਨੇੜੇ ਸਨ। 1926-30 ਵਿੱਚ ਉਹ ਮਦਰਾਸ ਪ੍ਰੈਜ਼ੀਡੈਂਸੀ ਦੇ ਮੁੱਖ ਮੰਤਰੀ (ਫਸਟ ਮਨਿਸਟਰ) ਬਣੇ। ਉਹ ਇੰਡੋਨੇਸ਼ੀਆ ਵਿੱਚ ਭਾਰਤ ਦੇ ਰਾਜਦੂਤ ਅਤੇ ਨਹਿਰੂ ਦੇ ਮੰਤਰੀ ਮੰਡਲ ਵਿੱਚ ਇੱਕ ਕੇਂਦਰੀ ਮੰਤਰੀ ਰਹੇ। ਉਹ ਸੰਵਿਧਾਨ ਸਭਾ ਦੇ ਮੈਂਬਰ ਵੀ ਸਨ।

### ਪੜ੍ਹਾਈ

ਮੋਹਨ ਕੁਮਾਰਮੰਗਲਮ ਨੇ ਈਟਨ ਅਤੇ ਕਿੰਗਜ਼ ਕਾਲਜ ਤੋਂ ਸਿੱਖਿਆ ਪ੍ਰਾਪਤ ਕੀਤੀ। ਕੈਂਬਰਿਜ ਵਿਖੇ ਆਪਣੇ ਸਮੇਂ ਦੌਰਾਨ ਉਹ ਕਮਿਊਨਿਜ਼ਮ ਤੋਂ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੇ ‘ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਫੈਡਰੇਸ਼ਨ’ ਵਿੱਚ ਵੀ ਸਰਗਰਮ ਹਿੱਸਾ ਲਿਆ। ਉਹ 1937 ਵਿੱਚ ਕੈਂਬਰਿਜ ਮਜਲਿਸ ਦੇ ਪ੍ਰਧਾਨ ਅਤੇ 1938 ਵਿੱਚ ਕੈਂਬਰਿਜ ਯੂਨੀਅਨ ਦੇ ਪ੍ਰਧਾਨ ਚੁਣੇ ਗਏ।

ਜਦੋਂ ਉਹਨਾਂ ਨੇ ਉੱਚ ਸਿੱਖਿਆ ਲਈ ਕਿੰਗਜ਼ ਕਾਲਜ ਵਿੱਚ ਦਾਖਲਾ ਲਿਆ ਤਾਂ ਉਹ ਨੌਜਵਾਨਾਂ ਵਿੱਚ ਵਧ ਰਹੇ ਕਮਿਊਨਿਸਟ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। ਨੌਜਵਾਨਾਂ ਨੇ ਫਾਸ਼ੀਵਾਦੀ ਹਮਲੇ ਅਤੇ ਜਨਰਲ ਫ੍ਰੈਂਕੋ ਦੇ ਉਲਟ ਇਨਕਲਾਬ ਦੇ ਵਿਰੁੱਧ ਸਪੈਨਿਸ਼ ਗਣਰਾਜ ਦਾ ਵਧ-ਚੜ੍ਹ ਕੇ ਸਮਰਥਨ ਕੀਤਾ। ਉਹ ਬ੍ਰਿਟੇਨ ਵਿੱਚ ਵਿਦਿਆਰਥੀ ਅੰਦੋਲਨ ਦੀਆਂ ਮੋਹਰੀ ਕਤਾਰਾਂ ਵਿੱਚ ਸ਼ਾਮਲ ਸਨ।ਉਹ ਜਵਾਹਰ ਲਾਲ ਨਹਿਰੂ ਦੇ ਯੂਰਪ ਦੌਰੇ ਦੌਰਾਨ ਉਨ੍ਹਾਂ ਦੇ ਨਜ਼ਦੀਕ ਆ ਗਏ। ਨਹਿਰੂ ਗਣਰਾਜ ਦੇ ਰਖਵਾਲਿਆਂ ਦਾ ਨਿੱਜੀ ਤੌਰ ’ਤੇ ਸਵਾਗਤ ਕਰਨ ਲਈ ਸਪੇਨ ਦੇ ਜੰਗੀ ਮੋਰਚਿਆਂ ’ਤੇ ਵੀ ਗਏ। ਇਹ ਮੋਹਨ ਕੁਮਾਰਮੰਗਲਮ ਸੀ ਜਿਸ ਨੂੰ ਉਸ ਕਾਰ ਨੂੰ ਚਲਾਉਣ ਲਈ ਚੁਣਿਆ ਗਿਆ ਸੀ, ਜਿਸ ਵਿੱਚ ਨਹਿਰੂ ਨੇ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਸੀ। ਇਹ ਸਿਰਫ਼ ‘ਸੁਰੱਖਿਆ’ ਪ੍ਰਦਾਨ ਕਰਨ ਲਈ ਹੀ ਨਹੀਂ ਸੀ, ਸਗੋਂ ਬੌਧਿਕ ਸਾਥ ਦਾ ਲਾਭ ਦੇਣ ਲਈ ਵੀ ਸੀ। ਨਹਿਰੂ ਸੁੱਬਰਾਯਨ ਦੇ ਬਹੁਤ ਚੰਗੇ ਦੋਸਤ ਸਨ ਅਤੇ ਉਹ ਉਹਨਾਂ ਦੇ ਪੁੱਤਰ ਮੋਹਨ ਕੁਮਾਰਮੰਗਲਮ ਨੂੰ ਕਾਫ਼ੀ ਪਸੰਦ ਕਰਨ ਲੱਗ ਪਏ ਸਨ।

ਭੂਪੇਸ਼ ਗੁਪਤਾ ਭਾਰਤ ਵਾਪਸ ਆ ਕੇ ਜਦੋਂ ਮੋਹਨ ਕੁਮਾਰਮੰਗਲਮ ਦੇ ਮਾਪਿਆਂ ਨੂੰ ਮਿਲੇ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹਨਾਂ ਦੇ ਮਾਪੇ ਮਦਰਾਸ ਸਾਜ਼ਿਸ਼ ਕੇਸ ਵਿੱਚ ਆਪਣੇ ਕਮਿਊਨਿਸਟ ਪੁੱਤਰ ਮੋਹਨ ਅਤੇ ਧੀ ਪਾਰਵਤੀ ’ਤੇ ਬਹੁਤ ਮਾਣ ਮਹਿਸੂਸ ਕਰਦੇ ਸਨ। ਆਖ਼ਰਕਾਰ ਸੁੱਬਰਾਯਨ ਨੇ ਆਪਣੇ ਇਨ੍ਹਾਂ ਦੋ ਬੱਚਿਆਂ ਨੂੰ ਕਮਿਊਨਿਜ਼ਮ ਵੱਲ ਲਿਆਉਣ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਈ ਸੀ!

ਮੋਹਨ ਕੁਮਾਰਮੰਗਲਮ ਨੇ 1951 ਤੱਕ ਪਾਰਟੀ ਵਿੱਚ ਕੁੱਲ ਵਕਤੀ ਦੇ ਤੌਰ ’ਤੇ ਕੰਮ ਕੀਤਾ। ਉਹ ਆਜ਼ਾਦ ਭਾਰਤ ਵਿੱਚ ‘ਪ੍ਰੀਵੈਂਟਿਵ ਡਿਟੈਂਸ਼ਨ’ ਦੇ ਪਹਿਲੇ ਪੀੜਤਾਂ ਵਿੱਚੋਂ ਇੱਕ ਸਨ।

ਕੁਮਾਰਮੰਗਲਮ ਸੰਸਦ ਵਿੱਚ ਜਾਣ ਤੋਂ ਪਹਿਲਾਂ ਬਾਰ ਵਿੱਚ ਕਾਨੂੰਨੀ ਅਦਾਲਤਾਂ ਵਿੱਚ ਕੇਸ ਲੜਨ ਦੇ ਮਾਹਿਰ ਸਨ। ਉਹ ਸੁਪਰੀਮ ਕੋਰਟ ਅਤੇ ਕਾਨੂੰਨ ਦੀ ਦੁਨੀਆ ਵਿੱਚ ਇੱਕ ਸਿਰਕੱਢ ਹਸਤੀ ਸਨ।

ਕੁਮਾਰਮੰਗਲਮ ਨੂੰ ‘ਇਨਰ ਟੈਂਪਲ’ ਦੁਆਰਾ ਬਾਰ ਵਿੱਚ ਬੁਲਾਇਆ ਗਿਆ ਸੀ। ਲੰਡਨ ਵਿੱਚ ਰਹਿੰਦਿਆਂ ਹੀ ਮੋਹਨ ਕੁਮਾਰਮੰਗਲਮ ਕਮਿਊਨਿਸਟ ਪਾਰਟੀ ਆਫ ਗਰੇਟ ਬ੍ਰਿਟੇਨ (ਸੀ ਪੀ ਜੀ ਬੀ) ਅਤੇ ਕਮਿਊਨਿਸਟ ਵਿਚਾਰਧਾਰਾ ਦੇ ਸੰਪਰਕ ਵਿੱਚ ਆਏ। ਪਾਰਵਤੀ ਇੱਕ ਵਿਦਿਆਰਥੀ ਸੰਗਠਨ, ਆਕਸਫੋਰਡ ਮਜਲਿਸ ਦੀ ਪ੍ਰਧਾਨ ਬਣ ਗਈ। ਉਸ ਨੇ ਇੰਗਲੈਂਡ ਅਤੇ ਆਇਰਲੈਂਡ ਵਿੱਚ ਭਾਰਤੀ ਵਿਦਿਆਰਥੀਆਂ ਦੇ ਸੰਗਠਨ ਦੀ ਫੈਡਰੇਸ਼ਨ ਦੇ ਅਖ਼ਬਾਰ ਦਾ ਸੰਪਾਦਨ ਕੀਤਾ। ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀਆਂ ਨੇ ਲੰਡਨ ਅਤੇ ਆਕਸਫੋਰਡ -ਕੈਂਬਰਿਜ ਵਿੱਚ ਪੜ੍ਹਾਈ ਕੀਤੀ, ਜਿਨ੍ਹਾਂ ਵਿੱਚੋਂ ਐੱਨ.ਕੇ. ਕ੍ਰਿਸ਼ਨਨ, ਭੂਪੇਸ਼ ਗੁਪਤਾ, ਜੋਤੀ ਬਾਸੂ, ਮੋਹਨ ਕੁਮਾਰਮੰਗਲਮ, ਇੰਦਰਜੀਤ ਗੁਪਤਾ ਕਮਿਊਨਿਸਟ ਬਣ ਗਏ, ਜਦੋਂ ਕਿ ਮੋਹਿਤ ਸੇਨ ਥੋੜ੍ਹੀ ਦੇਰ ਬਾਅਦ ਕਮਿਊਨਿਸਟ ਬਣੇ।

ਆਕਸਫੋਰਡ ਅਤੇ ਕੈਂਬਰਿਜ ਵਿੱਚ ਮੋਹਨ ਕੁਮਾਰਮੰਗਲਮ, ਪਾਰਵਤੀ ਕੁਮਾਰਮੰਗਲਮ, ਅਰੁਣ ਬੋਸ, ਇੰਦਰਜੀਤ ਗੁਪਤਾ, ਰੋਮੇਸ਼ ਚੰਦਰਾ, ਰੇਣੂ ਚੱਕਰਵਰਤੀ, ਐੱਨ.ਕੇ. ਕ੍ਰਿਸ਼ਨਨ, ਜੋਤੀ ਬਾਸੂ, ਭੂਪੇਸ਼ ਗੁਪਤਾ, ਮੋਹਿਤ ਸੇਨ ਅਤੇ ਹੋਰਾਂ ਨੇ ਭਵਿੱਖ ਦੇ ਕਮਿਊਨਿਸਟਾਂ ਵਜੋਂ ਪੜ੍ਹਾਈ ਕੀਤੀ। ਇਸ ਤੋਂ ਇਲਾਵਾ ਇੰਦਰਾ ਗਾਂਧੀ ਅਤੇ ਪੀ.ਐੱਨ. ਹਕਸਰ ਵਰਗੀਆਂ ਹਸਤੀਆਂ ਵੀ ਉਸ ਸਮੇਂ ਉੱਥੇ ਸਨ।

### ਭਾਰਤ ਵਾਪਸੀ

1939 ਵਿੱਚ ਭਾਰਤ ਵਾਪਸੀ ’ਤੇ ਉਹ ਮਜ਼ਦੂਰ ਵਰਗ ਅਤੇ ਕਮਿਊਨਿਸਟ ਅੰਦੋਲਨਾਂ, ਖਾਸ ਕਰਕੇ ਦੱਖਣ ਵਿੱਚ ਸਰਗਰਮੀ ਨਾਲ ਸ਼ਾਮਲ ਹੋ ਗਏ। ਮਸ਼ਹੂਰ ਕਮਿਊਨਿਸਟ ਸਿਧਾਂਤਕਾਰ ਮੋਹਿਤ ਸੇਨ 1940 ਦੇ ਦਹਾਕੇ ਦੇ ਸ਼ੁਰੂ ਵਿੱਚ ਮਦਰਾਸ ਦੇ ਰਾਏਪੇਟਾਹ ਵਿੱਚ ਸੁੱਬਰਾਯਨਾਂ ਦੇ ਪਰਵਾਰ ਨੂੰ ਮਿਲੇ ਅਤੇ ਉਹਨਾਂ ਤੋਂ ਬਹੁਤ ਪ੍ਰਭਾਵਿਤ ਹੋਏ। ਉੱਥੇ ਹੀ ਉਹ ਉਨ੍ਹਾਂ ਦੇ ਪੁੱਤਰ ਪੀ.ਪੀ. ਕੁਮਾਰਮੰਗਲਮ ਜੋ ਭਾਰਤ ਦੇ ਭਵਿੱਖ ਦੇ ਫੌਜ ਮੁਖੀ ਵੀ ਉੱਥੇ ਸਨ, ਨੂੰ ਮਿਲੇ, ਜਿਨ੍ਹਾਂ ਨੂੰ ਉਦੋਂ ਹੀ ਲੀਬੀਆ ਦੇ ਇਟਲੀ ਦੇ ਯੁੱਧ ਕੈਦੀ ਕੈਂਪ ਤੋਂ ਰਿਹਾਅ ਕੀਤਾ ਗਿਆ ਸੀ। ਮਾਪਿਆਂ ਨੂੰ ਆਪਣੇ ਬੱਚਿਆਂ ਪਾਰਵਤੀ ਅਤੇ ਮੋਹਨ ਕੁਮਾਰਮੰਗਲਮ ’ਤੇ ਮਾਣ ਸੀ, ਜੋ ਹੁਣੇ ਹੀ ਕੁੱਲਵਕਤੀ ਦੇ ਤੌਰ ’ਤੇ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਏ ਸਨ।

ਮੋਹਨ ਕੁਮਾਰਮੰਗਲਮ ਮੋਹਿਤ ਸੇਨ ਅਤੇ ਹੋਰਾਂ ਨੂੰ ਮਾਰਕਸ ਅਤੇ ਲੈਨਿਨ ਪੜ੍ਹਨ ਲਈ ਕਹਿੰਦੇ ਸਨ। ਪੀ ਸੀ ਜੋਸ਼ੀ ਜੋ ਉਸ ਸਮੇਂ ਬੰਬਈ ਪਾਰਟੀ ਹੈੱਡਕੁਆਰਟਰ ਵਿੱਚ ਸਨ, ਸਾਥੀਆਂ ਨੂੰ ਕਮਿਊਨਿਸਟ ਮੈਨੀਫੈਸਟੋ ਅਤੇ ਹੋਰ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਦੇ ਸਨ। ਪੀ.ਸੀ. ਜੋਸ਼ੀ, ਮੋਹਨ ਕੁਮਾਰਮੰਗਲਮ ਅਤੇ ਹੋਰਾਂ ਨੇ ਉਥੇ ਪੜ੍ਹਾਈ ਕਰਨ ਲਈ ਬਹੁਤ ਵਧੀਆ ਮਾਹੌਲ ਬਣਾਇਆ ਹੋਇਆ ਸੀ। ਗਾਂਧੀ ਜੀ ਮੋਹਨ ਕੁਮਾਰਮੰਗਲਮ ਦੀ ਬਹੁਤ ਪ੍ਰਸ਼ੰਸਾ ਕਰਦੇ ਸਨ, ਜੋ ਉਨ੍ਹਾਂ ਦੇ ਧਰਮ ਪੁੱਤਰ ਵਰਗਾ ਸੀ।

### ਪਹਿਲੀ ਪਾਰਟੀ ਕਾਂਗਰਸ, 1943

ਅਪ੍ਰੈਲ 1940 ਵਿੱਚ ਅੱਲਾਦੀ ਕ੍ਰਿਸ਼ਨਾਸਵਾਮੀ ਅਈਅਰ ਦੁਆਰਾ ਮੋਹਨ ਕੁਮਾਰਮੰਗਲਮ ਨੂੰ ਵਕੀਲ ਵਜੋਂ ਨਾਮਜ਼ਦ ਕੀਤਾ ਗਿਆ ਸੀ।

1939 ਵਿੱਚ ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਦੇ ਨਾਲ, ਬ੍ਰਿਟਿਸ਼ ਸਰਕਾਰ ਨੇ ਵੱਡੀ ਗਿਣਤੀ ਵਿੱਚ ਕਮਿਊਨਿਸਟਾਂ ਅਤੇ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਵਿਰੁੱਧ ਕਈ ‘ਸਾਜ਼ਿਸ਼ ਕੇਸ’ ਸ਼ੁਰੂ ਕੀਤੇ। ਉਨ੍ਹਾਂ ਵਿੱਚੋਂ ਇੱਕ 1941 ਦਾ ਮਸ਼ਹੂਰ ‘ਮਦਰਾਸ ਸਾਜ਼ਿਸ਼ ਕੇਸ’ ਸੀ, ਜਿਸ ਵਿੱਚ ਕੁਮਾਰਮੰਗਲਮ, ਸੀ ਐੱਸ ਸੁਬਰਾਮਨੀਅਮ, ਪੀ ਰਾਮਾਮੂਰਤੀ, ਕੇਰਲੇਯਨ, ਐੱਸ ਸੁਬਰਾਮਨੀਅਮ ਸ਼ਰਮਾ, ਆਰ ਉਮਾਨਾਥ, ਹਨੂਮੰਤ ਰਾਓ ਅਤੇ ਹੋਰਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ।



ਇਹ ਮਾਮਲੇ ਮਹੀਨਿਆਂ ਤੱਕ ਇਕੱਠੇ ਚੱਲਦੇ ਰਹੇ, ਜਿਸ ਦੌਰਾਨ ਕੁਮਾਰਮੰਗਲਮ, ਰਾਮਾਮੂਰਤੀ ਅਤੇ ਹੋਰਾਂ ਨੂੰ ਆਪਣੇ ਟੀਚਿਆਂ ਅਤੇ ਉਦੇਸ਼ਾਂ ਨੂੰ ਵਿਸ਼ਾਲ ਲੋਕਾਂ ਤੱਕ ਪਹੁੰਚਾਉਣ ਦਾ ਮੌਕਾ ਮਿਲਿਆ।

ਕੁਮਾਰਮੰਗਲਮ ਨੂੰ ਅਖੌਤੀ ‘ਦੇਸ਼ਧ੍ਰੋਹੀ’ ਸਾਹਿਤ ਵੰਡਣ ਅਤੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਹਥਿਆਰ ਚੁੱਕਣ ਲਈ ਉਕਸਾਉਣ ਦੇ ਦੋਸ਼ ਵਿੱਚ ਤਿੰਨ ਸਾਲ ਦੀ ਕੈਦ ਦੀ ਸਖ਼ਤ ਸਜ਼ਾ ਸੁਣਾਈ ਗਈ ਸੀ, ਪਰ ਉਹਨਾਂ ਨੂੰ 1942 ਵਿੱਚ ਹੀ ਰਿਹਾਅ ਕਰ ਦਿੱਤਾ ਗਿਆ।

ਫਿਰ ਉਹਨਾਂ ਨੇ ਮਦੁਰਾਈ ਜ਼ਿਲ੍ਹੇ ਵਿੱਚ ਜਾ ਕੇ ਤੰਬਾਕੂ ਅਤੇ ਟੈਕਸਟਾਈਲ ਉਦਯੋਗਾਂ ਵਿੱਚ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਸੰਗਠਿਤ ਕੀਤਾ। ਪਾਰਵਤੀ ਅਤੇ ਐੱਨ.ਕੇ ਕ੍ਰਿਸ਼ਨਨ ਦੇ ਨਾਲ ਮੋਹਨ ਕੁਮਾਰਮੰਗਲਮ ਦੱਖਣ ਵਿੱਚ ਪਾਰਟੀ ਅਤੇ ਟ੍ਰੇਡ ਯੂਨੀਅਨ ਅੰਦੋਲਨਾਂ ਦੇ ਮੋਹਰੀ ਆਗੂਆਂ ਵਿੱਚੋਂ ਇੱਕ ਸਨ।

ਉਹਨਾਂ ਨੂੰ ਮਈ-ਜੂਨ 1943 ਵਿੱਚ ਬੰਬਈ ਵਿੱਚ ਹੋਈ ਪਹਿਲੀ ਸੀ ਪੀ ਆਈ ਦੀ ਕਾਂਗਰਸ ਵਿੱਚ ਕੇਂਦਰੀ ਕਮੇਟੀ ਲਈ ਚੁਣਿਆ ਗਿਆ।

ਭਾਵੇਂ ਉਹ ਸੀ ਪੀ ਆਈ ਦੇ ਜਨਰਲ ਸਕੱਤਰ ਪੀ ਸੀ ਜੋਸ਼ੀ ਦੇ ਨਜ਼ਦੀਕੀ ਸਹਿਯੋਗੀ ਸਨ, ਪਰ 1948 ਵਿੱਚ ਕਲਕੱਤਾ ਵਿੱਚ ਹੋਈ ਸੀ ਪੀ ਆਈ ਦੀ ਦੂਜੀ ਕਾਂਗਰਸ ਵਿੱਚ ਜੋਸ਼ੀ ਦੀ ਤਿੱਖੀ ਵਿਰੋਧਤਾ ਲਈ ਉਹ ਵਿਰੋਧੀਆਂ ਦੇ ਖੇਮੇ ਵਿਚ ਸ਼ਾਮਲ ਹੋ ਗਏ ਸਨ।

### ਵਿਆਹ

ਉਹਨਾਂ ਨੇ 1943 ਵਿੱਚ ਕਾਂਗਰਸ ਨੇਤਾ ਅਜੋਏ ਮੁਖਰਜੀ ਅਤੇ ਸੀ ਪੀ ਆਈ ਨੇਤਾ ਵਿਸ਼ਵਨਾਥ ਮੁਖਰਜੀ ਦੀ ਭਤੀਜੀ ਕਲਿਆਣੀ ਮੁਖਰਜੀ ਨਾਲ ਵਿਆਹ ਕੀਤਾ।

### ਪਾਰਟੀ ਹੈੱਡਕੁਆਟਰ ਵਿੱਚ

ਕੁਮਾਰਮੰਗਲਮ 1940 ਦੇ ਦਹਾਕੇ ਵਿੱਚ ਮੁੰਬਈ ਦੇ ਸੈਂਡਹਰਸਟ ਰੋਡ ’ਤੇ ਸਥਿਤ ਆਰ.ਜੇ. ਭਵਨ ਵਿੱਚ ਕੇਂਦਰੀ ਪਾਰਟੀ ਹੈੱਡਕੁਆਰਟਰ ਵਿੱਚ ਰਹਿਣ ਲੱਗ ਪਏ। ਉਨ੍ਹਾਂ ਦੀ ਪੀ.ਸੀ. ਜੋਸ਼ੀ ਨਾਲ ਨੇੜਲੀ ਦੋਸਤੀ ਸੀ। ਇਹ ਇੱਕ ਯਾਦਗਾਰੀ ਕਮਿਊਨ ਸੀ, ਜਿਸ ਦਾ ਮੋਹਨ ਕੁਮਾਰਮੰਗਲਮ ਇੱਕ ਅਟੁੱਟ ਹਿੱਸਾ ਬਣ ਗਏ। ਉਹਨਾਂ ਨੇ ਉੱਥੇ ਵੱਖ-ਵੱਖ ਅਹੁਦਿਆਂ ’ਤੇ ਕੰਮ ਕੀਤਾ। ਉਨ੍ਹਾਂ ਨੇ ਕੇਂਦਰੀ ਪਾਰਟੀ ਦੇ ਅਖ਼ਬਾਰ ‘ਪੀਪਲਜ਼ ਵਾਰ’ ਅਤੇ ਫਿਰ ‘ਪੀਪਲਜ਼ ਏਜ’ ਵਿੱਚ ਕੰਮ ਕੀਤਾ ਅਤੇ ਇਸ ਦੇ ਸੰਪਾਦਕੀ ਬੋਰਡ ਵਿੱਚ ਸ਼ਾਮਲ ਸਨ।

ਉਹਨਾਂ ਨੇ ਉੱਚ ਸਿਧਾਂਤਕ ਅਤੇ ਅਕਾਦਮਿਕ ਮਿਆਰਾਂ ਦੇ ਨਿਯਮਤ ਲੇਖ ਲਿਖੇ, ਜੋ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਘਟਨਾਵਾਂ ਦੇ ਉਹਨਾਂ ਦੇ ਵਿਸ਼ਾਲ ਅਤੇ ਡੂੰਘੇ ਗਿਆਨ ਨੂੰ ਪ੍ਰਦਰਸ਼ਿਤ ਕਰਦੇ ਸਨ। ਉੱਥੇ ਰਹਿੰਦਿਆਂ ਉਨ੍ਹਾਂ ਨੇ ਕਈ ਕਿਤਾਬਚੇ ਲਿਖੇ, ਜੋ ਉਨ੍ਹਾਂ ਦੇ ਗਿਆਨ ਦੀ ਡੂੰਘਾਈ ਨੂੰ ਦਰਸਾਉਂਦੇ ਸਨ। ਕਿਤਾਬਚਿਆਂ ਵਿੱਚ ਈਰਾਨ, ਜਰਮਨੀ ਅਤੇ ਹੋਰ ਵਿਸ਼ਿਆਂ ’ਤੇ ਅਤੇ ‘ਚੀਨ ਦੀ ਏਕਤਾ ਨੂੰ ਕੌਣ ਖ਼ਤਰਾ ਹੈ (1944)’ਚ ਸ਼ਾਮਲ ਸਨ।

ਚੀਨ ’ਤੇ ਕਿਤਾਬਚੇ ਵਿੱਚ, ਉਨ੍ਹਾਂ ਨੇ ਕੌਮੀ ਮੋਰਚੇ ਦੇ ਗਠਨ ਦੀ ਮਹੱਤਤਾ ਦਾ ਸਵਾਲ ਉਠਾਇਆ। ਉਹਨਾਂ ਨੇ ਇਸ ਸਵਾਲ ਦਾ ਜਵਾਬ ਦਿੱਤਾ ਕਿ ਚੀਨ ’ਤੇ ਇੱਕ ਕਿਤਾਬਚੇ ਦੀ ਕੀ ਲੋੜ ਸੀ ਅਤੇ ਦਿਖਾਇਆ ਕਿ ਭਾਰਤ ਅਤੇ ਚੀਨ ਵਿਚਕਾਰ ਉਸ ਸਮੇਂ ਨਜ਼ਦੀਕੀ ਸੰਬੰਧ ਸੀ, ਜਦੋਂ ਉਹ ਬਸਤੀਵਾਦ ਅਤੇ ਫਾਸ਼ੀਵਾਦ ਵਿਰੁੱਧ ਲੜ ਰਹੇ ਸਨ। ਚੀਨ ਵਿੱਚ ਸਾਮਰਾਜਵਾਦ ਵਿਰੋਧੀ, ਫਾਸ਼ੀਵਾਦ ਵਿਰੋਧੀ ਸੰਘਰਸ਼ ਸਿਰਫ਼ ਉਸ ਦੇਸ਼ ਦੀ ਅੰਦਰੂਨੀ ਸਮੱਸਿਆ ਨਹੀਂ ਸੀ, ਸਗੋਂ ਭਾਰਤ ਲਈ ਵੀ ਇਸ ਦੇ ਨਤੀਜਿਆਂ ਦੀ ਵਿਆਪਕ ਅਹਿਮੀਅਤ ਸੀ। ਚੀਨ ਵਿੱਚ ਕੌਮੀ ਮੋਰਚੇ ਦੀ ਕਮਜ਼ੋਰੀ ਨੇ ਸਾਡੀਆਂ ਆਪਣੀਆਂ ਸਰਹੱਦਾਂ ਲਈ ਜਾਪਾਨੀ ਖ਼ਤਰੇ ਨੂੰ ਵਧਾਇਆ ਅਤੇ ‘ਸਾਡੇ ਲੋਕਾਂ ’ਤੇ ਹਮਲਾ ਕਰਨ ਦੀ ਉਸ ਦੀ ਸਮਰੱਥਾ ਨੂੰ ਵਧਾਇਆ।’ ਕੁਮਾਰਮੰਗਲਮ ਨੇ ਲਿਖਿਆ ਕਿ ਚੀਨ ਵਿੱਚ ਜਾਪਾਨ ਵਿਰੋਧੀ ਤਾਕਤਾਂ ਦੀ ਮਦਦ ਕਰਨਾ ਸਾਡਾ ਫਰਜ਼ ਸੀ। ਚੀਨ ਵਿੱਚ ਅਤਿ ਸੱਜੇਪੱਖੀ ਅਤੇ ਫਾਸ਼ੀਵਾਦੀ ਤਾਕਤਾਂ ਦੁਆਰਾ ਕੌਮੀ ਸੰਯੁਕਤ ਮੋਰਚੇ ਵਿਚਲਾ ਵਿਘਨ ਬਹੁਤ ਚਿੰਤਾ ਦਾ ਵਿਸ਼ਾ ਸੀ। ਇਹ ਇੱਕ ਸ਼ਾਨਦਾਰ ਕਿਤਾਬਚਾ ਸੀ, ਜੋ ਰਾਜਨੀਤਕ ਅਤੇ ਵਿਚਾਰਧਾਰਕ ਤੌਰ ’ਤੇ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਿਆ ਗਿਆ ਸੀ। ਇਹ ਕੌਮੀ ਮੋਰਚੇ ਦੇ ਸਵਾਲ ਦੇ ਆਲੇ-ਦੁਆਲੇ ਘੁੰਮਦਾ ਸੀ।

### ਦੂਜੀ ਪਾਰਟੀ ਕਾਂਗਰਸ, 1948

ਮੋਹਨ ਕੁਮਾਰਮੰਗਲਮ ਫਰਵਰੀ-ਮਾਰਚ 1948 ਵਿੱਚ ਕਲਕੱਤਾ ਵਿੱਚ ਹੋਈ ਸੀ ਪੀ ਆਈ ਦੀ ਦੂਜੀ ਕਾਂਗਰਸ ਵਿੱਚ ਸ਼ਾਮਲ ਹੋਏ। ਹਾਲਾਂਕਿ ਪਹਿਲਾਂ ਉਹ ਪੀ ਸੀ ਜੋਸ਼ੀ ਦੇ ਬਹੁਤ ਨੇੜੇ ਸਨ, ਪਰ ਇਸ ਮੌਕੇ ’ਤੇ ਉਹ ਬੀ.ਟੀ. ਰਣਦੀਵੇ ਦੀ ਅਗਵਾਈ ਹੇਠ ਪੀ ਸੀ ਜੋਸ਼ੀ ਦੀ ਤਿੱਖੀ ਨਿੰਦਾ ਕਰਨ ਵਾਲਿਆਂ ਵਿੱਚ ਸ਼ਾਮਲ ਹੋਏ। ਪੀ ਸੀ ਜੋਸ਼ੀ ਨੇ ਖੁਦ ਕਿਹਾ ਕਿ ਉਹ ਬੀ.ਟੀ.ਆਰ ਦੁਆਰਾ ਕੀਤੇ ਗਏ ਤਿੱਖੇ ਹਮਲੇ ਤੋਂ ਓਨਾ ਦੁਖੀ ਨਹੀਂ ਸੀ, ਜਿੰਨਾ ਕਿ ਅਧਿਕਾਰੀ, ਕੁਮਾਰਮੰਗਲਮ, ਐੱਨ ਕੇ ਕ੍ਰਿਸ਼ਨਨ ਅਤੇ ਹੋਰਾਂ ਦੁਆਰਾ ਆਪਣੇ ਵਿਰੁੱਧ ਦਿਖਾਏ ਗਏ ਜੋਸ਼ ਤੋਂ ਹੋਇਆ ਸੀ।

ਬਾਅਦ ਵਿੱਚ ਕੁਮਾਰਮੰਗਲਮ ਨੂੰ ਆਪਣੀ ਲਾਈਨ ਬਦਲਣੀ ਪਈ ਅਤੇ ਸੀ ਪੀ ਆਈ ਦੇ ਇਤਿਹਾਸ ’ਤੇ ਇੱਕ ਨਵੇਂ ਸਿਰੇ ਤੋਂ ਨਜ਼ਰ ਮਾਰਨ ਦੀ ਲੋੜ ਪਈ, ਜਿਸ ਵਿੱਚੋਂ ਇਹ ਗੱਲ ਸਾਹਮਣੇ ਆਈ ਕਿ ਕਾਂਗਰਸ ਅਤੇ ਸੀ ਪੀ ਆਈ ਵਿਚਕਾਰ ਨੇੜਤਾ ਦੇ ਕਈ ਬਿੰਦੂ ਸਨ। ਉਹ ਇਸ ਵਿਸ਼ੇ ’ਤੇ ਜੋਸ਼ੀ ਤੋਂ ਵੀ ਅੱਗੇ ਚਲੇ ਗਏ, ਸੰਯੁਕਤ ਕੌਮੀ ਮੋਰਚੇ ਦੇ ਥੀਸਿਸ ਨੂੰ ਇੱਕ ਕੌਮੀ ਮੋਰਚੇ ਵਿੱਚ ਵਿਕਸਤ ਕੀਤਾ ਅਤੇ ਪ੍ਰਸਤਾਵਿਤ ਮੋਰਚੇ ਵਿੱਚ ਕਾਂਗਰਸ ਨੂੰ ਇੱਕ ਕੇਂਦਰੀ ਅਤੇ ਮੋਹਰੀ ਸਥਾਨ ਪ੍ਰਦਾਨ ਕੀਤਾ। ਇਸ ਤਰ੍ਹਾਂ ਇਹ ਸੰਕਲਪ ਕੌਮੀ ਲੋਕਤੰਤਰੀ ਮੋਰਚੇ ਤੋਂ ਵੱਖਰਾ ਸੀ।

ਇਸੇ ਸਮੇਂ ਦੌਰਾਨ ਤਾਮਿਲਨਾਡੂ ਵਿੱਚ ਕਿਸਾਨ ਸੰਘਰਸ਼ਾਂ ਦੌਰਾਨ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿੱਚ ਉਹਨਾਂ ਨੇ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਅਤੇ ਏਟਕ ਵਿੱਚ ਵੱਖ-ਵੱਖ ਅਹੁਦਿਆਂ ’ਤੇ ਸੇਵਾ ਕੀਤੀ।

### ਐਡਵੋਕੇਟ ਜਨਰਲ ਵਜੋਂ

ਮੋਹਨ ਕੁਮਾਰਮੰਗਲਮ ਨੇ 1960 ਦੇ ਦਹਾਕੇ ਦੌਰਾਨ ਮਦਰਾਸ ਰਾਜ ਦੇ ਐਡਵੋਕੇਟ ਜਨਰਲ ਵਜੋਂ ਸੇਵਾ ਨਿਭਾਈ। ਇਹ ਕੰਮ ਉਨ੍ਹਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਇਆ।

ਕਾਂਗਰਸ ਵਿੱਚ ਸ਼ਾਮਲ ਹੋਣਾ

1967 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਡੀ ਐੱਮ ਕੇ (ਦ੍ਰਵਿੜ ਮੁਨੇਤਰ ਕਜ਼ਾਗਮ) ਦੀ ਜਿੱਤ ਤੋਂ ਬਾਅਦ, ਕੁਮਾਰਮੰਗਲਮ ਨੇ ਉਸੇ ਸਾਲ ਸੀ ਪੀ ਆਈ ਤੋਂ ਅਸਤੀਫਾ ਦੇ ਦਿੱਤਾ ਅਤੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਹ 1971 ਵਿੱਚ ਕਾਂਗਰਸ (ਇੰਦਰਾ) ਦੀ ਟਿਕਟ ’ਤੇ ਪਾਂਡੀਚੇਰੀ ਤੋਂ ਲੋਕ ਸਭਾ ਲਈ ਚੁਣੇ ਗਏ। ਉਹ ਇੰਦਰਾ ਗਾਂਧੀ ਦੁਆਰਾ ਏ.ਐੱਨ. ਰੇਅ ਨੂੰ ਭਾਰਤ ਦਾ ਮੁੱਖ ਜੱਜ ਨਿਯੁਕਤ ਕਰਨ ਦੇ ਫੈਸਲੇ ਪਿੱਛੇ ਪ੍ਰੇਰਕ ਸ਼ਕਤੀ ਸਨ। ਸੁਪਰੀਮ ਕੋਰਟ ਦੇ ਤਿੰਨ ਜੱਜਾਂ ਨੂੰ ਬਾਈਪਾਸ ਕਰਕੇ ਮੁੱਖ ਜੱਜ ਨਿਯੁਕਤ ਕਰਨ ਦੇ ਮਾਮਲੇ ਵਿਚ ਲੋਕ ਸਭਾ ਵਿੱਚ ਇਸ ਦੇ ਸਮਰਥਨ ਵਿੱਚ ਦਿੱਤਾ ਭਾਸ਼ਣ ਉਹਨਾਂ ਦੀ ਸ਼ਾਨਦਾਰ ਪ੍ਰਾਪਤੀ ਸੀ। ਉਹਨਾਂ ਨੇ 1971 ਤੋਂ 1973 ਤੱਕ (ਆਪਣੀ ਮੌਤ ਤੱਕ) ਸਟੀਲ ਅਤੇ ਖਾਣਾਂ ਦੇ ਮੰਤਰੀ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਲੋਕਾਂ ਦੇ ਫਤਵੇ ਨੂੰ ਬਹੁਤ ਗੰਭੀਰਤਾ ਨਾਲ ਲਿਆ। ਉਨ੍ਹਾਂ ਦੀ ਅਗਵਾਈ ਹੇਠ 700 ਤੋਂ ਵੱਧ ਕੋਲਾ ਖਾਣਾਂ ਦੇ ਰਾਸ਼ਟਰੀਕਰਨ ਸਮੇਤ ਕਈ ਇਕਾਈਆਂ ਦੇ ਸਰਕਾਰੀਕਰਨ ਅਤੇ ਰਾਸ਼ਟਰੀਕਰਨ ਦੇ ਉਪਾਅ ਕੀਤੇ ਗਏ। ਉਨ੍ਹਾਂ ਨੇ ਆਪਣੇ ਸ਼ਾਨਦਾਰ ਕੰਮ ਨਾਲ ਆਪਣੇ ਮੰਤਰੀ ਦੇ ਅਹੁਦੇ ਦੇ ਦੋ ਸਾਲਾਂ ਵਿੱਚ ਕਈ ਤਰ੍ਹਾਂ ਦੇ ਰਿਕਾਰਡ ਕਾਇਮ ਕੀਤੇ।

### ‘ਕੁਮਾਰਮੰਗਲਮ ਥੀਸਿਸ’ 1964

ਕੁਮਾਰਮੰਗਲਮ ਨੇ 1964 ਵਿੱਚ ਸੀ ਪੀ ਆਈ ਲੀਡਰਸ਼ਿਪ ਨੂੰ ਇੱਕ ਵਿਸਤ੍ਰਿਤ ਥੀਸਿਸ ਪੇਸ਼ ਕੀਤਾ, ਜਿਸ ਨੂੰ ‘ਕੁਮਾਰਮੰਗਲਮ ਥੀਸਿਸ’ ਵਜੋਂ ਜਾਣਿਆ ਜਾਂਦਾ ਹੈ। ਉਹ ਸਮਾਂ ਕਮਿਊਨਿਸਟ ਲਹਿਰ ਦੇ ਅੰਦਰ ਤਿੱਖੀਆਂ ਬਹਿਸਾਂ ਦਾ ਸੀ। ਇਹ ਦਸਤਾਵੇਜ਼ ਬਹਿਸ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਪਾਉਣ ਵਾਲਾ ਸੀ। ਇੱਕ ਤਿੱਖੇ ਵਿਸ਼ਲੇਸ਼ਣ ਵਿੱਚ, ਉਹਨਾਂ ਨੇ 1947 ਤੋਂ 1964 ਤੱਕ ਸੀ ਪੀ ਆਈ ਦੇ ਵਿਚਾਰਧਾਰਕ ਅਤੇ ਸਿਧਾਂਤਕ ਪੁਜ਼ੀਸ਼ਨਾਂ ਦੇ ਵਿਕਾਸ ਨੂੰ ਕਵਰ ਕੀਤਾ। ਇਹ ਇੱਕ ਪੜ੍ਹਨਯੋਗ ਥੀਸਿਸ ਹੈ। ਕੁਮਾਰਮੰਗਲਮ ਜਾਣ-ਪਛਾਣ ਵਿੱਚ ਕਹਿੰਦੇ ਹਨ: ‘ਇਹ ਯੋਗਦਾਨ ਸਾਡੀ ਪਾਰਟੀ ਦੀ ਨੀਤੀ ਦਾ 1947 ਤੋਂ ਲੈ ਕੇ ਅੱਜ ਤੱਕ ਦੇ ਵਿਕਾਸ ਦੇ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼ ਹੈ’। ਇਹ ਪੂਰੀ ਤਰ੍ਹਾਂ ਪਾਰਟੀ ਦਸਤਾਵੇਜ਼ਾਂ ’ਤੇ ਅਧਾਰਤ ਸੀ। ਇਹ ਥੀਸਿਸ ‘1973 ਵਿੱਚ ਕਾਂਗਰਸ ਵਿੱਚ ਕਮਿਊਨਿਸਟ : ਕੁਮਾਰਮੰਗਲਮ ਦਾ ਥੀਸਿਸ’ ਸਿਰਲੇਖ ਹੇਠ ਕਿਤਾਬੀ ਰੂਪ ਵਿੱਚ ਪ੍ਰਕਾਸ਼ਿਤ ਹੋਇਆ ਸੀ।

### ਕਿਤਾਬਾਂ ਅਤੇ ਲੇਖ

ਅਸੀਂ ਪਹਿਲਾਂ ਹੀ ਚੀਨ ਅਤੇ ‘ਕੁਮਾਰਮੰਗਲਮ ਥੀਸਿਸ’ ਬਾਰੇ ਉਹਨਾਂ ਦੀਆਂ ਪੁਸਤਕਾਂ ਦਾ ਜ਼ਿਕਰ ਕਰ ਚੁੱਕੇ ਹਾਂ। ਇਨ੍ਹਾਂ ਤੋਂ ਇਲਾਵਾ ਉਹਨਾਂ ਨੇ ਵੱਡੀ ਗਿਣਤੀ ਵਿੱਚ ਲੇਖ ਅਤੇ ਕਿਤਾਬਾਂ/ਪੁਸਤਕਾਵਾਂ ਲਿਖੀਆਂ। ਉਹਨਾਂ ਨੇ ‘ਪੀਪਲਜ਼ ਵਾਰ’ ਅਤੇ ‘ਪੀਪਲਜ਼ ਏਜ’ ਅਤੇ ਬਾਅਦ ਵਿੱਚ ਹੋਰ ਪਾਰਟੀ ਰਸਾਲਿਆਂ ਵਿੱਚ ਵਿਆਪਕ ਤੌਰ ’ਤੇ ਲਿਖਿਆ।ਉਹਨਾਂ ਦੀਆਂ ਹੋਰ ਕਿਤਾਬਾਂ ਹਨ:

*ਏ ਨਿਊ ਜਰਮਨੀ ਇਨ ਬਰਥ (1944);

*ਦ ਯੂਨਾਈਟਿਡ ਨੇਸ਼ਨਜ਼; ਇਰਾਨ ਐਟ ਕਰਾਸਰੋਡਜ਼ (1946);

*ਇੰਡੀਆਜ਼ ਫਾਈਟ ਫਾਰ ਇਕੁਐਲਿਟੀ ਇਨ ਸਾਊਥ ਅਫਰੀਕਾ (1946);

*ਇੰਡੀਆਜ਼ ਲੈਂਗੂਏਜ ਕ੍ਰਾਈਸਿਸ (1965);

*ਇੰਡੀਆ ਐਂਡ ਦ ਯੂ ਐੱਨ ਓ (1947);

*ਡੈਮੋਕਰੇਸੀ ਐਂਡ ਕਲਟ ਆਫ਼ ਇੰਡੀਵਿਜ਼ੁਅਲ (1966);

*ਦ ਕੰਸਟੀਚਿਊਸ਼ਨਲ ਅਮੈਂਡਮੈਂਟਸ:ਦ ਰਿਜ਼ਨਸ ਵ੍ਹਾਈ (1971);

*ਕੋਲ ਇੰਡਸਟਰੀ ਇਨ ਇੰਡੀਆ: ਨੈਸ਼ਨਲਾਈਜ਼ੇਸ਼ਨ ਐਂਡ ਟਾਸਕ ਅਹੈੱਡ (1973);

*ਨਿਆਂਇਕ ਨਿਯੁਕਤੀ: ਹਾਲੀਆ ਵਿਵਾਦ (1973), ਆਦਿ।

ਇਹ ਉਹਨਾਂ ਦੀ ਪ੍ਰਮੁੱਖ ਸਿਧਾਂਤਕ ਭੂਮਿਕਾ ਨੂੰ ਦਰਸਾਉਂਦੇ ਹਨ।

### ਦੇਹਾਂਤ

ਮੋਹਨ ਕੁਮਾਰਮੰਗਲਮ 31 ਮਈ, 1973 ਨੂੰ ਇੰਡੀਅਨ ਏਅਰਲਾਈਨਜ਼ ਬੋਇੰਗ 737 ਫਲਾਈਟ 440 ਦੇ ਹਾਦਸੇ ਵਿੱਚ ਮਾਰੇ ਗਏ ਸਨ। ਉਸ ਸਮੇਂ ਉਹ ਸਿਰਫ਼ 56 ਸਾਲ ਦੇ ਸਨ। ਕੁਝ ਹੋਰ ਪ੍ਰਮੁੱਖ ਸ਼ਖਸੀਅਤਾਂ ਦੀ ਵੀ ਇਸੇ ਉਡਾਣ ਵਿੱਚ ਮੌਤ ਹੋ ਗਈ ਸੀ, ਜਿਵੇਂ ਕਿ ਕੇ. ਬਾਲਦੰਡਯੁਧਮ ਅਤੇ ਸਤੀਸ਼ ਲੂੰਬਾ। ਇਹ ਕਮਿਊਨਿਸਟ ਅਤੇ ਪ੍ਰਗਤੀਸ਼ੀਲ ਲੋਕਤੰਤਰੀ ਅੰਦੋਲਨ ਲਈ ਇੱਕ ਕਰੂਰ ਝਟਕਾ ਸੀ। ਬਹੁਤ ਸਾਰੇ ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ, ਪਰ ਕੁਮਾਰਮੰਗਲਮ ਦੀ ਲਾਸ਼ ਦੀ ਪਛਾਣ ਪਾਰਕਰ ਪੈੱਨ ਅਤੇ ਇੱਕ ਸੁਣਨ ਵਾਲੀ ਮਸ਼ੀਨ ਦੁਆਰਾ ਕੀਤੀ ਗਈ ਸੀ, ਜੋ ਉਹਨਾਂ ਨੇ ਪਹਿਨੀ ਹੋਈ ਸੀ।

ਮੋਹਨ ਕੁਮਾਰਮੰਗਲਮ ਕਦੇ ਵੀ ਖੱਬੇ, ਲੋਕਤੰਤਰੀ ਅਤੇ ਪ੍ਰਗਤੀਸ਼ੀਲ ਸਾਮਰਾਜ ਵਿਰੋਧੀ ਮਾਰਗ ਤੋਂ ਨਹੀਂ ਹਟੇ। ਉਹ ਪ੍ਰਤੀਕਿਰਿਆਵਾਦੀ ਅਤੇ ਸਾਮਰਾਜਵਾਦੀ ਵਿਚਾਰਧਾਰਾ ਦੇ ਵਿਰੁੱਧ ਬੋਲਣ ਵਿੱਚ ਨਿਡਰ ਸਨ। ਉਹ ਅੰਤ ਤੱਕ ਕਮਿਊਨਿਸਟ ਅੰਦੋਲਨ ਦੇ ਇੱਕ ਨਜ਼ਦੀਕੀ ਦੋਸਤ ਅਤੇ ਸਹਿਯੋਗੀ ਰਹੇ ਅਤੇ ਹਰ ਸੰਭਵ ਤਰੀਕੇ ਨਾਲ ਇਸ ਦੀ ਮਦਦ ਕਰਦੇ ਰਹੇ। ਉਹ ਕਦੇ ਵੀ ਮਜ਼ਦੂਰ ਜਮਾਤ ਦੀਆਂ ਇੱਛਾਵਾਂ ਤੋਂ ਵੱਖ ਨਹੀਂ ਹੋਏ। ਇਸ ਦੇ ਨਾਲ ਹੀ ਉਹ ਸੁਤੰਤਰ ਸੋਚ ਵਾਲੇ ਸਨ। ਉਨ੍ਹਾਂ ਕੋਲ ਇੱਕ ਡੂੰਘਾ ਸਿਧਾਂਤਕ ਅਤੇ ਇੱਕ ਤਿੱਖਾ ਵਿਹਾਰਕ ਦ੍ਰਿਸ਼ਟੀਕੋਣ ਸੀ।

ਮੋਹਨ ਕੁਮਾਰਮੰਗਲਮ ਨੇ ਕਮਿਊਨਿਸਟ ਅਤੇ ਵਿਆਪਕ ਕੌਮੀ ਲੋਕਤੰਤਰੀ ਉਦੇਸ਼ ਲਈ ਅਭੁੱਲ ਯੋਗਦਾਨ ਪਾਇਆ।

---

ਸ਼ਬਦ ਚਿੱਤਰ

# ਪਿਕਾਸੋ ਦਾ ਸ਼ਾਹਕਾਰ


ਸੁਖਬੀਰ


ਕਲਾਕਾਰ ਦਾ ਹਰ ਸ਼ਾਹਕਾਰ ਆਪਣੇ ਅੰਦਰ ਕਿਸੇ ਸੀਮਾ ਤੱਕ ਘਿਨਾਉਣਾਪਣ ਲੈ ਕੇ ਸੰਸਾਰ ਵਿਚ ਆਉਂਦਾ ਹੈ। ਇਹ ਘਿਨਾਉਣਾਪਣ ਕਲਾਕਾਰ ਦੇ ਉਸ ਸੰਘਰਸ਼ ਦੀ ਨਿਸ਼ਾਨੀ ਹੈ, ਜਿਸ ਵਿਚ ਉਹ ਕਿਸੇ ਨਵੀਂ ਸ਼ੈਲੀ ਵਿਚ ਕੋਈ ਗਰਟਰੂਡ ਸਟੇਨ (ਪਿਕਾਸੋ ਬਾਰੇ) ਨਵੀਂ ਵਸਤੂ ਦੇਣੀ ਚਾਹੁੰਦਾ ਹੈ। ਮੈਂ ਆਪਣੀਆਂ ਅੱਖਾਂ ਨਾਲ ਮਹਿਸੂਸ ਕਰਦੀ ਹਾਂ ਤੇ ਮੈਨੂੰ ਇਸ ਨਾਲ ਕੋਈ ਅੰਤਰ ਨਹੀਂ ਪੈਂਦਾ ਕਿ ਮੈਂ ਕਿਹੜੀ ਭਾਸ਼ਾ ਸੁਣ ਰਹੀ ਹਾਂ। ਮੈਂ ਭਾਸ਼ਾ ਨਹੀਂ ਸੁਣਦੀ, ਮੈਂ ਆਵਾਜ਼ ਦਾ ਲਹਿਜਾ ਸੁਣਦੀ ਹਾਂ ਤੇ ਲੈਅ, ਪਰ ਆਪਣੀਆਂ ਅੱਖਾਂ ਨਾਲ ਮੈਂ ਸ਼ਬਦ ਤੇ ਵਾਕ ਵੇਖਦੀ ਹਾਂ ਤੇ ਮੇਰੇ ਲਈ ਸਿਰਫ਼ ਇਕ ਜ਼ਬਾਨ ਹੈ ਤੇ ਉਹ ਹੈ ਅੰਗਰੇਜ਼ੀ। ਇਨ੍ਹਾਂ ਵਰ੍ਹਿਆਂ ਵਿਚ ਜਿਹੜੀ ਇਕ ਗੱਲ ਮੈਨੂੰ ਬੜੀ ਚੰਗੀ ਲਗਦੀ ਰਹੀ ਹੈ, ਉਹ ਇਹ ਕਿ ਮੈਂ ਉਨ੍ਹਾਂ ਲੋਕਾਂ ਵਿਚ ਘਿਰੀ ਰਹਾਂ, ਜਿਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ। ਇਸ ਨਾਲ ਮੈਂ ਵਧੇਰੇ ਇਕੱਲ ਮਹਿਸੂਸ ਕੀਤੀ ਹੈ। ਮੈਂ ਬਹੁਤ ਸਾਰੇ ਲੋਕਾਂ ਵਿਚ ਘਿਰ ਕੇ ਤੇ ਆਪਣੇ ਆਪ ਨੂੰ ਬੜੀ ਇਕੱਲੀ ਮਹਿਸੂਸ ਕਰ ਕੇ ਜੀਣਾ ਚਾਹੁੰਦੀ ਹਾਂ-ਅੰਗਰੇਜ਼ੀ ਨਾਲ ਤੇ ਆਪਣੇ ਆਪ ਨਾਲ।‘ਗਰਟਰੂਡ ਸਟੇਨ’ (ਆਪਣੇ ਬਾਰੇ)।

ਹਾਂ, ਇਹ ਹੈ ਗਰਟਰੂਡ ਸਟੇਨ। ਬੜੀ ਗੁੰਝਲਦਾਰ ਅਮਰੀਕੀ ਲੇਖਕਾ ਸਾਹਿਤ ਵਿਚ ਅੰਤਾਂ ਦੀ ਸਾਦਗੀ ਦਾ ਪ੍ਰਚਾਰ ਕਰਨ ਵਾਲੀ। ਕਈਆਂ ਦੀਆਂ ਨਜ਼ਰਾਂ ਵਿਚ ਸਾਹਿਤਕ ‘ਫ਼ਰਾਡ’। ਕਈਆਂ ਦੀਆਂ ਨਜ਼ਰਾਂ ਵਿਚ ‘ਜੀਨੀਅਸ’। ਸਾਹਿਤ ਵਿਚ ਬੜੇ ਵੱਖਰੇ ਤੇ ਮੌਲਿਕ ਰਾਹ ਉਲੀਕਣ ਵਾਲੀ।

ਵੀਹਵੀਂ ਸਦੀ ਦੇ ਕਈ ਵੱਡੇ ਲੇਖਕਾਂ ਤੇ ਚਿੱਤਰਕਾਰਾਂ ’ਤੇ ਆਪਣਾ ਪ੍ਰਭਾਵ ਪਾਉਣ ਵਾਲੀ। ਗਰਟਰੂਡ ਸਟੇਨ ਅਮਰੀਕਾ ਵਿਚ ਆਪਣੀ ਤਾਲੀਮ ਪੂਰੀ ਕਰਕੇ 1904 ਵਿਚ ਫ਼ਰਾਂਸ ਗਈ। ਉਸ ਨੇ ਆਪਣੀ ਜ਼ਿੰਦਗੀ ਦਾ ਵਧੇਰੇ ਹਿੱਸਾ ਪੈਰਿਸ ਵਿਚ ਬਿਤਾਇਆ, ਜਿੱਥੇ ਉਸ ਦਾ ਘਰ ਲੇਖਕਾਂ ਤੇ ਕਲਾਕਾਰਾਂ ਦਾ ਅੱਡਾ ਸੀ।ਬੜੀ ਪ੍ਰਭਾਵਸ਼ਾਲੀ ਸ਼ਖਸੀਅਤ ਸੀ ਉਸ ਦੀ। ਗੱਲਾਂ ਕਰਦੀ, ਅਗਲੇ ’ਤੇ ਛਾ ਜਾਂਦੀ।

ਉਹ ਸਿਰਫ਼ ਆਪਣੀਆਂ ਗੱਲਾਂ ਤੇ ਲਿਖਤਾਂ ਨਾਲ਼ ਹੀ ਅਗਲੇ ’ਤੇ ਪ੍ਰਭਾਵ ਨਾ ਪਾਉਂਦੀ, ਆਪਣੀ ਪੂਰੀ ਹੋਂਦ ਨਾਲ ਅਗਲੇ ਨੂੰ ਕੀਲ ਕੇ ਬੰਨ੍ਹ ਲੈਂਦੀ।ਕੁਝ ਲੋਕਾਂ ਦਾ ਖ਼ਿਆਲ ਹੈ ਕਿ ਉਸ ਨੇ ਜਾਣ-ਬੁਝ ਕੇ ਆਪਣੀ ਅਜਿਹੀ ਸ਼ਖ਼ਸੀਅਤ ਬਣਾਈ ਹੈ ਤੇ ਇਹ ਉਸ ਦੀ ਸਭ ਤੋਂ ਵੱਡੀ ਸਫਲਤਾ ਹੈ।



ਉਹ ਸ਼ਕਲੋਂ ਹੀ ਨਹੀਂ, ਆਪਣੇ ਪਹਿਰਾਵੇ, ਬੋਲ-ਬਾਣੀ ਤੇ ਹਰਕਤਾਂ ਤੋਂ ਵੀ ਮਰਦਾਵੀਂ ਕਿਸਮ ਦੀ ਤੀਵੀਂ ਜਾਪਦੀ ਸੀ। ਤਗੜਾ ਸੁਨੱਖਾ ਚਿਹਰਾ, ਗੱਠਿਆ ਹੋਇਆ ਜਿਸਮ ਤੇ ਮਧਰਾ ਕੱਦ-ਕਾਠ, ਸਿਰ ’ਤੇ ਮਰਦਾਂ ਵਰਗੇ ਛੋਟੇ ਛੋਟੇ ਵਾਲ ਤੇ ਤਿੱਖੀਆਂ ਕਾਲੀਆਂ ਅੱਖਾਂ।

ਪਿਕਾਸੋ ਦੀ ਉਸ ਨਾਲ ਮੁਲਾਕਾਤ ਹੋਈ ਤਾਂ ਉਹ ਉਸ ਦੇ ਪ੍ਰਭਾਵ ਤੋਂ ਬਚ ਨਾ ਸਕਿਆ। ਉਸ ਦੀ ਵੱਖਰੀ ਕਿਸਮ ਦੀ ਸ਼ਖ਼ਸੀਅਤ ਨੇ ਪਿਕਾਸੋ ਨੂੰ ਕੀਲ ਲਿਆ। ਫੇਰ ਹੋਰਨਾਂ ਕਲਾਕਾਰਾਂ ਨਾਲ ਉਸ ਦੇ ਘਰ ਆਉਣ-ਜਾਣ ਲੱਗਾ। ਦੋਵਾਂ ਦੇ ਬੜੇ ਚੰਗੇ ਸੰਬੰਧ ਬਣ ਗਏ। ਪਿਕਾਸੋ ਦੇ ਕਹਿਣ ਅਨੁਸਾਰ ਉਹ ਉਸ ਦੀ ਇਕੋ ਇਕ ਔਰਤ-ਦੋਸਤ ਹੈ। ਅਖ਼ੀਰ ਇਕ ਵਾਰ ਪਿਕਾਸੋ ਨੇ ਉਹ ਦਾ ਪੋਰਟਰੇਟ ਬਣਾਉਣ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਗਰਟਰੂਡ ਖ਼ੁਸ਼ੀ ਨਾਲ ਮੰਨ ਗਈ।

ਪਿਕਾਸੋ ਨੂੰ ਮਿਲਣ ਤੋਂ ਪਹਿਲਾਂ ਗਰਟਰੂਡ ਉਸ ਦੇ ਕੁਝ ਚਿੱਤਰ ਵੇਖ ਚੁੱਕੀ ਸੀ। ਉਸ ਦਾ ਭਰਾ ਲੀਓ ਸਟੇਨ ਕਲਾ ਦਾ ਪਾਰਖੂ ਸੀ ਤੇ ਚਿੱਤਰ ਖ਼ਰੀਦਿਆ ਕਰਦਾ ਸੀ।

ਇਕ ਵਾਰ ਗਰਟਰੂਡ ਉਸ ਨਾਲ ਚਿੱਤਰਾਂ ਦੀ ਇਕ ਦੁਕਾਨ ’ਤੇ ਗਈ, ਉਥੇ ਪਿਕਾਸੋ ਦਾ ਇਕ ਚਿੱਤਰ ਲੀਓ ਨੂੰ ਪਸੰਦ ਆਇਆ, ਜਿਸ ਵਿਚ ਇਕ ਨੰਗੀ ਕੁੜੀ ਸੂਹੇ ਫੁੱਲਾਂ ਦੀ ਟੋਕਰੀ ਚੁੱਕੀ ਖੜੋਤੀ ਸੀ, ਪਰ ਉਹ ਚਿੱਤਰ ਗਰਟਰੂਡ ਨੂੰ ਪਸੰਦ ਨਾ ਆਇਆ। ਉਸ ਨੂੰ ਉਹ ਘਿਨਾਉਣਾ ਲੱਗਾ।

ਕੁੜੀ ਦੀਆਂ ਲੱਤਾਂ ਤੇ ਪੈਰ ਕੁਝ ਇਸ ਤਰ੍ਹਾਂ ਦੇ ਬਣੇ ਹੋਏ ਸਨ ਕਿ ਉਹ ਉਨ੍ਹਾਂ ਵੱਲ ਵੇਖ ਨਾ ਸਕੀ। ਉਨ੍ਹਾਂ ਵੱਲ ਵੇਖਿਆਂ ਉਸ ਦਾ ਜੀਅ ਖ਼ਰਾਬ ਹੁੰਦਾ ਸੀ। ਭਰਾ ਨੂੰ ਚਿੱਤਰ ਪਸੰਦ ਸੀ, ਭੈਣ ਨੂੰ ਨਹੀਂ। ਸੋ ਉਸ ਨੂੰ ਖ਼ਰੀਦਣ ਦੇ ਸਿਲਸਿਲੇ ਵਿਚ ਦੋਵਾਂ ਦਾ ਝਗੜਾ ਹੋਇਆ।

ਦੁਕਾਨਦਾਰ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਤਾਂ ਉਨ੍ਹਾਂ ਨੂੰ ਸਮਝੌਤੇ ਦਾ ਰਾਹ ਦਿਖਿਆ। ਉਸ ਨੇ ਸਲਾਹ ਦਿੰਦਿਆਂ ਕਿਹਾ, ਜੇ ਕੁੜੀ ਦੀਆਂ ਲੱਤਾਂ ਤੇ ਪੈਰ ਪਸੰਦ ਨਹੀਂ, ਤਾਂ ਕੱਟ ਸੁੱਟੋ ਤੇ ਉੱਪਰਲਾ ਹਿੱਸਾ ਰੱਖ ਲਓ, ਪਰ ਇਹ ਕਿਸ ਤਰ੍ਹਾਂ ਹੋ ਸਕਦਾ ਸੀ? ਭਲਾ ਕਿਸੇ ਕਲਾ-ਕ੍ਰਿਤ ਦੇ ਟੋਟੇ ਕੀਤੇ ਜਾ ਸਕਦੇ ਹਨ ? ਨਾਲੇ ਲੀਓ ਨੂੰ ਪੂਰੇ ਦਾ ਪੂਰਾ ਹੀ ਚਿੱਤਰ ਪਸੰਦ ਸੀ। ਉਹ ਉਸ ਨੂੰ ਹਰ ਹਾਲਤ ਵਿਚ ਖ਼ਰੀਦਣਾ ਵੀ ਚਾਹੁੰਦਾ ਸੀ।

ਅਖ਼ੀਰ ਗਰਟਰੂਡ ਨੂੰ ਭਰਾ ਸਾਹਵੇਂ ਹਾਰ ਖਾਣੀ ਪਈ, ਜਿਸ ’ਤੇ ਉਹ ਹਮੇਸ਼ਾ ਹਾਵੀ ਰਹੀ ਸੀ।

ਉਹ ਪਿਕਾਸੋ ਦਾ ਪਹਿਲਾ ਚਿੱਤਰ ਸੀ, ਜੋ ਉਨ੍ਹਾ ਦੇ ਘਰ ਵਿਚ ਆਇਆ। ਪਿਕਾਸੋ ਨੇ ਗਰਟਰੂਡ ਦਾ ਪੋਰਟਰੇਟ ਬਣਾਉਣਾ ਸ਼ੁਰੂ ਕੀਤਾ, ਤਾਂ ਉਸ ਵੇਲੇ ਉਸ ਦੀ ਉਮਰ ਚੌਵੀਆਂ ਵਰ੍ਹਿਆਂ ਦੀ ਸੀ ਤੇ ਗਰਟਰੂਡ ਦੀ ਇਕੱਤੀਆਂ ਵਰ੍ਹਿਆਂ ਦੀ, ਸੰਨ ਸੀ 1905।

ਉਹਨੀਂ ਦਿਨੀਂ ਪਿਕਾਸੋ ਇਕ ਛੋਟੇ ਜਿਹੇ ਘਰ ਵਿਚ ਰਹਿੰਦਾ ਸੀ, ਓਸੇ ਵਿਚ ਉਸ ਦਾ ਸਟੂਡੀਓ ਸੀ।ਗਰਟਰੂਡ ਉਸ ਦੇ ਘਰ ਜਾ ਕੇ ‘ਪੋਜ਼’ ਕਰਨ ਲੱਗੀ। ਘਰ ਵਿਚ ਬੇਹਿਸਾਬ ਖਿਲਾਰਾ ਪਿਆ ਹੋਇਆ ਹੁੰਦਾ। ਕੋਈ ਵੀ ਚੀਜ਼ ਚਿਣ, ਸੰਵਾਰ ਕੇ ਨਾ ਰੱਖੀ ਹੁੰਦੀ।



ਉਨ੍ਹਾਂ ਚੀਜ਼ਾਂ ਵਾਂਗ ਹੀ ਚੁਫੇਰੇ ਬੇਤਰਤੀਬੀ ਵਿਚ ਵੱਡੇ-ਵੱਡੇ ਚਿੱਤਰ ਪਏ ਹੁੰਦੇ, ਉਥੇ ਕਿਸੇ ਨਾ ਕਿਸੇ ਦਾ ਆਉਣਾ-ਜਾਣਾ ਬਣਿਆ ਰਹਿੰਦਾ। ਹੋਰ ਵੀ ਕੋਈ ਨਾ ਕੋਈ ਵਿਘਨ ਪੈਂਦਾ ਰਹਿੰਦਾ, ਪਰ ਪਿਕਾਸੋ ਆਪਣੇ ਕੰਮ ਵਿਚ ਡੁੱਬਾ ਰਹਿੰਦਾ।

ਘਰ ਵਿਚ ਇਕ ਵੱਡੀ ਸਾਰੀ ਟੁੱਟੀ ਹੋਈ ਕੁਰਸੀ ਸੀ। ਗਰਟਰੂਡ ਉਸ ’ਤੇ ਬੈਠ ਕੇ ਪੋਜ਼ ਕਰਦੀ ਤੇ ਪਿਕਾਸੋ ਇਕ ਛੋਟੀ ਜਿਹੀ ਕੁਰਸੀ ’ਤੇ ਬੈਠ ਕੇ ਚਿੱਤਰ ਬਣਾਉਂਦਾ। ਉਸ ਦੇ ਸਾਹਮਣੇ ਵੱਡਾ ਸਾਰਾ ‘ਈਗਲ’ ਹੁੰਦਾ ਤੇ ਛੋਟੀ ਜਿਹੀ ‘ਪੈਲੇਟ’ ’ਤੇ ਇਕੋ ਭੂਰਾ ਰੰਗ ਹੁੰਦਾ। ਪਿਕਾਸੋ ਜੇ ਉਸ ਵਿਚ ਕੋਈ ਹੋਰ ਰੰਗ ਮਿਲਾਉਂਦਾ ਵੀ ਤਾਂ ਉਹ ਵੀ ਹਲਕਾ ਜਾਂ ਗੂੜ੍ਹਾ ਭੂਰਾ ਰੰਗ ਹੀ ਹੁੰਦਾ।

ਪਿਕਾਸੋ ਦੀ ਮਿਸਪ੍ਰੈੱਸ ਫਰਨਾਂਡੋ ਹਮੇਸ਼ਾ ਘਰ ਵਿਚ ਹੁੰਦੀ ਤੇ ਗਰਟਰੂਡ ਦੇ ਮਨ-ਪਰਚਾਵੇ ਲਈ ਕਹਾਣੀਆਂ ਪੜ੍ਹ ਕੇ ਸੁਣਾਉਂਦੀ। ਉਸ ਵੇਲੇ ਪਿਕਾਸੋ ਚਿੱਤਰ ਦੇ ਬੜਾ ਨੇੜੇ ਹੋ ਕੇ ਤੇ ਤਣ ਕੇ ਬੈਠਾ ਹੋਇਆ ਹੁੰਦਾ।

ਪਹਿਲੇ ਹੀ ਦਿਨ ਤਰਕਾਲੀਂ ਗਰਟਰੂਡ ਦੇ ਦੋ ਭਰਾ ਤੇ ਇਕ-ਦੋ ਹੋਰ ਬੰਦੇ ਉਥੇ ਆਏ। ਉਨ੍ਹਾਂ ਉਸ ਦਾ ਸਕੈੱਚ ਵੇਖਿਆ ਤਾਂ ਬੇਹੱਦ ਖ਼ੁਸ਼ ਹੋਏ ਤੇ ਉਨ੍ਹਾਂ ਪਿਕਾਸੋ ਨੂੰ ਕਿਹਾ ਕਿ ਸਕੈੱਚ ਨੂੰ ਉਂਞ ਰਹਿਣ ਦਏ। ਉਹ ਏਨਾ ਸੋਹਣਾ ਬਣਿਆ ਹੈ ਕਿ ਉਸ ਵਿਚ ਕੋਈ ਵਾਧਾ-ਘਾਟਾ ਨਾ ਕਰੋ, ਪਰ ਪਿਕਾਸੋ ਨਹੀਂ ਮੰਨਿਆ, ਉਸ ਨੇ ਕਿਹਾ ਕਿ ਉਹ ਪੂਰਾ ਪੋਰਟਰੇਟ ਹੀ ਬਣਾਏਗਾ। ਉਸ ਪੋਰਟਰੇਟ ਲਈ ਗਰਟਰੂਡ ਨੂੰ ਲਗਭਗ ਨੱਬੇ ਵਾਰ ਪੰਜ ਕਰਨਾ ਪਿਆ।

ਪੋਰਟਰੇਟ ਬਣਾਉਂਦਿਆਂ ਪਿਕਾਸੋ ਜਿਵੇਂ ਕਲਾ ਨਾਲ ਜੂਝ ਰਿਹਾ ਸੀ। ਅਖ਼ੀਰ ਜਦ ਪੋਰਟਰੇਟ ਕਾਫ਼ੀ ਹੱਦ ਤੱਕ ਬਣ ਗਿਆ ਤਾਂ ਪਿਕਾਸੋ ਨੂੰ ਲੱਗਾ ਕਿ ਗੱਲ ਨਹੀਂ ਬਣੀ ਤੇ ਉਹ ਅਸਫਲ ਰਿਹਾ ਹੈ। ਫੇਰ ਇਕ ਵਾਰ ਉਸ ਨੇ ਝੁੰਜਲਾ ਕੇ ਗਰਟਰੂਡ ਨੂੰ ਕਿਹਾ ਕਿ ਉਹ ਉਸ ਨੂੰ ਵੇਖਦਾ ਹੈ, ਤਾਂ ਅੱਗੋਂ ਉਸ ਨੂੰ ਦਿਸਦੀ ਹੀ ਨਹੀਂ। ਉਸ ਨੇ ਪੋਰਟਰੇਟ ਬਣਾਉਣਾ ਛੱਡ ਦਿੱਤਾ। ਸੋਚਿਆ ਕਿ ਕੁਝ ਦਿਨ ਠਹਿਰ ਕੇ ਮੁੜ ਸ਼ੁਰੂ ਕਰੇਗਾ।

ਇਸ ਵਿਚਕਾਰ ਪਿਕਾਸੋ ਆਪਣੇ ਵਤਨ ਸਪੇਨ ਚਲਾ ਗਿਆ। ਉਹਨੀਂ ਦਿਨੀਂ ਉਹ ਜਿਸ ਤੇਜ਼ੀ ਨਾਲ ਚਿੱਤਰ ’ਤੇ ਚਿੱਤਰ ਬਣਾ ਰਿਹਾ ਸੀ, ਉਸ ਦੀ ਕਲਾ ਇਕ ਦੌਰ ’ਚੋਂ ਨਿਕਲ ਕੇ ਦੂਜੇ ਦੌਰ ਵਿਚ ਪ੍ਰਵੇਸ਼ ਕਰਨ ਵਾਲੀ ਸੀ।

ਸਪੇਨ ਤੋਂ ਪਰਤਣ ’ਤੇ ਇਕ ਦਿਨ ਉਸ ਆਪਣੇ ਇਕ ਦੋਸਤ ਦੇ ਸਾਹਮਣੇ ਆਪਣੀ ਪਿਛਲੀ ਚਿੱਤਰਕਲਾ ਨੂੰ ਜੋ ਅੱਜ ਵੀ ਬੜੀ ਮਹਾਨ ਸਮਝੀ ਜਾਂਦੀ ਹੈ, ਰੱਦ ਕਰਦਿਆਂ ਕਿਹਾ ਕਿ ਉਹ ਸਭ ਜਜ਼ਬਾਤੀਪੁਣਾ ਸੀ।

ਉਸ ਵੇਲੇ ਉਹ ਆਪਣੇ ਆਪ ਨਾਲੋਂ ਟੁੱਟਾ ਤੇ ਕਲਾਤਮਕ ਸਿਰਜਣਾ ਲਈ ਨਵਾਂ ਰਾਹ ਲੱਭਿਆ। ਹੁਣ ਤਕ ਉਸ ਨੇ ਜਿਸ ਰਵਾਇਤੀ ਕਿਸਮ ਦੇ ਸੁਹੱਪਣ ਨੂੰ ਜਨਮ ਦਿੱਤਾ ਸੀ, ਉਸ ਨਾਲੋਂ ਟੁੱਟ ਕੇ ਉਹ ਨਵੀਂ ਕਿਸਮ ਦਾ ਸੁਹੱਪਣ ਪੈਦਾ ਕਰਨਾ ਚਾਹੁੰਦਾ ਸੀ।

ਕੁਝ ਹੀ ਦਿਨਾਂ ਪਿਛੋਂ ਉਸ ਨੇ ਮੁੜ ਇਕ ਦਿਨ ਗਰਟਰੂਡ ਸਟੇਨ ਦੇ ਪੋਰਟਰੇਟ ਨੂੰ ਛੋਹਿਆ ਤੇ ਗਰਟਰੂਡ ਨੂੰ ਬਿਨ ਵੇਖੇ ਹੀ


ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਸੁਪਰੀਮ ਕੋਰਟ ਵਿੱਚ ਇੱਕ ਪੈਂਤੜੇ ਨਾਲ ਭਾਜਪਾ ਵਾਸਤੇ ਚੋਣ ਕਮਿਸ਼ਨ ਵੱਡਾ ਦਾਅ ਖੇਡ ਗਿਐ !

ਭਾਰਤ ਦੀ ਪਾਰਲੀਮੈਂਟ ਦਾ ਇਸ ਵਾਰ ਦਾ ਮੌਨਸੂਨ ਸਮਾਗਮ ਬੀਤੇ ਹਫਤੇ ਅਨਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤੇ ਜਾਣ ਨਾਲ ਰੋਜ਼ ਦੀ ਰਾਜਸੀ ਖਿੱਚੋਤਾਣ ਦਾ ਇੱਕ ਅਖਾੜਾ ਦ੍ਰਿਸ਼ ਤੋਂ ਲਾਂਭੇ ਹੋ ਗਿਆ। ਇਸ ਨਾਲ ਆਮ ਲੋਕਾਂ ਨੂੰ ਕੁਝ ਸੌਖਾ ਸਾਹ ਮਿਲ ਸਕਦਾ ਹੈ, ਪਰ ਓਥੇ ਸਾਰੇ ਮੁੱਦੇ ਇਹੋ ਜਿਹੇ ਹੋਰ ਹਨ, ਜਿਹੜੇ ਦੱਸਦੇ ਹਨ ਕਿ ਅਗਲੀਆਂ ਚੋਣਾਂ ਜਿੰਨੀਆਂ ਦੇਰ ਨੂੰ ਹੋਣੀਆਂ ਹਨ, ਦੇਸ਼ ਦੀਆਂ ਦੋਵਾਂ ਮੁੱਖ ਵਿਰੋਧੀ ਧਿਰਾਂ ਦਾ ਆਢਾ ਏਦਾਂ ਹੀ ਲੱਗਾ ਰਹੇਗਾ ਅਤੇ ਸਰਕਾਰ ਚਲਾ ਰਹੀ ਧਿਰ ਕਿਸੇ ਵੀ ਤਰ੍ਹਾਂ ਦੀ ਲਚਕ ਦੇਣ ਦਾ ਕੋਈ ਸੰਕੇਤ ਨਹੀਂ ਦੇਵੇਗੀ। ਇਸ ਦੇ ਬਾਵਜੂਦ ਵਿਰੋਧੀ ਧਿਰ ਕੁਝ ਗੱਲਾਂ ਵਿੱਚ ਸਰਕਾਰ ਨੂੰ ਆਮ ਲੋਕਾਂ ਦੀ ਸੱਥ ਵਿੱਚ ਬੇਪਰਦ ਕਰਨ ਵਿੱਚ ਸਫਲ ਰਹੀ ਹੈ। ਇਹ ਕੋਈ ਛੋਟੀ ਗੱਲ ਨਹੀਂ, ਪਰ ਵਿਰੋਧੀ ਧਿਰ ਨਾਲੋਂ ਇਸ ਵਿੱਚ ਵੱਧ ਯੋਗਦਾਨ ਅਦਾਲਤਾਂ ਵਿੱਚ ਚੱਲਦੀ ਪ੍ਰਕਿਰਿਆ ਦਾ ਹੈ, ਜਿਸ ਦੇ ਵਲਾਵੇਂ ਵਿੱਚ ਫਸੇ ਹੋਏ ਚੋਣ ਕਮਿਸ਼ਨ ਦੀ ਬਹੁਤ ਹੇਠੀ ਹੋਈ ਹੈ ਤੇ ਕੱਟੇ ਗਏ ਵੋਟਰ ਵਾਪਸ ਲੈਣ ਦਾ ਕੌੜਾ ਘੁੱਟ ਵੀ ਭਰਨਾ ਪਿਆ ਹੈ।

ਅਗਲੇ ਸਮੇਂ ਦੀ ਰਾਜਨੀਤੀ ਵਿੱਚ ਬਹੁਤ ਵੱਡਾ ਉਲਟਫੇਰ ਕਰਨ ਦੀ ਸੰਭਾਵਨਾ ਵਾਲਾ ਇਹ ਮਾਮਲਾ ਜਦੋਂ ਪਹਿਲੀ ਵਾਰ ਲੋਕਾਂ ਸਾਹਮਣੇ ਆਇਆ ਤਾਂ ਇੱਕ ਰਾਜਨੀਤਕ ਦੂਸ਼ਣ ਜਿਹਾ ਜਾਪਦਾ ਸੀ। ਰਾਹੁਲ ਗਾਂਧੀ ਨੇ ਮਹਾਰਾਸ਼ਟਰ ਦੀਆਂ ਪਿਛਲੀਆਂ ਚੋਣਾਂ ਵਿੱਚ ਲੱਖਾਂ ਵੋਟਰਾਂ ਦੀਆਂ ਵੋਟਾਂ ਕੱਟੀਆਂ ਜਾਣ ਅਤੇ ਉਨ੍ਹਾਂ ਲੱਖਾਂ ਵੋਟਾਂ ਦੀ ਥਾਂ ਉਨ੍ਹਾਂ ਤੋਂ ਵੱਧ ਵੋਟਾਂ ਹੋਰ ਜੋੜੇ ਜਾਣ ਦੀ ਗੱਲ ਕਹੀ ਤਾਂ ਕਈ ਲੋਕਾਂ ਨੂੰ ਇਸ ਦਾ ਯਕੀਨ ਨਹੀਂ ਸੀ ਹੁੰਦਾ। ਫਿਰ ਇਹੋ ਜਿਹੇ ਕਈ ਸਬੂਤ ਸਾਹਮਣੇ ਆਉਣ ਲੱਗ ਪਏ, ਪਰ ਚੋਣ ਕਮਿਸ਼ਨ ਇਨ੍ਹਾਂ ਦਾ ਜਵਾਬ ਨਹੀਂ ਸੀ ਦੇ ਰਿਹਾ, ਦੇਸ਼ ਦੀ ਸਰਕਾਰ ਦੀ ਅਗਵਾਈ ਕਰਦੀ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਤੇ ਸੀਨੀਅਰ ਆਗੂ ਇਸ ਨੂੰ ਕੱਟਣ ਲਈ ਸਿਰ ਪਰਨੇ ਹੋ ਰਹੇ ਸਨ ਤੇ ਇਸ ਨਾਲ ਵਿਵਾਦ ਹੋਰ ਵਧਦਾ ਰਿਹਾ। ਏਦਾਂ ਦੇ ਵਿਵਾਦ ਵਿੱਚ ਬਿਹਾਰ ਵਿੱਚ ਵੋਟਰਾਂ ਦੀ ਪੁਣਛਾਣ ਦੀ ਵਿਸ਼ੇਸ਼ ਮੁਹਿੰਮ ਦੀ ਚਰਚਾ ਛਿੜ ਗਈ, ਜਿਸ ਵਿੱਚ ਪੈਂਹਠ ਲੱਖ ਵੋਟਰਾਂ ਦੀਆਂ ਵੋਟਾਂ ਕੱਟਣ ਲਈ ਚੋਣ ਕਮਿਸ਼ਨ ਨੇ ਏਦਾਂ ਦੀਆਂ ਸ਼ਰਤਾਂ ਲਾ ਦਿੱਤੀਆਂ ਸਨ, ਜਿਹੜੀਆਂ ਸਿਰਫ ਸਰਕਾਰੀ ਧਿਰ ਦੇ ਲੋਕ ਪੂਰੀਆਂ ਕਰਦੇ ਹੋ ਸਕਦੇ ਸਨ ਤੇ ਜਿਸ ਕਿਸੇ ਦੀ ਵੋਟ ਕੱਟਣ ਦਾ ਇਰਾਦਾ ਹੋਵੇ, ਆਰਾਮ ਨਾਲ 'ਨਾਗਰਿਕਤਾ ਸਾਬਤ ਨਹੀਂ ਕਰ ਸਕਿਆ' ਕਹਿ ਕੇ ਕੱਟੀ ਜਾ ਸਕਦੀ ਸੀ। ਇਸ ਮੌਕੇ ਇੱਕ ਮੁੱਦਾ ਕਰਨਾਟਕ ਵਿੱਚ ਵੋਟਰ ਲਿਸਟਾਂ ਦੀ ਗੜਬੜ ਦਾ ਸਾਹਮਣੇ ਆ ਗਿਆ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਦੋਸ਼ ਲਾ ਦਿੱਤਾ ਕਿ ਕੁਝ ਲੋਕਾਂ ਦੀਆਂ ਵੋਟਾਂ ਇੱਕ ਤੋਂ ਵੱਧ ਥਾਂਈਂ ਬਣੀਆਂ ਹੋਈਆਂ ਹਨ। ਚੋਣ ਕਮਿਸ਼ਨ ਨੂੰ ਇਸ ਦੇ ਬਾਅਦ ਚੁੱਪ ਤੋੜਨੀ ਪਈ ਤਾਂ ਦੋਸ਼ਾਂ ਦਾ ਖੰਡਨ ਕਰਦੇ ਸਮੇਂ ਖਿਲਾਫ ਹੋਰ ਵੀ ਵਧ ਗਿਆ। ਸੁਪਰੀਮ ਕੋਰਟ ਤੱਕ ਵੀ ਗੱਲ ਪੁੱਜ ਗਈ ਅਤੇ ਓਥੇ ਕਈ ਦਿਨ ਚੱਲੀ ਬਹਿਸ ਪਿੱਛੋਂ ਬੀਤੇ ਸ਼ੁੱਕਰਵਾਰ ਜਿਹੜਾ ਫੈਸਲਾ ਦਿੱਤਾ ਗਿਆ, ਉਸ ਨਾਲ ਗੱਲ ਮੁੱਕ ਨਹੀਂ ਸਕੀ, ਨਵੇਂ ਉੱਠੇ ਕਈ ਹੋਰ ਸਵਾਲ ਜਵਾਬ ਮੰਗਦੇ ਦਿੱਸਦੇ ਹਨ। ਚੋਣ ਕਮਿਸ਼ਨ ਨੂੰ ਸੁਪਰੀਮ ਕੋਰਟ ਦੇ ਫੈਸਲੇ ਨੇ ਵੀ ਫਸਾ ਦਿੱਤਾ ਹੈ ਅਤੇ ਅਗਲੇ ਉੱਠ ਰਹੇ ਸਵਾਲਾਂ ਨੇ ਵੀ ਇਸ ਸਮੁੱਚੇ ਸਿਸਟਮ ਨੂੰ ਝੰਜੋੜ ਦਿੱਤਾ ਹੈ।

ਜੋ ਮੁੱਦਿਆਂ ਦਾ ਮੁੱਦਾ ਇਹ ਗੱਲ ਬਣ ਗਈ ਕਿ ਵੋਟਰ ਦੀ ਪਛਾਣ ਲਈ ਪੇਸ਼ ਕੀਤੇ ਜਾਂਦੇ ਸਬੂਤਾਂ ਵਿੱਚ ਆਧਾਰ ਕਾਰਡ ਜਾਇਜ਼ ਮੰਨਿਆ ਜਾਵੇ ਜਾਂ ਨਹੀਂ ਅਤੇ ਇਸ ਬਾਰੇ ਸੁਪਰੀਮ ਕੋਰਟ ਨੇ ਮੋਹਰ ਲਾ ਦਿੱਤੀ ਹੈ ਕਿ ਆਧਾਰ ਕਾਰਡ ਇੱਕ ਜਾਇਜ਼ ਸਬੂਤ ਹੈ। ਚੋਣ ਕਮਿਸ਼ਨ ਨੂੰ ਇਹ ਮੰਨਣਾ ਪੈਣਾ ਹੈ ਅਤੇ ਇਸ ਨਾਲ ਚੋਣ ਕਮਿਸ਼ਨ ਨੂੰ ਨਹੀਂ, ਦੇਸ਼ ਦੀ ਸਰਕਾਰ ਚਲਾ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਵੱਧ ਹੈ, ਜਿਹੜੀ ਕਿਸੇ ਵੀ ਗੱਲ ਬਾਰੇ ਆਪਣੀ ਸਹੂਲਤ ਦੇ ਮੁਤਾਬਕ ਪੈਂਤੜੇ ਮੱਲਦੀ ਹੈ। ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ ਜਦੋਂ ਆਧਾਰ ਕਾਰਡ ਸ਼ੁਰੂ ਕਰਨ ਬਾਰੇ ਪਹਿਲਕਦਮੀ ਹੋਈ ਤਾਂ ਭਾਜਪਾ ਲੀਡਰਾਂ ਨੇ ਇਸ ਨੂੰ 'ਆਧਾਰ ਨਹੀਂ, ਫਰਾਡ ਕਾਰਡ' ਕਿਹਾ ਸੀ, ਪਰ ਹਾਲਾਤ ਪਲਟਣ ਨਾਲ ਜਦੋਂ ਉਹ ਖੁਦ ਦੇਸ਼ ਨੂੰ ਚਲਾਉਣ ਜੋਗੇ ਹੋਏ ਤਾਂ ਹਰ ਕੰਮ ਲਈ ਸਭ ਤੋਂ ਵੱਡਾ ਸਬੂਤ ਇਸ ਕਾਰਡ ਨੂੰ ਮੰਨਿਆ ਜਾਣਾ ਸ਼ੁਰੂ ਹੋ ਗਿਆ ਸੀ। ਏਥੋਂ ਤੱਕ ਕਿ ਨਾਗਰਿਕਤਾ ਦਾ ਸਭ ਤੋਂ ਵੱਡਾ ਸਬੂਤ ਮੰਨੇ ਜਾਂਦੇ ਪਾਸਪੋਰਟ ਦੀ ਅਰਜ਼ੀ ਦੇਣ ਲਈ ਵੀ ਸਭ ਤੋਂ ਪਹਿਲਾ ਸਬੂਤ ਆਧਾਰ ਕਾਰਡ ਮੰਗਿਆ ਜਾਂਦਾ ਸੀ, ਪਰ ਚੋਣ ਕਮਿਸ਼ਨ ਇਸ ਕਾਰਡ ਨੂੰ ਵੋਟ ਵਾਸਤੇ ਪੱਕਾ ਸਬੂਤ ਮੰਨਣ ਤੋਂ ਇਨਕਾਰ ਕਰਦਾ ਰਿਹਾ ਅਤੇ ਭਾਜਪਾ ਆਗੂ ਇਸ ਦੀ ਹਮਾਇਤ ਕਰਦੇ ਰਹੇ ਸਨ।

ਦੂਸਰੀ ਗੱਲ ਵਿਵਾਦ ਦਾ ਕਾਰਨ ਇਹ ਬਣਦੀ ਗਈ ਕਿ ਚੋਣ ਕਮਿਸ਼ਨ ਆਪਣੇ ਉੱਤੇ ਦੋਸ਼ ਲਾਉਣ ਵਾਲਿਆਂ ਤੋਂ ਹਲਫੀਆ ਬਿਆਨ ਮੰਗਣ ਲੱਗ ਪਿਆ, ਪਰ ਉਸ ਕੋਲ ਆਏ ਹਲਫੀਆ ਬਿਆਨਾਂ ਨੂੰ ਰੱਦ ਕਰਨ ਜਾਂ ਇਨ੍ਹਾਂ ਬਾਰੇ ਕੋਈ ਹੋਰ ਕਾਰਵਾਈ ਕਰਨ ਬਾਰੇ ਦੱਸਣ ਨੂੰ ਤਿਆਰ ਨਹੀਂ ਸੀ। ਇਸ ਬਾਰ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਚੋਣ ਕਮਿਸ਼ਨ ਦੀ ਰਸੀਦ ਵੀ ਵਿਖਾ ਦਿੱਤੀ ਕਿ ਉਨ੍ਹਾ ਹਲਫੀਆ ਬਿਆਨ ਦਿੱਤਾ ਹੋਇਆ ਹੈ ਤੇ ਕਮਿਸ਼ਨ ਨੇ ਕਾਰਵਾਈ ਨਹੀਂ ਕੀਤੀ, ਪਰ ਇਸ ਬਾਰੇ ਚੋਣ ਕਮਿਸ਼ਨ ਚੁੱਪ ਹੀ ਵੱਟ ਗਿਆ। ਇਹ ਗੱਲ ਭੇਦ ਬਣੀ ਰਹਿ ਗਈ ਕਿ ਜਿਹੜਾ ਚੋਣ ਕਮਿਸ਼ਨ ਰਾਹੁਲ ਗਾਂਧੀ ਤੋਂ ਹਲਫੀਆ ਬਿਆਨ ਮੰਗਦਾ ਸੀ, ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਵਿਰੁੱਧ ਉਹੋ ਚੋਣ ਕਮਿਸ਼ਨ ਓਸੇ ਰਾਜ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੇ ਐਫੀਡੇਵਿਟ ਬਾਰੇ ਕੁਝ ਕਰਦਾ ਕਿਉਂ ਨਹੀਂ ਤੇ ਇਸ ਦੀ ਥਾਂ ਬਹਿਸ ਦਾ ਰੁਖ ਆਧਾਰ ਕਾਰਡ ਦੀ ਜਾਇਜ਼ਤਾ ਬਾਰੇ ਬਹਿਸ ਉੱਤੇ ਕੇਂਦਰਤ ਹੋ ਗਿਆ। ਇਹੋ ਨਹੀਂ, ਸਗੋਂ ਗੱਲ ਹੋਰ ਅੱਗੇ ਸਿਆਸੀ ਪਾਰਟੀਆਂ ਦੀ ਭੂਮਿਕਾ ਵੱਲ ਮੋੜਨ ਦਾ ਕੰਮ ਸ਼ੁਰੂ ਹੋ ਗਿਆ ਤੇ ਸੁਪਰੀਮ ਕੋਰਟ ਨੇ ਵੀ ਸਿਆਸੀ ਧਿਰਾਂ ਨੂੰ ਕਹਿ ਦਿੱਤਾ ਕਿ ਆਪਣੇ ਬੀ ਐੱਲ ਏ (ਬੂਥ ਲੈਵਲ ਏਜੰਟਸ) ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਨੂੰ ਕਹਿਣ ਅਤੇ ਸਿਰਫ ਚੋਣ ਕਮਿਸ਼ਨ ਦਾ ਕਸੂਰ ਨਾ ਕੱਢਦੀਆਂ ਰਹਿਣ। ਲੋਕਾਂ ਨੇ ਬੀ ਐੱਲ ਓ ਸੁਣੇ ਸਨ, ਪਰ ਬੂਥ ਲੈਵਲ ਏਜੰਟ ਦੀ ਨਵੀਂ ਗੱਲ ਉੱਠਣ ਨਾਲ ਇਸ ਮੁੱਦੇ ਉੱਤੇ ਵੀ ਇੱਕ ਬਹਿਸ ਸ਼ੁਰੂ ਹੋ ਗਈ ਹੈ।

ਆਮ ਵੋਟਰ ਇਹ ਨਹੀਂ ਜਾਣਦਾ ਕਿ ਚੋਣ ਪ੍ਰਕਿਰਿਆ ਵਿੱਚ ਕਿੰਨੇ ਪੱਧਰਾਂ ਦੇ ਕਿੰਨੇ ਏਜੰਟ ਹੁੰਦੇ ਹਨ ਅਤੇ ਉਹ ਕਿਸ ਕੰਮ ਲਈ ਕਿੰਨੇ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ। ਚੋਣ ਪ੍ਰਕਿਰਿਆ ਲਈ ਉਮੀਦਵਾਰ ਵੱਲੋਂ ਪਹਿਲਾ ਜ਼ਿੰਮਾ ਜਿਸ ਵਿਅਕਤੀ ਸਿਰ ਹੁੰਦਾ ਹੈ, ਉਸ ਨੂੰ 'ਚੋਣ ਏਜੰਟ' ਕਹਿੰਦੇ ਹਨ ਅਤੇ ਉਹ ਚੋਣ ਲੜ ਰਹੇ ਉਮੀਦਵਾਰ ਵੱਲੋਂ ਹਰ ਕਾਗਜ਼ ਉੱਤੇ ਦਸਤਖਤ ਕਰਨ ਨੂੰ ਪੂਰਾ ਅਧਿਕਾਰਤ ਹੁੰਦਾ ਹੈ। ਦੂਸਰੇ ਪੱਧਰ ਦੇ 'ਪੋਲਿੰਗ ਏਜੰਟ' ਹੁੰਦੇ ਹਨ, ਜਿਹੜੇ ਵੋਟਾਂ ਪੈਣ ਦੇ ਵਕਤ ਨਾਲੋ-ਨਾਲ ਵੋਟਰ ਸੂਚੀ ਵਿੱਚ ਵੇਖਦੇ ਹਨ ਕਿ ਵੋਟ ਪਾਉਣ ਆਇਆ ਵਿਅਕਤੀ ਅਸਲੀ ਵੋਟਰ ਹੈ ਜਾਂ ਉਸ ਦੀ ਥਾਂ ਕੋਈ ਫਰਾਡੀਆ ਬੰਦਾ ਹੈ। ਤੀਸਰੇ ਪੱਧਰ ਉੱਤੇ ਵੋਟਾਂ ਦੀ ਗਿਣਤੀ ਮੌਕੇ ਓਥੇ ਹਾਜ਼ਰ ਹੋਣ ਵਾਲੇ ਵਿਅਕਤੀ ਹੁੰਦੇ ਹਨ ਅਤੇ ਉਨ੍ਹਾਂ ਨੂੰ 'ਕਾਊਂਟਿੰਗ ਏਜੰਟ' ਕਿਹਾ ਜਾਂਦਾ ਹੈ, ਉਹ ਸਿਰਫ ਇਹ ਵੇਖਦੇ ਹਨ ਕਿ ਗਿਣਤੀ ਕਰਦੇ ਸਮੇਂ ਕਿਸੇ ਕਿਸਮ ਦੀ ਗੜਬੜ ਨਾ ਚੱਲਦੀ ਹੋਵੇ। ਐਤਕੀਂ ਇੱਕ ਨਵਾਂ ਸ਼ਬਦ 'ਬੂਥ ਲੈਵਲ ਏਜੰਟ' ਆਮ ਲੋਕਾਂ ਨੇ ਸੁਣ ਲਿਆ ਹੈ, ਜਿਸ ਦੀ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ। ਚੋਣ ਕਮਿਸ਼ਨ ਵੱਲੋਂ ਨਿਯੁਕਤ 'ਬੀ ਐੱਲ ਓ' ਸਿਰਫ ਘਰਾਂ ਵਿੱਚ ਜਾ ਕੇ ਹਰ ਕਿਸੇ ਦੀ ਵੋਟ ਬਣਾਉਣ ਅਤੇ ਵੋਟਾਂ ਪੈਣ ਵੇਲੇ ਵੋਟਰ ਸੂਚੀ ਦੀ ਕਿਸੇ ਸ਼ਿਕਾਇਤ ਦੇ ਹੱਲ ਲਈ ਮੌਕੇ ਉੱਤੇ ਰਹਿਣ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਨਵਾਂ ਸੁਣਿਆ 'ਬੀ ਐੱਲ ਏ' ਅਸਲ ਵਿੱਚ ਸਿਆਸੀ ਪਾਰਟੀ ਵੱਲੋਂ ਕਿਸੇ ਪੋਲਿੰਗ ਬੂਥ ਦੇ ਲਈ ਨਿਯੁਕਤ ਕੀਤਾ ਵਿਅਕਤੀ ਹੁੰਦਾ ਹੈ, ਜਿਹੜਾ ਵੋਟਾਂ ਬਣਨ ਤੋਂ ਭੁਗਤਣ ਤੱਕ ਆਪਣੇ ਬੂਥ ਦੀ ਹਰ ਪ੍ਰਕਿਰਿਆ ਨੂੰ ਚੈੱਕ ਕਰਨ ਦੇ ਅਧਿਕਾਰ ਰੱਖਦਾ ਹੈ। ਸਰਕਾਰ ਦੇ ਬੀ ਐੱਲ ਓ ਇੱਕ ਤਰ੍ਹਾਂ ਦੇ ਚੋਣ ਕਮਿਸ਼ਨ ਦੇ ਲਈ ਮਾਮੂਲੀ ਭੱਤੇ ਉੱਤੇ ਗਲੀਆਂ ਵਿੱਚ ਧੱਕੇ ਖਾਣ ਵਾਲੇ ਉਹ ਕਾਰਿੰਦੇ ਹੁੰਦੇ ਹਨ, ਜਿਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਉਲਝਣ ਮੌਕੇ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਸਰਪ੍ਰਸਤੀ ਕਰਨੀ ਪੈਂਦੀ ਹੈ, ਪਰ ਸਿਆਸੀ ਪਾਰਟੀਆਂ ਦੇ ਬੀ ਐੱਲ ਏ ਨੂੰ ਜੇ ਕੋਈ ਫੜ ਕੇ ਕੁੱਟ ਵੀ ਦੇਵੇ ਤਾਂ ਥਾਣੇ ਸ਼ਿਕਾਇਤ ਦੇ ਸਕਦਾ ਹੈ, ਪ੍ਰਸ਼ਾਸਨ ਉਸ ਦੇ ਲਈ ਜ਼ਿੰਮੇਵਾਰ ਨਹੀਂ ਹੁੰਦਾ। ਇਹੋ ਜਿਹੇ ਏਜੰਟਾਂ ਦੀ ਨਿਯੁਕਤੀ ਦਾ ਨਿਯਮ ਸਾਲ 2008 ਵਿੱਚ ਲਿਆਂਦਾ ਗਿਆ ਸੀ, ਪਰ ਸਿਆਸੀ ਪਾਰਟੀਆਂ ਵੱਲੋਂ ਏਦਾਂ ਏਜੰਟ ਰੱਖਣ ਦੀ ਰਿਵਾਇਤ ਅਜੇ ਤੱਕ ਪੱਕੀ ਨਹੀਂ ਬਣੀ, ਸਿਰਫ ਭਾਜਪਾ ਏਦਾਂ ਕਰਦੀ ਹੈ ਤੇ ਇਸ ਦਾ ਕਾਰਨ ਇਹ ਹੈ ਕਿ ਇਹੋ ਜਿਹੇ ਏਜੰਟ ਜਾਂ ਤਾਂ ਸਮਰਪਣ ਭਾਵਨਾ ਨਾਲ ਮੁਫਤ ਕੰਮ ਕਰਨ ਵਾਲੇ ਹੋ ਸਕਦੇ ਹਨ ਜਾਂ ਫਿਰ ਸਿਆਸੀ ਪਾਰਟੀਆਂ ਨੂੰ ਪੈਸੇ ਖਰਚ ਕਰ ਕੇ ਰੱਖਣੇ ਪੈਣਗੇ, ਜਦ ਕਿ ਕਈ ਪਾਰਟੀਆਂ ਏਨੇ ਪੈਸੇ ਖਰਚਣ ਜੋਗੀਆਂ ਹੁੰਦੀਆਂ ਹੀ ਨਹੀਂ।

ਭਾਜਪਾ ਇਸ ਕੰਮ ਵਿੱਚ ਬਾਕੀ ਸਾਰਿਆਂ ਤੋਂ ਅੱਗੇ ਹੈ ਤੇ ਉਹ ਸਿਰਫ ਬੀ ਐੱਲ ਏ (ਬੂਥ ਲੈਵਲ ਏਜੰਟ) ਨਹੀਂ, ਇਸ ਤੋਂ ਅੱਗੇ 'ਪੰਨਾ ਪ੍ਰਮੁੱਖ' ਵੀ ਨਿਯੁਕਤ ਕਰਦੀ ਹੈ, ਕਿਉਂਕਿ ਉਸ ਕੋਲ ਸਮਰਪਣ ਵਾਲੇ ਸੋਇਮਸੇਵਕ ਵੀ ਮੌਜੂਦ ਹਨ ਅਤੇ ਪੈਸੇ ਦੇਣੇ ਪੈਣ ਤਾਂ ਮਾਇਆ ਦੀ ਵੀ ਕਮੀ ਨਹੀਂ। ਹਰ ਬੂਥ ਲਈ 'ਪੰਨਾ ਪ੍ਰਮੁੱਖ' ਬਣਾਏ ਭਾਜਪਾ ਦੇ ਵਰਕਰ ਇਸ ਗੱਲ ਦਾ ਖਿਆਲ ਨਹੀਂ ਰੱਖਦੇ ਕਿ ਬੂਥ ਵਿੱਚ ਕੀ ਕੁਝ ਵਾਪਰਦਾ ਹੈ, ਉਹ ਆਪਣੇ ਬੂਥ ਦੇ ਵੋਟਰਾਂ ਦੀ ਸੂਚੀ ਦੇ ਸਿਰਫ ਇੱਕ ਪੰਨੇ ਉੱਤੇ ਅੱਖ ਰੱਖ ਕੇ ਸਰਗਰਮੀ ਕਰਦੇ ਹਨ। ਹਰ ਬੂਥ ਉੱਤੇ ਵੋਟਾਂ ਵਾਲੀ ਸੂਚੀ ਦਸ-ਪੰਦਰਾਂ ਸਫਿਆਂ ਦੀ ਜਾਂ ਇਸ ਤੋਂ ਵੱਧ ਦੀ ਹੁੰਦੀ ਹੈ, ਏਨੇ ਸਫੇ (ਪੰਨੇ) ਹੋਣ ਉੱਤੇ ਹਰ ਸਫੇ ਲਈ ਇੱਕ ਏਜੰਟ ਜਾਂ ਪ੍ਰਮੁੱਖ ਰੱਖਣ ਜੋਗੀ ਕੋਈ ਵੀ ਹੋਰ ਪਾਰਟੀ ਨਾ ਪੰਜਾਬ ਵਿੱਚ ਦਿੱਸਦੀ ਹੈ, ਨਾ ਬਾਕੀ ਭਾਰਤ ਵਿੱਚ। ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿੱਚ ਜਾ ਕੇ ਇਹ ਪੈਂਤੜਾ ਲੈ ਲਿਆ ਕਿ ਸਿਆਸੀ ਪਾਰਟੀਆਂ ਆਪਣੇ ਬੀ ਐੱਲ ਏ (ਬੂਥ ਲੈਵਲ ਏਜੰਟਸ) ਦੁਆਰਾ ਵੋਟਾਂ ਦੀ ਸੂਚੀ ਵਿਚਲੇ ਨੁਕਸ ਚੋਣ ਕਮਿਸ਼ਨ ਨੂੰ ਦੱਸਣ ਤਾਂ ਉਹ ਸ਼ਿਕਾਇਤ ਦੂਰ ਕਰ ਸਕਦਾ ਹੈ ਅਤੇ ਚੋਣ ਕਮਿਸ਼ਨ ਜਾਣਦਾ ਹੈ ਕਿ ਭਾਜਪਾ ਤੋਂ ਬਿਨਾਂ ਬਾਕੀ ਪਾਰਟੀਆਂ ਕੋਲ ਏਹੋ ਜਿਹੇ ਪੱਕੇ ਨਿਯੁਕਤ ਕੀਤੇ ਏਜੰਟ ਹੁੰਦੇ ਹੀ ਨਹੀਂ। ਅਸਲ ਵਿੱਚ ਇਸ ਦਾਅ ਨਾਲ ਚੋਣ ਕਮਿਸ਼ਨ ਨੇ ਭਾਜਪਾ ਦੇ ਏਜੰਟਾਂ ਵੱਲੋਂ ਵੋਟਰ ਲਿਸਟਾਂ ਵਿੱਚ ਹਰ ਕਿਸਮ ਦੇ ਦਖਲ ਲਈ ਰਾਹ ਖੋਲ੍ਹਣ ਤੇ ਬਾਕੀ ਪਾਰਟੀਆਂ ਦੀ ਕਮਜ਼ੋਰੀ ਦਾ ਲਾਭ ਲੈਣ ਨੂੰ ਸੰਵਿਧਾਨਕ ਰੰਗ ਦੇਣਾ ਚਾਹਿਆ ਹੈ। ਬਿਨਾਂ ਕਹੇ ਇਹ ਗੱਲ ਕਹਿ ਦਿੱਤੀ ਗਈ ਹੈ ਕਿ ਬੂਥ ਲੈਵਲ ਏਜੰਟ ਦੀ ਨਿਯੁਕਤੀ ਕਰਨੀ ਹੋਵੇ ਤਾਂ ਕਰ ਲਵੋ, ਐਵੇਂ ਚੋਣ ਕਮਿਸ਼ਨ ਦੇ ਨੁਕਸ ਕੱਢਣ ਦੀ ਲੋੜ ਨਹੀਂ। ਕੀ ਇਸ ਦਾ ਅਰਥ ਫਿਰ ਇਹ ਕੱਢਿਆ ਜਾਵੇ ਕਿ ਜੇ ਸਿਆਸੀ ਪਾਰਟੀਆਂ ਆਪਣਾ ਬੂਥ ਲੈਵਲ ਏਜੰਟ ਨਿਯੁਕਤ ਨਹੀਂ ਕਰ ਸਕਦੀਆਂ ਤਾਂ ਚੋਣ ਕਮਿਸ਼ਨ ਦਾ ਸਟਾਫ ਜੋ ਮਰਜ਼ੀ ਕਰਦਾ ਰਹੇ ਜਾਂ ਇਸ ਸਟਾਫ ਨੂੰ ਅੱਗੇ ਲਾ ਕੇ ਜੋ ਮਰਜ਼ੀ ਕਰਵਾ ਲਿਆ ਜਾਵੇ, ਕਿਸੇ ਗੱਲ ਦੀ ਸ਼ਿਕਾਇਤ ਕਰਨ ਦਾ ਕੋਈ ਲਾਭ ਨਹੀਂ ਰਹਿ ਜਾਵੇਗਾ!

ਇਹ ਚੁਸਤੀ ਬਾਕੀ ਰਾਜਸੀ ਪਾਰਟੀਆਂ ਦੇ ਵਕੀਲਾਂ ਜਾਂ ਜੱਜ ਸਾਹਿਬਾਨ ਦੀ ਪਕੜ ਵਿੱਚ ਕਿਉਂ ਨਹੀਂ ਆਈ ਜਾਂ ਆਈ ਤਾਂ ਵੱਡੀ ਕਿਉਂ ਨਹੀਂ ਮੰਨੀ ਗਈ, ਇਹ ਸਾਨੂੰ ਨਹੀਂ ਪਤਾ, ਪਰ ਇੱਕ ਗੱਲ ਸਾਫ ਹੈ ਕਿ ਇਹੋ ਜਿਹੇ ਪੈਂਤੜੇ ਨਾਲ ਭਾਜਪਾ ਨੇ ਖੁਦ ਪਿੱਛੇ ਬੈਠੀ ਰਹਿ ਕੇ ਚੋਣ ਕਮਿਸ਼ਨ ਦੇ ਵਕੀਲਾਂ ਰਾਹੀਂ ਵੱਡਾ ਦਾਅ ਖੇਡ ਲਿਆ ਹੈ। ਇਸ ਪਿੱਛੋਂ ਬਿਹਾਰ ਵਿੱਚ ਅਗਲੀਆਂ ਚੋਣਾਂ ਕਿਹੋ ਜਿਹੀਆਂ ਹੋਣਗੀਆਂ ਤੇ ਬਾਕੀ ਭਾਰਤ ਵਿੱਚ ਕਿਸ ਤਰ੍ਹਾਂ ਦੀਆਂ, ਇਹ ਦੱਸਣ ਜੋਗੀ ਅਕਲ ਵਾਲਾ ਬੰਦਾ ਲੱਭਣਾ ਔਖਾ ਲੱਗਦਾ ਹੈ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਚੋਣ ਕਮਿਸ਼ਨ ਫਸ ਗਿਆ ਹੈ ਅਤੇ ਉਸ ਨੂੰ ਕਦਮ ਪਿੱਛੇ ਖਿੱਚਣੇ ਪਏ ਹਨ, ਅਮਲ ਵਿੱਚ ਜੋ ਕੁਝ ਹੋ ਸਕਦਾ ਹੈ, ਉਹ ਅਜੇ ਸਾਹਮਣੇ ਆਉਣ ਵਿੱਚ ਵਕਤ ਲੱਗ ਸਕਦਾ ਹੈ। ਇਹ ਮਾਮਲਾ ਏਨਾ ਉਲਝਣ ਭਰਿਆ ਹੈ ਕਿ ਇਸ ਦੀ ਤਹਿ ਵਿੱਚ ਕੁਝ ਹੋਰ ਵੀ ਹੋਵੇ ਤਾਂ ਹੈਰਾਨੀ ਦੀ ਕੋਈ ਗੱਲ ਨਹੀਂ ਕਹੀ ਜਾ ਸਕਦੀ। ਏਥੇ ਤਾਂ ਕੁਝ ਵੀ ਹੋ ਸਕਦਾ ਹੈ, ਕੁਝ ਵੀ, ਕਿਉਂਕਿ ਇਹ ਭਾਰਤ ਜੁ ਹੈ।

# ਸ਼ਾਹਪੁਰ (ਕੰਢੀ), ਇੱਕ ਮੁੱਢ-ਕਦੀਮੀ ਖੇੜਾ

ਸ਼ਾਹਪੁਰ ਨਾਲ ਕੰਢੀ ਤਾਂ ਲੱਗਦਾ, ਕਿਉਂਕਿ ਸ਼ਾਹਪੁਰ ਨਾਂਅ ਦੇ ਕਈ ਹੋਰ ਵੀ ਖੇੜੇ ਹਨ। ਹੁਣ ਇਹ ਜ਼ਿਲ੍ਹਾ ਪਠਾਨਕੋਟ ਦਾ ਇੱਕ ਘੁਮੱਕੜ ਸਥੱਲ ਹੈ, ਜਿੱਥੇ ਰਾਵੀ 'ਤੇ ਥੀਨ ਡੈਮ ਬਣਾਇਆ ਗਿਆ ਸੀ। ਡੈਮ ਦੀ ਵਜ੍ਹਾ ਇੱਥੇ ਉਗਮੀ ਵੱਡੀ ਜਲਗਾਹ ਬਦੌਲਤ ਇਹ ਇੱਕ ਉੱਮਦਾ ਸੈਰਗਾਹ ਵਜੋਂ ਬੁਲੰਦ ਹੋ ਰਿਹਾ ਹੈ। ਖਰੀ ਗੱਲ ਇਹ ਹੋਈ ਕਿ ਇਸ ਨੇ ਪੰਜਾਬ ਦੀ ਤੱਤੀ ਹੋ ਰਹੀ ਤਾਸੀਰ ਦੀ ਝੋਲੀ ਵਿੱਚ ਕੁੱਝ ਨਮ-ਠੰਢ ਪਾਉਣ ਦਾ ਕਾਰਜ ਵੀ ਨਿਰਵਿਘਨ ਕਰਦੇ ਰਹਿਣਾ ਹੈ। ਦੱਸਿਆ ਗਿਆ, ਇਹ ਮਹਾਂਭਾਰਤ ਵੇਲਿਆਂ ਦਾ ਇੱਕ ਪ੍ਰਾਚੀਨ ਨਗਰ ਹੈ ਅਤੇ ਮਜਬੂਰੀਵੱਸ ਦਸੂਹੇ ਵੱਲ ਆਏ ਪਾਂਡਵਾਂ 'ਚੋਂ ਦਾਅਪੇਚ ਵਜੋਂ ਅਰਜਨ ਅਤੇ ਦਰੋਪਦੀ ਵੀ ਇੱਥੇ ਆਏ ਸਨ। ਉਹਨਾਂ ਦੀ ਯਾਦ ਵਿੱਚ ਇੱਥੋਂ ਪੰਜ ਮੀਲ ਦੂਰ ਸਥਾਪਤ ਮੁਕੇਸ਼ਵਰ ਮੰਦਰ ਲਾਗੇ ਉਹ ਚੁੱਲ੍ਹੇ ਵੀ ਸਾਂਭੇ ਪਏ ਹਨ, ਜਿਹਨਾਂ ਬਾਰੇ ਕਿਆਸ ਹੈ ਕਿ ਉਹ ਦਰੋਪਦੀ-ਅਰਜਨ ਨੇ ਬਣਾਏ ਸਨ। ਕਿਹਾ ਜਾਂਦਾ ਹੈ ਕਿ ਉਦੋਂ ਇਸ ਨਗਰੀ ਦਾ ਨਾਂਅ 'ਸ਼ਰਧਾਪੁਰ' ਸੀ।

ਇਤਿਹਾਸ-ਮਿਥਿਹਾਸ ਅਨੁਸਾਰ, "ਮੁਗਲ ਬਾਦਸ਼ਾਹ ਸ਼ਾਹਜਹਾਨ (1627-1658) ਇੱਕ ਵਾਰ ਜਦ ਇੱਥੇ ਆਇਆ ਸੀ ਤਾਂ ਪਿੰਡ ਦੇ ਚੌਧਰੀਆਂ ਉਸ ਦੇ ਖੁਸ਼ੇ ਪ੍ਰਾਪਤ ਕਰਨ ਲਈ ਇਸ ਖੇੜੇ ਦਾ ਨਾਂਅ ਉਸ ਦੇ ਨਾਮੇ 'ਸ਼ਾਹਪੁਰ' ਧਰ ਦਿੱਤਾ ਸੀ, ਜਿਹੜਾ ਸਮਾਂ ਪਾ ਲੋਕ-ਜੁਬਾਂ 'ਤੇ ਗੂੜ੍ਹਾ ਛਪ ਗਿਆ।" ਇੱਕ ਹੋਰ ਮਿੱਥ ਵੀ ਹੈ, ਇਸ ਦਾ ਨਾਂਅ 'ਸ਼ਾਹ ਪੁਰ' ਪ੍ਰਚੱਲਤ ਹੋਣ ਬਾਰੇ, "ਮੁਗਲ ਰਾਜ ਸਮੇਂ ਇਸ ਤਲਹੱਟੀ (ਜਲ ਠਹਿਰਾਅ) ਤੋਂ ਲਾਹੌਰ ਦੇ 'ਸ਼ਾਲੀਮਾਰ' ਬਾਗ ਨੂੰ ਸਲ੍ਹਾਬਾ ਕਰਨ ਹਿੱਤ ਇਕ ਨਹਿਰ ਕੱਢੀ ਗਈ ਸੀ। ਸਿੱਟੇ ਵਜੋਂ, ਉਸ ਮਸ਼ਹੂਰ 'ਸ਼ਾਲੀਮਾਰ ਨਹਿਰ' ਦੀ ਬਦੌਲਤ ਇਸ ਦਾ ਨਾਂਅ ਸ਼ਾਲਾਮਾਰ ਨੀਰ (ਪਾਣੀ) ਤੋਂ ਸ਼ਾਹ ਪੁਰ ਪੈ ਗਿਆ।" ਪਰ ਜਿਵੇਂ ਕਿ ਹੁੰਦਾ ਹੀ ਆਇਆ ਸੀ/ਹੈ, 'ਸ਼ਰਧਾਪੁਰ' ਸ਼ਬਦ ਹੀ ਵਿਗੜਦਾ-ਸੰਵਰਦਾ 'ਸ਼ਾਹਪੁਰ' ਸੌਖਾ ਜਿਹਾ ਅਲੰਕਾਰ ਬਣ ਗਿਆ ਹੋਵੇਗਾ। ਮਗਰੋਂ ਜਿਸ ਨੂੰ ਗੋਰਿਆਂ ਆਪਣੇ ਦਸਤਾਵੇਜ਼ਾਂ 'ਚ ਦਰਜ ਕਰ ਸੰਸਾਰ ਪੱਧਰੀ ਇਹੋ ਪਛਾਣ ਦੇ ਦਿੱਤੀ।

ਇਸ ਪਿੰਡ ਦਾ ਇੱਕ ਹੋਰ ਗੂੜ੍ਹਾ ਇਤਿਹਾਸਕ ਦਰਜਾ ਵੀ ਹੈ। ਇੱਥੇ ਗੋਰਿਆਂ ਨੂੰ ਨਾ ਸਿਰਫ ਮੂੰਹ ਦੀ ਖਾਣੀ ਪਈ ਸੀ, ਸਗੋਂ ਦੇਸ਼ਭਗਤ ਗੁਰੀਲਿਆਂ ਨੇ 1849 ਵਿੱਚ ਉਸ ਦੇ ਇੱਕ ਨਾਮਵਰ ਯੋਧੇ ਕਰਨਲ ਜਾਨ ਪੀਲ, ਜਿਹੜਾ ਵੇਲੇ ਦੇ ਬ੍ਰਿਟਿਸ਼ ਪ੍ਰਧਾਨ ਮੰਤਰੀ ਸਰ ਰਾਬਰਟ ਪੀਲ ਦਾ ਭਤੀਜਾ ਸੀ, ਸਮੇਤ ਕੁੱਝ ਸੈਨਿਕ ਵੀ ਮਾਰ ਮੁਕਾਏ ਸਨ। ਕਿਉਂ ਤੇ ਕਿਵੇਂ ? ਵੇਰਵੇ 'ਚ ਕਿਤੇ ਫੇਰ ਸਹੀ, ਸੰਖੇਪ 'ਚ ਦੱਸ ਦਿੰਨਾ ਹਾਂ : "ਇਸ ਪਿੰਡ ਵਿੱਚ ਇੱਕ ਪੁਰਾਣਾ ਕਿਲ੍ਹਾ ਮੌਜੂਦ ਹੈ, ਜਿਹੜਾ ਰਾਜਪੂਤ ਰਾਜੇ ਜਸਪਾਲ ਸਿੰਘ ਪਠਾਣੀਏ ਨੇ ਬਣਵਾਇਆ ਸੀ। ਵਜ੍ਹਾ ਇਹ ਸੀ ਕਿ ਇੱਕ ਤਾਂ

## ਕਹਿੰਦੇ, ਇੱਥੇ ਦਰੋਪਦੀ-ਅਰਜਨ ਵੀ ਆਏ ਸਨ

ਯੁੱਧਨੀਤਕ ਪੱਖ ਤੋਂ ਇਹ ਢੁਕਵੀਂ ਥਾਂ ਸੀ, ਦੂਜਾ ਇੱਥੋਂ ਕਾਂਗੜਾ ਤੇ ਨੂਰਪੁਰ ਦੇ ਮਹੱਤਵਪੂਰਨ ਖਿੱਤਿਆਂ 'ਤੇ ਬਾਜ਼ ਅੱਖ ਰੱਖੀ ਜਾ ਸਕਦੀ ਸੀ। ਜਦੋਂ ਬ੍ਰਿਟਿਸ਼ ਸਾਮਰਾਜ ਪੰਜਾਬ 'ਤੇ ਸਾਮ-ਦਾਮ, ਦੰਡ-ਭੇਦ ਅਤੇ ਝੂਠ-ਚਲਾਕੀ ਨਾਲ ਮੁਕੰਮਲ ਕਬਜ਼ਾ ਕਰਨ ਵੱਲ ਵਧ ਰਿਹਾ ਸੀ ਤਾਂ ਨਾਲ ਦੀ ਨਾਲ ਉਹ ਪਹਾੜੀ ਰਾਜਾਂ ਨੂੰ ਵੀ ਢਹਿ-ਢੇਰੀ ਕਰਦਾ ਜਾ ਰਿਹਾ ਸੀ। ਇਸੇ ਅਮਲ

**ਪਿੰਡ ਵਸਿਆ-42**

**ਵਿਜੈ ਬੰਬੇਲੀ**

ਵਿੱਚ ਉਹ ਸ਼ਾਹਪੁਰ ਦੇ ਕਿਲ੍ਹੇ 'ਤੇ ਵੀ ਆਣ ਕਾਬਜ਼ ਹੋਇਆ। ਉਸ ਵਿਰੁੱਧ ਜਿਵੇਂ ਮੈਦਾਨੀ ਪੰਜਾਬ ਵਿੱਚ ਕੁੱਝ ਸਿੱਖ ਯੋਧੇ ਜੂਝ ਰਹੇ ਸਨ, ਉਵੇਂ ਹੀ ਲੋਅਰ ਸ਼ਿਵਾਲਕ ਵਿੱਚ ਸਿੱਖ ਅਤੇ ਰਾਜਪੂਤ ਅਹਿਲਕਾਰਾਂ ਦਾ ਇੱਕ ਸਾਂਝਾ-ਮੀਝਾਂ, ਫਰੰਟ ਵੀ ਜੱਦੋ-ਜਹਿਦ ਕਰ ਰਿਹਾ ਸੀ। ਇਸ ਸੰਘਰਸ਼ ਵਿੱਚ ਨੂਰਪੁਰ ਦੇ ਰਾਜੇ ਬੀਰ ਸਿੰਘ ਦੇ ਆਹਲਾ ਵਜ਼ੀਰ ਸ਼ਾਮ ਸਿੰਘ ਦਾ ਪੁੱਤਰ ਪਠਾਣੀਆ ਰਾਮ ਸਿੰਘ ਵੀ ਸ਼ੁਮਾਰ ਸੀ।

ਯੋਧੇ ਸ਼ਾਮ ਸਿੰਘ ਨੇ 5 ਅਗਸਤ 1848 ਨੂੰ ਕੰਪਨੀ ਈਸਟ ਇੰਡੀਆ ਤੋਂ ਸ਼ਾਹਪੁਰ ਦਾ ਕਿਲ੍ਹਾ ਖੋਹ ਉਸ 'ਤੇ ਨੂਰਪੁਰ ਰਿਆਸਤ ਦਾ ਝੰਡਾ ਮੁੜ ਝੁਲਾ ਦਿੱਤਾ ਜਿਹੜਾ "ਆਪਣਿਆਂ" ਦੀ ਗਦਾਰੀ ਉਪਰੰਤ ਗੋਰਿਆਂ ਮੁੜ ਹਥਿਆ ਲਿਆ। ਰਾਮ ਸਿੰਘ ਨੇ ਹਾਰ ਨਾ ਮੰਨੀ, ਲਾਗਲੀ 'ਡੱਲਾ ਧਾਰ' 'ਤੇ ਮੋਰਚਾ ਉਸਾਰ ਉਸ ਨੇ ਗੁਰੀਲਾ ਸਰਗਰਮੀ ਰਾਹੀਂ ਗੋਰਿਆਂ ਅਤੇ ਉਸ ਦੇ ਦੇਸੀ ਢੰਡੋਰਚੀਆਂ ਦੇ ਨੱਕ ਵਿੱਚ ਦਮ ਕਰ ਦਿੱਤਾ। ਅੱਕ ਹਾਰ, ਅੰਗਰੇਜ਼ਾਂ ਨੇ ਆਪਣੇ ਦੇਸੀ ਪਿੱਠੂਆਂ ਸਮੇਤ ਉਕਤ ਜਾਨ ਪੀਲ ਦੀ ਅਗਵਾਈ ਹੇਠ ਭਾਰੀ ਕੁਮਕ ਭੇਜੀ। ਅਣਸਾਵੇਂ ਯੁੱਧ ਵਿੱਚ ਰਾਮ ਸਿੰਘ ਨੇ ਲਹੂ-ਵੀਟਵੀਂ ਜੰਗ ਲੜੀ। ਪੀਲ ਸਮੇਤ ਜਿਸ ਦੀ ਗੋਰਿਆਂ ਉਥੇ ਸਮਾਰਕ ਵੀ ਬਣਾਈ ਸੀ, ਜਿਹੜੀ ਹੁਣ ਵੀ ਮੌਜੂਦ ਹੈ, ਕਈ ਮਾਰੇ ਗਏ। ਅਫਸੋਸ! ਗਦਾਰਾਂ ਬਦੌਲਤ, ਭਾਰਤ ਮਾਂ ਦਾ ਬੇਜੋੜ ਸਪੂਤ ਸ਼ਾਮ ਸਿੰਘ ਫੜਿਆ ਗਿਆ। ਅਖੀਰ ਉਸ ਨਾਲ ਵੀ ਉਹੀ ਹੋਈ-ਬੀਤੀ ਜਿਹੋ-ਜਿਹੀ ਹੋਰਾਂ ਨਾਲ ਹੁੰਦੀ ਆਈ ਸੀ ਅਤੇ ਹੁੰਦੀ ਰਹੀ।

ਇਸ ਪ੍ਰਾਚੀਨ ਖੇੜੇ ਬਾਰੇ ਦਾਨਿਸ਼ਵਰ ਬੂਟੇ ਸ਼ਾਹ (ਗੁਲਾਮ ਮੁਹੀਉਲਦੀਨ) ਦੀ ਕਿਤਾਬ 'ਤਾਰੀਖ ਪੰਜਾਬ' (ਪੰਜਾਬ ਦੀ ਜੋਗਰਾਫਯਾਈ ਤਵਾਰੀਖ), ਜਿਹੜੀ 1848 'ਚ ਕਲਮਬੱਧ ਹੋਈ ਸੀ, ਵਿੱਚੋਂ ਵੀ ਇੰਨ-ਬਿੰਨ, ਐਨ ਉਸ ਦੇ ਲਫਜ਼ਾਂ ਵਿੱਚ ਤੁਹਾਨੂੰ ਕੁੱਝ ਸੁਣਾਏ ਬਿਨਾਂ ਮੈਂ ਰਹਿ ਨਹੀਂ ਸਕਦਾ। ਦਿਓ ਇਜਾਜ਼ਤ :

ਇਸ ਪ੍ਰਾਚੀਨ ਖੇੜੇ ਬਾਰੇ ਦਾਨਿਸ਼ਵਰ ਬੂਟੇ ਸ਼ਾਹ (ਗੁਲਾਮ ਮੁਹੀਉਲਦੀਨ) ਦੀ ਕਿਤਾਬ 'ਤਾਰੀਖ ਪੰਜਾਬ' (ਪੰਜਾਬ ਦੀ ਜੋਗਰਾਫਯਾਈ ਤਵਾਰੀਖ), ਜਿਹੜੀ 1848 'ਚ ਕਲਮਬੱਧ ਹੋਈ ਸੀ, ਵਿੱਚੋਂ ਵੀ ਇੰਨ-ਬਿੰਨ, ਐਨ ਉਸਦੇ ਲਫਜ਼ਾਂ ਵਿੱਚ, ਤੁਹਾਨੂੰ ਕੁੱਝ ਸੁਣਾਏ ਬਿਨਾਂ ਮੈਂ ਰਹਿ ਨਹੀਂ ਸਕਦਾ। ਦਿਓ ਇਜਾਜ਼ਤ :

"ਸਾਹਪੁਰ ਦਰਿਆਓ ਰਾਵੀ ਦੇ ਕੰਢੇ ਇਕ ਪਹਾੜ ਤਲੀ ਦਾ ਸਹਿਰ ਹੈ, ਜੋ ਇਰਮੀਆਂ ਪਹਾੜ ਉਸੀ ਜਾਗਾ ਤੇ ਨਿੱਕਲਦਾ ਹੈ; ਉਥੇ ਦੀ ਅੰਬਾਰਤ ਕੁਛ ਪੱਥਰਾਂ ਦੀ ਹੈ, ਅਤੇ ਕੁਛ ਛੱਪਰਾਂ ਦੀ; ਅਤੇ ਖੇਤੀ ਮੀਂਹ ਨਾਲ ਹੁੰਦੀ ਹੈ। ਉਹ ਦੇ ਉਤਰ ਦੇ ਰੁਕ ਸਹਿਰ ਦੇ ਲਾਗ ਹੀ ਇਕ ਪੱਥਰ ਦਾ ਕਿਲਾ ਅਗਲਿਆਂ ਰਾਜਿਆਂ ਦਾ ਬਣਾਇਆ ਹੋਇਆ ਹੈ ਉਹ ਦੀ ਉੱਤਰ ਦੇ ਪਾਸੇ ਦੀ ਸਫੀਲ ਉਸ ਘਾਟੀ ਉਪਰੁ ਹੈ, ਜੋ ਦਰਿਆਉ ਰਾਵੀ ਦੇ ਵਿਚ ਹੈ। ਇਹ ਸਹਿਰ ਸਾਹਜਹਾਂ ਦੇ ਵਾਰੇ ਦਾ ਹੈ, ਅਤੇ ਮੁਲਖ ਮੁਢੋਂ ਲਾਕੇ ਨੂਰਪੁਰੀਏ ਰਾਜੇ ਦਾ ਸਾ; ਪਰ ਸਾਹਜਹਾਂ ਦੇ ਵਾਰੇ ਵਿਚ, ਰਾਜੇ ਰਾਜਰੂਪ ਦਾ ਭਾਈ ਭਾਗਸਿੰਘੁ, ਉਸ ਨਾਲ ਗੁੱਸੇ ਹੋਕੇ ਦਿੱਲੀ ਨੂੰ ਚਲਾ ਗਿਆ, ਉਥੇ ਜਾਕੇ ਮੁਸਲਮਾਨ ਹੋ ਗਿਆ, ਅਤੇ ਪਾਤਸਾਹ ਨੈ ਉਹ ਦਾ ਨਾਉਂ ਮੁਰੀਦਖਾਂ ਧਰਕੇ, ਰਾਜਰੂਪ ਕੋਲੋਂ ਮੁਲਖ ਖੁਹਕੇ, ਉਹ ਨੂੰ ਬਖਸ ਦਿੱਤਾ, ਅਤੇ ਗੋਰਬੰਦ ਦੇ ਮੁਲਖ ਦੀ ਠਾਣੇਦਾਰੀ ਬੀ ਉਸੀ ਨੂੰ ਦੇ ਦਿੱਤੀ; ਬਲਕ ਤਿੰਮੋ ਤੀਕੁਰ ਸਾਰਾ ਮੁਲਖ (ਨੂਰਪੁਰ ਤੇ ਲਾਗਲੇ ਪਰਗਨੇ) ਉਸੇ ਨੂੰ ਜਗੀਰ ਵਿਚ ਮਿਲਿਆ, ਅਤੇ ਓਨ ਉਸ ਕਿਲੇ ਵਿਚ ਆਪਣੀ ਬੈਠਕ ਸਜਾਈ। ਜਾਂ ਮੁਰੀਦਖਾਂ ਮਰ ਗਿਆ, ਤਾਂ ਉਹ ਦੇ ਪਿੱਛੇ ਮਜੀਦਖਾਂ ਗੱਦੀ ਪੁਰ ਬੈਠਾ, ਅਤੇ ਉਸ ਤੇ ਪਿਛੇ ਵਹੀਦਖਾਂ ਨੂੰ, ਅਰ ਵਹੀਦਖਾਂ ਦੇ ਪਿਛੇ ਸਈਦਖਾਂ ਨੂੰ ਰਾਜ ਮਿਲਿਆ॥

ਜਾਂ ਮੁਸਲਮਾਨਾਂ ਦੀ ਪਾਤਸਾਹੀ ਇਸ ਮੁਲਖੋਂ ਦੂਰ ਹੋ ਗਈ, ਤਾਂ ਰਾਜੇ ਪਿਰਥੀਸਿੰਘੁ ਨੂਰਪੁਰੀਏ ਨੈ ਪੁਰਾਣਾ ਵੈਰ ਨਵਾਂ ਕਰਕੇ, ਸਈਦਕਾਂ ਕੋਲੋ ਲੜਕੇ ਮੁਲਖ ਲੈ ਲੀਤਾ, ਅਤੇ ਉਹ ਬਿਚਾਰਾ ਖੇਹ ਛਾਣਕੇ ਮਰ ਗਿਆ। ਹੁਣ ਉਸਦਾ ਪੁੱਤ ਸਲਾਬਤਖਾਂ ਸੁਜਾਣਪੁਰ ਵਿਚ ਰਹਿੰਦਾ ਹੈ, ਅਤੇ ਮਹਾਰਾਜੇ ਰਣਜੀਤਸਿੰਘੁ ਦੀ ਵਲੋਂ ਇਕ ਪਿੰਡ ਦੀ ਜਗੀਰ ਖਾਂਦਾ ਹੈ। ਅਤੇ ਸਾਹਪੁਰ ਦਾ ਹੋਰ ਮੁਲਖ, ਹੁਣ ਮਹਾਰਾਜੇ ਦੇ ਅਮਲ ਵਿਚ ਹੈ॥"

ਸੰਪਰਕ : 94634-39075

# ਵਹਿਣ ਮੋੜਨਾ ਸੌਖਾ ਨਹੀਂ, ਚੰਨਾ ਹੜ੍ਹ ਦੇ ਪਾਣੀ ਦਾ

ਅਸਮਾਨੀ ਬਿਜਲੀ ਦਾ ਕੜਕਣਾ ਤੇ ਬੱਦਲ਼ਾਂ ਦੀ ਗੜ੍ਹਗੜਾਹਟ, ਜਾਨ ਕੱਢ ਰਹੀ ਸੀ। ਗਾੜ੍ਹੇ ਬੱਦਲ਼ਾਂ ਨੇ ਸਿਖਰ ਦੁਪਹਿਰ ਹਨ੍ਹੇਰੇ ਦੀ ਚਾਦਰ ਓੜ ਲਈ। 'ਵੇ ਦੇਖ ਜ਼ਰਾ ਕੋਠੇ ਦਾ ਮੋਘਾ ਢਕਿਆ ਹੋਇਐ ? ' ਚੇਤੇ ਵਿੱਚੋਂ ਮਾਂ ਦੇ ਬੋਲ ਉੱਭਰੇ। ਮੈਂ ਬਹੁਤ ਪਿਛਾਂਹ ਚਲਾ ਗਿਆ। ਮਾਂ ਦੀ ਆਵਾਜ਼ ਵਿੱਚ ਕੰਬਣੀ ਸੀ।ਸਤਲੁਜ ਵਿੱਚ ਆਏ ਹੜ੍ਹ ਦੀ ਚਰਚਾ ਨੇ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਸਹਿਮ ਸਿਰਜ ਦਿੱਤਾ ਸੀ।ਇਸ ਕੰਬਣੀ ਦਾ ਹੋਰ ਕਾਰਨ ਸਾਡੇ ਗੁਆਂਢੀ ਬੁੱਧ ਸਿੰਘ ਦੇ ਕੱਚੇ ਕੋਠੇ ਦਾ, ਰਾਤੀਂ ਧੜੰਮ ਕਰਕੇ ਗਿਰ ਜਾਣਾ ਵੀ ਸੀ। ਸਾਰੰਗਪੁਰ ਦੇ ਲੋਕ ਆਪਣੇ ਭਰੇ-ਭਰਾਏ ਘਰ ਛੱਡਣ ਲਈ ਮਜ਼ਬੂਰ ਸਨ।ਸੂਏ ਦੇ ਬੰਨ੍ਹ ਤੋਂ ਅੱਗੇ ਸਤਲੁਜ ਦਰਿਆ ਦੇ ਬੰਨ੍ਹ ਤੱਕ ਕਈ ਕਈ ਫੁੱਟ ਪਾਣੀ, ਖੇਤਾਂ ਵਿੱਚ ਵਹਿ ਰਿਹਾ ਸੀ। ਗੰਨੇ ਦੀ ਫਸਲ ਤੋਂ ਇਲਾਵਾ ਹੋਰ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਬੇਲੇ ਤੋਂ ਅਗਲੇਰੇ ਪਿੰਡਾਂ ਦੇ ਬਹੁਤੇ ਲੋਕ ਪੱਛਮ ਵੱਲ ਤੁਰਦੇ ਇਸ ਸੂਏ ਦੇ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਡਟੇ ਹੋਏ ਸਨ।ਦਰਅਸਲ ਇਹ ਸੂਆ ਚਮਕੌਰ ਸਾਹਿਬ ਦੀ ਕੱਚੀ ਨਹਿਰ ਵਿੱਚੋਂ ਕੱਢਿਆ ਹੋਇਆ ਹੈ।ਇੱਕਾ-ਦੁੱਕਾ ਵਿਭਾਗੀ ਮੇਟ ਵੀ ਇੱਧਰ-ਉੱਧਰ ਚੱਕਰ ਲਗਾ ਰਹੇ ਸਨ। ਕੀ ਪਤਾ ਬੰਨ੍ਹ ਦੀਆਂ ਕਮਜ਼ੋਰ ਥਾਵਾਂ ਕਦੋਂ ਪਾੜ ਨੂੰ ਸੱਦਾ ਦੇ ਦੇਵਣ ? ਹੁਣ ਜਦੋਂ ਕਦੀ ਵੀ ਬੇਮੁਹਾਰਾ ਮੀਂਹ ਵਰ੍ਹਦਾ ਹੈ, ਦਿਲ ਕੰਬ ਜਾਂਦਾ ਹੈ। ਸੁਫਨੇ ਵਿੱਚ ਵੀ ਕਈ ਵਾਰੀ ਬਿਫਰਿਆ ਸਤਲੁਜ ਤਬਾਹੀ ਮਚਾਉਂਦਾ ਨਜ਼ਰੀਂ ਪੈਂਦਾ ਹੈ। ਇਨ੍ਹੀਂ ਦਿਨੀਂ ਵੀ ਪਹਾੜੀ ਖੇਤਰਾਂ ਵਿੱਚ ਪੈਂਦੀ ਮੋਹਲ਼ੇਧਾਰ ਵਰਖਾ, ਬੱਦਲਾਂ ਦੇ ਫਟਣ ਦੀ ਗੜਗੜਾਹਟ ਅਤੇ ਪਹਾੜਾਂ ਦੇ ਟੁੱਟਣ ਦੀ ਪ੍ਰਕ੍ਰਿਆ ਦਰਮਿਆਨ ਜਨ-ਜੀਵਨ ਦਾ ਅਸਤ-ਵਿਅਸਤ ਹੋਣਾ ਕੁਦਰਤੀ ਹੈ। ਮਾਲੀ ਤੇ ਜਾਨੀ ਨੁਕਸਾਨ ਨੇ ਦਿਲ ਦਹਿਲਾ ਦਿੱਤੇ ਹਨ। ਸਾਡੇ ਡੈਮਾਂ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਉਤਾਂਹ ਜਾਣ ਕਰਕੇ ਫਲੱਡ ਗੇਟਾਂ ਦਾ ਖੁੱਲ੍ਹਣਾ ਵੀ ਮਜਬੂਰੀ ਹੈ। ਪਹਾੜੀ ਖੇਤਰਾਂ ਵਿੱਚ ਪੈਂਦੀ ਬਾਰਿਸ਼ ਨੇ ਮੈਦਾਨੀ ਖੇਤਰਾਂ ਨੂੰ ਜਲ-ਥਲ ਕਰ ਦਿੱਤਾ ਹੈ। ਵੇਖਿਆ ਜਾਵੇ ਤਾਂ ਇਹ ਕੁਦਰਤੀ ਪ੍ਰਕ੍ਰਿਆ ਸਦੀਆਂ ਤੋਂ ਦੁਹਰਾਈ ਜਾਂਦੀ ਹੈ ਪਰ ਸਾਡੀਆਂ ਸਰਕਾਰਾਂ ਦੇ ਪ੍ਰਬੰਧਕੀ ਢਾਂਚੇ ਦੇ ਜ਼ਿਹਨ ਨੂੰ ਅਜਿਹੀਆਂ ਚਿਰ ਸਥਾਈ ਸਕੀਮਾਂ ਕਿਉਂ ਨਹੀਂ ਅਹੁੜਦੀਆਂ, ਜਿਨ੍ਹਾਂ ਨਾਲ਼ ਹੜ੍ਹ ਦੇ ਇਸ ਬੇਮੁਹਾਰੇ ਪਾਣੀ ਦਾ ਇਸਤੇਮਾਲ ਔੜ ਦੇ ਦਿਨਾਂ ਲਈ ਕਰ ਲਿਆ ਜਾਵੇ। ਦੁਨੀਆਂ ਦੇ ਬਹੁਤੇ ਦੇਸ਼, ਜਿਨ੍ਹਾਂ ਵਿੱਚ ਚੀਨ ਵੀ ਸ਼ਾਮਲ ਹੈ, ਆਪਣੀਆਂ ਭਵਿੱਖੀ ਯੋਜਨਾਵਾਂ ਕਰਕੇ ਹੀ ਅਗੇਰੇ ਹੈ। ਇਨ੍ਹੀਂ ਦਿਨੀਂ ਚੰਡੀਗੜ੍ਹ ਦੀ ਪੂਰਬੀ ਗੁੱਠੋਂ ਸ਼ਿਵਾਲਿਕ ਦੀਆਂ ਪਹਾੜੀਆਂ 'ਤੇ ਪਏ ਜ਼ੋਰਦਾਰ ਮੀਂਹ ਨੇ ਅੱਧੇ ਚੰਡੀਗੜ੍ਹ ਨੂੰ ਹੜ੍ਹ ਦੀ ਮਾਰ ਹੇਠ ਲੈ ਆਂਦਾ। ਕਾਂਸਲ ਪਿੰਡ ਦੇ ਖੇਤਾਂ ਵਿੱਚੋਂ ਵਗਦਾ ਪਾਣੀ ਸਕੱਤਰੇਤ ਦੀ ਉੱਤਰੀ ਗੁੱਠੋਂ ਨਿਕਲ਼ਦੇ ਬਰਸਾਤੀ ਨਾਲ਼ੇ ਵਿੱਚ ਫੂੰਕਾਰੇ ਮਾਰਦਾ ਰੋਜ਼ ਗਾਰਡਨ ਨੂੰ ਗਾਹੁੰਦਾ ਹੋਇਆ ਅਗਾਂਹ ਨਿਕਲ਼ਦਾ ਹੈ। ਇਸੇ ਤਰ੍ਹਾਂ ਸੁਖਨਾ ਦੇ ਫਲੱਡ ਗੇਟ ਖੁੱਲ੍ਹਣ ਨਾਲ਼ ਪਿੰਡ ਕਿਸ਼ਨ ਗੜ੍ਹ ਕੋਲ਼ੋਂ ਲੰਘਦੇ ਬਰਸਾਤੀ ਨਾਲ਼ੇ ਦੇ ਪੁਲ਼ ਉੱਤੋਂ ਵਹਿੰਦਾ ਰਿਹਾ। ਸ਼ੁਕਰ ਇਸ ਗੱਲ ਦਾ ਹੈ ਕਿ ਚੰਡੀਗੜ੍ਹ ਦੇ ਦੂਰਅੰਦੇਸ਼ ਉਸਰੱਈਆਂ ਨੇ ਬਰਸਾਤੀ ਪਾਣੀ ਦੇ ਕੁਦਰਤੀ ਵਹਾਅ ਨਾਲ਼ ਛੇੜ-ਛਾੜ ਨਾ ਹੋਣ ਦੇਣ ਕਾਰਨ ਹੀ ਕੁਝ ਘੰਟਿਆਂ ਵਿੱਚ ਇਹ ਪਾਣੀ ਆਪਣੇ ਰਾਹੇ ਪੈਂਦਾ ਰਿਹਾ। ਫਿਰ ਵੀ ਮੈਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਇਹ ਪਾਣੀ ਸਕੱਤਰੇਤ, ਹਾਈ ਕੋਰਟ ਅਤੇ ਮਿੰਨੀ ਸਕੱਤਰੇਤ ਦੀਆਂ ਅਹਿਮ ਇਮਾਰਤਾਂ ਦੇ ਪੈਰੀਂ ਵਗਦਾ ਰਿਹਾ। ਇਸੇ ਵੇਲ਼ੇ ਮੇਰੇ ਚੇਤੇ ਵਿੱਚ 1978 ਦੇ ਹੜ੍ਹਾਂ ਵਿੱਚ ਦਰਿਆ-ਬੁਰਦ ਹੋਇਆ ਮੇਰਾ ਨਾਨਕਾ ਪਿੰਡ 'ਮਾਲੇਵਾਲ਼' ਪ੍ਰਗਟ ਹੋਇਆ ਤੇ ਬੇਚਰਾਗ ਹੋਇਆ ਦਿਸਿਆ। ਉਨ੍ਹੀਂ-ਦਿਨੀਂ ਵੀ ਇੰਝ ਹੀ ਬਰਸਾਤ ਨੇ ਤਬਾਹੀ ਮਚਾਈ ਸੀ। ਡੈਮ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-29**

**ਸੁਰਜੀਤ ਸੁਮਨ**

ਉੱਛਲਣ ਲੱਗੇ ਸਨ ਤੇ ਸਤਲੁਜ ਦੀਆਂ ਛੱਲਾਂ ਕੰਢੇ ਖੋਰਨ ਲੱਗੀਆਂ। ਮੇਰਾ ਨਾਨਕਾ ਪਿੰਡ ਬਿਲਕੁਲ ਸਤਲੁਜ ਦੇ ਕਿਨਾਰੇ ਵਸਿਆ ਹੋਇਆ ਸੀ। ਨਾਨਕਿਆਂ ਦਾ ਵਿਹੜਾ ਬੰਨ੍ਹ ਨੂੰ ਜਾ ਲਗਦਾ। ਵਿਹੜੇ ਵਿੱਚ ਲੱਗੇ ਅੰਬ, ਸੰਤਰੇ, ਅਮਰੂਦ ਝੂਮਦੇ ਸਨ।ਕਰੇਲਿਆਂ ਦੀਆਂ ਵੇਲਾਂ, ਭਿੰਡੀਆਂ, ਬੈਂਗਣੀ ਨਾਲ਼ ਲੱਦੇ ਬੂਟੇ, ਫੁੱਲਾਂ 'ਤੇ ਭੂਮਰ ਪਾਉਂਦੀਆਂ ਰੰਗ-ਬਰੰਗੀਆਂ ਤਿੱਤਲੀਆਂ, ਇੱਕ ਨਿਵੇਕਲ਼ਾ ਜਿਹਾ ਮਾਹੌਲ ਸਿਰਜ ਰਹੀਆਂ ਸਨ। ਸਤਲੁਜ ਵਿੱਚ ਅਚਾਨਕ ਛੱਡੇ ਪਾਣੀ ਦੇ ਤੇਜ਼ ਵਹਾਅ ਨੇ ਪਿੰਡ ਦੀਆਂ ਹੱਦਾਂ ਨੂੰ ਖੋਰਨਾ ਸ਼ੁਰੂ ਕਰ ਦਿੱਤਾ ਸੀ। ਪਾੜ ਪੈਂਦਾ, ਧਰਤੀ ਪਾਟ ਜਾਂਦੀ ਤੇ ਧੜੱਮ ਕਰਕੇ ਢਿੱਗਾਂ ਦਰਿਆ ਵਿੱਚ ਸਮਾਅ ਜਾਂਦੀਆਂ। ਦੋ ਤਿੰਨ ਦਿਨਾਂ ਵਿੱਚ ਹੀ ਪਿੰਡ ਦੀ ਅੱਧ ਤੋਂ ਜ਼ਿਆਦਾ ਜ਼ਮੀਨ ਦਰਿਆ ਨੇ ਹੜੱਪ ਲਈ। ਹੁਣ ਤੇਜ਼ ਮੁਹਾਣ ਪਿੰਡ ਵੱਲ ਵਧ ਰਿਹਾ ਸੀ। ਪ੍ਰਸ਼ਾਸਨ ਨੇ ਵਾਸੀਆਂ ਨੂੰ ਪਿੰਡ ਛੱਡ ਜਾਣ ਦੇ ਹੁਕਮ ਸੁਣਾ ਦਿੱਤੇ ਸਨ। ਸਿਆਣਿਆਂ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਘਰੇਲੂ ਸਮਾਨ ਸੰਭਾਲਦਿਆਂ ਲਾਗਲੇ ਪਿੰਡਾਂ ਵਿੱਚ ਆਪਣੇ ਰਿਸ਼ਤੇਦਾਰਾਂ ਜਾਂ ਸਨੇਹੀਆਂ ਘਰੀਂ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਸੀ। ਮੱਕੋਆਲ਼ ਤੋਂ ਮੇਰੇ ਮਸੇਰ ਤੇ ਹੋਰ ਰਿਸ਼ਤੇਦਾਰ ਸਾਡੇ ਨਾਨਕੇ ਘਰ ਪਹੁੰਚੇ ਹੋਏ ਸਨ। ਨਾਨਕਿਆਂ ਦਾ ਬਹੁਤਾ ਸਮਾਨ, ਉਹ ਆਪਣੇ ਪਿੰਡ ਲੈ ਆਏ ਸਨ। ਮੇਰੀ ਮਾਂ, ਮਾਸੀ, ਨਾਨੀ, ਮਾਮਾ-ਮਾਮੀ ਸਾਰੇ ਆਪਣੇ ਘਰ ਨੂੰ ਦਰਿਆ-ਬੁਰਦ ਹੁੰਦਿਆਂ ਦੇਖ ਧਾਹਾਂ ਮਾਰ ਕੇ ਰੋ ਰਹੇ ਸਨ। ਹੌਲ਼ੀ ਹੌਲ਼ੀ ਪਿੰਡ ਦਾ ਖੂਹ, ਪੀਰ ਬੁੱਧੂ ਸ਼ਾਹ ਦੀ ਮਜ਼ਾਰ, ਮਸੀਤ ਵਿੱਚ ਬਣੇ ਗੁਰਦੁਆਰੇ ਦੀ ਇਮਾਰਤ ਹੜ੍ਹ ਨੇ ਨਿਗਲ਼ ਲਏ ਸਨ। ਹੁਣ ਉੱਥੇ ਚਿੱਕੜ ਭਰੇ ਪਾਣੀ ਦੀਆਂ ਛੱਲਾਂ ਸਨ। ਪ੍ਰਸ਼ਾਸਨ ਨੇ ਇਸ ਪਿੰਡ ਦੇ ਵਸਨੀਕਾਂ ਦੀ ਠਹਿਰ ਲਈ ਸ੍ਰੀ ਚਮਕੌਰ ਸਾਹਿਬ ਤੰਬੂ ਲਗਾ ਦਿੱਤੇ। ਇਸ ਥਾਂ ਅੱਜ ਕੱਲ੍ਹ ਸਟੇਡੀਅਮ ਬਣਿਆ ਹੋਇਆ ਹੈ। ਮਰਦੇ ਦਮ ਤੱਕ ਮੇਰੀ ਮਾਂ ਇਸ ਮੰਜ਼ਰ ਨੂੰ ਭੁੱਲਾ ਨਾ ਸਕੀ। ਅੱਜ ਸਵੇਰੇ ਸੈਰ ਕਰ ਰਹੇ ਪਿਆਰਾ ਸਿੰਘ ਦੇ ਪ੍ਰਵਚਨ ਨੂੰ ਵੀ ਮੈਂ ਮਨ ਲਾ ਕੇ ਸੁਣਦਾ ਹਾਂ, 'ਮਿੱਤਰਾ ਪਹਾੜ ਟੁੱਟ ਟੁੱਟ ਕੇ ਡਿੱਗਣ ਨਾ ਤਾਂ ਹੋਰ ਕੀ ਕਰਨ ? ਭਾਈ ਅਸੀਂ ਅੰਧਾਧੁੰਦ ਵਿਕਾਸ ਦੀ ਮੁਹਿੰਮ ਚਲਾ ਕੇ ਸਦੀਆਂ ਤੋਂ ਸਾਡੀ ਢਾਲ਼ ਬਣ ਕੇ ਖੜ੍ਹੇ ਇਨ੍ਹਾਂ ਪਹਾੜਾਂ ਨੂੰ ਡਾਈਨਾਮਾਈਨਾਂ ਨਾਲ਼ ਤੋੜਦਿਆਂ ਜ਼ਰਾ ਤਰਸ ਨਹੀਂ ਕੀਤਾ। ਹੁਣ ਇਹ ਪਹਾੜ ਛਲ਼ਣੀ-ਛਲ਼ਣੀ ਹਨ। ਜਿੱਥੋਂ ਕਮਜ਼ੋਰ ਹੁੰਦੇ ਹਨ, ਮਨੁੱਖੀ ਰਿਸ਼ਤਿਆਂ ਵਾਂਗ ਟੁੱਟ ਕੇ ਝੜ ਜਾਂਦੇ ਹਨ। ਇਹ ਵੀ ਉਵੇਂ ਹੀ ਨੁਕਸਾਨ ਕਰਦੇ ਹਨ, ਜਿਵੇਂ ਅੱਜ ਕੱਲ੍ਹ ਅਹਿਮ ਨਾਲ਼ ਲੱਦੇ ਭੁਰ ਰਹੇ, ਜ਼ਰਜ਼ਰ ਹੋਏ ਤੇ ਟੁੱਟ ਰਹੇ ਮਨੁੱਖੀ ਰਿਸ਼ਤੇ ਕਰਦੇ ਹਨ।' ਇਨ੍ਹਾਂ ਰਿਸ਼ਤਿਆਂ ਦੀ ਜੇਕਰ ਸਮੇਂ-ਸਿਰ ਸਾਂਭ-ਸੰਭਾਲ ਜਾਂ ਮੱਲ੍ਹਮ-ਪੱਟੀ ਨਾ ਹੋਵੇ ਤਾਂ ਇਹ ਵੀ ਇਨ੍ਹਾਂ ਹੜ੍ਹਾਂ ਵਾਂਗ ਤਬਾਹੀ ਮਚਾਉਂਦੇ ਰਹਿੰਦੇ ਹਨ। ਕਿਸੇ ਵੇਲ਼ੇ ਪਿੰਡਾਂ ਦੇ ਪਿੰਡ ਅਕਾਲੀ ਹੁੰਦੇ ਸਨ। ਪਿੰਡ ਦੇ ਕਿਸੇ ਬਜ਼ੁਰਗ ਨੂੰ ਜੇ ਕਿਸੇ ਨੇ ਅਕਾਲੀ ਲੀਡਰ ਦੇ ਵਿਰੁੱਧ ਕੁਸ਼ ਕਹਿਣਾ ਤਾਂ ਉਸ ਉੱਖੜੇ ਕੁਹਾੜੇ ਵਾਂਗ ਪੈਣਾ। ਅੱਜ ਦੇਖ ਲੈ। ਤੈਨੂੰ ਦੱਸਾਂ ਮੈਂ, ਇਹ ਭਾਣਾ ਕਿਵੇਂ ਵਾਪਰਿਆ ? ਇਨ੍ਹਾਂ ਮੋਹਰੀ ਬਜ਼ੁਰਗ ਅਕਾਲੀਆਂ ਦੀ ਔਲਾਦ ਜਦੋਂ ਬਾਦਲਾਂ ਦੀ ਅਗਲੀ ਪੀੜ੍ਹੀ ਕੋਲ਼ ਆਪਣੇ ਕੰਮੀਂ ਜਾਂਦੀ ਤਾਂ ਉਨ੍ਹਾਂ ਪਛਾਣਨਾ ਈ ਬੰਦ ਕਰ ਦਿੱਤਾ। ਊਂ ਬਹੁਤੇ ਰਾਜਨੀਤੀਵਾਨ ਜਿੱਤ ਕੇ ਕਦੋਂ ਪਛਾਣਦੇ ਨੇ ? ਹੋਰ ਤਾਂ ਹੋਰ ਗੁਰੂ ਦੀ ਬੇਅਦਬੀ ਕੌਣ ਸਹਿ ਲਊ ? ਅਗਲਿਆਂ ਹੁਣ ਇਨ੍ਹਾਂ ਨੂੰ ਪਛਾਣਨਾ ਈ ਬੰਦ ਕਰਤਾ। ਨਵੇਂ ਬਣੇ ਅਕਾਲੀ ਦਲ ਦਾ ਦੇਖੋ ਕੀ ਬਣਦੈ ? ਵੈਸੇ ਕਿਸੇ ਵੀ ਪਾਰਟੀ ਸੰਗਠਨ ਨੂੰ ਚਲਾਉਣਾ ਆਸਾਨ ਨਹੀਂ। ਇਹ ਸੰਗਠਨ ਪੈਸੇ ਨਾਲ਼ ਚੱਲਦੇ ਨੇ, ਜਿਹੜਾ ਖਰਚੂ ਉਹੀ ਖੱਟੂ।' ਪਿਆਰਾ ਸਿੰਘ ਅੱਗੇ ਨਿਕਲ਼ ਗਏ ਤੇ ਮੈਂ ਵੀਰ ਦਲੇਰ ਸਿੰਘ ਦਾ ਫੋਨ ਅਟੈਂਡ ਕਰਨ ਲਈ ਬੈਂਚ 'ਤੇ ਬੈਠ ਗਿਆ। ਉਸ ਉਪਲ਼ ਫਾਰਮ ਵਾਲ਼ੀ ਕੁੜੀ ਦੀ ਗੱਲ ਛੇੜ ਲਈ। 'ਛੋਟੇ ਭਾਈ ਦੁਨੀਆਂ ਦਾ ਤਗ ਟੁੱਟ ਗਿਆ ਸਮਝ। ਸਾਡਾ ਸਮਾਜ ਬੇਮੁਹਾਰਾ ਹੋਇਆ ਪਿਐ, ਖਾਸ ਕਰ ਨੌਜਵਾਨੀ। ਕਾਮ ਇਨ੍ਹਾਂ ਦੇ ਸਿਰ ਚੜ੍ਹ ਬੋਲ ਰਿਹੈ। ਮੁੰਡੇ-ਕੁੜੀਆਂ ਹੱਦ ਕਰੀ ਜਾ ਰਹੇ ਨੇ ? ਊਂ ਘੱਟ ਤਾਂ ਕੋਈ ਵੀ ਨਹੀਂ। ਕੱਲੇ-ਕੱਲੇ ਧੀਆਂ-ਪੁੱਤਾਂ ਨੂੰ ਜਿਹੜੇ ਮਾਪੇ ਖੁੱਲ੍ਹ ਦਿੰਦੇ ਨੇ, ਉਹ ਇਹਦਾ ਨਾਜਾਇਜ਼ ਫਾਇਦਾ ਉਠਾਉਂਦੇ ਨੇ।ਟੀਨੇਜ਼ਰ ਕਿੰਨੇ ਕਿੰਨੇ ਰਿਸ਼ਤੇ ਪਾਲ਼ੀ ਬੈਠੇ ਹਨ। ਵੱਡੇ ਵੀ ਰਿਸ਼ਤਿਆਂ ਪ੍ਰਤੀ ਵਫਾਦਾਰ ਨਹੀਂ ਰਹੇ। ਕੁੜੀਆਂ-ਔਰਤਾਂ ਦਾ ਪਹਿਰਾਵਾ ..ਉਫ। ਅਚਾਨਕ ਮੇਰੇ ਫੋਨ ਦੀ ਬੈਟਰੀ ਡੈੱਡ ਹੋ ਗਈ। ਮੇਰੇ ਜ਼ਿਹਨ ਵਿੱਚ ਮੇਰੇ ਗੀਤ ਦਾ ਅੰਤਰਾ ਆ ਬੈਠਾ, 'ਭਲਾਂ ਜੋੜ ਸਕੂਗਾ ਕਿਹੜਾ ਟਾਹਣੀਉਂ ਟੁੱਟਿਆਂ ਪੱਤਿਆਂ ਨੂੰ/ ਕੋਈ ਮੋੜ ਲਿਆਵੇ ਹਾੜਾ ਈ ਓਏ ! ਸਾਡੇ ਚੇਤਰ, ਕੱਤਿਆਂ ਨੂੰ/ ਪਰ ਵਹਿਣ ਮੋੜਨਾ ਸੌਖਾ ਨਹੀਂ ਚੰਨ, ਹੜ੍ਹ ਦੇ ਪਾਣੀ ਦਾ/ ਪੰਨਾ ਫਿਰ ਖੁੱਲ੍ਹ ਜਾਣਾ, ਓਸੇ ਦਰਦ ਕਹਾਣੀ ਦਾ।'

ਸੰਪਰਕ- 98144-30874

# 100 ਬਿਲੀਅਨ ਤੋਂ ਟੱਪਿਆ ਚੀਨ ਨਾਲ ਵਪਾਰਕ ਘਾਟਾ

ਅੱਜ ਚੀਨ ਵਿਸ਼ਵ ਵਪਾਰ ਵਿੱਚ ਭਾਰਤ 'ਤੇ ਬਹੁਤ ਹਾਵੀ ਹੋ ਚੁੱਕਾ ਹੈ। ਭਾਰਤ ਦਾ ਚੀਨ ਦੇ ਨਾਲ ਵਪਾਰਕ ਘਾਟਾ 100 ਬਿਲੀਅਨ ਡਾਲਰ ਤੋਂ ਵੱਧ ਹੋ ਗਿਆ ਹੈ। ਕਾਰਨ ਹੈ ਲਗਾਤਾਰ ਵਧ ਰਹੀ ਦਰਾਮਦ। ਪਿਛਲੇ ਵਿੱਤੀ ਵਰ੍ਹੇ 2024-25 ਵਿੱਚ ਇਹ ਦਰਾਮਦ 113.45 ਬਿਲੀਅਨ ਡਾਲਰ ਦੀ ਸੀ, ਜੋ 11 ਫ਼ੀਸਦੀ ਵੱਧ ਸੀ। ਹਰ ਸਾਲ ਹੋ ਰਹੇ ਇਸ ਵਾਧੇ ਦੇ ਚੱਲਦਿਆਂ ਹੀ ਪਿਛਲੇ ਇੱਕ ਦਹਾਕੇ ਤੋਂ ਵੱਧ ਦੇ ਸਮੇਂ ਵਿੱਚ ਭਾਰਤ ਦੀ ਦਰਾਮਦ ਚੀਨ ਨਾਲ 150 ਫ਼ੀਸਦੀ ਤੋਂ ਵੱਧ ਹੋ ਗਈ ਹੈ। ਸਾਲ 2012 ਵਿੱਚ ਇਹ 39.3 ਬਿਲੀਅਨ ਅਮਰੀਕੀ ਡਾਲਰ ਸੀ। ਕੀ ਦਰਾਮਦ ਦੇ ਵਧਣ ਦਾ ਮੁੱਖ ਕਾਰਨ ਭਾਰਤ ਦੀ ਅਰਥ-ਵਿਵਸਥਾ ਦੇ ਕੱਦ ਵਿੱਚ ਹੋ ਰਿਹਾ ਵਾਧਾ ਹੈ ? ਇਸ ਸੰਬੰਧ ਵਿੱਚ ਅੰਕੜੇ ਇਹ ਦੱਸਦੇ ਹਨ ਕਿ ਭਾਰਤ ਦੀ ਕੁੱਲ ਦਰਾਮਦ ਪਿਛਲੇ ਇੱਕ ਦਹਾਕੇ ਤੋਂ ਸਿਰਫ਼ 46 ਫ਼ੀਸਦੀ ਹੀ ਵਧੀ ਹੈ ਪ੍ਰੰਤੂ ਚੀਨ ਦੇ ਨਾਲ ਇਸ ਦੀ ਮਾਤਰਾ ਬਹੁਤ ਜ਼ਿਆਦਾ ਦਰਜ ਹੋਈ ਹੈ। ਕੀ ਚੀਨ ਉੱਤੇ ਲਗਾਤਾਰ ਵਧ ਰਹੀ ਨਿਰਭਰਤਾ ਕੌਮਾਂਤਰੀ ਕੂਟਨੀਤੀ ਦੇ ਹਿਸਾਬ ਨਾਲ ਭਾਰਤ ਲਈ ਉਚਿਤ ਹੈ ?

ਚੀਨ ਦੇ ਨਾਲ ਭਾਰਤੀ ਬਰਾਮਦ ਜਿਉਂ ਦੀ ਤਿਉਂ ਹੈ। ਇਸ ਵਿੱਚ ਵਾਧਾ ਨਹੀਂ ਹੋ ਰਿਹਾ ਹੈ, ਸਗੋਂ ਪਿਛਲੇ ਵਿੱਤੀ ਵਰ੍ਹੇ 2024-25 ਵਿੱਚ ਤਾਂ ਚੀਨ ਨੂੰ ਕੀਤੀ ਗਈ ਬਰਾਮਦ ਵਿੱਚ 15 ਫ਼ੀਸਦੀ ਦੀ ਕਮੀ ਹੀ ਦਰਜ ਹੋਈ, ਜੋ ਕਿ ਸਿਰਫ਼ 16.66 ਬਿਲੀਅਨ ਡਾਲਰ ਸੀ। ਇਸੇ ਕਰਕੇ ਚੀਨ ਦੇ ਨਾਲ ਭਾਰਤੀ ਵਪਾਰਕ ਘਾਟਾ 100 ਬਿਲੀਅਨ ਡਾਲਰ ਤੋਂ ਵੱਧ ਹੋ ਗਿਆ। ਇਸ ਘਾਟੇ ਦੇ ਅੰਕੜੇ ਨੂੰ ਬਹੁਤ ਜ਼ਿਆਦਾ ਮਹੱਤਵ ਦੇਣਾ ਜ਼ਰੂਰੀ ਹੈ ਕਿਉਂਕਿ ਇੱਕ ਪਾਸੇ ਜਿੱਥੇ ਇਹ ਭਾਰਤ ਦੀ ਚੀਨ ਉੱਤੇ ਨਿਰਭਰਤਾ ਨੂੰ ਦੱਸਦਾ ਹੈ, ਤਾਂ ਉੱਥੇ ਹੀ ਦੂਜੇ ਪਾਸੇ ਇਹ ਵੀ ਸਮਝਣਾ ਹੋਵੇਗਾ ਕਿ ਵਰਤਮਾਨ ਸਮੇਂ ਵਿੱਚ ਭਾਰਤ ਦਾ ਰੱਖਿਆ ਬਜਟ ਕਰੀਬ 78 ਬਿਲੀਅਨ ਅਮਰੀਕੀ ਡਾਲਰ ਦਾ ਹੀ ਹੈ। ਭਾਵ ਕਿ ਦੇਸ਼ ਦੇ ਕੁੱਲ ਰੱਖਿਆ ਬਜਟ ਤੋਂ ਵੱਧ ਦਾ ਭੁਗਤਾਨ ਤਾਂ ਭਾਰਤ ਸਿਰਫ਼ ਚੀਨ ਨੂੰ ਦਰਾਮਦ ਦੇ ਰੂਪ 'ਚ ਹੀ ਕਰ ਰਿਹਾ ਹੈ। ਹੋ ਸਕਦਾ ਹੈ ਕਿ ਇਹ ਤੱਥ ਸਵੈਮਾਨ 'ਤੇ ਸੱਟ ਮਾਰਨ ਵਾਲਾ ਹੋਵੇ ਪਰ ਆਰਥਿਕ ਪੱਖੋਂ ਸਚਾਈ ਇਹੀ ਹੈ।

ਚੀਨ ਦੇ ਨਾਲ ਦਰਾਮਦ ਵਿੱਚ ਮੁੱਖ ਤੌਰ 'ਤੇ ਭਾਰਤ ਦੁਆਰਾ ਪੂੰਜੀਗਤ ਵਸਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ। ਇਨ੍ਹਾਂ ਦੀ ਅਧਿਕਾਰਕ ਵਰਤੋਂ ਨਿਰਮਾਣ ਖੇਤਰ, ਊਰਜਾ ਖੇਤਰ ਅਤੇ ਨਿਊਕਲੀਅਰ ਖੇਤਰ ਵਿੱਚ ਭਾਰਤ ਦੇ ਉਦਯੋਗਾਂ ਦੁਆਰਾ ਕੀਤੀ ਜਾਂਦੀ ਹੈ। ਤਕਰੀਬਨ ਪਿਛਲੇ ਕਈ ਸਾਲਾਂ ਵਿੱਚ ਚੀਨ ਤੋਂ ਪੂੰਜੀਗਤ ਵਸਤਾਂ ਦੀ ਦਰਾਮਦ ਵਿੱਚ ਹਰ ਸਾਲ 4 ਫ਼ੀਸਦੀ ਦਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਉੱਥੇ ਹੀ ਦੂਜੇ ਪਾਸੇ ਇਹ ਅੰਕੜਾ ਵੀ ਬਹੁਤ ਹੈਰਾਨ ਕਰ ਦੇਣ ਵਾਲਾ ਹੈ ਕਿ ਪਿਛਲੇ ਵਿੱਤੀ ਸਾਲ ਵਿੱਚ ਵੱਖ-ਵੱਖ ਇਲੈਕਟ੍ਰਾਨਿਕ ਅਤੇ ਇਲੈਕਟ੍ਰੀਕਲਸ ਉਤਪਾਦਾਂ ਦੀ ਦਰਾਮਦ ਵਿੱਚ 37 ਫ਼ੀਸਦੀ ਵਾਧਾ ਹੋਇਆ ਹੈ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਭਾਰਤੀ ਬਾਜ਼ਾਰ ਵਿੱਚ ਸਮਾਰਟਫ਼ੋਨ ਦੀ ਖਪਤ ਦੇ ਵਿੱਚ ਚੀਨ ਤੋਂ ਦਰਾਮਦ ਕੀਤੇ ਕੱਚੇ ਮਾਲ ਤੇ ਵਾਧੂ ਪੁਰਜ਼ਿਆਂ ਦਾ ਹੀ ਯੋਗਦਾਨ ਹੈ। ਇਹ ਤੱਥ ਵੀ ਨਿਸ਼ਚਿਤ ਤੌਰ 'ਤੇ ਭਾਰਤ ਦੀ ਮੇਕ ਇਨ ਇੰਡੀਆ, ਡਿਜੀਟਲ

**ਡਾ. ਪੀ.ਐੱਸ. ਵੋਹਰਾ**

**ਅਨੁਵਾਦ : ਹਰਜੋਤ**

ਇੰਡੀਆ ਅਤੇ ਸਟਾਰਟ ਅੱਪ ਇੰਡੀਆ ਦੁਆਰਾ ਭਾਰਤ ਨੂੰ ਮਿਲਣ ਵਾਲੀ ਆਤਮ-ਨਿਰਭਰਤਾ ਵੱਲ ਬਹੁਤ ਵੱਡੀ ਰੁਕਾਵਟ ਹੈ। ਚੀਨ ਤੋਂ ਹੋਰ ਮੁੱਖ ਦਰਾਮਦ ਵਿੱਚ ਭਾਰੀ ਮਸ਼ੀਨਰੀ, ਰਸਾਇਣਿਕ ਪਦਾਰਥਾਂ ਦਾ ਮੁੱਖ ਯੋਗਦਾਨ ਹੈ। ਇੱਥੇ ਹੀ ਇਹ ਪ੍ਰਸ਼ਨ ਵੀ ਪੈਦਾ ਹੁੰਦਾ ਹੈ ਕਿ ਕੀ ਭਾਰਤ ਦੀ ਦਰਾਮਦ ਚੀਨ ਨਾਲ ਦੂਜੇ ਦੇਸ਼ਾਂ ਤੋਂ ਤੁਲਨਾਤਮਕ ਰੂਪ 'ਚ ਸਸਤੀ ਹੈ ?

ਹੁਣ ਇਹ ਗੱਲ ਪੂਰੀ ਤਰ੍ਹਾਂ ਸਪੱਸ਼ਟ ਹੈ ਕਿ ਚੀਨ ਉੱਤੇ ਭਾਰਤ ਦੀ ਨਿਰਭਰਤਾ ਬਹੁਤ ਜ਼ਿਆਦਾ ਹੈ ਅਤੇ ਇਹ ਲਗਾਤਾਰ ਵਧਦੀ ਵੀ ਜਾ ਰਹੀ ਹੈ। ਦੋਵਾਂ ਅਰਥ-ਵਿਵਸਥਾਵਾਂ ਦੇ ਅਨੁਪਾਤਕ ਆਰਥਿਕ ਪ੍ਰਦਰਸ਼ਨ ਇਸ ਗੱਲ ਨੂੰ ਸਾਬਤ ਕਰਦੇ ਹਨ ਕਿ ਭਾਰਤ ਦੀ ਤੁਲਨਾ ਵਿੱਚ ਕਿਰਤ ਦੀ ਕੌਮਾਂਤਰੀ ਵੰਡ 'ਚ ਚੀਨ ਕਾਫ਼ੀ ਬਿਹਤਰ ਸਥਿਤੀ ਵਿੱਚ ਹੈ। ਇਸੇ ਕਰਕੇ ਨਿਰਮਾਣਸਾਜ਼ੀ ਖੇਤਰ ਵਿੱਚ ਚੀਨ ਬਹੁਤ ਬਿਹਤਰ ਸਥਿਤੀ ਵਿੱਚ ਹੈ। ਭਾਰਤੀ ਨਿਰਮਾਣਸਾਜ਼ੀ ਖੇਤਰ ਦਾ ਅਰਥ-ਵਿਵਸਥਾ ਵਿੱਚ ਯੋਗਦਾਨ ਤਕਰੀਬਨ 15-16 ਫ਼ੀਸਦੀ ਤੋਂ ਅੱਗੇ ਨਹੀਂ ਵਧ ਪਾ ਰਿਹਾ, ਜਦੋਂਕਿ ਸਾਲ 2006 ਵਿੱਚ ਰਾਸ਼ਟਰੀ ਨਿਰਮਾਣਸਾਜ਼ੀ ਮੁਕਾਬਲੇਬਾਜ਼ੀ ਪਰਿਸ਼ਦ (ਐੱਨ ਐੱਮ ਸੀ ਸੀ) ਦੀ ਸਥਾਪਨਾ ਸਰਕਾਰ ਨੇ ਇਸ ਉਦੇਸ਼ ਨਾਲ ਕੀਤੀ ਸੀ ਕਿ ਨਿਰਮਾਣਸਾਜ਼ੀ ਖੇਤਰ ਦਾ ਯੋਗਦਾਨ ਅਰਥ-ਵਿਵਸਥਾ ਵਿੱਚ 25 ਫ਼ੀਸਦੀ ਦੇ ਨੇੜੇ-ਤੇੜੇ ਰਹੇ। ਇਸੇ ਤਰ੍ਹਾਂ ਸਾਲ 2014 ਵਿੱਚ ਜਦੋਂ ਮੇਕ ਇਨ ਇੰਡੀਆ ਨੂੰ ਜ਼ੋਰ-ਸ਼ੋਰ ਨਾਲ ਸਥਾਪਤ ਕੀਤਾ ਗਿਆ ਸੀ ਤਾਂ ਵੀ ਉਸ ਦਾ ਉਦੇਸ਼ ਨਿਰਮਾਣਸਾਜ਼ੀ ਖੇਤਰ ਦੇ ਯੋਗਦਾਨ ਨੂੰ ਅਰਥ-ਵਿਵਸਥਾ ਵਿੱਚ ਵਧਾਉਣਾ ਹੀ ਸੀ। ਇਸ ਸੰਬੰਧ ਵਿੱਚ ਇਹ ਅਫ਼ਸੋਸ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਕਿ ਆਰਥਿਕ ਨੀਤੀਆਂ ਵਿੱਚ ਭਾਰਤ ਦੇ ਨਿਰਮਾਣਸਾਜ਼ੀ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਜ਼ਮੀਨੀ ਪੱਧਰ 'ਤੇ ਬਹੁਤ ਜ਼ਰੂਰੀ ਬਦਲਾਅ ਨਹੀਂ ਹੋਏ, ਜਿਸ ਦੇ ਸਿੱਟੇ ਵਜੋਂ ਅੱਜ ਇੱਕ ਪਾਸੇ ਜਿੱਥੇ ਇਹ ਖੇਤਰ ਭਾਰਤ ਵਿੱਚ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਦੂਰ ਨਹੀਂ ਕਰ ਪਾ ਰਿਹਾ ਹੈ ਤਾਂ ਉੱਥੇ ਹੀ ਦੂਜੇ ਪਾਸੇ ਦੇਸ਼ ਵਿੱਚ ਇਸ ਖੇਤਰ ਨਾਲ ਸੰਬੰਧਤ ਮੰਗ ਦੀ ਦਰਾਮਦ ਕਰਨੀ ਪੈਂਦੀ ਹੈ ਕਿਉਂਕਿ ਘਰੇਲੂ ਉਤਪਾਦਨ ਬਹੁਤ ਸੀਮਿਤ ਮਾਤਰਾ ਵਿੱਚ ਉਪਲੱਬਧ ਹੈ। ਦੂਰਸੰਚਾਰ ਅਤੇ ਇਲੈਕਟ੍ਰਾਨਿਕ ਉਪਕਰਣ ਖੇਤਰ ਵਿੱਚ ਤਾਂ ਇੱਕ ਆਮ ਭਾਰਤੀ ਦੀ ਵੀ ਇਹੀ ਧਾਰਨਾ ਹੈ ਕਿ ਇਨ੍ਹਾਂ ਸਾਰਿਆਂ ਦੇ ਉਤਪਾਦਨ ਵਿੱਚ ਭਾਰਤ ਸਮਰੱਥ ਨਹੀਂ ਹੈ ਅਤੇ ਇਨ੍ਹਾਂ ਦੀ ਬਹੁਤਾਤ ਵਿੱਚ ਦਰਾਮਦ ਚੀਨ ਤੋਂ ਹੀ ਹੁੰਦੀ ਹੈ। ਪਿਛਲੇ ਕਾਫ਼ੀ ਸਾਲਾਂ ਤੋਂ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਭਾਰਤ ਨੇ ਆਪਣੇ ਬਰਾਮਦ ਖੇਤਰ ਨੂੰ ਤੁਲਨਾਤਮਕ ਰੂਪ 'ਚ ਦੂਜੇ



ਛੋਟੇ ਦੇਸ਼ਾਂ ਨਾਲ ਵਧਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂਕਿ ਇੱਕ ਵਿਸ਼ਵ ਸਾਖ ਨੂੰ ਸਥਾਪਤ ਕੀਤਾ ਜਾ ਸਕੇ। ਇਹ ਸੋਚ ਆਪਣਾ ਇੱਕ ਪੱਖ ਜ਼ਰੂਰ ਰੱਖਦੀ ਹੈ ਪ੍ਰੰਤੂ ਚੀਨ ਦੇ ਨਾਲ ਭਾਰਤ ਦੇ ਵਧਦੇ ਜਾ ਰਹੇ ਵਿਸ਼ਵ ਵਪਾਰਕ ਘਾਟੇ ਦੀ ਕਮਜ਼ੋਰ ਸਥਿਤੀ ਵਿੱਚੋਂ ਬਾਹਰ ਨਿਕਲਣ ਵਿੱਚ ਮਦਦ ਨਹੀਂ ਕਰ ਰਹੀ ਹੈ ਸਗੋਂ ਕਮਜ਼ੋਰ ਸਥਿਤੀ ਨੂੰ ਹੀ ਪੇਸ਼ ਕਰਦੀ ਹੈ।

ਇਸੇ ਦੌਰਾਨ ਇਹ ਵੀ ਦੇਖਿਆ ਗਿਆ ਹੈ ਕਿ ਚੀਨ ਭਾਰਤ ਨੂੰ ਆਪਣੇ ਵੱਲ ਆਕਰਸ਼ਿਤ ਕਰਨਾ ਚਾਹੁੰਦਾ ਹੈ। ਲੰਘੇ ਕੁਝ ਸਮਾਂ ਪਹਿਲਾਂ ਜਦੋਂ ਉਸ ਦੇ ਰਾਜਦੂਤ ਨੇ ਬਿਆਨ ਦਿੱਤਾ ਸੀ ਕਿ ਚੀਨ ਭਾਰਤ ਦੀਆਂ ਕੁਝ ਪ੍ਰੀਮੀਅਮ ਵਸਤੂਆਂ ਦਾ ਆਪਣੇ ਘਰੇਲੂ ਬਾਜ਼ਾਰ ਵਿੱਚ ਸੁਆਗਤ ਕਰੇਗਾ। ਇਹ ਭਾਰਤ ਦੇ ਬਰਾਮਦ ਨੂੰ ਵਧਾਉਣ ਦੀ ਇੱਕ ਤਜਵੀਜ਼ ਹੈ। ਇਸ ਬਿਆਨ ਦੇ ਕਈ ਪੱਖ ਸਾਹਮਣੇ ਨਿਕਲ ਕੇ ਆਉਂਦੇ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਹਰ ਦਿਨ ਟੈਰਿਫ਼ ਵਧਾਉਣ ਦੇ ਸੰਬੰਧ ਵਿੱਚ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਤੋਂ ਵਿਸ਼ਵ ਪੱਧਰ 'ਤੇ ਵਾਤਾਵਰਨ ਵਿੱਚ ਹੋਣ ਵਾਲੀ ਪਰੇਸ਼ਾਨੀ ਮੁੱਖ ਹੈ। ਹਾਲਾਂਕਿ, ਚੀਨ ਅਤੇ ਅਮਰੀਕਾ ਵਿਚਕਾਰ ਟੈਰਿਫ਼ ਦੇ ਸੰਬੰਧ ਵਿੱਚ ਇੱਕ ਸਮਝੌਤਾ ਹੋ ਚੁੱਕਾ ਹੈ, ਪ੍ਰੰਤੂ ਇਸ ਸਭ ਦੇ ਬਾਵਜੂਦ ਇਨ੍ਹਾਂ ਹੀ ਦਿਨਾਂ ਵਿੱਚ ਟਰੰਪ ਨੇ ਬ੍ਰਿਕਸ ਸਮੂਹ ਤਹਿਤ ਆਉਣ ਵਾਲੇ ਸਾਰੇ ਦੇਸ਼ਾਂ ਵੱਲੋਂ ਅਮਰੀਕੀ ਮੁਦਰਾ ਡਾਲਰ ਦੇ ਵਿਰੁੱਧ ਕੋਈ ਸਾਂਝੇਦਾਰੀ ਕਰਨ ਦੀ ਸੂਰਤ ਵਿੱਚ ਉਨ੍ਹਾਂ ਉੱਤੇ 10 ਫ਼ੀਸਦੀ ਵਾਧੂ ਟੈਰਿਫ਼ ਲਗਾਉਣ ਦੀ ਗੱਲ ਕਹੀ ਹੈ। ਇਸ ਤੋਂ ਇਲਾਵਾ ਲੰਘੇ ਦਿਨੀਂ ਟਰੰਪ ਨੇ ਭਾਰਤ ਦੇ ਰੂਸ ਤੋਂ ਕੱਚਾ ਤੇਲ ਖਰੀਦਣ ਉੱਤੇ 500 ਫ਼ੀਸਦੀ ਟੈਰਿਫ਼ ਲਗਾਉਣ ਦੀ ਗੱਲ ਕਹੀ ਹੈ। ਹਾਲਾਂਕਿ ਰਾਸ਼ਟਰਪਤੀ ਟਰੰਪ ਇਹ ਸਭ ਕੁਝ ਕਦੇ ਵੀ ਜ਼ਮੀਨੀ ਪੱਧਰ 'ਤੇ ਨਹੀਂ ਕਰ ਸਕਣਗੇ। ਭਾਰਤ ਕੌਮਾਂਤਰੀ ਕੂਟਨੀਤੀ ਦੇ ਤਹਿਤ ਪਹਿਲਾਂ ਦੀ ਹੀ ਤਰ੍ਹਾਂ ਰੂਸ ਤੋਂ ਕੱਚੇ ਤੇਲ ਦੀ ਆਮਦ ਨੂੰ ਜਾਰੀ ਰੱਖੇ ਕਿਉਂਕਿ ਇਸ ਦੇ ਚੱਲਦਿਆਂ ਘਰੇਲੂ ਬਾਜ਼ਾਰ ਵਿੱਚ ਮਹਿੰਗਾਈ ਕਾਬੂ ਵਿੱਚ ਰਹੇਗੀ ਅਤੇ ਉੱਥੇ ਹੀ ਦੂਜੇ ਪਾਸੇ ਚੀਨ ਦੇ ਨਾਲ ਵਪਾਰਕ ਪਹਿਲ ਕਰਦੇ ਹੋਏ ਆਪਣੀ ਬਰਾਮਦ ਨੂੰ ਵਧਾਉਣ 'ਤੇ ਧਿਆਨ ਦੇਵੇ ਤਾਂ ਲਗਾਤਾਰ ਵਧ ਰਹੇ ਵਪਾਰਕ ਘਾਟੇ ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ ਅਤੇ ਅਮਰੀਕੀ ਨੀਤੀਆਂ ਤੋਂ ਕੁਝ ਹੱਦ ਤੱਕ ਛੁਟਕਾਰਾ।

ਮੋਬਾ. 98769-22503

*('ਜਨਸੱਤਾ' ਵਿੱਚੋਂ ਧੰਨਵਾਦ ਸਹਿਤ)*

*(ਨੋਟ: ਇਹ ਲੇਖ ਕਾਲਮਨਵੀਸ ਤੋਂ ਅਗਾਊਂ ਪ੍ਰਵਾਨਗੀ ਲੈਣ ਉਪਰੰਤ ਅਨੁਵਾਦ ਕੀਤਾ ਗਿਆ ਹੈ।)*

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਫ਼ਤਰੀ ਭ੍ਰਿਸ਼ਟਾਚਾਰ ਤੇ ਬੇਈਮਾਨੀ ਦਾ ਬਿਰਤਾਂਤ

**ਦਫ਼ਤਰਨਾਮਾ**
(ਹੱਡਬੀਤੀ)
ਜੋਗੇ ਭੰਗਲ
ਪੰਨੇ : 156, ਮੁੱਲ : 350 ਰੁਪਏ
ਲੋਕਗੀਤ ਪ੍ਰਕਾਸ਼ਨ, ਮੋਹਾਲੀ

ਫੋ ਕ ਸ

## ਚਰਚਾ ਇਕ ਪੁਸਤਕ ਦੀ

**ਡਾ. ਸੰਦੀਪ ਰਾਣਾ**





ਬਹੁਵਿਧਾਵੀ ਸਾਹਿਤਕਾਰ ਜੋਗੇ ਭੰਗਲ ਦੀ ਗਿਆਰ੍ਹਵੀਂ ਪੁਸਤਕ 'ਦਫ਼ਤਰਨਾਮਾ' ਇੱਕ ਹੱਡ ਬੀਤੀ ਹੈ। ਇਸ ਤੋਂ ਪਹਿਲਾਂ ਉਹ ਤਿੰਨ ਕਾਵਿ-ਸੰਗ੍ਰਹਿ, ਤਿੰਨ ਕਹਾਣੀ-ਸੰਗ੍ਰਹਿ, ਇਕ ਕਾਵਿ-ਨਾਟਕ, ਇਕ ਕਾਵਿ-ਕਹਾਣੀ, ਇੱਕ ਇਕਾਂਗੀ-ਸੰਗ੍ਰਹਿ ਅਤੇ ਇੱਕ ਹਿੰਦੀ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕਾ ਹੈ। ਹਥਲੀ ਪੁਸਤਕ ਉਸ ਦੀ ਚਾਲੀ ਸਾਲ ਦੀ ਸਰਵਿਸ ਦੌਰਾਨ ਦੇ ਚੰਗੇ-ਮਾੜੇ ਤਜਰਬਿਆਂ ਦਾ ਬਿਓਰਾ ਹੈ। ਲੇਖਕ ਆਪ ਇਹ ਗੱਲ ਮੰਨਦਾ ਹੈ ਕਿ ਉਸ ਦਾ ਆਪਣੀ ਪੂਰੀ ਸਰਵਿਸ ਦੌਰਾਨ ਵੱਖ-ਵੱਖ ਦਫ਼ਤਰਾਂ ਨਾਲ ਜੋ ਵਾਹ ਪਿਆ ਹੈ, ਉਸ ਨੇ ਤਜਰਬਿਆਂ ਦੇ ਰੂਪ ਵਿੱਚ ਲਿਖਣ ਲਈ ਬਹੁਤ ਸਾਰੀ ਸਮੱਗਰੀ ਉਸ ਨੂੰ ਦੇ ਦਿੱਤੀ ਸੀ। ਉਹ ਇਹਨਾਂ ਦਫ਼ਤਰਾਂ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਅਤੇ ਬੇਈਮਾਨੀ ਨੂੰ ਵਿਸ਼ਾ ਬਣਾ ਕੇ ਹਰ ਉਸ ਦਫ਼ਤਰ ਦੇ ਭੇਦ ਖੋਲ੍ਹਦਾ ਹੈ, ਜੋ ਮੋਟੀ ਰਕਮ ਕਮਾਉਣ ਲਈ ਈਮਾਨਦਾਰੀ ਨੂੰ ਦਾਅ 'ਤੇ ਲਾ ਰਿਹਾ ਹੁੰਦਾ ਹੈ। ਉਸ ਦੀ ਨਜ਼ਰ ਵਿੱਚ ਕਲਰਕ, ਪਟਵਾਰੀ, ਪੁਲਸ ਸਿਪਾਹੀ ਤੇ ਡਰਾਈਵਰ ਤਾਂ ਕੇਵਲ ਬਦਨਾਮ ਹੀ ਹਨ, ਅਸਲ ਭ੍ਰਿਸ਼ਟਾਚਾਰ ਤਾਂ ਅਫ਼ਸਰ ਪੱਧਰ 'ਤੇ ਹੁੰਦਾ ਹੈ। ਇੱਥੋਂ ਤੱਕ ਕਿ ਮਾਸਟਰ, ਡਾਕਟਰ ਅਤੇ ਸਮਾਜ ਸੇਵਾ ਦੇ ਨਾਂਅ 'ਤੇ ਹੋ ਰਹੇ ਘਪਲਿਆਂ ਦੇ ਵੀ ਪਾਜ ਉਸ ਨੇ ਆਪਣੀ ਇਸ ਪੁਸਤਕ ਵਿੱਚ ਖੋਲ੍ਹੇ ਹਨ। ਸਰਕਾਰੀ ਦਫ਼ਤਰਾਂ ਬਾਰੇ ਉਹ ਲਿਖਦਾ ਹੈ, ਸਰਕਾਰੀ ਦਫ਼ਤਰ ਦੇਖ ਲਓ। ਫਾਈਲਾਂ 'ਤੇ ਧੂੜ ਜੰਮ ਰਹੀ। ਜੋ ਅੰਦਰ ਅਲਮਾਰੀ 'ਚ ਬੰਦ ਹਨ, ਉਨ੍ਹਾਂ ਦਾ ਸਾਹ ਘੁੱਟ ਰਿਹਾ। ਮੇਜ਼ ਤੋਂ ਪਹੁੰਚੀ ਫਾਈਲ, ਚੱਕਰਵਿਊ 'ਚ ਘਿਰੀ, ਚੱਕਰ ਕੱਢੀ ਜਾ ਰਹੀ। ਜਿਹਦੀ ਫਾਈਲ ਹੈ, ਚੱਕਰ ਉਹਨੂੰ ਆ ਰਹੇ। ਜਦ ਫਾਈਲ ਨੂੰ ਪਹੀਏ ਲਗਦੇ, ਉਹ ਜਹਾਜ਼ ਬਣ ਜਾਂਦੀ। ਅਫ਼ਸਰ ਦੇ ਹਸਤਾਖ਼ਰਾਂ ਦੀ ਸਿਆਹੀ ਸੁੱਕਣ ਤੋਂ ਪਹਿਲਾਂ, ਦੋ ਨੰਬਰੀਏ ਦਾ ਕੰਮ ਹੋ ਕੇ ਉਹਦੇ ਹੱਥਾਂ ਦਾ ਸ਼ਿੰਗਾਰ ਹੁੰਦਾ। ਆਮ ਬੰਦੇ ਦੀ ਫਾਈਲ ਕੰਪਿਊਟਰ 'ਚ ਵਾੜਿਆ ਵਾਇਰਸ ਤੁਰਨ ਲਾ ਦਿੰਦਾ। ਇਸੇ ਭੂਮਿਕਾ ਵਿੱਚ ਉਹ ਇਸ ਭ੍ਰਿਸ਼ਟ ਹੋ ਚੁੱਕੇ ਸਿਸਟਮ ਬਾਰੇ ਦੱਸਦਾ ਹੈ, ਮੈਂ ਆਪਣੀ ਸੇਵਾ ਦੌਰਾਨ, ਪਾਣੀ ਨਿਵਾਣ ਵੱਲ ਵਹਿੰਦਾ ਦੇਖਿਆ। ਭੇੜੀਏ ਪਾਣੀ ਗੰਦਾ ਕਰਦੇ, ਲੇਲੇ ਸਜ਼ਾਵਾਂ ਭੁਗਤਦੇ ਤੱਕੇ। ਖ਼ੁਦ ਵੀ ਭੁਗਤੀਆਂ ਜਾਂ ਭੁਗਤਣ ਤੱਕ ਦੀ ਨੌਬਤ ਆਈ। ਉੱਪਰ ਵਾਲਿਆਂ ਦੀਆਂ ਬੇਵਜ੍ਹਾ ਲਵਾਈਆਂ ਦੌੜਾਂ ਕਦੋਂ ਭੁੱਲਦੀਆਂ। ਅਫ਼ਸਰ ਦੇ ਹੁਕਮ 'ਤੇ ਰਾਤ ਨੂੰ ਦਫ਼ਤਰ ਦੇ ਜੰਦਰੇ ਵੀ ਭੰਨਵਾਏ, ਜਿਵੇਂ ਉੱਥੋਂ ਫਾਇਰ ਬ੍ਰਿਗੇਡ ਕੱਢ ਕੇ ਅੱਗ ਬੁਝਾਉਣ ਜਾਣਾ ਹੋਵੇ। ਇਸ ਅੱਗ ਤੋਂ ਭਾਂਬੜ ਦਿਸਣ ਲਾ ਦਿੰਦੇ। ਅੱਗ ਸਮਝ ਕੇ ਠੰਢੀਆਂ ਥਾਵਾਂ ਠੰਢੀਆਂ ਕਰਦੇ ਰਹੇ। ਅੱਗਾਂ ਕਿਤੇ ਹੋਰ ਬਲ਼ਦੀਆਂ ਰਹੀਆਂ। ਦਫ਼ਤਰਾਂ ਦੀਆਂ ਏਦਾਂ ਦੀਆਂ ਫ਼ਜ਼ੂਲ ਅੱਗਾਂ, ਦੌੜਾਂ ਨੇ ਮੈਨੂੰ ਲਿਖਣ ਲਈ ਪ੍ਰੇਰਿਆ। ਇਸ ਕੱਛੂਕੁੰਮੇ ਸਿਸਟਮ 'ਚ ਜਦੋਂ ਕਿਸੇ ਮਾਸੂਮ ਨੂੰ ਦਬੋਚਣਾ ਹੋਵੇ ਤਾਂ ਉਹਦੇ ਮਗਰ ਸ਼ਿਕਾਰੀ ਕੁੱਤੇ ਛੱਡ ਦਿੱਤੇ ਜਾਂਦੇ। ਮੈਂ ਆਪਣੀ ਲੰਬੀ ਸਰਕਾਰੀ ਸਰਵਿਸ ਦੌਰਾਨ, ਕੋੜ੍ਹ-ਗ੍ਰਸਤ ਸਿਸਟਮ 'ਚ ਕੁਲ਼ਬੁਲ਼ ਕਰਦੇ ਕੀੜਿਆਂ ਨੂੰ ਆਪਣੀ ਦੂਰਬੀਨ ਰਾਹੀਂ ਪਰਖਿਆ।

ਇਸ ਪੁਸਤਕ ਨੂੰ ਉਸ ਨੇ 30 ਪਾਠਾਂ ਵਿੱਚ ਵੰਡਿਆ ਹੈ। ਵੱਖ-ਵੱਖ ਵਿਸ਼ਿਆਂ ਬਾਰੇ ਆਪਣੇ ਅਨੁਭਵ ਸਾਹਿਤਕ ਕਲਾ ਰੂਪੀ ਧਾਗੇ ਵਿੱਚ ਪਰੋ ਪਾਠਕ ਸਾਹਮਣੇ ਰੱਖਦਾ ਹੈ। ਸਭ ਤੋਂ ਪਹਿਲਾਂ ਲੇਖਕ ਖ਼ਜ਼ਾਨਾ ਅਫ਼ਸਰ ਦੀਵਾਨ ਸਿੰਘ ਦੀ ਪਤਨੀ ਬਾਰੇ ਲਿਖਦਾ ਹੈ, ਜੋ ਸਕੂਲ ਡਿਊਟੀ 'ਤੇ ਕਦੀ ਹੀ ਪਹੁੰਚਦੀ ਸੀ। ਖਜ਼ਾਨੇ ਦੀ ਡਾਕ ਲਿਆਉਣ ਤੇ ਭੇਜਣ ਦੀ ਡਿਊਟੀ ਕਾਰਨ ਛੁੱਟੀ ਲੈਣੀ ਉਸ ਦੀ ਆਦਤ ਹੀ ਰਹੀ ਅਤੇ ਜੇ ਸਕੂਲ ਵੱਲੋਂ ਉਸ ਦੀ ਇਹ ਡਿਊਟੀ ਨਾ ਲਾਈ ਜਾਂਦੀ ਤਾਂ ਖ਼ਜ਼ਾਨਾ ਦਫ਼ਤਰ ਸਕੂਲ ਦੀ ਫਾਈਲ ਕਲੀਅਰ ਹੀ ਨਾ ਹੁੰਦੀ। ਹਾਰ ਕੇ ਹੈੱਡ-ਮਾਸਟਰ ਨੂੰ ਉਸੇ ਦੀ ਡਿਊਟੀ ਲਾਉਣੀ ਪੈਂਦੀ। ਉਹ ਸਾਰੀ ਸਰਵਿਸ ਦੌਰਾਨ ਜ਼ਿਆਦਾਤਰ ਆਪਣੇ ਘਰ ਦੀਆਂ ਸੇਵਾਵਾਂ ਹੀ ਨਿਭਾਉਂਦੀ ਰਹੀ। ਲੇਖਕ ਨੇ ਇਹ ਸਾਰਾ ਕਿੱਸਾ ਬੇਬਾਕ ਢੰਗ ਨਾਲ਼ ਅਸਲ ਨਾਵਾਂ ਨਾਲ਼ ਹੀ ਕਲਮਬੱਧ ਕੀਤਾ ਹੈ। ਅਜਿਹਾ ਹੀ ਇਕ ਹੋਰ ਕਿੱਸਾ 'ਘੁੱਗੀ ਕੀ ਕਰੇ' ਸਿਫਾਰਸ਼ ਦੇ ਆਧਾਰ 'ਤੇ ਹੋਈ ਬਦਲੀ ਦਾ ਕਿੱਸਾ ਹੈ। ਬਦਲੀ ਉਸ ਅਧਿਆਪਕ ਦੀ ਹੋ ਜਾਂਦੀ ਹੈ, ਜੋ ਅਜੇ ਪ੍ਰੋਬੇਸ਼ਨ ਪੀਰੀਅਡ ਵੀ ਪੂਰਾ ਨਹੀਂ ਕਰ ਸਕਿਆ ਸੀ ਅਤੇ ਨਿਯਮਾਂ ਅਨੁਸਾਰ ਉਸ ਦੀ ਬਦਲੀ ਹੋ ਹੀ ਨਹੀਂ ਸਕਦੀ ਸੀ। ਜੋ ਅਧਿਆਪਕ ਬਦਲੀ ਲਈ ਯੋਗਤਾਵਾਂ ਪੂਰੀਆਂ ਕਰਦਾ ਸੀ ਅਤੇ ਜਿਸ ਦੀ ਬਦਲੀ ਦੀ ਸਿਫਾਰਸ਼ ਪ੍ਰਿੰਸੀਪਲ ਨੇ ਵੀ ਕੀਤੀ ਸੀ, ਉਹ ਰਾਜਨੀਤਕ ਦਬਾਅ ਕਾਰਨ ਨਹੀਂ ਹੁੰਦੀ। ਪ੍ਰਿੰਸੀਪਲ ਰਿਲੀਵ ਕਰਨ ਤੋਂ ਪਹਿਲਾਂ ਇਹ ਯੋਗਤਾਵਾਂ ਸੰਬੰਧੀ ਗੱਲ ਸਾਫ਼ ਕਰਨੀ ਚਾਹੁੰਦਾ ਸੀ, ਪਰ ਰਾਜਨੀਤਕ ਦਬਾਅ ਕਾਰਨ ਉਸ ਨੂੰ ਮਜਬੂਰੀ ਵਿੱਚ ਉਹ ਅਧਿਆਪਕ ਰਲੀਵ ਕਰਨਾ ਪੈਂਦਾ ਹੈ। ਇੱਕ ਲੇਖ 'ਹੁਸਨ ਵੀ ਇੱਕ ਸਰਟੀਫਿਕੇਟ' ਇੱਕ ਅਨਪੜ੍ਹ, ਪਰ ਖ਼ੂਬਸੂਰਤ ਕੁੜੀ ਦੀ ਸਕੂਲ ਲਾਇਬ੍ਰੇਰੀ ਵਿੱਚ ਹੋਈ ਨਿਯੁਕਤੀ ਬਾਰੇ ਹੈ। ਪ੍ਰਿੰਸੀਪਲ ਉਸ ਦੀ ਅਯੋਗਤਾ ਕਾਰਨ ਬੇਵੱਸ ਮਹਿਸੂਸ ਕਰਦਾ ਹੈ ਪਰ ਉਸ ਨੂੰ ਉੱਚ ਅਧਿਕਾਰੀਆਂ ਦੁਆਰਾ ਉਸ ਕੁੜੀ ਨੂੰ ਐਡਜਸਟ ਕਰਨ ਦੇ ਹੁਕਮ ਦੇ ਦਿੱਤੇ ਜਾਂਦੇ ਹਨ। ਇਸ ਢੰਗ ਨਾਲ ਲੇਖਕ ਜੋਗੇ ਭੰਗਲ ਨੇ ਸਾਡੇ ਸਮਾਜ ਵਿੱਚ ਰਾਜਨੀਤਕ ਜਾਂ ਉੱਚ ਅਧਿਕਾਰੀਆਂ ਦੇ ਦਬਾਅ ਕਾਰਨ ਅਯੋਗ ਵਿਅਕਤੀਆਂ ਨੂੰ ਉੱਚੇ ਰੁਤਬਿਆਂ 'ਤੇ ਤੈਨਾਤ ਕਰਨ ਬਾਰੇ ਅਨੁਭਵ ਸਾਂਝੇ ਕੀਤੇ ਹਨ, ਜਦ ਕਿ ਯੋਗ ਵਿਅਕਤੀ ਇਹਨਾਂ ਰੁਤਬਿਆਂ ਤੋਂ ਵਾਂਝੇ ਰਹਿ ਜਾਂਦੇ ਹਨ।

ਲੇਖਕ ਜੋਗੇ ਭੰਗਲ ਸਕੂਲ ਪ੍ਰਬੰਧਕ ਅਤੇ ਪ੍ਰਸ਼ਾਸਨ ਦੀਆਂ ਊਣਤਾਈਆਂ ਬਾਰੇ ਵੀ ਕਈ ਅਨੁਭਵ ਇਸ ਪੁਸਤਕ ਵਿੱਚ ਸਾਂਝੇ ਕਰਦਾ ਹੈ। ਉਹ ਉਹਨਾਂ ਸਾਰੇ ਕਿੱਸਿਆਂ ਨੂੰ ਇਹਨਾਂ ਪਾਠਾਂ ਵਿੱਚ ਥਾਂ ਦਿੰਦਾ ਹੈ, ਜਿਹਨਾਂ ਕਾਰਨ ਉਸ ਨੂੰ ਆਪਣੇ ਨਾਲ਼ ਜਾਂ ਕਿਸੇ ਹੋਰ ਮੁਲਾਜ਼ਮ ਨਾਲ਼ ਧੱਕਾ ਹੋਇਆ ਮਹਿਸੂਸ ਹੋਇਆ ਹੋਵੇ। ਕਈ ਵਾਰ ਹਾਲਾਤ ਹੀ ਅਜਿਹੇ ਬਣ ਜਾਂਦੇ ਹਨ ਕਿ ਸਗੋਂ ਕੰਮ ਕਰਨ ਵਾਲੇ ਵਿਅਕਤੀਆਂ ਦਾ ਸ਼ੋਸ਼ਣ ਹੁੰਦਾ ਹੈ ਅਤੇ ਕੰਮ ਨਾ ਕਰਨ ਵਾਲੇ ਵਿਅਕਤੀ ਅਧਿਕਾਰੀਆਂ ਦੀਆਂ ਚੰਗੀਆਂ ਕਿਤਾਬਾਂ ਵਿੱਚ ਰਹਿੰਦੇ ਹਨ। 'ਇਹ ਬਿੰਦੀ ਨਹੀਂ' ਲੇਖ ਵਿੱਚ ਅਜਿਹਾ ਹੀ ਕਿੱਸਾ ਦਰਜ ਹੈ। ਇਹ ਲੇਖ ਸਕੂਲ ਵਿੱਚ ਹਾਜ਼ਰ ਰਹਿਣ ਵਾਲੇ ਅਤੇ ਆਪਣਾ ਕੰਮ ਸਮੇਂ ਸਿਰ ਨਿਪਟਾਉਣ ਵਾਲੇ ਅਧਿਆਪਕਾਂ ਦੇ ਨਾਲ਼ ਹੋ ਰਹੀਆਂ ਵਧੀਕੀਆਂ ਬਾਰੇ ਲਿਖਿਆ ਗਿਆ ਹੈ। ਜਦੋਂ ਉਹਨਾਂ ਦੀ ਕੋਈ ਇੱਕ ਗ਼ਲਤੀ ਬਦਲੇ ਉਹਨਾਂ ਨੂੰ ਕਟਹਿਰੇ ਵਿੱਚ ਖਿਲਾਰਿਆ ਜਾਂਦਾ ਹੈ ਅਤੇ ਲਗਾਤਾਰ ਗ਼ੈਰ-ਹਾਜ਼ਰ ਰਹਿਣ ਵਾਲੇ ਤੇ ਵੱਡੀਆਂ ਗ਼ਲਤੀਆਂ ਵਾਲੇ ਅਧਿਆਪਕਾਂ ਦੇ ਬਰਾਬਰ ਸਜ਼ਾ ਦਿੱਤੀ ਜਾਂਦੀ ਹੈ ਤਾਂ ਲੇਖਕ ਦਾ ਮਨ ਉਸ ਸਮੇਂ ਬਹੁਤ ਦੁਖੀ ਹੁੰਦਾ ਹੈ। ਇਕ ਪਾਠ 'ਚਾਰ ਧੀਆਂ ਧਿਆਣੀਆਂ' ਦਿਨ ਦਿਹਾੜੇ ਡਿਊਟੀ ਸਮੇਂ ਸ਼ਰਾਬ ਦਾ ਨਸ਼ਾ ਕਰਨ ਵਾਲੇ ਹੈੱਡਮਾਸਟਰ ਹਰਦੇਵ ਲਾਲ ਬਾਰੇ ਲਿਖਿਆ ਲੇਖ ਹੈ। ਇਸ ਪਾਠ ਵਿੱਚ ਲੇਖਕ ਉਸ ਸਮੇਂ ਦੀ ਗੱਲ ਦੱਸਦਾ ਹੈ ਜਦ ਉਸ ਨੂੰ ਖ਼ੁਦ ਲੇਖਕ ਨੇ ਇਹ ਕਹਿ ਕੇ ਬਚਾਇਆ ਕਿ ਮਹਿਕਮਾ ਉਸ ਨੂੰ ਜਲਦ ਰਿਟਾਇਰ ਕਰਨ ਵਾਲਾ ਹੈ ਤੇ ਇਸ 'ਤੇ ਕਾਰਵਾਈ ਨਾ ਕੀਤੀ ਜਾਵੇ, ਕਿਉਂਕਿ ਇਸ ਦੀਆਂ ਚਾਰ ਧੀਆਂ ਹਨ। ਧੀਆਂ ਬਾਰੇ ਸੁਣ ਕੇ ਫਲਾਇੰਗ ਮੈਡਮ ਨੇ ਉਸ ਤੋਂ ਕੋਈ ਕਾਰਵਾਈ ਨਹੀਂ ਕੀਤੀ ਸੀ। 'ਅਜਾਇਬ ਘਰ ਦਾ ਆਦਮੀ' ਪਾਠ ਇਕ ਇਮਾਨਦਾਰ ਅਧਿਆਪਕ ਧਰਮਪਾਲ ਬਾਰੇ ਲਿਖਿਆ ਗਿਆ ਹੈ। ਅਸਲ ਵਿੱਚ ਉਸ ਵਿਅਕਤੀ ਦੇ ਭਰਾ ਕਿਸ਼ਨ ਨੇ ਹੀ ਹਮੇਸ਼ਾ ਉਸ ਦੇ ਵਿਰੋਧ ਵਿੱਚ ਕੰਮ ਕੀਤਾ। ਧਰਮਪਾਲ ਸਕੂਲ ਵਿੱਚ ਹਿਸਾਬ ਪੜ੍ਹਾਉਂਦਿਆਂ ਹਮੇਸ਼ਾ ਆਪਣੇ ਪ੍ਰਿੰਸੀਪਲਾਂ ਦੀਆਂ ਸ਼ਿਕਾਇਤਾਂ ਦਾ ਕੇਂਦਰ ਬਿੰਦੂ ਰਿਹਾ। ਇਹਨਾਂ ਸਭ ਮੁਸੀਬਤਾਂ ਤੋਂ ਦੂਰ ਉਹ ਹਮੇਸ਼ਾ ਆਪਣੇ ਕਰਮਾਂ ਨੂੰ ਸਹੀ ਢੰਗ ਨਾਲ ਕਰਦਾ ਰਿਹਾ ਤਾਂ ਕਿ ਆਪਣੀ ਨੌਕਰੀ ਇਮਾਨਦਾਰੀ ਨਾਲ਼ ਕਰ ਸਕੇ। ਇਹਨਾਂ ਚੰਗਿਆਈਆਂ ਕਾਰਨ ਉਸ ਦੀ ਮੌਤ ਤੋਂ ਬਾਅਦ ਉਸ ਦਾ ਉਹ ਭਰਾ ਜਿਸ ਨੇ ਭਾਵੇਂ ਉਸ ਨੂੰ ਚੰਗੇ ਢੰਗ ਨਾਲ ਕਦੀ ਜਿਉਣ ਨਹੀਂ ਦਿੱਤਾ ਸੀ, ਮਰਨ ਤੋਂ ਬਾਅਦ ਉਸ ਦਾ ਬੁੱਤ ਬਣਾ ਕੇ ਉਸ ਦੇ ਨਾਂਅ 'ਤੇ ਸਕੂਲ ਚਲਾ ਰਿਹਾ ਸੀ। 'ਗੱਲੀਂ ਬਾਤੀਂ ਅਸੀਂ ਜਪਾਨ' ਪਾਠ ਵਿੱਚ ਲੇਖਕ ਨੇ ਵੋਟਾਂ ਦੌਰਾਨ ਲੱਗਣ ਵਾਲੀ ਡਿਊਟੀ ਤੇ ਉਸ ਦੇ ਇੰਤਜ਼ਾਮਾਂ ਦੀ ਮਾੜੀ ਹਾਲਤ ਨੂੰ ਵਿਸ਼ਾ ਬਣਾਇਆ ਹੈ। ਵੋਟਾਂ ਪਵਾਉਣ ਲਈ ਪਹਿਲਾਂ ਤਾਂ ਟੀਮ ਬਣਾਉਣ ਲੱਗੇ ਕੋਈ ਅਹੁਦਾ ਕੋਈ ਸਿਖਲਾਈ ਨਹੀਂ ਵੇਖੀ ਜਾਂਦੀ, ਫਿਰ ਦੂਰ-ਦੁਰਾਡੇ ਪਿੰਡਾਂ ਵਿੱਚ ਪਹੁੰਚਾਉਣ ਦੇ ਸਾਧਨ ਚੰਗੇ ਤੇ ਆਰਾਮਦਾਇਕ ਨਹੀਂ ਹੁੰਦੇ ਹਨ ਅਤੇ ਉਹਨਾਂ ਪਿੰਡਾਂ ਵਿੱਚ ਪਹੁੰਚ ਕੇ ਪੋਲਿੰਗ ਟੀਮ ਦੇ ਇੱਕ ਰਾਤ ਰਹਿਣ ਦਾ ਇੰਤਜ਼ਾਮ ਵੀ ਸਹੀ ਨਹੀਂ ਹੁੰਦਾ। ਇਸ ਪਾਠ ਦੇ ਅੰਤ 'ਤੇ ਲੇਖਕ ਲਿਖਦਾ ਹੈ ਸ਼ਾਮ ਨੂੰ ਪਿੰਡ ਵਾਲਿਆਂ ਫਿਰ ਉਹੀ, ਤੂੰ ਕੌਣ, ਮੈਂ ਕੌਣ ਵਾਲੀ ਕੀਤੀ। ਸਭ ਨੌਂ ਦੋ ਗਿਆਰਾਂ ਹੋ ਗਏ। ... ਚਲੋ, ਸਰ-ਸਰਾ ਗਿਆ। ਅਸੀਂ ਵਾਪਸ ਮੁੜਨ ਦੇ ਚਾਅ 'ਚ ਭੁੱਲ ਭੁਲਾ ਗਏ। ਉਦੋਂ ਇੰਜ ਲੱਗਾ, ਜਿਵੇਂ ਕੋਈ ਜੰਗ ਲੜ ਕੇ ਮੁੜੇ ਹੋਈਏ। ਜਿੱਤਣ ਵਾਲੇ ਜਿੱਤ ਗਏ, ਪਰ ਇੰਜ ਲੜੀ ਜੰਗ ਮੈਨੂੰ ਅੱਜ ਤੱਕ ਨਾ ਭੁੱਲੀ।

ਦੇਸ਼ ਦੇ ਕਿਸੇ ਨੇਤਾ ਦੀ ਜਦੋਂ ਮੌਤ ਹੁੰਦੀ ਹੈ ਤਾਂ ਉਸ ਦੇ ਸੋਗ ਵਿੱਚ ਇੱਕ ਦਿਨ ਦੀ ਛੁੱਟੀ ਕਰ ਦਿੱਤੀ ਜਾਂਦੀ ਹੈ। ਇਸੇ ਵਿਸ਼ੇ ਨੂੰ ਰੱਖ ਕੇ ਇਸ ਪੁਸਤਕ ਵਿੱਚ ਇੱਕ ਲੇਖ ਦਰਜ ਹੈ। 'ਮੇਰੀ ਮੌਤ 'ਤੇ ਨਾ ਰੋਇਓ' ਜੋ ਕਿ ਵਿਅੰਗਾਤਮਕ ਸ਼ੈਲੀ ਵਿੱਚ ਲਿਖਿਆ ਗਿਆ ਹੈ। ਲੇਖਕ ਨੇ ਕਿਸੇ ਨੇਤਾ ਦੇ ਮਰਨ ਕਿਨਾਰੇ ਪਏ ਹੋਣ ਬਾਰੇ ਇੱਕ ਕਿੱਸਾ ਸਾਂਝਾ ਕੀਤਾ ਹੈ ਕਿ ਕਿਵੇਂ ਸਾਰੇ ਮੁਲਾਜ਼ਮ ਉਸ ਨੇਤਾ ਨੂੰ ਇੱਕ ਛੁੱਟੀ ਦੇ ਰੂਪ ਵਿੱਚ ਵੇਖ ਰਹੇ ਸਨ ਕਿ ਕਦੋਂ ਉਹ ਮਰੇ ਤੇ ਛੁੱਟੀ ਮਾਣੀ ਜਾਵੇ, ਨਾਲ਼ ਹੀ ਇਹ ਵੀ ਅਰਦਾਸ ਕਰ ਰਹੇ ਸਨ ਕਿ ਉਸ ਦੀ ਮੌਤ ਸ਼ਨਿਚਰਵਾਰ ਜਾਂ ਐਤਵਾਰ ਨਾ ਹੋਵੇ, ਕਿਉਂਕਿ ਇਸ ਢੰਗ ਨਾਲ਼ ਸੋਗ ਛੁੱਟੀਆਂ ਵਾਲੇ ਦਿਨ ਹੀ ਲੰਘ ਜਾਣਾ ਸੀ। ਅੰਤ ਵਿੱਚ ਉਸ ਨੇਤਾ ਦੀ ਮੌਤ ਭਾਵੇਂ ਵੀਰਵਾਰ ਹੁੰਦੀ ਹੈ, ਪਰ ਛੁੱਟੀ ਹੋਣ ਵਾਲੀਆਂ ਉਮੀਦਾਂ 'ਤੇ ਫਿਰ ਵੀ ਪਾਣੀ ਫਿਰ ਜਾਂਦਾ ਹੈ ਕਿਉਂਕਿ ਉਹ ਨੇਤਾ ਇਹ ਵਸੀਅਤ ਕਰਕੇ ਗਿਆ ਹੁੰਦਾ ਹੈ ਕਿ ਉਸ ਦੀ ਮੌਤ 'ਤੇ ਕੋਈ ਰੋਵੇ ਨਾ ਤੇ ਸੋਗ ਵਿੱਚ ਕੋਈ ਛੁੱਟੀ ਨਾ ਕੀਤੀ ਜਾਵੇ। ਅੱਜ ਦੇ ਸਿਸਟਮ ਵਿੱਚ ਹਰ ਵਿਦਿਅਕ ਅਦਾਰੇ ਵਿੱਚ ਅਧਿਆਪਨ ਅਮਲੇ ਅਤੇ ਪ੍ਰਿੰਸੀਪਲ ਵਿੱਚ ਖਿੱਚੋਤਾਣ ਇੱਕ ਆਮ ਜਿਹੀ ਗੱਲ ਬਣ ਗਈ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਅਧਿਆਪਨ ਦੇ ਕੰਮ ਤੋਂ ਜੀਅ ਚੁਰਾਉਣ ਵਾਲੇ ਅਧਿਆਪਕਾਂ ਦਾ ਇਕ ਵੱਖਰਾ ਧੜਾ ਵੀ ਬਣ ਜਾਂਦਾ ਹੈ, ਜਿਸ ਕਾਰਨ ਕਈ ਵਾਰ ਕੇਵਲ ਤਮਾਸ਼ਾ ਵੇਖਣ ਵਾਲੇ ਅਧਿਆਪਕ ਜੋ ਆਪ ਕਿਸੇ ਤਰ੍ਹਾਂ ਦਾ ਸਟੈਂਡ ਲੈਣ ਦਾ ਜਿਗਰਾ ਨਹੀਂ ਰੱਖਦੇ ਤੇ ਵਗਦੇ ਪਾਣੀ ਵਿੱਚ ਹੀ ਹੱਥ ਧੋਣਾ ਚਾਹੁੰਦੇ ਹਨ। 'ਕੁਮਲਾਈਆਂ ਕਲੀਆਂ ਦੀ ਦਾਸਤਾਨ' ਲੇਖ ਵਿੱਚ ਅਜਿਹੇ ਹੀ ਇਕ ਸਕੂਲ ਦੇ ਕਿੱਸੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਸਕੂਲ ਵਿੱਚ ਵੀ ਰਮੇਸ਼-ਦਿਨੇਸ਼ ਨਾਂਅ ਦੀ ਅਧਿਆਪਕਾਂ ਦੀ ਜੋੜੀ ਦੀ ਗੱਲ ਸੁਣਾਈ ਗਈ ਹੈ, ਜੋ ਹਮੇਸ਼ਾ ਬਲ਼ਦੀ 'ਚ ਤੇਲ ਪਾਉਣ ਦਾ ਕੰਮ ਹੀ ਕਰਦੀ ਸੀ, ਪਰ ਗੱਲ ਸਿਰ 'ਤੇ ਪੈਣ ਸਮੇਂ ਅਸਲੋਂ ਮੁੱਕਰ ਜਾਂਦੇ ਸਨ। ਇਸ ਪੁਸਤਕ ਵਿੱਚ ਹਾਈ ਕੋਰਟ ਵਿਚਲੇ ਇਕ ਕੇਸ ਦਾ ਕਿੱਸਾ ਵੀ ਦਰਜ ਕੀਤਾ ਗਿਆ ਹੈ, ਜਿਸ ਦੌਰਾਨ ਸਕੂਲ ਵਿੱਚ ਚੱਲ ਰਹੀ ਮਾਸਟਰਾਂ ਦੀ ਧੜੇਬੰਦੀ ਦੀ ਜੜ੍ਹ ਜਾਤਪਾਤ ਵਿਚਕਰੇ ਵਿੱਚੋਂ ਲੱਭੀ ਜਾਂਦੀ ਹੈ। ਭੇੜੀਏ ਲੇਲੇ ਦੀ ਕਥਾ ਸੱਚਮੁੱਚ ਦਿਮਾਗ਼ ਨੂੰ ਸੁੰਨ ਕਰ ਦੇਣ ਵਾਲੀ ਕਹਾਣੀ ਹੈ।

ਲੇਖਕ ਜੋਗੇ ਭੰਗਲ ਨੇ ਇੱਕ ਅਜਿਹੇ ਮਾਸਟਰ ਰਾਮ ਕਿਸ਼ਨ ਦਾ ਕਿੱਸਾ ਬਿਆਨ ਕੀਤਾ ਹੈ, ਜੋ ਤਿੰਨ ਮਹੀਨੇ ਦੀ ਛੁੱਟੀ ਲੈ ਕੇ ਬਾਹਰਲੇ ਦੇਸ਼ ਗਿਆ ਵੀਹ ਸਾਲ ਉਥੇ ਹੀ ਰਹਿੰਦਾ ਰਿਹਾ ਅਤੇ ਉਸ ਦੀ ਨੌਕਰੀ ਤੋਂ ਗ਼ੈਰ-ਹਾਜ਼ਰੀ 'ਤੇ ਕੋਈ ਕਾਰਵਾਈ ਨਾ ਹੋਈ। 20 ਸਾਲ ਬਾਅਦ ਜਦੋਂ ਉਹ ਵਾਪਸ ਆਇਆ ਤਾਂ ਉਮਰ ਰਿਟਾਇਰਮੈਂਟ ਤੋਂ ਟੱਪ ਚੁੱਕੀ ਸੀ। ਇਸ ਸਾਰੇ ਕੇਸ ਨੂੰ ਹੈਂਡਲ ਕਰਦਿਆਂ ਉਸ ਨੂੰ ਆਪ ਖ਼ਮਿਆਜ਼ਾ ਭੁਗਤਣਾ ਪੈਂਦਾ ਹੈ, ਜਦ ਉਸ ਦੀ ਬਦਲੀ ਰਾਜਸਥਾਨ ਬਾਰਡਰ ਦੇ ਨੇੜਲੇ ਪਿੰਡਾਂ ਵਿੱਚ ਕਰ ਦਿੱਤੀ ਜਾਂਦੀ ਹੈ। ਲੇਖਕ ਸਕੂਲਾਂ ਵਿੱਚ ਆਪਣੀਆਂ ਸੇਵਾਵਾਂ ਦੇਣ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਦਫ਼ਤਰ ਵਿੱਚ ਅਤੇ ਹੋਰ ਸੰਬੰਧਤ ਦਫ਼ਤਰਾਂ ਵਿੱਚ ਵੀ ਤੈਨਾਤ ਰਿਹਾ ਸੀ। ਉਹਨਾਂ ਦਫ਼ਤਰਾਂ ਤੋਂ ਅਰਜਿਤ ਕੀਤੇ ਅਨੁਭਵਾਂ ਨੂੰ ਵੀ ਉਸ ਨੇ ਇਹਨਾਂ ਲੇਖਾਂ ਵਿੱਚ ਦਰਜ ਕੀਤਾ ਹੈ। ਇੱਕ ਲੇਖ ਵਿੱਚ ਡੀ.ਈ.ਓ. ਦਫ਼ਤਰ ਵਿਖੇ ਤਰੱਕੀਆਂ ਜਾਂ ਬਦਲੀਆਂ ਲਈ ਜਮ੍ਹਾਂ ਕਰਵਾਈਆਂ ਸੇਵਾ ਪੱਤਰੀਆਂ ਦੇ ਰਿਕਾਰਡ ਰੱਖਣ ਦੇ ਗੁੰਝਲਦਾਰ ਕੰਮ ਬਾਰੇ ਹੈ। ਇਸ ਅਕਾਊ ਅਤੇ ਮਿਹਨਤ ਮੰਗਣ ਵਾਲੇ ਕੰਮ ਬਾਰੇ ਗੱਲ ਕਰਦਾ ਅਗਲੇ ਲੇਖ ਵਿੱਚ ਉਹ ਮੰਡਲ ਸਿੱਖਿਆ ਦਫ਼ਤਰ ਦੀ ਵਿੱਥਿਆ ਸੁਣਾਉਂਦਾ ਹੈ, ਜਿੱਥੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

**ਚਾਨਣ ਦਾ ਬਸਤਾ**
ਗੁਰਨੈਬ ਸਿੰਘ ਮਘਾਣੀਆਂ
ਪੰਨੇ-160, ਮੁੱਲ-300 ਰੁਪਏ
ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

# ਤਰਕਸ਼ੀਲ ਲਹਿਰ ਦੀ ਇਤਿਹਾਸਕ ਗੌਰਵਤਾ

**ਸਾਹਿਤ ਚਿੰਤਨ**
**ਨਿਰੰਜਣ ਬੋਹਾ**

ਗੁਰਨੈਬ ਸਿੰਘ ਮਘਾਣੀਆਂ ਸਾਹਿਤ ਸਿਰਜਕ ਵੀ ਹੈ ਤੇ ਰੰਗ-ਮੰਚ ਦਾ ਹੰਢਿਆ-ਵਰਤਿਆ ਕਲਾਕਾਰ ਵੀ। ਉਹ ਸਮਾਜ ਨੂੰ ਹੋਰ ਸੋਹਣਾ ਤੇ ਜਿਉਣਯੋਗ ਬਣਾਉਣ ਲਈ ਹਰ ਸੰਭਵ ਢੰਗ ਨਾਲ ਆਪਣਾ ਯੋਗਦਾਨ ਪਾ ਰਿਹਾ ਹੈ।ਭਾਵੇਂ ਵਾਰਤਕ, ਹਾਸ ਵਿਅੰਗ ਤੇ ਸਫ਼ਰਨਾਮਾ ਸਾਹਿਤ ਦੇ ਖੇਤਰ ਵਿਚ ਵੀ ਉਹ ਆਪਣੇ ਵੱਲੋਂ ਬਣਦਾ-ਸਰਦਾ ਹਿੱਸਾ ਪਾਇਆ ਜਾ ਰਿਹਾ, ਪਰ ਸਾਹਿਤ ਦੀਆਂ ਇਨ੍ਹਾਂ ਵਿਧਾਵਾਂ ਦੇ ਮੁਕਾਬਲੇ ਵਿਚ ਨਾਵਲ ਦੇ ਖੇਤਰ ਵਿਚ ਉਸ ਦੀ ਪਛਾਣ ਦੇ ਰੰਗ ਵੱਧ ਉੱਘੜਵੇਂ ਹਨ। ਜੇ ਉਸ ਦਾ ਪਹਿਲਾ ਨਾਵਲ 'ਵਾਰਾਂ ਤੁਰੀਆਂ ਜਾਂ' ਪੇਂਡੂ ਸਮਾਜਿਕ ਰਹਿਤਲ ਅਤੇ ਅਰਥਚਾਰੇ ਬਾਰੇ ਉਸ ਦੀ ਡੂੰਘੀ ਸਮਝ ਦਾ ਸੰਚਾਰਕ ਬਣ ਕੇ ਉਸ ਨੂੰ ਆਪਣੇ ਸਮਕਾਲ 'ਤੇ ਤਿੱਖੀ ਨਜ਼ਰ ਰੱਖਣ ਵਾਲਾ ਜਾਗਰੂਕ ਲੇਖਕ ਸਾਬਤ ਕਰਦਾ ਹੈ ਤਾਂ ਦੂਸਰਾ ਨਾਵਲ 'ਚਾਨਣ ਦਾ ਬਸਤਾ' ਉਸ ਦੀ ਦੂਰ-ਅੰਦੇਸ਼ੀ ਸਮਝ ਦੇ ਨਵੇਂ ਵਿਸਥਾਰ ਸਿਰਜਦਾ ਹੈ। ਇਹ ਨਾਵਲ 20ਵੀਂ ਸਦੀ ਦੇ ਨੌਂਵੇਂ ਦਹਾਕੇ ਦੌਰਾਨ ਪੰਜਾਬ ਦੇ ਪੇਂਡੂ ਧਰਾਤਲ ਦੇ ਲੋਕਾਂ ਦੀ ਸਮਾਜਿਕ ਚੇਤਨਾ ਦਾ ਮੁਲਾਂਕਣ ਤਰਕ ਅਧਾਰਤ ਵਿਸ਼ਲੇਸ਼ਣੀ ਦ੍ਰਿਸ਼ਟੀ ਰਾਹੀਂ ਕਰਦਾ ਹੈ ਤਾਂ ਇਸ ਦੇ ਪਾਠ ਵਿੱਚੋਂ ਸਮਾਜ ਵਿਚ ਫੈਲੇ ਅੰਧ ਵਿਸ਼ਵਾਸਾਂ, ਪਾਖੰਡਾਂ ਤੇ ਵਹਿਮਾਂ-ਭਰਮਾਂ ਦੇ ਖਾਤਮੇ ਦੀ ਲੋੜ ਦਾ ਤੀਬਰ ਅਹਿਸਾਸ ਉਪਜਦਾ ਹੈ। ਨਾਵਲ ਪਾਠ ਦੇ ਵਿਸ਼ਲੇਸ਼ਣੀ ਬੋਧ ਅਨੁਸਾਰ ਅਹਿਸਾਸ ਦੀ ਇਸ ਤੀਬਰਤਾ ਨੇ ਹੀ ਸਮਾਜ ਵਿਚ ਅੰਧ-ਵਿਸ਼ਵਾਸਾਂ ਦਾ ਹਨੇਰਾ ਦੂਰ ਕਰਕੇ ਅਤੇ ਗਿਆਨ ਦਾ ਚਾਨਣ ਫੈਲਾਉਣ ਵਾਲੀ ਤਰਕਸ਼ੀਲ ਲਹਿਰ ਨੂੰ ਜਨਮ ਦਿੱਤਾ ਹੈ। ਨਾਵਲ ਤਰਕਸ਼ੀਲ ਲਹਿਰ ਦੀ ਇਤਿਹਾਸਕਤਾ ਦੇ ਗਲਪ ਰੂਪ ਨੂੰ ਇਕ ਦਸਤਾਵੇਜ਼ ਵਜੋਂ ਸੰਭਾਲਦਾ ਹੈ, ਇਸ ਲਈ ਇਸ ਨੂੰ ਸਮਾਜਿਕ ਦੇ ਨਾਲ ਇਤਿਹਾਸਕ ਨਾਵਲਾਂ ਦੀ ਸ਼੍ਰੇਣੀ ਵਿਚ ਵੀ ਰੱਖਿਆ ਜਾ ਸਕਦਾ ਹੈ।

'ਬਸਤਾ' ਤੇ 'ਚਾਨਣ' ਦੋਵੇਂ ਸ਼ਬਦ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਾਲੇ ਮਕਸਦੀ ਅਰਥ ਰੱਖਦੇ ਹਨ। ਜਦੋਂ ਮਨੁੱਖੀ ਵਿਕਾਸ ਦੀ ਗਤੀ ਨੂੰ ਰੋਕਣ ਲਈ ਚੁਫੇਰੇ ਅੰਧਵਿਸ਼ਵਾਸ, ਪਾਖੰਡ ਤੇ ਪਿਛਾਂਹ-ਖਿਚੂ ਸਮਾਜਿਕ ਰੂੜੀਆਂ ਦਾ ਹਨੇਰਾ ਪੱਸਰਿਆ ਹੋਵੇ ਤਾਂ ਜ਼ਿੰਦਗੀ ਨੂੰ ਰੁਸ਼ਨਾਉਣ ਵਾਲੇ ਗਿਆਨ ਰੂਪੀ ਚਾਨਣ ਦੀ ਲੋੜ ਪੈਂਦੀ ਹੈ। ਬਸਤਾ ਗਿਆਨ ਸਰੋਤ ਪੁਸਤਕਾਂ ਨੂੰ ਸੰਭਾਲਦਾ ਹੈ। ਗਿਆਨ ਦੇ ਇਸ ਬਸਤੇ ਵੱਲੋਂ ਸੰਭਾਲੀ ਹੋਈ ਇਕ ਕਿਤਾਬ ਦਾ ਨਾਂਅ 'ਦਾ ਡਿਵਾਇਨ ਮੈਨ ਹੈਵ ਲੌਸਟ' ਵੀ ਹੈ, ਜਿਸ ਦੇ ਲੇਖਕ ਸੰਸਾਰ ਪ੍ਰਸਿੱਧ ਤਰਕਸ਼ੀਲ ਚਿੰਤਕ ਅਬਰਾਹਮ. ਟੀ. ਕੋਵੂਰ ਹਨ। ਜਦੋਂ ਤਰਕਸ਼ੀਲ ਤੇ ਵਿਗਿਆਨਕ ਸੋਚ ਦੇ ਧਾਰਨੀ ਮਾਸਟਰ ਮੇਘ ਰਾਜ ਮਿੱਤਰ ਤੇ ਸੁਰਜੀਤ ਤਲਵਾਰ ਵੱਲੋਂ ਜਦੋਂ ਇਸ ਅੰਗਰੇਜ਼ੀ ਭਾਸ਼ਾ ਦੀ ਪੁਸਤਕ ਦਾ ਪੰਜਾਬੀ ਭਾਸ਼ਾ ਵਿਚ ਅਨੁਵਾਦ 'ਦੇਵ ਪੁਰਸ਼ ਹਾਰ ਗਏ' ਨਾਂਅ ਹੇਠ ਕੀਤਾ ਜਾਂਦਾ ਹੈ ਤਾਂ ਇਸ ਦੇ ਵਿਸ਼ਾ ਵਸਤੂ ਅੰਦਰਲੀ ਬਲਵਾਨ ਤਰਕਵਾਦੀ ਅਪੀਲ ਆਪਣਾ ਏਨਾ ਫੈਲਾਓ ਕਰ ਲੈਂਦੀ ਹੈ ਕਿ ਇਸ ਦੇ ਪ੍ਰਭਾਵ ਅਧੀਨ ਪੰਜਾਬ ਵਿਚ ਇਕ ਵਿਸ਼ਾਲ ਤਰਕਸ਼ੀਲ ਲਹਿਰ ਦਾ ਜਨਮ ਹੋ ਜਾਂਦਾ ਹੈ। ਨਾਵਲ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਅਗਿਆਨਤਾ ਤੇ ਅੰਧਵਿਸ਼ਵਾਸੀ ਸੋਚ ਦੀ ਤਰਕ ਨਾਲ ਕਾਟ ਕਰਦੀ ਇਸ ਪੁਸਤਕ ਦਾ ਲੋਕ ਅਰਪਣ ਇਕ ਵੱਡੇ ਜਨਤਕ ਇਕੱਠ ਵਿਚ ਕੀਤਾ ਗਿਆ ਤਾਂ ਲੋਕ ਅਵਚੇਤਨ ਵਿਚ ਥਾਂ ਬਣਾਈ ਬੈਠੇ ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਦੀ ਸੋਚ ਜ਼ੁਬਾਨ-ਦਰ-ਜ਼ੁਬਾਨ ਅੱਗੇ ਤੋਂ ਅੱਗੇ ਤੁਰ ਪਈ। ਜਦੋਂ ਕਿਤਾਬ ਦੇ ਅਨੁਵਾਦਕ ਤੇ ਪਾਠਕ ਮਿਲ ਬੈਠ ਕੇ ਇਸ ਦੇ ਅੰਦਰਲੀ ਸਮੱਗਰੀ ਬਾਰੇ ਚਿੰਤਨ ਮੰਥਨ ਕਰਦੇ ਹਨ ਤਾਂ ਵਹਿਮਾਂ-ਭਰਮਾਂ ਨੂੰ ਕਾਰੋਬਾਰ ਬਣਾਉਣ ਵਾਲੇ ਚਲਾਕ ਲੋਕਾਂ ਦਾ ਪਰਦਾਫਾਸ਼ ਕਰਨ ਦੀ ਸੋਚ ਹਕੀਕੀ ਧਾਰਨ ਕਰਨ ਲੱਗਦੀ ਹੈ ਤੇ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਤੇ ਸ਼ਹਿਰਾਂ ਵਿਚ ਤਰਕਸ਼ੀਲ ਸੁਸਾਇਟੀ ਦੀਆਂ ਇਕਾਈਆਂ ਕਾਇਮ ਹੋ ਜਾਂਦੀਆਂ ਹਨ। ਇਸ ਤਰ੍ਹਾਂ ਤਰਕਸ਼ੀਲ ਲਹਿਰ ਦੀ ਪੈਦਾਇਸ਼ ਦਾ ਮੁੱਢਲਾ ਅਧਾਰ ਇਹ ਪੁਸਤਕ ਹੀ ਬਣਦੀ ਹੈ, ਜਿਹੜੀ ਇਸ ਗੱਲ ਨੂੰ ਵੀ ਸਾਬਤ ਕਰਦੀ ਹੈ ਕਿ ਪੁਸਤਕਾਂ ਲਹਿਰਾਂ ਤੇ ਇਨਕਲਾਬਾਂ ਦੀਆਂ ਜਨਮ ਦਾਤੀਆਂ ਵੀ ਹੁੰਦੀਆਂ ਹਨ।



ਇਹ ਪੁਸਤਕ ਅਤੇ ਤਰਕਸ਼ੀਲ ਲਹਿਰ ਨਾਵਲ ਵਿਚ ਚਾਨਣ ਦੇ ਪ੍ਰਤੀਕ ਵਜੋਂ ਆਪਣੀ ਪਛਾਣ ਬਣਾਉਂਦੀ ਹੈ ਤਾਂ ਇਸ ਦੇ ਸਮਾਂਤਰ ਪਿੰਡ ਰੌਣਕੀ ਖੇੜੇ ਵਿਚਲਾ ਬਾਬੇ ਕੁੰਭ ਦਾਸ ਦਾ ਡੇਰਾ ਹਨੇਰੇ ਦਾ ਪ੍ਰਤੀਕ ਬਣਦਾ ਹੈ।ਨਾਵਲਕਾਰ ਇਸ ਡੇਰੇ ਦੀ ਸਥਾਪਨਾ ਪਿੱਛੇ ਕਾਰਜਸ਼ੀਲ ਚਲਾਕ ਲੋਕਾਂ ਦੀ ਸ਼ਨਾਖ਼ਤ ਕਰਕੇ ਇਹ ਸੰਵਾਦਕ ਚਰਚਾ ਛੇੜਦਾ ਹੈ ਕਿ ਪੰਜਾਬ ਵਿਚ ਅੰਧ-ਵਿਸ਼ਵਾਸ ਫੈਲਾਉਣ ਵਾਲਾ ਡੇਰਾ ਸੱਭਿਆਚਾਰ ਜਨਮ ਕਿਵੇਂ ਲੈਂਦਾ ਹੈ ਅਤੇ ਪੜਾਅ-ਦਰ-ਪੜਾਅ ਇਸ ਦਾ ਵਿਸਥਾਰ ਕਿਵੇਂ ਹੁੰਦਾ ਹੈ? ਪਿੰਡ ਵਿਚ ਨਵੇਂ ਬਣੇ ਇਸ ਡੇਰੇ ਦਾ ਕੋਈ ਇਤਿਹਾਸਕ ਪਿਛੋਕੜ ਨਹੀਂ ਹੈ, ਸਗੋਂ ਪਿੰਡ ਦੇ ਇਕ ਵਿਹਲੜ ਤੇ ਨਖਿੱਧ ਸਮਝੇ ਜਾਂਦੇ ਬੰਦੇ ਪੱਪਨ ਵੱਲੋਂ ਆਪਣਾ ਤੋਰੀ-ਫੁਲਕਾ ਚਲਦੇ ਰੱਖਣ ਦੇ ਮਕਸਦ ਨਾਲ ਹੀ ਇਸ ਦੀ ਹੋਂਦ ਸਥਾਪਤ ਕੀਤੀ ਜਾਂਦੀ ਹੈ। ਇਹ ਡੇਰਾ ਹੋਂਦ ਵਿਚ ਆਉਣ ਦੀ ਕਹਾਣੀ ਸਿਰਫ ਐਨੀ ਹੈ ਕਿ ਪਿੰਡ ਦੇ ਇਸ ਵਿਹਲੜ ਬੰਦੇ ਵੱਲੋਂ ਪਿੰਡ ਦੀ ਬੇ-ਅਬਾਦ ਥਾਂ 'ਤੇ ਬਣੀ ਇਕ ਕੱਚੀ ਸਮਾਧ ਕੋਲ ਲੇਟੇ ਹੋਏ ਇਕ ਮੰਦਬੁੱਧੀ ਬੰਦੇ ਨੂੰ ਹੀ ਪਹੁੰਚਿਆ ਫਕੀਰ ਪ੍ਰਚਾਰ ਦਿੱਤਾ ਜਾਂਦਾ ਹੈ ਤੇ ਪਿੰਡ ਦੇ ਅਨਪੜ੍ਹ ਲੋਕ ਉਸ ਦੇ ਪ੍ਰਚਾਰ ਦੇ ਪ੍ਰਭਾਵ ਹੇਠ ਆ ਕੇ ਉਸ ਅਰਧ ਪਾਗਲ ਨੂੰ ਰੱਬ ਵੱਲੋਂ ਭੇਜੇ ਦੂਤ ਵਜੋਂ ਸਵੀਕਾਰ ਲੈਂਦੇ ਹਨ। ਨਾਵਲ ਆਪਣੇ ਮੁੱਢ ਵਿਚ ਹੀ ਉਸ ਦੇ ਮੰਦਬੁੱਧੀ ਹੋਣ ਦੀ ਪੁਸ਼ਟੀ ਇਹਨਾਂ ਸ਼ਬਦਾਂ ਰਾਹੀਂ ਕਰ ਦਿੰਦਾ ਹੈ-

'ਉਸ ਦੇ ਤੇੜ ਇਕ ਨਿੱਕਾ ਜਿਹਾ ਕੱਪੜਾ ਹੀ ਬੰਨ੍ਹਿਆ ਹੋਇਆ ਸੀ। ਸਿਰ ਦੇ ਵਾਲ ਉਲਝੇ ਤੇ ਖੁੱਲ੍ਹੇ ਹੋਏ ਸਨ।ਉਸ ਦੇ ਸਰੀਰ 'ਤੇ ਏਨੀ ਜ਼ਿਆਦਾ ਮੈਲ ਜੰਮੀ ਹੋਈ ਸੀ ਕਿ ਜਾਪਦਾ ਸੀ ਕਿ ਉਹ ਕਾਫੀ ਸਮੇਂ ਤੋਂ ਨਹਾਇਆ ਨਾ ਹੋਵੇ।

'ਕਈ ਵਾਰ ਤਾਂ ਉਹ ਕੀੜੀਆਂ ਦੇ ਭੌਣ ਉੱਪਰ ਹੀ ਪੈਰਾਂ ਭਾਰ ਬੈਠ ਜਾਂਦਾ। ਆਪਣੀ ਹੀ ਮਸਤੀ ਵਿਚ ਆਇਆ ਕੀੜੀਆਂ ਖਾਣ ਲੱਗ ਪੈਂਦਾ। ਜਿਹੜੀ ਕੀੜੀ ਹੱਥ 'ਤੇ ਚੜ੍ਹਦੀ, ਹੱਥ 'ਤੇ ਹੱਥ ਮਾਰ ਦਿੰਦਾ। ਇਸ ਤਰ੍ਹਾਂ ਮਾਰ ਮਾਰ ਜਦੋਂ ਕਾਫੀ ਸਾਰੀਆਂ ਕੀੜੀਆਂ ਇਕੱਠੀਆਂ ਹੋ ਜਾਂਦੀਆਂ ਤੇ ਸਾਰੀਆਂ ਦਾ ਗੱਫਾ ਮਾਰ ਜਾਂਦਾ।

ਇਸ ਤਰ੍ਹਾਂ ਪੱਪਨ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਪਿੰਡ ਦੇ ਲੋਕ ਅਜਿਹੇ ਮੰਦਬੁੱਧੀ ਵਿਅਕਤੀ ਨੂੰ ਹੀ ਰੱਬ ਦਾ ਦੂਤ ਮੰਨ ਲੈਂਦੇ ਹਨ, ਜਿਸ ਨੂੰ ਨਾ ਤਾਂ ਆਪਣੀ ਸਰੀਰਕ ਸਫਾਈ ਦੀ ਸੁੱਧ-ਬੁੱਧ ਹੈ ਨਾ ਹੀ ਉਹ ਚੰਗੀ ਤਰ੍ਹਾਂ ਬੋਲ ਸਕਦਾ ਹੈ। ਜਿਸ ਪੱਪਨ ਦੀ ਘਰ ਵਾਲੀ ਵੀ ਉਸ 'ਤੇ ਇਤਬਾਰ ਨਾ ਕਰਦਿਆਂ ਉਸ ਨੂੰ ਛੱਡ ਕੇ ਜਾ ਚੁੱਕੀ ਹੈ, ਉਹੀ ਪੱਪਨ ਸਾਰੇ ਪਿੰਡ ਦੇ ਲੋਕਾਂ ਦੇ ਦਿਲ-ਦਿਮਾਗ ਵਿਚ ਇਹ ਗੱਲ ਬਿਠਾਉਣ ਵਿੱਚ ਸਫਲ ਹੋ ਜਾਂਦਾ ਹੈ ਕਿ ਕੁੰਭ ਦਾਸ ਨਾਂਅ ਦੇ ਬੰਦੇ ਵੱਲੋਂ ਕੀੜੀਆਂ ਖਾਣਾ ਵੀ ਇਕ ਰੱਬੀ ਕੌਤਕ ਹੈ ਤੇ ਇਹ ਰੱਬ ਨੇ ਪਿੰਡ ਨੂੰ ਤਾਰਨ ਲਈ ਹੀ ਇਸ ਨੂੰ ਇੱਥੇ ਭੇਜਿਆ ਹੈ। ਇਸ ਮੰਦਬੁੱਧੀ ਵਿਅਕਤੀ ਨੂੰ ਪੱਕੇ ਤੌਰ 'ਤੇ ਪਿੰਡ ਵਿਚ ਰੱਖ ਕੇ ਆਪਣਾ ਦਾਲ ਫੁਲਕਾ ਤੋਰਨ ਦੇ ਮਕਸਦ ਨਾਲ ਹੀ ਉਹ ਇਹ ਕਰਾਮਾਤੀ ਕਹਾਣੀ ਘੜਦਾ ਹੈ ਕਿ ਜਦੋਂ ਉਸ ਰੋਟੀ ਵਾਲੀ ਥਾਲੀ ਉਸ ਦੇ ਹੱਥਾਂ ਵਿਚ ਫੜਾਈ ਤਾਂ ਉਹ ਥਾਲੀ ਉਸ ਦੇ ਵੇਖਦਿਆਂ ਹੀ ਵੇਖਦਿਆਂ ਸੋਨੇ ਦੀ ਬਣ ਗਈ ਤੇ ਉਸ ਵੱਲੋਂ ਆਸੇ-ਪਾਸੇ ਸੁੱਟੀਆਂ ਦੋ ਰੋਟੀਆਂ ਵੀ ਸੋਨੇ ਦੀਆਂ ਰੋਟੀਆਂ ਵਿਚ ਤਬਦੀਲ ਹੋ ਗਈਆਂ। ਜਦੋਂ ਇਸ ਬੰਦੇ ਦੀਆਂ ਪਾਗਲਾਂ ਵਰਗੀਆਂ ਹਰਕਤਾਂ ਨੂੰ ਲਗਾਤਾਰ ਦੈਵੀ ਕੌਤਕ ਵਜੋਂ ਪ੍ਰਚਾਰਿਆ ਜਾਂਦਾ ਹੈ ਤੇ ਇਸ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਮਨਘੜਤ ਕਹਾਣੀਆਂ ਘੜੀਆਂ ਜਾਂਦੀਆਂ ਤਾਂ ਉਹ ਸਾਰੇ ਇਲਾਕੇ ਲਈ ਅਸਧਾਰਨ ਤੇ ਪੂਜਨਯੋਗ ਬਣ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਪਿੰਡ ਵਿਚ ਇਕ ਨਵੇਂ ਡੇਰੇ ਦਾ ਮੁੱਢ ਵੀ ਬੱਝ ਜਾਂਦਾ ਹੈ।

ਨਾਵਲ ਦੀ ਕਹਾਣੀ ਅੱਗੇ ਤੁਰਦੀ ਹੈ ਤਾਂ ਅੰਧ-ਵਿਸ਼ਵਾਸੀ ਹਨੇਰਿਆ ਦਾ ਮੁਕਾਬਲਾ ਕਰਨ ਲਈ ਤਰਕਸ਼ੀਲਤਾ ਦਾ ਚਾਨਣ ਵੀ ਆਪਣੇ ਪਸਾਰ ਲਈ ਰਾਹ ਤਲਾਸ਼ਦਾ ਵਿਖਾਈ ਦਿੰਦਾ ਹੈ। ਇਕ ਪਾਸੇ ਪੱਪਨ ਦੀ ਅਗਵਾਈ ਹੇਠ ਬਾਬਾ ਕੁੰਭ ਦਾਸ ਦਾ ਡੇਰਾ ਪਿੰਡ ਵਿਚ ਆਪਣੀਆਂ ਪਾਖੰਡੀ ਜੜ੍ਹਾਂ ਹੋਰ ਡੂੰਘੀਆਂ ਕਰ ਰਿਹਾ ਹੈ ਤਾਂ ਦੂਜੇ ਪਾਸੇ ਤਰਕਸ਼ੀਲ ਸੁਸਾਇਟੀ ਵੱਲੋਂ ਵੀ ਗੈਬੀ ਸ਼ਕਤੀਆਂ ਦੇ ਨਾਂਅ 'ਤੇ ਲੋਕਾਂ ਦੀ ਲੁੱਟ ਕਰਨ ਵਾਲੇ ਅਜਿਹੇ ਡੇਰਿਆਂ ਖਿਲਾਫ਼ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਜਾਂਦੀਆਂ ਹਨ। ਸਮਾਧ ਵਾਲੀ ਥਾਂ ਨੂੰ ਡੇਰੇ ਵਿਚ ਬਦਲਣ ਦੀ ਸ਼ੁਰੂਆਤ ਕੁੰਭ ਦਾਸ ਦੀ ਰਿਹਾਇਸ਼ ਲਈ ਬਣਾਈ ਇੱਕ ਝੌਂਪੜੀ ਤੋਂ ਹੁੰਦੀ ਹੈ ਤੇ ਫਿਰ ਪੜਾਅ ਦਰ ਪੜਾਅ ਇਕ ਸ਼ਾਨਦਾਰ ਡੇਰੇ ਦਾ ਨਿਰਮਾਣ ਹੋਣ ਲੱਗਦਾ ਹੈ। ਸਮਾਂ ਪੈਣ 'ਤੇ ਗ਼ਲੀਜ਼ ਜਿਹੇ ਬਾਬੇ ਕੁੰਭ ਦਾਸ ਨੂੰ ਆਪਣੀ ਮਹੱਤਤਾ ਦਾ ਪਤਾ ਲੱਗ ਜਾਂਦਾ ਹੈ ਤਾਂ ਉਸ ਦਾ ਰੰਗ-ਰੂਪ ਵੀ ਬਦਲਣ ਲੱਗਦਾ ਹੈ। ਉਹ ਲੋਕਾਂ ਦੀ ਧਰਮ ਪ੍ਰਤੀ ਸ਼ਰਧਾ ਭਾਵਨਾ ਤੋਂ ਫਾਇਦਾ ਉਠਾਉਣ ਦੇ ਢੰਗ-ਤਰੀਕੇ ਵੀ ਸਿਖ ਲੈਂਦਾ ਹੈ ਤੇ ਭੂਤਾਂ-ਪਰੇਤਾਂ ਤੇ ਬਦਰੂਹਾਂ ਦਾ ਡਰ ਪੈਦਾ ਕਰਕੇ ਲੋਕਾਂ ਨੂੰ ਦੋਵੇਂ ਹੱਥੀਂ ਲੁੱਟਣ ਦਾ ਕੰਮ ਵੀ ਕਰਨ ਲੱਗਦਾ ਹੈ। ਭਾਵੇਂ ਤਰਕਸ਼ੀਲ ਸੁਸਾਇਟੀ ਕੋਲ ਵੀ ਇਸ ਬਾਬੇ ਦੀਆਂ ਕਥਾ ਕਹਾਣੀਆਂ ਪੁੱਜਣੀਆਂ ਸ਼ੁਰੂ ਹੋ ਜਾਂਦੀਆਂ ਹਨ ਪਰ ਲੋਕਾਂ ਦੀ ਧਾਰਮਿਕ ਆਸਥਾ ਨੂੰ ਧਿਆਨ ਵਿਚ ਰੱਖਦਿਆਂ ਸੁਸਾਇਟੀ ਆਪਣੀ ਵਿਸ਼ੇਸ਼ ਨੀਤੀ ਤਹਿਤ ਡੇਰਿਆਂ ਨਾਲ ਸਿੱਧੀ ਟੱਕਰ ਲੈਣ ਤੋਂ ਸੰਕੋਚ ਵਰਤਦੀ ਹੈ। ਸੁਸਾਇਟੀ ਵੱਲੋਂ ਡੇਰਿਆਂ ਦੇ ਅੰਧ-ਵਿਸ਼ਵਾਸੀ ਪ੍ਰਚਾਰ ਦੇ ਸਮਾਂਤਰ ਤਰਕਸ਼ੀਲਤਾ ਦਾ ਪ੍ਰਚਾਰ ਕਰਨ ਦੀ ਲਹਿਰ ਚਲਾਈ ਜਾਂਦੀ ਹੈ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## 'ਨਵਾਂ ਜ਼ਮਾਨਾ' ਟੇਬਲ 'ਤੋਂ

### ਸਮਕਾਲੀ ਪੰਜਾਬੀ ਸਾਹਿਤ ਦ੍ਰਿਸ਼ ਅਤੇ ਦ੍ਰਿਸ਼ਟੀ

ਸੰਪਾਦਕ-ਡਾ. ਅਵਤਾਰ ਸਿੰਘ,
ਡਾ. ਹਰਜੀਤ ਸਿੰਘ ਧਾਲੀਵਾਲ
ਸਫ਼ੇ :194, ਮੁੱਲ : 320
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ



ਦਾਖਾ ਕਾਲਜ ਵਿਖੇ ਕਰਵਾਏ ਉਪਰੋਕਤ ਸਿਰਲੇਖ ਵਾਲੇ ਵਿਸ਼ੇ ਉੱਤੇ ਇਕ ਸੈਮੀਨਾਰ ਵਿੱਚ ਪੜ੍ਹੇ ਗਏ ਪੇਪਰਾਂ 'ਤੇ ਅਧਾਰਤ ਹੈ ਇਹ ਪੁਸਤਕ। ਇਸ ਸੈਮੀਨਾਰ ਵਿੱਚ ਨਵੇਂ ਉਭਰ ਰਹੇ ਆਲੋਚਕਾ ਨੇ ਸਮਕਾਲੀ ਚੁਣੌਤੀਆਂ ਨੂੰ ਧਿਆਨ ਵਿੱਚ ਰੱਖ ਕੇ ਪੰਜਾਬੀ ਸਾਹਿਤ ਦੇ ਵੱਖ ਵੱਖ ਵਿਸ਼ਿਆ ਉੱਤੇ ਪੇਪਰ ਲਿਖੇ ਤੇ ਉਪਰੰਤ ਪੜ੍ਹੇ। ਇਨ੍ਹਾਂ ਸਾਰੇ ਲੇਖਾਂ ਦੇ ਕੇਂਦਰ ਵਿੱਚ ਸਮਕਾਲੀ ਚੁਣੌਤੀਆਂ ਰਹੀਆਂ ਹਨ। ਇਨ੍ਹਾਂ ਚੁਣੌਤੀਆਂ ਨੂੰ ਸਾਹਿਤ ਕਿਵੇਂ ਲੈਂਦਾ ਹੈ ਉਨ੍ਹਾਂ ਦੀ ਪੜਚੋਲ ਕੀਤੀ ਗਈ ਹੈ। ਪੁਸਤਕ ਵਿੱਚ ਨਾਟਕ, ਕਵਿਤਾ, ਗ਼ਜ਼ਲ, ਕਹਾਣੀ ਤੇ ਨਾਵਲ ਆਦਿ ਵਿਧਾਵਾ ਦਾ ਹਰ ਵਿਦਵਾਨ ਨੇ ਆਪਣੀ ਆਪਣੀ ਸਮਰੱਥਾਂ ਨਾਲ ਮੁਲਾਂਕਣ ਕੀਤਾ ਹੈ। ਪੁਸਤਕ ਵਿੱਚ ਡਾ. ਹਰਜੀਤ ਸਿੰਘ ਦਾ ਗੁਰਦਿਆਲ ਸਿੰਘ ਦੇ ਨਾਵਲ, ਡਾ. ਕਰਮਦੀਪ ਕੌਰ ਦਾ ਦਲਬੀਰ ਚੇਤਨ ਦੀ ਕਹਾਣੀ, ਡਾ. ਗੁਰਪ੍ਰੀਤ ਸਿੰਘ ਦਾ ਆਖਰੀ ਬਾਬੇ, ਹਰਪ੍ਰੀਤ ਕੁਮਾਰ ਦਾ ਭਾਈ ਵੀਰ ਸਿੰਘ-ਗੁਰੂ ਨਾਨਕ ਬਾਣੀ, ਚਰਨਜੀਤ ਕੌਰ ਦਾ ਪੰਜਾਬੀ ਨਾਵਲ, ਅਮਨਦੀਪ ਕੌਰ ਦਾ ਨਿੰਦਰ ਘੁਗਿਆਣਵੀ ਦੇ ਰੇਖਾ ਚਿੱਤਰ, ਡਾ. ਸਟਾਲਿਨਜੀਤ ਸਿੰਘ ਦਾ ਪੰਜਾਬੀ ਵਿਕੀਪੀਡੀਆ, ਡਾ. ਰਮਨਦੀਪ ਦਾ ਪਰਵਾਸੀ ਨਾਰੀ, ਡਾ. ਕਿਰਨ ਦਾ ਪਰਵਾਸ ਦੇ ਮਸਲੇ, ਡਾ. ਜਗਮਿੰਦਰ ਕੌਰ ਦਾ ਪੈੜਾਂ ਦੇ ਆਰ ਪਾਰ, ਸੁਖਰਾਜ ਸਿੰਘ ਦਾ ਸਮਕਾਲੀ ਗਲਪ, ਪ੍ਰੋ. ਇੰਦਰਜੀਤ ਕੌਰ ਦਾ ਰਵਿੰਦਰ ਰਵੀ, ਡਾ. ਵੰਦਨਾ ਦਾ ਸਮਕਾਲੀ ਕਵਿਤਾ ਤੋਂ ਇਲਾਵਾ ਕੁਲਦੀਪ ਸਿੰਘ, ਸੁਖਜੀਤ ਕੌਰ, ਪਰਦੀਪ ਸਿੰਘ ਤੇ ਡਾ. ਨਰਿੰਦਰਜੀਤ ਕੌਰ ਦੇ ਆਲੋਚਨਾ ਲੇਖ ਛਪੇ ਹਨ। ਪੁਸਤਕ ਵਿੱਚ ਕਈ ਲੇਖਾਂ ਦਾ ਪੱਧਰ ਬਹੁਤ ਨਿਮਨ ਦਰਜੇ ਦਾ ਹੈ।

### ਤੀਰ ਵੀ ਤੁੱਕੇ ਵੀ

ਬਲਵਿੰਦਰ ਸਿੰਘ ਗੁਰਾਇਆ
ਸਫੇ : 120, ਮੁੱਲ : 250
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਬਲਵਿੰਦਰ ਦੀ ਇਹ ਵਿਅੰਗ-ਵਾਰਤਕ ਪੁਸਤਕ ਹੈ। ਲੇਖਕ ਨੇ ਵੱਖ-ਵੱਖ ਸਮਾਜਿਕ ਬੁਰਾਈਆਂ ਉੱਤੇ ਆਪਣੀ ਵਾਰਤਕ ਵਿੱਚ ਤਿੱਖੇ ਵਿਅੰਗ ਕੀਤੇ ਹਨ। ਸੰਖੇਪ ਵਿੱਚ ਲਿਖੇ ਲੇਖਾਂ ਵਿੱਚ ਉਸ ਨੇ ਮੁੱਖ ਤੌਰ ਤੇ ਸਮਕਾਲੀ ਸਰੋਕਾਰ, ਵਹਿਮ-ਭਰਮ ਤੇ ਅੰਧ ਵਿਸ਼ਵਾਸ ਨੂੰ ਅਧਾਰ ਬਣਾਇਆ ਹੈ। ਇਨ੍ਹਾਂ ਮਿੰਨੀ ਲੇਖਾਂ ਵਿੱਚ ਲੇਖਕ ਪਾਠਕ ਨੂੰ ਇਸ ਸੇਧ ਵੀ ਦੇਣੀ ਚਾਹੁੰਦਾ ਹੈ। ਲੇਖਾਂ ਦੇ ਅਕਾਰ ਭਾਵੇਂ ਸੰਖੇਪ ਹਨ ਪਰ ਉਸ ਵਿੱਚ ਜਿਹੜੇ ਮੁੱਦੇ ਉਭਾਰਨ ਦਾ ਯਤਨ ਕੀਤਾ ਗਿਆ ਹੈ ਉਹ ਬਹੁਤ ਗੰਭੀਰ ਹੈ। ਕਿਉਂਕਿ ਇਹ ਲੇਖ ਪਹਿਲਾਂ ਅਖ਼ਬਾਰਾਂ ਵਿੱਚ ਛਪੇ ਹਨ ਤੇ ਇਨ੍ਹਾਂ ਦਾ ਅਕਾਰ ਵੀ ਅਖ਼ਬਾਰੀ ਲੋੜਾਂ ਵਿੱਚ ਨਿਕਲਿਆ ਹੈ। ਪੁਸਤਕ ਵਿੱਚ ਲੇਖਕ ਨੇ ਕਾਰਾਂ ਦਾ ਸ਼ੌਕੀਨ 'ਤੇ ਵਿਅੰਗ ਕੀਤਾ ਹੈ, ਅੱਗੇ ਲੇਖਾਂ ਵਿੱਚ ਕੁੱਤਿਆ ਦੀ ਟ੍ਰੇਨਿੰਗ, ਗੱਲ੍ਹਾਂ ਦੇ ਪ੍ਰਸੰਗ, ਥਾਣੇ ਦੇ ਪ੍ਰਸੰਗ, ਵੋਟ ਤੰਤਰ, ਚੈਨੀ ਝਪਟ ਮੁੰਡਾ ਆਦਿ ਤੋਂ ਇਲਾਵਾ ਹੋਰ ਵਰਤਾਰਿਆ ਨੂੰ ਵੀ ਆਪਣੇ ਲੇਖਾਂ ਦਾ ਅਧਾਰ ਬਣਾਇਆ ਹੈ। ਲੇਖਕ ਸਮਕਾਲੀ ਮੁੱਦੇ ਆਪਣੇ ਆਲੇ ਦੁਆਲੇ ਵਿੱਚੋਂ ਲੈਂਦਾ ਹੈ ਅਤੇ ਆਪਣੀ ਦ੍ਰਿਸ਼ਟੀ ਨਾਲ ਉਸ ਦੀ ਪੜਚੋਲ ਕਰਦਾ ਹੈ।

### ਸ਼ਹੀਦਾਂ ਦੀ ਮੁਕਟਮਣੀ ਸ੍ਰੀ ਗੁਰੂ ਤੇਗ ਬਹਾਦਰ ਜੀ

ਡਾ. ਬਲਵਿੰਦਰਜੀਤ ਕੌਰ ਭੱਟੀ
ਸਫ਼ੇ : 128, ਮੁੱਲ : 300
ਚੇਤਨਾ ਪ੍ਰਕਾਸ਼ਨ, ਲੁਧਿਆਣਾ



ਗੁਰੂ ਤੇਗ ਬਹਾਦਰ ਮਹਾਨ ਯੁੱਗ ਪੁਰਸ਼ ਹੋਏ ਹਨ। ਉਸ ਵੇਲੇ ਦੀ ਮੁਗ਼ਲ ਸਲਤਨਤ ਨੇ ਆਪਣੇ ਸਮੇਂ ਧਰਮ ਪਰਿਵਰਤਨ ਨੂੰ ਤੇਜ ਕਰ ਦਿੱਤਾ ਤੇ ਲੋਕਾਂ ਤੇ ਜ਼ੁਲਮ ਆਰੰਭ ਕਰ ਦਿੱਤੇ ਸਨ। ਏਸੇ ਸਮੇਂ ਗੁਰੂ ਤੇਗ ਬਹਾਦਰ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦੇਣ ਲਈ ਅੱਗੇ ਆਉਂਦੇ ਹਨ। ਹੱਥਲੀ ਪੁਸਤਕ ਡਾ. ਬਲਵਿੰਦਰ ਕੌਰ ਭੱਟੀ ਨੇ ਵੱਖ ਵੱਖ ਸਰੋਤਾਂ ਦੇ ਅਧਾਰ ਉੱਤੇ ਲਿਖੀ ਹੈ। ਸਾਰੀ ਸਮੱਗਰੀ ਨੂੰ ਜੀਵਨ ਤੇ ਵਿਚਾਰਧਾਰਾ, ਸੰਦੇਸ਼, ਜੀਵਨ ਵਰਨਣ, ਬਾਣੀ ਸਰੋਕਾਰ, ਮੌਤ ਦਾ ਸੰਕਲਪ ਆਦਿ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਹੈ। 'ਪੰਥ ਪ੍ਰਕਾਸ਼' ਦੇ ਸੰਦਰਭ ਵਿੱਚ ਵੀ ਲੇਖਕਾਂ ਨੇ ਆਪਣੇ ਤਰਕ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। ਪੁਸਤਕ ਦੇ ਅੰਤ ਵਿੱਚ ਸੈਫ਼ਾਬਾਦ ਦੀ ਯਾਤਰਾ ਦਿਲਚਸਪ ਹੈ।

# ਪੁਸਤਕ ਰੀਵਿਊ

## ਵਾਰਿਸ ਸ਼ਾਹ ਸੁਖਨ ਦਾ ਵਾਰਿਸ

(ਨਾਟਕ)
ਦਵਿੰਦਰ ਦਮਨ
ਸਫ਼ੇ-72, ਕੀਮਤ-150 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ



ਦਵਿੰਦਰ ਦਮਨ ਸਰਗਰਮ ਨਾਟ-ਕਾਮਾ ਹੈ।ਪੰਜਾਬ ਦੇ ਲੋਕ ਮੁਖੀ ਇਤਿਹਾਸ ਨੂੰ ਤਰਜੀਹ ਦੇ ਕੇ ਲੋਕ-ਚੇਤਨਾ ਪੈਦਾ ਕਰਨਾ ਉਸ ਦੇ ਮੁੱਖ ਨਾਟ-ਮਨੋਰਥ 'ਚ ਸ਼ਾਮਲ ਹੈ।'ਛਿਪਣ ਤੋਂ ਪਹਿਲਾਂ', 'ਬੰਦਾ', 'ਗ਼ਦਰ ਗਾਥਾ' ਆਦਿ ਨਾਟ-ਰਚਨਾਵਾਂ ਹਵਾਲੇਯੋਗ ਹਨ। ਨਵਾਂ ਨਾਟਕ 'ਵਾਰਿਸ ਸ਼ਾਹ ਸੁਖਨ ਦਾ ਵਾਰਿਸ' ਵੀ ਇਸ ਸ਼੍ਰੇਣੀ 'ਚ ਆਉਂਦਾ ਹੈ।ਇਸ ਵਿਚ ਉਸ ਨੇ ਕਿੱਸਾਕਾਰ ਦੀ ਸਮਾਜੀ, ਸਿਆਸੀ, ਸਾਹਿਤਕ ਸੂਝ ਦੇ ਮਾਧਿਅਮ ਰਾਹੀਂ ਮਹੱਤਵਪੂਰਨ ਨੁਕਤੇ ਉਠਾਏ ਹਨ।

ਵਾਰਿਸ ਸ਼ਾਹ ਅਤੇ ਅੰਮ੍ਰਿਤਾ ਪ੍ਰੀਤਮ ਦੀ ਸਵਾਲ-ਜਵਾਬ ਲੜੀ, ਪੰਜਾਬੀ ਕਿੱਸਿਆਂ ਵਿਚ 'ਹੀਰ ਰਾਂਝੇ' ਬਾਰੇ ਬਣੀ ਭ੍ਰਮਕ ਸਥਿਤੀ ਦੀ ਘੋਖ ਪੜਤਾਲ ਕਰਦੀ ਹੈ। ਮਨੁੱਖੀ ਰਿਸ਼ਤਿਆਂ 'ਚ ਪਨਪੀ ਲਾਲਸਾ, ਧਰਮ, ਨਿਆਂ-ਨੈਤਿਕਤਾ 'ਚ ਆਈ ਗਿਰਾਵਟ, ਮਰਦ-ਔਰਤ ਵਿਚ ਖਿੱਚੀ ਗਈ ਲੀਕ, ਜਾਤੀ-ਜਮਾਤੀ ਵਿੱਥ ਆਦਿ ਵਿਸ਼ਿਆਂ ਨੂੰ ਸੰਬੋਧਤ ਹੁੰਦਾ ਹੋਇਆ ਨਾਟਕ 'ਪ੍ਰੇਮ ਮਾਰਗ' 'ਤੇ ਚੱਲਣ ਦੀ ਸਲਾਹ ਦਿੰਦਾ ਹੈ। ਇਸ਼ਕ-ਮਜਾਜ਼ੀ ਅਤੇ ਇਸ਼ਕ-ਹਕੀਕੀ ਦਾ ਭੇਦ ਸਮਝਾਉਂਦਾ ਹੈ।'ਭਵਿੱਖਦੀਆਂ ਹੀਰਾਂ ਆਪਣੇ ਹੱਕਾਂ ਲਈ ਸੁਚੇਤ ਹੋਵਣ' ਦੀ ਇੱਛਾ ਰੱਖਦਾ ਹੈ। ਸਾਹਿਤਕਾਰ 'ਹਿੰਸਕ ਮਾਹੌਲ' ਵਿਚ ਆਪਣਾ 'ਫਰਜ਼' ਪਛਾਨਣ ਦਾ ਹੋਕਾ ਲਾਉਂਦਾ ਹੈ।

ਨਾਟਕੀ-ਭਾਸ਼ਾ ਦੀ ਖ਼ੂਬਸੂਰਤੀ ਹੈ ਕਿ 'ਕਿੱਸੇ ਦੇ ਬੋਲ' ਪਾਤਰਾਂ 'ਚ ਢਲ ਕੇ ਡੂੰਘੀਆਂ ਰਮਜ਼ਾਂ ਛੇੜਦੇ ਨੇ। ਸੂਤਰਧਾਰ ਦਾ ਬਹੁ-ਸੰਦਰਭੀ ਅੰਦਾਜ਼, ਪਿੱਛਲ-ਝਾਤ, ਰੌਸ਼ਨੀਆਂ, ਪਿੱਠਵਰਤੀ ਗੀਤ-ਸੰਗੀਤ, ਸੁਪਨੇ ਆਦਿ ਨਾਟ-ਜੁਗਤਾਂ ਸ਼ਾਨਦਾਰ ਮੰਚ ਪ੍ਰਦਰਸ਼ਨ ਦਾ ਸਰੋਤ ਬਣਦੀਆਂ ਹਨ।

ਵਿਸ਼ਵ-ਨਾਟ ਪਰੰਪਰਾ ਵਿਚ 'ਪੰਜਾਬੀ ਸ਼ਤਾਬਦੀ' ਨਾਟਕ ਦੀ ਅਲੱਗ ਪਛਾਣ ਰਹੀ ਹੈ।ਇਹ ਨਾਟਕ ਵੀ ਵਾਰਿਸ ਸ਼ਾਹ ਦੀ ਤਿੰਨ ਸੌ ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਹੈ। ਨਾਟਕ ਇਤਿਹਾਸ ਨੂੰ ਸਮਕਾਲ ਨਾਲ ਰੂਬਰੂ ਕਰਵਾਉਂਦਾ ਹੋਇਆ ਕਿੱਸਾਕਾਰਾਂ ਦੀਆਂ ਕਿਰਤਾਂ ਦਾ ਤੁਲਨਾਤਮਕ ਅਧਿਐਨ ਵੀ ਪੇਸ਼ ਕਰਦਾ ਹੈ। ਮੁਬਾਰਕਬਾਦ!

— ਡਾ. ਚੰਦਰ ਪ੍ਰਕਾਸ਼

## ਜੀਵਨ ਇਤਿਹਾਸ ਸ਼ਹੀਦ ਬਾਬਾ ਦੀਪ ਸਿੰਘ

ਜਗਤਾਰ ਸਿੰਘ ਭੰਗੂ
ਸਫੇ-128, ਕੀਮਤ-199 ਰੁਪਏ
ਈਵਾਨ ਪਬਲੀਕੇਸ਼ਨ, ਬਰਨਾਲਾ

ਜਗਤਾਰ ਸਿੰਘ ਭੰਗੂ ਆਧੁਨਿਕ ਕਾਲ ਦੇ ਉਹ ਇਤਿਹਾਸਕਾਰ ਹਨ, ਜਿਨ੍ਹਾ ਨੇ ਸਿੱਖ ਇਤਿਹਾਸ ਬਾਰੇ ਵਿਸ਼ੇਸ਼ ਕਰਕੇ ਸਿੱਖ ਰਾਜ। (ਮਹਾਰਾਜਾ ਰਣਜੀਤ ਸਿੰਘ ਕਾਲ) ਦੇ ਪਤਨ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਆ ਬਾਰੇ ਖੋਜ ਭਰਪੂਰ ਸਰਲ ਤੇ ਸੰਖੇਪ ਪੁਸਤਕਾਂ ਰਚੀਆਂ ਹਨ, ਜਦੋਂ ਕਿ ਸਿੱਖ ਇਤਿਹਾਸ ਅਤੇ ਪੰਜਾਬੀ ਸਾਹਿਤ ਬਾਰੇ 15 ਪੁਸਤਕਾਂ ਸੰਪਾਦਿਤ ਵੀ ਕੀਤੀਆਂ ਹਨ।



ਹੱਥਲੀ ਪੁਸਤਕ 'ਜੀਵਨ ਇਤਿਹਾਸ ਸ਼ਹੀਦ ਬਾਬਾ ਦੀਪ ਸਿੰਘ' ਇਸੇ ਲੜੀ ਦਾ ਇਕ ਮਣਕਾ ਹੈ। ਇਸ ਦੇ ਤੇਰਾਂ ਨਿਬੰਧਾਂ ਵਿਚ ਬਾਬਾ ਦੀਪ ਸਿੰਘ ਜੀ ਦਾ ਜਨਮ ਅਤੇ ਬਚਪਨ, ਅੰਮ੍ਰਿਤ ਛਕਣਾ (1700 ਈ:) ਪਹੁਵਿੰਡ ਤੋਂ ਦਮਦਮਾ ਸਾਹਿਬ, ਆਲਾ ਸਿੰਘ ਦੀ ਮਦਦ (1731 ਈ:) ਭਾਈ ਮਨੀ ਸਿੰਘ ਦੀ ਸ਼ਹੀਦੀ, ਨਾਦਰ ਸ਼ਾਹ ਦਾ ਪਹਿਲਾ ਹਮਲਾ, ਪਹਿਲਾ ਜਾਂ ਛੋਟਾ ਘੱਲੂਘਾਰਾ, ਅਬਦਾਲੀ ਦਾ ਪਹਿਲਾ ਹਮਲਾ (1748), ਮਿਸਲ ਸ਼ਹੀਦਾਂ, ਅਬਦਾਲੀ ਦਾ ਦੂਜਾ ਹਮਲਾ (1748), ਤੀਜਾ ਹਮਲਾ (1751-52), ਚੌਥਾ ਹਮਲਾ (1757), ਹਮਲਾ ਗੋਹਲਵੜ, ਚੱਬਾ-ਚਾਟੀਵਿੰਡ ਦੀ ਲੜਾਈ ਤੇ ਬਾਬਾ ਜੀ ਦੀ ਸ਼ਹਾਦਤ (1757) ਸ਼ਾਮਲ ਹਨ।

ਜਗਤਾਰ ਸਿੰਘ ਭੰਗੂ ਅਨੁਸਾਰ ਬਾਬਾ ਦੀਪ ਸਿੰਘ ਦਾ ਜਨਮ 26 ਜਨਵਰੀ, 1682 ਈ: ਨੂੰ ਹੋਇਆ। ਇਨ੍ਹਾਂ ਦਾ ਪਿੰਡ ਪਹੁਵਿੰਡ ਪੱਟੀ ਤਹਿਸੀਲ ਵਿਚ ਅੰਮ੍ਰਿਤਸਰ ਤੋਂ 40 ਕਿ: ਮੀ: ਹੈ। ਲੇਖਕ ਨੇ ਰਤਨ ਸਿੰਘ ਭੰਗੂ ਦੇ ਸ੍ਰੀ ਗੁਰ ਪੰਥ ਪ੍ਰਕਾਸ਼ (1841 ਈ.) ਅਤੇ ਗਿ. ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' (1867) ਅਤੇ ਤਵਾਰੀਖ ਗੁਰੂ ਖਾਲਸਾ (1890) ਨੂੰ ਮੁੱਖ ਆਧਾਰ ਸ੍ਰੋਤ ਵਜੋਂ ਲਿਆ ਹੈ। ਪਹੁਵਿੰਡ ਤੋਂ ਬਾਬਾ ਦੀਪ ਸਿੰਘ ਜੀ ਗੁਰੂ ਗੋਬਿੰਦ ਸਿੰਘ ਪਾਸ ਦਮਦਮਾ ਸਾਹਿਬ (ਬਠਿੰਡਾ) ਪਹੁੰਚ ਗਏ। ਜਿੱਥੇ 'ਆਦਿ ਗ੍ਰੰਥ' ਦੀ ਬੀੜ ਲਿਖਣ ਵਿਚ ਭਾਈ ਮਨੀ ਸਿੰਘ (ਸ਼ਹੀਦ) ਨਾਲ ਸਹਾਇਕ ਬਣੇ। ਉਪਰੰਤ ਗੁਰਮਤਿ ਦੀ ਵਿੱਦਿਆ ਦੇਣ ਵਾਲੀ ਦਮਦਮੀ ਟਕਸਾਲ ਦੇ ਮੁਖੀ ਥਾਪੇ ਗਏ। ਸੀਮਤ 1680 ਤੋਂ 1705 ਤੱਕ ਰਚੇ 'ਦਸਮ ਗ੍ਰੰਥ' ਦੀ ਸੰਪਾਦਨਾ ਵੀ 1716 ਈ: ਵਿਚ ਬਾਬਾ ਦੀਪ ਸਿੰਘ ਵੱਲੋਂ ਮਾਤਾ ਸੁੰਦਰੀ ਦੀ ਪ੍ਰਵਾਨਗੀ ਨਾਲ ਕੀਤੀ ਦੱਸੀ ਗਈ ਹੈ। ਬੁੱਢਾ ਦਲ ਦੇ 5 ਜੱਥਿਆਂ ਵਿਚੋਂ ਆਪ ਪਹਿਲੇ ਜਥੇ ਦੇ ਮੁਖੀ 1734 ਈ: ਵਿਚ ਥਾਪੇ ਗਏ। ਹਰੀ ਸਿੰਘ ਭੰਗੀ ਤੇ ਬਾਬਾ ਆਲਾ ਸਿੰਘ ਨੂੰ 1731 ਈ: ਵਿਚ ਅੰਮ੍ਰਿਤਪਾਨ ਕਰਾ ਕੇ ਉਨ੍ਹਾਂ ਦੀ ਮਦਦ ਕੀਤੀ। ਅਫਗਾਨਾਂ ਵੱਲੋਂ ਕੈਦ ਔਰਤਾਂ ਬਾਬਾ ਜੀ ਨੇ ਛੁਡਵਾਈਆਂ।

ਅਖੀਰ ਵਿਚ ਅਬਦਾਲੀ ਦੇ ਚੌਥੇ ਹਮਲੇ ਸਮੇਂ ਭਾਗ ਸਿੰਘ ਨਿਹੰਗ ਵੱਲੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖਬਰ ਮਿਲਣ 'ਤੇ 75 ਸਾਲ ਦੀ ਉਮਰ ਵਿਚ ਅੰਮ੍ਰਿਤਸਰ ਨੂੰ ਚੱਲ ਪਏ। ਖੰਡੇ ਨਾਲ ਲਕੀਰ ਖਿੱਚ ਕੇ ਜੰਗਜੂ ਜਥੇ ਸਮੇਤ ਜੂਝ ਪਏ। ਟਾਹਲਾ ਸਾਹਿਬ ਨਾਂਅ ਦੇ ਅਸਥਾਨ 'ਤੇ ਸਖ਼ਤ ਜ਼ਖਮੀ ਹੋ ਗਏ ਤੇ 6.4 ਕਿ.ਮੀ. ਦੂਰ ਹਰਿਮੰਦਰ ਸਾਹਿਬ ਦੀ ਪਰਿਕਰਮਾ ਤੱਕ ਸੀਸ ਨੂੰ ਹੱਥ ਬਾਂਹ ਦਾ ਸਹਾਰਾ ਦੇ ਕੇ ਪਹੁੰਚੇ ਤੇ 11 ਨਵੰਬਰ 1757 ਈ. ਦੀਵਾਲੀ ਵਾਲੇ ਦਿਨ ਸ਼ਹੀਦ ਹੋਏ। ਇਤਿਹਾਸਕ ਜੀਵਨੀ ਬੇਹੱਦ ਜੋਸ਼ੀਲੇ ਇਤਿਹਾਸਕ ਵੇਰਵਿਆਂ ਨਾਲ ਭਰੀ ਹੋਈ ਹੈ। ਹਰ ਇਕ ਨੂੰ ਪੜ੍ਹਨੀ ਚਾਹੀਦੀ ਹੈ।

- ਤੇਜਾ ਸਿੰਘ ਤਿਲਕ

## ਡਾ. ਨਾਹਰ ਸਿੰਘ ਦਾ ਕੇਸਰ ਸਿੰਘ ਕੇਸਰ ਯਾਦਗਾਰੀ 'ਇਲਮ-ਏ-ਅੱਵਲ' ਐਵਾਰਡ ਨਾਲ ਸਨਮਾਨ



**ਚੰਡੀਗੜ੍ਹ**-ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ ਕਲਾ ਭਵਨ ਚੰਡੀਗੜ੍ਹ ਵਿਖੇ ਸਨਮਾਨ, ਸੰਵਾਦ ਅਤੇ ਪੁਸਤਕ ਲੋਕ ਅਰਪਣ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਵਿੱਚ ਕੌਮਾਂਤਰੀ ਲੇਖਕ ਮੰਚ (ਕਲਮ) ਵੱਲੋਂ ਪੰਜਾਬੀ ਲੋਕ ਧਾਰਾ ਦੇ ਖੋਜੀ ਡਾਕਟਰ ਨਾਹਰ ਸਿੰਘ ਨੂੰ ਕੇਸਰ ਸਿੰਘ ਕੇਸਰ ਯਾਦਗਾਰੀ ਇਲਮ-ਏ-ਅੱਵਲ ਸਨਮਾਨ ਦੇ ਕੇ ਸਨਮਾਨਿਆ ਗਿਆ, ਜਿਸ ਵਿੱਚ ਸਨਮਾਨ ਪੱਤਰ, ਲੋਈ ਅਤੇ 11000 ਰੁਪਏ ਦੀ ਰਾਸ਼ੀ ਸ਼ਾਮਲ ਸੀ। ਇਸ ਤੋਂ ਪਹਿਲਾਂ ਡਾ. ਸਰਬਜੀਤ ਸਿੰਘ ਨੇ ਡਾ. ਨਾਹਰ ਸਿੰਘ ਦੀ ਸਾਹਿਤਕ ਦੇਣ ਬਾਰੇ ਗੱਲ ਕਰਦਿਆਂ ਕਿਹਾ ਕਿ ਡਾ. ਨਾਹਰ ਸਿੰਘ ਨੇ ਨਾ ਕੇਵਲ ਮਾਲਵੇ ਦੇ ਲੋਕ ਸਾਹਿਤ ਨੂੰ ਇਕੱਠਾ ਕੀਤਾ, ਬਲਕਿ ਉਸ ਨੂੰ ਲੋਕਪੱਖੀ ਸਰੋਕਾਰਾਂ ਦੇ ਨਜ਼ਰੀਏ ਤੋਂ ਸਮਝਣ ਦੀ ਵੀ ਕੋਸ਼ਿਸ਼ ਕੀਤੀ।

ਸਮਾਗਮ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਸੁਰਜੀਤ ਜੱਜ ਅਤੇ ਡਾ. ਸਰਬਜੀਤ ਸਿੰਘ ਨੇ ਕੀਤੀ। ਪ੍ਰੋਗਰਾਮ ਦੇ ਦੂਜੇ ਹਿੱਸੇ ਵਿੱਚ ਹਰਪ੍ਰੀਤ ਸਿੰਘ ਚੰਨੂੰ ਦੇ ਕਹਾਣੀ ਸੰਗ੍ਰਹਿ 'ਅੰਬਰ ਕਦੇ ਖਾਲੀ ਨਹੀਂ ਹੁੰਦੇ' ਅਤੇ ਰਾਜ ਸਮੱਧਰ ਦੇ ਕਾਵਿ ਸੰਗ੍ਰਹਿ 'ਮਿੱਠੀ ਨਦੀ' ਨੂੰ ਲੋਕ ਅਰਪਿਤ ਕੀਤਾ ਗਿਆ। ਹਰਪ੍ਰੀਤ ਸਿੰਘ ਚੰਨੂੰ ਦੇ ਕਹਾਣੀ ਸੰਗ੍ਰਹਿ ਬਾਰੇ ਬੋਲਦਿਆਂ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਚੰਨੂੰ ਘੱਟ ਬੋਲਣ ਵਾਲਾ ਪਰ ਬਹੁਤ ਗੰਭੀਰਤਾ ਨਾਲ ਲਿਖਣ ਵਾਲਾ ਪੰਜਾਬੀ ਦਾ ਸਮਰੱਥ ਕਹਾਣੀਕਾਰ ਹੈ। ਉੱਘੇ ਆਲੋਚਕ ਡਾ. ਜਤਿੰਦਰ ਸਿੰਘ ਨੇ ਰਾਜ ਸਮੱਧਰ ਦੇ ਕਾਵਿ ਸੰਗ੍ਰਹਿ 'ਮਿੱਠੀ ਨਦੀ' ਵਿੱਚੋਂ ਕੁਝ ਕਵਿਤਾਵਾਂ ਸਾਂਝੀਆਂ ਕਰਦੇ ਹੋਏ ਉਸ ਦੀ ਰਚਨਾ ਦ੍ਰਿਸ਼ਟੀ ਅਤੇ ਉਸ ਦੇ ਸਰੋਕਾਰਾਂ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਰਾਜ ਸਮੱਧਰ ਨਾਰੀ ਅਸਤਿਤਵ ਦੇ ਬਹੁਤ ਸਾਰੇ ਪਹਿਲੂਆਂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾਉਂਦੀ ਹੈ।

ਡਾ. ਨਾਹਰ ਸਿੰਘ ਨੇ ਮਹਿੰਦਰ ਸਿੰਘ ਰੰਧਾਵਾ ਯਾਦਗਾਰੀ ਲੈਕਚਰ ਦਿੰਦੇ ਹੋਏ ਨਵੇਂ ਪੰਜਾਬ ਦਾ ਤਸਵਰ ਕਰਨ ਵਾਲੇ ਸੁਪਨਸਾਜ਼ ਮਹਿੰਦਰ ਸਿੰਘ ਰੰਧਾਵਾ ਨੂੰ ਯਾਦ ਕਰਦਿਆਂ ਉਸ ਦੇ ਕੰਮਾਂ ਦੀ ਤਫ਼ਸੀਲ ਵੀ ਦੱਸੀ। ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪਿੱਤਰਕੀ ਵਿਵਸਥਾ ਖਿਲਾਫ਼ ਖੜ੍ਹੇ ਹੋਣ ਵਾਲੀਆਂ ਨਾਰੀਆਂ ਦੀ ਆਵਾਜ਼ ਨੂੰ ਸਰਾਹੁੰਦੇ ਹੋਏ ਕਿਹਾ ਕਿ ਹੁਣ ਔਰਤਾਂ ਪਿੱਤਰਕੀ ਦੇ ਦਮਨ ਨੂੰ ਅੰਦਰ ਵੜ ਕੇ ਬਰਦਾਸ਼ਤ ਨਹੀਂ ਕਰਦੀਆਂ। ਪ੍ਰਧਾਨ ਸੁਰਜੀਤ ਜੱਜ ਨੇ ਕਿਹਾ ਕਿ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਅਦਬੀ ਖੇਤਰ ਵਿਚ 'ਪਿੰਡੋ ਪਿੰਡੀ ਸਾਹਿਤ' ਮੁਹਿੰਮ ਤਹਿਤ ਅਦਬ ਦੀ ਲੋਕ ਲਹਿਰ ਖੜ੍ਹੀ ਕਰਨ ਦੀ ਕੋਸ਼ਿਸ਼ ਕੀਤੀ। ਸਭ ਦਾ ਧੰਨਵਾਦ ਪ੍ਰਲੇਸ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਕੀਤਾ।

## ਸਾਊਥਾਲ 'ਚ ਸੁਰਿੰਦਰ ਸੀਹਰਾ ਦੀਆਂ ਗ਼ਜ਼ਲਾਂ ਦਾ ਬੋਲਬਾਲਾ

**ਸਾਊਥਾਲ**-'ਅਦਾਰਾ ਸ਼ਬਦ' ਵੱਲੋਂ ਆਪਣਾ ਅਠਾਈਵਾਂ ਸਾਲਾਨਾ ਸਮਾਗਮ ਅੰਬੇਡਕਰ ਹਾਲ, ਸਊਥਾਲ ਵਿਖੇ ਪੂਰੀ ਧੂਮਧਾਮ ਨਾਲ ਰਚਾਇਆ ਗਿਆ। ਇਸ ਸਮਾਗਮ ਦੇ ਦੋ ਭਾਗ ਸਨ। ਪਹਿਲੇ ਭਾਗ ਵਿੱਚ ਕੁੰਜੀਵਤ ਭਾਸ਼ਣ ਦਰਸ਼ਨ ਬੁਲੰਦਵੀ ਨੇ 'ਸਮਕਾਲ ਤੇ ਸਾਹਿਤ' ਬਾਰੇ ਪੜ੍ਹਿਆ ਤੇ ਇਸ ਤੋਂ ਬਿਨਾਂ ਸਮਾਗਮ ਵਿੱਚ ਚਾਰ ਪਰਚੇ ਪੜ੍ਹੇ ਗਏ। ਪਹਿਲਾ ਪਰਚਾ ਡਾ.




ਦੇਵਿੰਦਰ ਕੌਰ ਦਾ ਸੁਰਿੰਦਰ ਸੀਹਰਾ ਦੀ ਨਵੇਂ ਗਜ਼ਲ ਸੰਗ੍ਰਹਿ 'ਸ੍ਰੀ' ਬਾਰੇ ਲਿਖਿਆ ਸੀ, ਜਿਸ ਦਾ ਅਨੁਵਾਨ ਸੀ, 'ਸ੍ਰੀ' ਹੋਣ ਦਾ ਮਹੱਤਵ। ਦੇਵਿੰਦਰ ਕੌਰ ਸਿਹਤ ਠੀਕ ਨਾ ਹੋਣ ਕਰਕੇ ਸਮਾਗਮ ਵਿੱਚ ਸ਼ਾਮਲ ਨਹੀਂ ਸਨ ਹੋ ਸਕੇ, ਇਸ ਲਈ ਇਹ ਪਰਚਾ ਕੁਲਵੰਤ ਢਿੱਲੋਂ ਨੇ ਪੜ੍ਹਿਆ। ਦੂਜਾ ਪਰਚਾ ਸੁਰਿੰਦਰ ਸੀਹਰਾ ਦੇ ਗਜ਼ਲ ਸੰਗ੍ਰਹਿ 'ਸ੍ਰੀ' ਬਾਰੇ ਮਿਨਾਕਸ਼ੀ ਰਾਠੌਰ ਦਾ ਲਿਖਿਆ ਹੋਇਆ ਸੀ, ਇਹ ਪਰਚਾ ਹਰਦੇਸ਼ ਬਸਰਾ ਨੇ ਪੜ੍ਹਿਆ। ਤੀਜਾ ਪਰਚਾ ਗੁਰਪਾਲ ਸਿੰਘ ਲੰਡਨ ਨੇ ਸੁਰਿੰਦਰ ਸੀਹਰਾ ਨੂੰ ਮੁਖਾਤਬ ਹੋ ਕੇ ਉਸ ਦੀਆਂ ਗਜ਼ਲਾਂ ਬਾਰੇ ਇਕ ਚਿੱਠੀ ਦੇ ਰੂਪ ਵਿੱਚ ਪੇਸ਼ ਕੀਤਾ। ਚੌਥਾ ਪਰਚਾ ਪਾਕਿਸਤਾਨੀ ਗਜ਼ਲ ਬਾਰੇ ਡਾ. ਨਬੀਲਾ ਰਹਿਮਾਨ ਦਾ ਲਿਖਿਆ ਹੋਇਆ ਸੀ। ਪਰਚਿਆਂ ਨੂੰ ਪੜ੍ਹਨ ਉਪਰੰਤ ਇਹਨਾਂ ਉਪਰ ਭਰਪੂਰ ਬਹਿਸ ਹੋਈ, ਜਿਸ ਵਿੱਚ ਸਾਰੇ ਪਰਚੇ ਹੀ ਹਾਜ਼ਰੀਨ ਵੱਲੋਂ ਬਹੁਤ ਸਲਾਹੇ ਗਏ ਤੇ ਸੁਰਿੰਦਰ ਸੀਹਰਾ ਦੀਆਂ ਗਜ਼ਲਾਂ ਬਾਰੇ ਖੁੱਲ੍ਹ ਕੇ ਗੱਲਾਂ ਹੋਈਆਂ। ਸਮਾਗਮ ਦੇ ਇਸ ਭਾਗ ਦੀ ਪ੍ਰਧਾਨਗੀ ਰਣਜੀਤ ਧੀਰ ਨੇ ਕੀਤੀ ਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਵਿੱਚ ਡਾ. ਨਬੀਲਾ ਰਹਿਮਾਨ, ਸਦਾਫ ਮਿਰਜ਼ਾ, ਡਾ. ਕਰਨੈਲ ਸ਼ੇਰਗਿੱਲ, ਸੁਕੀਰਤ ਅਨੰਦ ਸ਼ਾਮਲ ਸਨ। ਇਸ ਭਾਗ ਦੀ ਮੰਚ ਸੰਚਾਲਨਾ ਦਰਸ਼ਨ ਬੁਲੰਦਵੀ ਤੇ ਹਰਜੀਤ ਅਟਵਾਲ ਨੇ ਕੀਤੀ। ਸਮਾਗਮ ਦੇ ਦੂਜੇ ਭਾਗ ਵਿੱਚ ਕਵੀ ਦਰਬਾਰ ਹੋਇਆ, ਜਿਸ ਦੀ ਪ੍ਰਧਾਨਗੀ ਵਰਿੰਦਰ ਪਰਿਹਾਰ ਨੇ ਕੀਤੀ ਤੇ ਉਹਨਾਂ ਨਾਲ ਦਲਵੀਰ ਕੌਰ, ਕੁਲਵੰਤ ਕੌਰ ਤੇ ਜਸਵਿੰਦਰ ਮਾਨ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਇਸ ਕਵੀ ਦਰਬਾਰ ਵਿੱਚ ਤਕਰੀਬਨ ਤਿੰਨ ਦਰਜਨ ਕਵੀਆਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਪ੍ਰੋਗਰਾਮ ਦੇ ਇਸ ਭਾਗ ਦੀ ਮੰਚ ਸੰਚਾਲਨਾ ਸੁਰਿੰਦਰ ਸੀਹਰਾ ਨੇ ਆਪਣੇ ਖੂਬਸੂਰਤ ਅੰਦਾਜ਼ ਵਿੱਚ ਕੀਤੀ। ਉਪਰੋਕਤ ਨਾਵਾਂ ਤੋਂ ਬਿਨਾਂ ਇਸ ਸਮਾਗਮ ਵਿੱਚ ਭਾਗ ਲੈਣ ਵਾਲੇ ਲੇਖਕ ਦੋਸਤਾਂ ਦੇ ਖਾਸ ਨਾਂਅ ਇਸ ਪ੍ਰਕਾਰ ਹਨ: ਦਰਸ਼ਨ ਢਿੱਲੋਂ, ਅਜੀਤ ਸਿੰਘ ਢਿੱਲੋਂ, ਨਛੱਤਰ ਭੋਗਲ, ਪਰਮਜੀਤ ਸਿੰਘ, ਬਲਵਿੰਦਰ ਚਹਿਲ, ਨੀਲਮ ਜੋਗਨ, ਕਿਰਪਾਲ ਪੂਨੀ, ਸੁਰਿੰਦਰ ਪਾਲ, ਕੁਲਵੰਤ ਢੇਸੀ, ਸੰਤੋਖ ਹੇਅਰ, ਡਾ. ਅਜੀਤਪਾਲ ਸਿੰਘ, ਰੁਪਿੰਦਰ ਗਿੱਲ, ਸ਼ਿਵਜੀਤ ਢੇਸੀ, ਕਿੱਟੀ ਬੱਲ, ਸ਼ੇਖਰ, ਪਰਮਿੰਦਰ ਹਾਰਟਫੋਰਡ, ਮਿਸਟਰ ਹਾਰਟਫੋਰਡ, ਪਰਮ ਸੰਧਾਵਾਲੀਆ, ਮਿਸਜ਼ ਸ਼ੇਖਰ, ਮਿਸਟਰ ਚੀਮਾ, ਮਨਜੀਤ ਪੱਡਾ, ਮਿਸਜ਼ ਚਰਨਜੀਤ ਬੁਲੰਦਵੀ, ਕੇ.ਸੀ. ਮੋਹਨ, ਸੁਖਦੇਵ ਔਜਲਾ, ਭਿੰਦਰ ਜਲਾਲਾਬਾਦੀ, ਬੇਅੰਤ ਕੌਰ, ਸਿਕੰਦਰ ਬਰਾੜ, ਜਸਵਿੰਦਰ ਸਿੰਘ, ਯਾਕੂਬ ਪਰਦੇਸੀ, ਮੰਜੂ ਬਾਲਾ ਤੇ ਸਤਨਾਮ ਚਾਨਾ ਆਦਿ। ਅੰਬੇਦਕਰ ਹਾਲ ਸਾਰਾ ਸਮਾਂ ਖਚਖਚ ਭਰਿਆ ਰਿਹਾ।

—ਹਰਜੀਤ ਅਟਵਾਲ

## ਮੁੱਖ ਮੰਤਰੀ ਵੱਲੋਂ ਡਾ. ਬਲਦੇਵ ਸਿੰਘ ਧਾਲੀਵਾਲ ਦਾ ਸਨਮਾਨ



**ਪਟਿਆਲਾ**-ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਅਧਿਆਪਕ ਅਤੇ ਪ੍ਰਸਿੱਧ ਕਹਾਣੀਕਾਰ ਅਤੇ ਆਲੋਚਕ ਡਾ. ਬਲਦੇਵ ਸਿੰਘ ਧਾਲੀਵਾਲ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਫਰੀਦਕੋਟ ਵਿਖੇ ਹੋਏ ਰਾਜ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਵਿੱਚ 'ਸਟੇਟ ਐਵਾਰਡ' ਦੇ ਕੇ ਸਨਮਾਨਿਆ ਗਿਆ।ਡਾ. ਬਲਦੇਵ ਸਿੰਘ ਧਾਲੀਵਾਲ ਨੇ ਇਹ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਕਹਾਣੀ ਲੇਖਕ ਅਤੇ ਆਲੋਚਕ ਵਜੋਂ ਸਾਹਿਤ ਖੇਤਰ ਵਿੱਚ ਪਾਏ ਗਏ ਯੋਗਦਾਨ ਸਦਕਾ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਜ਼ਿਕਰਯੋਗ ਹੈ ਕਿ ਡਾ. ਬਲਦੇਵ ਸਿੰਘ ਧਾਲੀਵਾਲ ਪ੍ਰਸਿੱਧ ਪੰਜਾਬੀ ਬੁੱਧੀਜੀਵੀ ਹਨ, ਜਿਨ੍ਹਾਂ ਵੱਲੋਂ ਪੰਜਾਬੀ ਸਿਰਜਣਾਤਮਕ ਲੇਖਣ ਖੋਜ, ਸਾਹਿਤਕ ਆਲੋਚਨਾ ਅਤੇ ਪੰਜਾਬੀ ਸਾਹਿਤ ਦੇ ਅਧਿਆਪਨ ਵਿੱਚ ਵੱਡਾ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਪਿਛਲੇ 45 ਸਾਲਾਂ ਵਿੱਚ 48 ਕਿਤਾਬਾਂ, ਕਈ ਖੋਜ ਪ੍ਰੋਜੈਕਟ ਅਤੇ ਪੇਪਰ ਆਦਿ ਪ੍ਰਕਾਸ਼ਿਤ ਕਰਵਾ ਕੇ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਿੱਖਿਆ ਸ਼ਾਸਤਰ ਨੂੰ ਅਮੀਰ ਬਣਾਇਆ ਹੈ। ਉਨ੍ਹਾਂ 8 ਕਿਤਾਬਾਂ ਪ੍ਰਕਾਸ਼ਿਤ ਕਰਵਾਈਆਂ ਹਨ। ਚੇਤੇ ਰਹੇ ਉਨ੍ਹਾਂ ਦੀ ਬਹੁ-ਪੱਖੀ ਲੇਖਕ ਵਜੋਂ ਅਹਿਮ ਪਛਾਣ ਬਣਾਉਣ ਵਿੱਚ ਸਮੇਂ-ਸਮੇਂ ਆਪਣੀ ਭੂਮਿਕਾ ਬਾਖ਼ੂਬੀ ਨਿਭਾਈ ਹੈ, ਜਿਸ ਸਦਕਾ ਉਨ੍ਹਾਂ ਨੂੰ ਸਰਕਾਰ ਦਾ ਇਹ ਗੌਰਵਮਈ ਥਾਪੜਾ ਮਿਲ ਸਕਿਆ ਹੈ।

## ਉੱਘੀ ਫੋਟੋ ਪੱਤਰਕਾਰ ਗੌਰੀ ਗਿੱਲ ਦੀ ਪੰਜਾਬੀ ਭਵਨ ਫੇਰੀ



**ਲੁਧਿਆਣਾ** : ਉੱਘੀ ਫੋਟੋ ਪੱਤਰਕਾਰ ਗੌਰੀ ਗਿੱਲ ਨੇ ਪੰਜਾਬੀ ਭਵਨ ਫੇਰੀ ਪਾਈ। ਯਾਦ ਰਹੇ ਕਿ ਗੌਰੀ ਗਿੱਲ ਸਾਬਕਾ ਚੋਣ ਕਮਿਸ਼ਨਰ ਡਾ. ਮਨੋਹਰ ਸਿੰਘ ਗਿੱਲ ਦੀ ਬੇਟੀ ਨੇ ਉਹ ਅੱਜਕੱਲ ਡਾ. ਮਨੋਹਰ ਸਿੰਘ ਗਿੱਲ ਵੱਲੋਂ ਪੰਜਾਬ ਵਿੱਚ ਪੰਜਾਬੀ ਸੱਭਿਆਚਾਰ ਲਈ ਕੀਤੇ ਕੰਮਾਂ ਦਾ ਦਸਤਾਵੇਜ਼ੀਕਰਨ ਕਰ ਰਹੇ ਹਨ।ਡਾ. ਮਨੋਹਰ ਸਿੰਘ ਗਿੱਲ ਨੇ ਪੰਜਾਬੀ ਭਵਨ ਦੀ ਲਾਇਬ੍ਰੇਰੀ ਨੂੰ ਨਵੰਬਰ 2016 ਵਿੱਚ 25 ਲੱਖ ਰੁਪਏ ਐਮ ਪੀ ਲੈਂਡ ਫੰਡ ਵਿੱਚੋਂ ਗ੍ਰਾਂਟ ਦਿੱਤੀ ਸੀ, ਜਿਸ ਨਾਲ ਪੰਜਾਬੀ ਭਵਨ ਵਿੱਚ ਸਾਹਿਰ ਲੁਧਿਆਣਵੀ ਦੇ ਨਾਂਅ 'ਤੇ ਸ਼ਾਨਦਾਰ ਲਾਇਬ੍ਰੇਰੀ ਦੀ ਇਮਾਰਤ ਸੁਸ਼ੋਭਿਤ ਹੈ।ਡਾ. ਮਨੋਹਰ ਸਿੰਘ ਗਿੱਲ ਡਾ. ਮਹਿੰਦਰ ਸਿੰਘ ਰੰਧਾਵਾ ਦੀ ਤਰ੍ਹਾਂ ਹੀ ਪੰਜਾਬ ਦੇ ਉਸਰੱਈਏ ਦੇ ਤੌਰ 'ਤੇ ਜਾਣੇ ਜਾਂਦੇ ਹਨ।ਉਹਨਾਂ ਨੇ ਕਿਸੇ ਵੀ ਹੋਰ ਨੇਤਾ ਨਾਲੋਂ ਇੱਕੋ ਸਮੇਂ ਵੱਡੀ ਗ੍ਰਾਂਟ ਦਿੱਤੀ ਸੀ। ਇਸ ਮੌਕੇ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਵਿੱਤ ਪ੍ਰਬੰਧਕ ਸ੍ਰੀ ਸੁਰਿੰਦਰ ਕੈਲੇ ਅਤੇ ਉੱਘੇ ਕਹਾਣੀਕਾਰ ਮੈਡਮ ਇੰਦਰਜੀਤ ਪਾਲ ਕੌਰ ਨੇ ਉਹਨਾਂ ਨੂੰ ਅਕਾਡਮੀ ਦੇ ਪ੍ਰਕਾਸ਼ਨਾ ਮੈਗਜ਼ੀਨ ਆਲੋਚਨਾ ਦੀ ਕਾਪੀ, ਆਪਣੇ ਸੰਪਾਦਤ ਕੀਤੇ ਮੈਗਜ਼ੀਨ ਸਮਾਂਤਰ ਨਜ਼ਰੀਆ, ਅਣੂ ਭੇਟ ਕੀਤੇ।ਇਸ ਮੌਕੇ ਉਹਨਾਂ ਨਾਲ ਡਾ. ਮਨੋਹਰ ਸਿੰਘ ਗਿੱਲ ਅਤੇ ਉਹਨਾਂ ਦੇ ਕੀਤੇ ਕੰਮਾਂ ਨੂੰ ਯਾਦ ਕੀਤਾ ਗਿਆ।

## ਗਿਆਨਦੀਪ ਮੰਚ ਵੱਲੋਂ ਪੁਸਤਕ 'ਮੁਹੱਬਤ ਜ਼ਿੰਦਾਬਾਦ' ਲੋਕ ਅਰਪਣ



**ਪਟਿਆਲਾ**-ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸ਼ਾਇਰ ਦਰਸ਼ਨ ਸਿੰਘ 'ਦਰਸ਼ ਪਸਿਆਣਾ' ਦੀ ਪਲੇਠੀ ਕਾਵਿ ਪੁਸਤਕ 'ਮੁਹੱਬਤ ਜ਼ਿੰਦਾਬਾਦ' ਨੂੰ ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਡਾ. ਜੀ ਐੱਸ ਆਨੰਦ ਨੇ ਕੀਤੀ। ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ 'ਦਰਸ਼ ਪਸਿਆਣਾ' ਦੀ ਸਿਰਜਣਾ ਅਤੇ ਪੁਸਤਕ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਇਹ ਪੁਸਤਕ ਗੁਰੂ ਨਾਨਕ ਸਾਹਿਬ ਦੀ ਆਰਤੀ ਵਾਂਗੂੰ ਦੁਨੀਆ ਦੇ ਦੱਬੇ-ਕੁਚਲੇ ਲੋਕਾਂ ਦਾ ਪੱਖ ਪੂਰਦਿਆਂ ਹੰਕਾਰੀ ਧਿਰ ਦੇ ਮਨਾਂ ਵਿੱਚੋਂ ਹਉਂ ਦੀ ਮੈਲ਼ ਨੂੰ ਕੱਢਣ ਦੀ ਅਹਿਮੀਅਤ ਦੱਸਦੀ ਹੈ। ਪੁਸਤਕ 'ਤੇ ਪੜ੍ਹੇ ਗਏ ਆਪਣੇ ਪੇਪਰ ਵਿੱਚ ਡਾ. ਇਕਬਾਲ ਸੋਮੀਆਂ ਨੇ ਕਿਹਾ ਕਿ 'ਮੁਹੱਬਤ ਜ਼ਿੰਦਾਬਾਦ' ਸੱਤਾ ਦੀ ਧੌਂਸ ਅਤੇ ਨਾਕਾਰਾਤਮਕ ਮਿੱਥਾਂ ਨੂੰ ਤੋੜਨ ਦਾ ਯਤਨ ਕਰਦੀ ਹੈ। ਪੇਪਰ 'ਤੇ ਬਹਿਸ ਦਾ ਆਰੰਭ ਕਰਦਿਆਂ ਡਾ. ਅਰਵਿੰਦਰ ਕੌਰ ਕਾਕੜਾ ਨੇ ਪੁਸਤਕ ਨੂੰ ਮਨੁੱਖ ਦੇ ਗਾਉਂਦੇ ਹੋਏ ਆਪੇ ਦੀ ਪੇਸ਼ਕਾਰੀ ਕਿਹਾ। ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਦਾ ਤਰਕ ਸੀ ਕਿ ਕਵੀ ਆਪਣੀ ਕਥਾ ਰਾਹੀਂ ਨਫ਼ਰਤ ਦੀ ਅੱਗ ਨੂੰ ਮੁਹੱਬਤ ਦੇ ਪਾਣੀ ਨਾਲ ਬੁਝਾਉਣ ਦੀ ਤਾਕੀਦ ਕਰਦਾ ਹੈ।ਉਪਰੋਕਤ ਤੋਂ ਇਲਾਵਾ ਡਾ. ਸੰਤੋਖ ਸਿੰਘ ਸੁੱਖੀ, ਬਲਜਿੰਦਰ ਸਿੰਘ, ਗੁਰਚਰਨ ਸਿੰਘ 'ਚੰਨ ਪਟਿਆਲਵੀ', ਯਾਦਵਿੰਦਰ ਸਿੰਘ ਸਰਪੰਚ ਤੇ ਜਰਨੈਲ ਸਿੰਘ ਪੰਚ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਬੱਚੀ ਕਿਰਤਜੋਤ ਕੌਰ ਨੇ ਭਾਵੁਕ ਕਵਿਤਾ ਰਾਹੀਂ ਮੁਹੱਬਤ ਪੇਸ਼ ਕੀਤੀ।

## ਮਿੰਨੀ ਕਹਾਣੀ ਲੇਖਕ ਮੰਚ ਵੱਲੋਂ ਸਾਲਾਨਾ ਪੁਰਸਕਾਰਾਂ ਦਾ ਐਲਾਨ

**ਮਾਨਸਾ**-ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਵੱਲੋਂ ਆਪਣੇ ਸਾਲਾਨਾ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ, ਜਨਰਲ ਸਕੱਤਰ ਜਗਦੀਸ਼ ਰਾਏ ਕੁਲਰੀਆਂ ਤੇ ਖਜ਼ਾਨਚੀ ਕੁਲਵਿੰਦਰ ਕੌਸ਼ਲ ਨੇ ਦੱਸਿਆ ਕਿ ਮੰਚ ਦੀ ਕਾਰਜਕਾਰਨੀ ਕਮੇਟੀ ਦੀ ਹੋਈ ਮੀਟਿੰਗ ਵਿਚ ਮਿੰਨੀ ਕਹਾਣੀ ਲੇਖਕਾਂ, ਆਲੋਚਕਾਂ ਅਤੇ ਸਹਿਯੋਗੀਆਂ ਲਈ ਸਾਲਾਨਾ ਪੁਰਸਕਾਰਾਂ ਦਾ ਫੈਸਲਾ ਕੀਤਾ ਗਿਆ ਹੈ। ਬਜ਼ੁਰਗ ਮਿੰਨੀ ਕਹਾਣੀ ਲੇਖਕ ਅਤੇ ਆਲੋਚਕ ਡਾ. ਅਮਰ ਕੋਮਲ ਨੂੰ ਮਿੰਨੀ ਕਹਾਣੀ ਦੇ ਖੇਤਰ ਵਿਚ ਬਤੌਰ ਲੇਖਕ, ਸੰਪਾਦਕ, ਅਨੁਵਾਦਕ ਤੇ ਸਮੁੱਚੇ ਜੀਵਨ ਦੌਰਾਨ ਮਿੰਨੀ ਕਹਾਣੀ ਲਈ ਕੀਤੇ ਕਾਰਜਾਂ ਕਰਕੇ 'ਸ੍ਰੀ ਦਰਸ਼ਨ ਮਿਤਵਾ ਯਾਦਗਾਰੀ ਮਿੰਨੀ ਕਹਾਣੀ ਲਾਈਫ਼ ਟਾਈਮ ਅਚੀਵਮੈਂਟ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ



ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ-ਅਸ਼ਵਨੀ ਗੁਪਤਾ, ਅਮਰਜੀਤ ਸਿੰਘ ਸਰੀਂਹ ਏ ਐੱਸ ਆਈ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ-ਡਾ. ਕੁਲਦੀਪ ਸਿੰਘ, ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ-ਸ੍ਰੀਮਤੀ ਅੰਜੂ ਖਰਬੰਦਾ ਦਿੱਲੀ, ਸ੍ਰੀ ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ-ਸ੍ਰੀ ਕਰਮਵੀਰ ਸਿੰਘ ਸੂਰੀ, ਸ੍ਰੀ ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ-ਪਰਮਜੀਤ ਕੌਰ ਸ਼ੇਖ਼ੂਪੁਰ ਕਲਾਂ ਅਤੇ ਸ੍ਰ. ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ-ਡਾ. ਨਰੇਸ਼ ਗਰੋਵਰ ਅੰਮ੍ਰਿਤਸਰ ਨੂੰ ਦਿੱਤਾ ਜਾਵੇਗਾ। ਮੰਚ ਵੱਲੋਂ ਇਹ ਪੁਰਸਕਾਰ ਮਿਤੀ 04-05 ਅਕਤੂਬਰ ਨੂੰ ਭਗਤ ਪੂਰਨ ਸਿੰਘ ਪਿੰਗਲਵਾੜਾ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ 31ਵੇਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਦੌਰਾਨ ਪ੍ਰਦਾਨ ਕੀਤੇ ਜਾਣਗੇ।

## ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ

**ਖੰਨਾ**-ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੀ ਮਹੀਨਾਵਾਰ ਮੀਟਿੰਗ ਇਸ ਵਾਰ ਪਿੰਡ ਗਗੜਾ ਦੀ ਸੱਥ ਵਿੱਚ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ, ਪ੍ਰਧਾਨ ਕਿਰਨਦੀਪ ਸਿੰਘ ਕੁਲਾਰ, ਉਪ ਪ੍ਰਧਾਨ ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਵੱਲੋਂ ਕੀਤੀ ਗਈ। ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ ਸੁਖਵਿੰਦਰ ਸਿੰਘ ਬਿੱਟੂ ਖੰਨੇ ਵਾਲਾ, ਸੁਖਦੇਵ ਸਿੰਘ ਕੁੱਕੂ ਘਲੋਟੀ, ਜਗਤਾਰ ਸਿੰਘ ਮਾਂਗਟ ਮੁੱਲਾਂਪੁਰ, ਨੇਤਰ ਸਿੰਘ ਮੁੱਤੋਂ, ਮਾਸਟਰ ਰਾਜ ਸਿੰਘ ਬਧੌਛੀ, ਸੇਰਾ ਨਵੇਂ ਪਿੰਡੀਆ, ਗੀਤਕਾਰ ਬਾਵਾ ਹੋਲੀਆਂ,



ਪ੍ਰਸਿੱਧ ਗ਼ਜ਼ਲਗੋ ਨਰੇਸ਼ ਨਿਮਾਣਾ, ਹਰਬੰਸ ਸਿੰਘ ਸ਼ਾਨ, ਮਨਜੀਤ ਸਿੰਘ ਧੰਜਲ, ਨੈਬ ਸਿੰਘ ਟਿਵਾਣਾ, ਗੁਰੀ ਤੁਰਮਰੀ, ਸੁਖਵਿੰਦਰ ਸਿੰਘ ਭਾਦਲਾ, ਕਿਰਨਦੀਪ ਸਿੰਘ ਕੁਲਾਰ, ਅਵਤਾਰ ਸਿੰਘ ਉਟਾਲਾਂ, ਵਰਿੰਦਰ ਸਿੰਘ ਗਗੜਾ, ਗੁਰਦੀਪ ਸਿੰਘ ਗਗੜਾ, ਮੈਨੇਜਰ ਕਰਮ ਚੰਦ ਸਮਰਾਲਾ, ਪਰਮਜੀਤ ਸਿੰਘ ਮੁੰਡੀਆ, ਗਿੱਲ ਉਟਾਲਾਂ, ਨਰਿੰਦਰ ਸਿੰਘ ਨਿੰਦਾ ਕੋਟ ਸੇਖੋਂ ਆਦਿ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਵਾਹ-ਵਾਹ ਖੱਟੀ।ਸਾਹਿਤਕਾਰਾਂ ਵੱਲੋਂ ਸੁਣਾਈਆਂ ਰਚਨਾਵਾਂ 'ਤੇ ਸੁਚਾਰੂ ਢੰਗ ਨਾਲ ਚਰਚਾ ਕੀਤੀ ਗਈ। ਇਸ ਚਰਚਾ ਵਿੱਚ ਸੂਬੇਦਾਰ ਸੁਰਜੀਤ ਸਿੰਘ ਗਗੜਾ, ਸਰਵਣ ਸਿੰਘ ਗਗੜਾ, ਪ੍ਰਕਾਸ਼ ਸਿੰਘ, ਬਲਵੀਰ ਸਿੰਘ, ਜਸਪਾਲ ਸਿੰਘ, ਨਾਜਰ ਸਿੰਘ, ਨੌਜਵਾਨ ਸਰਪੰਚ ਅਰਸ਼ਦੀਪ ਸਿੰਘ ਲਾਲੀ ਪਹਿਲਵਾਨ ਪਿੰਡ ਗਗੜਾ, ਹਰਜਿੰਦਰ ਸਿੰਘ ਗਗੜਾ, ਸੰਤੋਖ਼ ਸਿੰਘ ਖੰਨਾ, ਅਵਤਾਰ ਸਿੰਘ ਖੰਨਾ ਆਦਿ ਨੇ ਭਾਗ ਲਿਆ।

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ

**ਕੈਲਗਰੀ** : ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ ਕੋਸੋ ਦੇ ਦਫ਼ਤਰ ਵਿਚ ਹੋਈ। ਸਭਾ ਦੀ ਪ੍ਰਧਾਨਗੀ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਤੱਗੜ ਨੇ ਨਿਭਾਈ।ਆਰੰਭ ਵਿਚ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਕਿਹਾ। ਜਰਨੈਲ ਸਿੰਘ ਤੱਗੜ ਹੁਰਾਂ ਨੇ ਅਗਿਆਤ ਲੇਖਕ ਦੀ ਰਚਨਾ ਸੁਣਾਈ। ਡਾ. ਮਨਮੋਹਨ ਬਾਠ ਤੇ ਅਮਰਜੀਤ ਸਿੱਧੂ ਨੇ ਵੀ ਗੀਤਾਂ ਦਾ ਗਾਇਨ ਕੀਤਾ। ਡਾ. ਰਾਜਵੰਤ ਕੌਰ ਮਾਨ ਹੁਰਾਂ ਗਿੱਲ ਸੁਖਮੰਦਰ ਦੀ ਪੁਸਤਕ 'ਖ਼ਾਕ ਤੋਂ ਖ਼ਾਕ ਤੱਕ' ਪੁਸਤਕ 'ਤੇ ਸੰਖ਼ੇਪ ਚਰਚਾ ਕੀਤੀ।ਉਨ੍ਹਾ ਕਿਹਾ ਕਿ ਬੇਸ਼ੱਕ ਸੁਖਮੰਦਰ ਦੀ ਇਹ ਪਲੇਠੀ ਪੁਸਤਕ ਹੈ ਪਰ ਉਸ ਦੀਆਂ ਰਚਨਾਵਾਂ ਨੂੰ ਗਹੁ ਨਾਲ ਪੜ੍ਹਿਆਂ ਉਹ ਹੰਢਿਆ ਹੋਇਆ ਕਵੀ ਮਹਿਸੂਸ ਹੁੰਦਾ ਹੈ।ਸੋਨੇ 'ਤੇ ਸੁਹਾਗੇ ਵਾਲੀ ਗੱਲ ਇਹ ਹੈ ਕਿ ਉਹ ਆਪ ਖ਼ੁਦ ਸੁਰੀਲੀ ਆਵਾਜ਼ ਦਾ ਧਨੀ ਹੈ। ਸੁਰਾਂ ਉਸ ਦੇ ਗਲੇ ਦਾ ਸ਼ਿੰਗਾਰ ਹਨ।ਸੁਰਿੰਦਰ ਢਿੱਲੋਂ ਹੋਰਾਂ ਨੇ ਕਲਾਸੀਕਲ ਗਾਇਕੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਨੌਜਵਾਨ ਗੀਤਕਾਰ ਮਨਜੀਤ ਬਰਾੜ ਨੇ ਆਪਣੇ ਵੱਖਰੇ ਅਤੇ ਵਧੀਆ ਅੰਦਾਜ਼ ਵਿੱਚ ਆਪਣੀ ਮੌਲਿਕ ਰਚਨਾ ਸੁਣਾਈ।ਵਿਜੈ ਸੱਚਦੇਵਾ ਨੇ 'ਮਿੱਟੀ ਦਾ ਬਾਵਾ' ਬਾਰੇ ਲਖਵਿੰਦਰ ਸਿੰਘ, ਭੋਲਾ ਸਿੰਘ ਚੌਹਾਨ, ਜਗਦੇਵ ਸਿੱਧੂ, ਸਈਅਦ ਵੜੈਚ ਨੇ ਵੀ ਕਵਿਤਾਵਾਂ ਪੜ੍ਹੀਆਂ। ਇਸ ਤੋਂ ਇਲਾਵਾ ਸੁਖਜਿੰਦਰ ਕੌਰ, ਗੁਰਬਖ਼ਸ਼ ਗਿੱਲ, ਲਖਵੀਰ ਸਿੰਘ ਕੰਗ, ਗੱਜਣ ਸਿੰਘ ਸੰਧਾਵਾਲੀਆ ਨੇ ਹਾਜ਼ਰੀ ਲਗਵਾਈ।ਮੰਚ ਸੰਚਾਲਨ ਦਾ ਕੰਮ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਖੂਬਸੂਰਤੀ ਨਾਲ ਨਿਭਾਇਆ।

## ਅਜ਼ੀਜ਼ ਸਰੋਏ ਦੇ ਨਾਵਲ 'ਤਲੀਆਂ ਹੇਠਲੀ ਅੱਗ' 'ਤੇ ਗੋਸ਼ਟੀ



**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ।ਇਸ ਸਮਾਗਮ ਵਿੱਚ ਨੌਜਵਾਨ ਨਾਵਲਕਾਰ ਅਜ਼ੀਜ਼ ਸਰੋਏ ਦੇ ਨਾਵਲ 'ਤਲੀਆਂ ਹੇਠਲੀ ਅੱਗ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਬੀਰਬਲ ਸਿੰਘ ਨੇ ਕਿਹਾ ਕਿ ਸਰੋਏ ਦਾ ਨਾਵਲ '84 ਦੇ ਦੁਖਾਂਤ ਦਾ ਸਮਾਜਿਕ, ਸੱਭਿਆਚਾਰਕ ਅਧਿਐਨ ਪੇਸ਼ ਕਰਦਾ ਹੈ। ਨਾਵਲ '84 ਤੋਂ ਬਾਅਦ ਪੈਦਾ ਹੋਏ ਹਾਲਾਤ ਤਹਿਤ ਡੇਰਾਵਾਦ ਦੇ ਉਭਾਰ ਦੀ ਗਾਥਾ ਅਤੇ ਇਸ ਸਥਿਤੀ ਦਰਮਿਆਨ ਆਮ ਸਧਾਰਨ ਲੋਕਾਂ ਦੇ ਅੰਧ-ਵਿਸ਼ਵਾਸਾਂ ਵਿੱਚ ਘਿਰਨ ਕਰਕੇ ਹੋਏ ਨਿਘਾਰ ਦੀ ਬਾਖ਼ੂਬੀ ਪੇਸ਼ਕਾਰੀ ਕਰਦਾ ਹੈ। ਬਹਿਸ ਦਾ ਆਰੰਭ ਕਰਦਿਆਂ ਨਿਰੰਜਣ ਬੋਹਾ ਨੇ ਕਿਹਾ ਕਿ ਅਜ਼ੀਜ਼ ਸਰੋਏ ਨੇ ਇਤਿਹਾਸ ਨੂੰ ਭਾਵੁਕਤਾ ਦੀ ਥਾਂ ਵਿਗਿਆਨਕ ਨਜ਼ਰੀਏ ਨਾਲ ਵੇਖਿਆ ਅਤੇ ਪੇਸ਼ ਕੀਤਾ ਹੈ। ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ 'ਤਲੀਆਂ ਹੇਠਲੀ ਅੱਗ' ਨਾਵਲ ਪੰਜਾਬ ਦੇ ਪਿੰਡੇ 'ਤੇ '47 ਵਰਗੇ ਦੂਜੇ ਅਧਿਆਏ ਪੰਜਾਬ ਸੰਕਟ ਦੇ ਬਹੁਪਸਾਰੀ ਪੱਖਾਂ ਦੀ ਪੇਸ਼ਕਾਰੀ ਕਰਦਾ ਹੈ। ਸਟੇਟ, ਧਰਮ, ਮਰਦਾਵੀਂ ਪਿੱਤਰ ਸੱਤਾ ਅਤੇ ਜਗੀਰਦਾਰੂ ਪ੍ਰਬੰਧ ਹੇਠ ਪਿਸ ਰਹੀ ਲੋਕਾਈ ਦੀ ਗੱਲ ਕਰਦਾ ਹੈ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ, ਭੋਲਾ ਸਿੰਘ ਸੰਘੇੜਾ, ਡਾ. ਭੁਪਿੰਦਰ ਸਿੰਘ ਬੇਦੀ, ਜਗਰਾਜ ਧੌਲਾ, ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ ਸੁਖਦੇਵ ਸਿੰਘ ਔਲਖ, ਚਰਨਜੀਤ ਕੌਰ ਅਤੇ ਹਾਕਮ ਸਿੰਘ ਰੂੜੇਕੇ ਨੇ ਇਸ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

# ਪਾਠਕਾਂ ਦੇ ਝਰੋਖੇ 'ਚੋਂ

## ਐਤਵਾਰਤਾ ਸਾਂਭਣਯੋਗ ਦਸਤਾਵੇਜ਼

10 ਅਗਸਤ ਦੇ 'ਐਤਵਾਰਤਾ' ਵਿਚ ਬਹੁੱਪਖੀ ਸਾਹਿਤਕਾਰ ਮਲਵਿੰਦਰ ਦੀ ਨਵੀਂ ਛਪੀ ਕਿਤਾਬ 'ਬਹਿਰ' ਬਾਰੇ ਡਾ. ਅਰਵਿੰਦਰ ਕੌਰ ਕਾਕੜਾ ਦੇ ਫੋਕਸ ਵਿਚ ਪੜ੍ਹਿਆ।ਬਹੁਤ ਗਹਿਰਾਈ ਨਾਲ ਸੁਹਿਰਦ ਆਲੋਚਕ ਨੇ ਮਲਵਿੰਦਰ ਦੀਆਂ ਕਵਿਤਾਵਾਂ ਅੰਦਰਲੀ ਰੂਹ ਨੂੰ ਪਕੜਨ ਦਾ ਯਤਨ ਕੀਤਾ ਹੈ।

ਰੀਵਿਊ ਵਿਚ ਸਫਲ ਜੀਵਨ ਦਾ ਰਹੱਸ ਬਾਰੇ ਤੇਜਾ ਸਿੰਘ ਤਿਲਕ ਦਾ, ਚੁਰਸਤਾ ਬਾਰੇ ਅੰਮ੍ਰਿਤਪਾਲ ਕਲੇਰ, ਤਿਣਕਾ ਬਾਰੇ ਡਾ. ਸੰਦੀਪ ਕੌਰ ਦੇ ਵਿਚਾਰ ਪੜ੍ਹ ਕੇ ਜਾਣਕਾਰੀ ਮਿਲੀ ।ਪ੍ਰਾਪਤ ਕਿਤਾਬਾਂ ਵਿਚ ਜੋਧ ਸਿੰਘ ਮੋਗਾ ਦੀ ਕਿਤਾਬ ਆਓ ਕਵਿਤਾ ਲਿਖੀਏ ਵਿਦਿਆਰਥੀ ਵਰਗ ਲਈ ਮਿਆਰੀ ਕਿਤਾਬ ਹੈ ।ਸਾਹਿਤਕ ਸਰਗਰਮੀਆਂ ਵਿਚ ਡਾ. ਸੁਰਜੀਤ ਸਿੰਘ ਭਟੀ ਦੀ ਨਵੀਂ ਕਿਤਾਬ ਦੇ ਰਿਲੀਜ਼ ਰਿਪੋਰਟ ਪੜ੍ਹੀ। ਸਾਹਿਤ ਨੂੰ ਸਮਰਪਿਤ ਡਾ. ਸੁਰਜੀਤ ਸਿੰਘ ਭੱਟੀ ਦੀ ਸਿੱਖ ਵਿਗਿਆਨੀਆਂ ਬਾਰੇ ਇਹ ਕਿਤਾਬ ਆਪਣੇ ਆਪ ਵਿਚ ਵਿਗਿਆਨਕ ਸਾਹਿਤ ਨੂੰ ਵਡਮੁੱਲੀ ਦੇਣ ਹੈ।

'ਸਮਕਾਲ' ਵਿਚ ਮੈਗਜ਼ੀਨ 'ਸੁਰਤਿ' ਦੀ ਭਰਵੀਂ ਜਾਣਕਾਰੀ ਚਿਰਾਗ ਤੇ ਛਿਣ ਦੇ ਨਵੇਂ ਅੰਕ ਮਿਲਣ ਦੀ ਖੁਸ਼ੀ ਹੋਈ । ਛਿਣ ਲੰਮੇ ਸਮੇਂ ਤੋਂ ਮਿੰਨੀ ਕਹਾਣੀ ਦੀ ਸੇਵਾ ਕਰ ਰਿਹਾ ਹੈ । ਮੁੱਖ ਪੰਨੇ 'ਤੇ ਪੈਰਿਸ ਦੇ ਲੇਖਕ ਬਾਲਜ਼ਾਕ ਦੀ ਜ਼ਿੰਦਗੀ ਬਾਰੇ ਜਾਣ ਕੇ ਖੁਸ਼ੀ ਹੋਈ। ਬਾਲਜ਼ਾਕ ਅੱਧੀ ਰਾਤ ਨੂੰ ਉੱਠ ਕੇ ਲਿਖਿਆ ਕਰਦਾ ਸੀ। ਉਹ ਸਾਹਿਤ ਨੂੰ ਸਮਰਪਿਤ ਯੋਧਾ ਸੀ । ਇਸ ਸ਼ਬਦ ਚਿੱਤਰ ਦਾ ਅਨੁਵਾਦਕ ਕੌਣ ਹੈ ।ਚੰਗਾ ਅਨੁਵਾਦ ਹੈ। ਅਮਰੀਕੀ ਯੂਨੀਵਰਸਿਟੀ ਵਿਚ ਤਾਨਾਸ਼ਾਹੀ ਦੀ ਸੂਚਨਾ ਬੂਟਾ ਸਿੰਘ ਮਹਿਮੂਦਪੁਰ ਦੇ ਲੇਖ ਵਿਚ ਹੈ । ਅਮਰੀਕੀ ਧੌਂਸ ਹਰ ਪਾਸ ਵੇਖੀ ਜਾ ਰਹੀ ਹੈ। ਡਾ. ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ ਰੀਝ ਨਾਲ ਪੜ੍ਹੀਆਂ । ਚੰਗੀਆਂ ਰਚਨਾਵਾਂ ਹਨ । ਉਹ ਸਾਡਾ ਚੰਗਾ ਵਿਅੰਗ ਲੇਖਕ ਹੈ । ਇਸ ਵਾਰ ਸੁਰਜੀਤ ਸੁਮਨ ਨੇ ਮੁਲਾਜ਼ਮਾਂ ਦੇ ਹੱਕ ਵਿਚ ਆਵਾਜ਼ ਉਠਾਈ। ਵੇਖ ਰਹੇ ਹਾਂ ਕਿ ਪੰਜਾਬ ਵਿਚ ਮੁਲਾਜ਼ਮਾਂ ਦੇ ਧਰਨੇ-ਮੁਜ਼ਾਹਰਿਆਂ ਦਾ ਹੜ੍ਹ ਆਇਆ ਹੋਇਆ ਹੈ। ਅਧਿਆਪਕ, ਪੈਨਸ਼ਨਰ, ਰੋਡਵੇਜ਼ ਮੁਲਾਜ਼ਮ, ਬਿਜਲੀ ਕਾਮੇ ਸਭ ਸੜਕਾਂ 'ਤੇ ਹਨ ।ਸਰਕਾਰ ਬੁਖ਼ਲਾਈ ਪਈ ਹੈ। ਖਜ਼ਾਨਾ ਖਾਲੀ ਹੈ । ਫੜ੍ਹਾਂ ਬਹੁਤ ਹਨ ।

17 ਅਗਸਤ ਐਤਵਾਰ ਅੰਕ 'ਚ ਕਿਤਾਬਾਂ ਵਾਲੇ ਪੰਨੇ 'ਤੇ ਬਲਵਿੰਦਰ ਸਿੰਘ ਗਰੇਵਾਲ ਦੇ ਨਵੇਂ ਨਾਵਲ ਟਾਕੀਆਂ ਵਾਲਾ ਪਜਾਮਾ ਦੇ ਮੁੱਖ ਪਾਤਰ ਗੁਰਮੇਲ ਸਿੰਘ ਦੇ ਜੀਵਨ ਸੰਘਰਸ਼ ਦੀ ਗਾਥਾ ਦਾ ਜਿਕਰ ਡਾ. ਜੇ ਬੀ ਸੇਖੋਂ ਦੀ ਫੌਕਸ 'ਚ ਪੜ੍ਹ ਕੇ ਜੀਵਨੀ ਮੂਲਕ ਨਾਵਲ ਦੀ ਜਾਣਕਾਰੀ ਮਿਲੀ। ਇਸ ਨਾਵਲ ਦਾ ਮਹੱਤਵ ਨਾਇਕ ਦੇ ਸੰਘਰਸ਼ 'ਚ ਹੈ।ਦਿੱਲੀ ਦੇ ਪ੍ਰੋ. ਰਣਜੀਤ ਸਿੰਘ ਦੇ ਨਾਵਲ ਫਿਰ ਸਿਫਰ ਤੋਂ ਦਾ ਚਿੰਤਨ ਕਰਦੇ ਡਾ. ਜਸਵਿੰਦਰ ਕੌਰ ਬਿੰਦਰਾ ਨੇ ਨਾਵਲ ਦੀਆਂ ਇਸਤਰੀ ਪਾਤਰਾਂ ਦੀ ਦਲੇਰੀ ਨੂੰ ਉਭਾਰਿਆ ਹੈ। ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਾਰਲ ਮਾਰਕਸ ਨੂੰ ਆਪਣਾ ਦੋਸਤ ਚਿਤਵਿਆ ਹੈ। ਜੇ ਮਾਰਕਸ ਦੀ ਸੋਚ ਸਮਾਜ ਵਿਚ ਲਾਗੂ ਹੋ ਜਾਵੇ ਤਾਂ ਅਮੀਰ ਗਰੀਬੀ ਦਾ ਕੁਚਕਰ ਦੂਰ ਹੋ ਜਾਵੇਗਾ।ਕਹਾਣੀਕਾਰ ਭਗਵੰਤ ਰਸੂਲਪੁਰੀ ਦੀ ਕਿਤਾਬ ਡਲਿਵਰੀ ਮੈਨ ਬਲਬੀਰ ਪਰਵਾਨਾ ਦੀ ਰੌਲਿਆਂ ਵੇਲੇ ਤੇ ਗੋਇਲ ਕਿਤਾਬ ਲੇਖਕ ਮੁਦਸਰ ਬਸੀਰ ਨੂੰ ਢਾਹਾਂ ਪੁਰਸਕਾਰ ਮਿਲਣ ਦੀ ਖੁਸ਼ੀ ਹੋਈ। ਰਣਜੀਤ ਸਰਾਂਵਾਲੀ ਦੀਆ ਗਜ਼ਲਾਂ ਮਨ ਮੋਹ ਗਈਆਂ।ਬੂਟਾ ਸਿੰਘ ਨੇ ਹਕੂਮਤ ਵੱਲੋਂ ਜ਼ਬਤ ਕੀਤੀਆ ਕਿਤਾਬਾਂ ਦੀ ਜਾਣਕਾਰੀ ਦਿਤੀ ਹੈ। ਸੁਰਜੀਤ ਸੁਮਨ ਨੇ ਇਸ ਵਾਰ ਕਈ ਵਿਸ਼ੇ ਛੋਹੇ ਹਨ, ਪਰ ਹੈਨ ਸਾਰੇ ਤਾਜ਼ਾ ਹਾਲਤ ਦਾ ਸ਼ੀਸ਼ਾ।ਦਲਜੀਤ ਕਾਲੀਆ ਨੇ ਯੋਧੇ ਮਦਨ ਲਾਲ ਢੀਂਗਰਾ ਦਾ ਜੀਵਨ ਲਿਖਕੇ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਤਾਜ਼ਾ ਕੀਤਾ ਹੈ। ਬਾਲ ਕੋਨੇ ਤੇ ਬਿਕਰਮਜੀਤ ਨੂਰ ਦੀ ਬਾਲ ਰਚਨਾ ਨਾਨੂੰ ਵੋਹ ਕਿਧਰ ਗਈ ਵਿਚ ਬੱਚੇ ਦੀ ਭਾਸ਼ਾਂ ਵਿੱਚ ਮਿਲਾਵਟ ਹੋਣੀ ਸੁਭਾਵਕ ਹੈ ਕਿਉਂਕਿ ਬੱਚਾ ਵਿਦੇਸ਼ ਵਿੱਚ ਪਲ ਰਿਹਾ ਹੈ ਦੂਸਰੇ ਲੇਖ ਵਿੱਚ ਸਮਾਜਿਕ ਵਿਸ਼ੇ ਦੀ ਮਹਤਤਾ ਦੀ ਜਾਣਕਾਰੀ ਹੈ। ਇਹ ਵਿਸ਼ਾ ਦਿਲਚਸਪ ਹੈ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

### ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।
atwartazamana@gmail.com
- ਸੰਪਾਦਕ

### ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਏ ਕੇ ਗੋਪਾਲਨ : ਅਨਿਲ ਰਾਜੀਮਵਾਲੇ
ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ : ਡਾ. ਜਸਵਿੰਦਰ ਸਿੰਘ ਭੁੱਲਰ
'ਡਲਿਵਰ ਮੈਨ' : ਭਗਵੰਤ ਰਸੂਲਪੁਰੀ (ਫੋਕਸ) ਡਾ. ਕੁਲਵਿੰਦਰ ਸਿੰਘ
ਪ੍ਰੋ. ਪਰਮਜੀਤ ਨਿੱਕੇ ਘੁੰਮਣ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ ----

## ਅੱਖਰ : ਸੱਤ ਕਹਾਣੀਆਂ




ਅੱਖਰ ਦਾ ਨਵਾਂ ਅੰਕ ਜੁਲਾਈ-ਸਤੰਬਰ,2025 ਅੰਕ ਪੁੱਜਾ ਹੈ। ਅੱਖਰ ਦੇ ਹੱਥਲੇ ਅੰਕ ਦੀ ਦਿੱਖ ਤੇ ਮਿਆਰ ਵਿੱਚ ਸੁਧਾਰ ਹੋਇਆ ਹੈ। ਸੰਪਾਦਕੀ ਵਿੱਚ ਸੰਪਾਦਕ ਨੇ ਸਾਹਿਤ ਪ੍ਰਤੀ ਫੈਲ ਰਹੀ ਨਿਰਾਸ਼ਾ ਤੇ ਉਤਸ਼ਾਹ ਦੀ ਗੱਲ ਕੀਤੀ ਹੈ। ਗੱਲ ਕਰਦਿਆਂ ਉਨ੍ਹਾਂ ਲੇਖਕਾਂ ਦੇ ਵਿਹਾਰ ਬਾਰੇ ਪ੍ਰਤੀਕਰਮ ਦਿੱਤਾ ਹੈ। ਲੇਖਕਾਂ ਨੂੰ ਦਿੱਤੇ ਜਾਂਦੇ ਯਾਤਰਾ ਭੱਤੇ ਬਾਰੇ ਵੀ ਉਨ੍ਹਾਂ ਦੀਆਂ ਨਿੱਜੀ ਧਾਰਨਾਵਾਂ ਹਨ। ਅੰਤ ਵਿੱਚ ਵਿਚਾਰਧਾਰਾਵਾਂ ਤੋਂ ਉੱਪਰ ਉੱਠ ਕੇ ਲੇਖਕ ਨੂੰ ਲਿਖਣ ਲਈ ਕਿਹਾ ਹੈ। ਨਵੇਂ ਅੰਕ ਵਿੱਚ ਸੱਤ ਪੜ੍ਹਨਯੋਗ ਕਹਾਣੀਆਂ ਠੂਠਾ (ਦੀਪਤੀ ਬਬੂਟਾ), ਦੌਲਾ (ਰੋਜ਼ੀ ਸਿੰਘ), ਮੁਕਤੀ (ਭੁਪਿੰਦਰ ਸਿੰਘ ਮਾਨ), ਜੰਮੀ ਹੋਈ ਝੀਲ (ਬੂਟਾ ਸਿੰਘ ਚੌਹਾਨ), ਲੋਹ ਪੁਰਸ਼ (ਬਲਦੇਵ ਸਿੰਘ ਗਰੇਵਾਲ), ਇੰਨਫਿਨਿਟੀ (ਡਾ. ਕਰਨੈਲ ਸ਼ੇਰਗਿੱਲ), ਇਵੇਂ ਦੇ ਸੀ ਗਿਰੀਸ਼ ਦਾ (ਉਮਾਸ਼ੰਕਰ ਚੌਧਰੀ, ਅਨੁ. ਮਨਮੋਹਨ) ਆਦਿ ਛਪੀਆਂ ਹਨ। ਹਰ ਕਹਾਣੀਕਾਰ ਨੇ ਆਪਣੀ ਆਪਣੀ ਸਮਰੱਥ ਨਾਲ ਮਿਆਰੀ ਕਹਾਣੀ ਲਿਖਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਕਵਿਤਾ ਭਾਗ ਵਿੱਚ ਸਿਮਰਤ ਗਗਨ, ਰਿਤੂ ਵਾਸੂਦੇਵ, ਡਾ. ਗੁਰਮਿੰਦਰ ਸਿੱਧੂ, ਜੋਗਿੰਦਰ ਨੂਰਮੀਤ, ਹਰਸਿਮਰਤ ਕੌਰ, ਦਲਵੀਰ ਕੌਰ, ਵਿਭਾ ਰਾਣੀ ਨੇ ਆਪਣੀ ਹਾਜ਼ਰੀ ਲਗਵਾਈ ਹੈ। ਜਸਬੀਰ ਭੁੱਲਰ ਨੇ ਆਪਣੇ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਪੁਣੇ ਦੇ ਸਵੈ ਅਨੁਭਵ 'ਪੁਣੇ ਦੀ ਜਰਖ਼ੇਜ਼ ਮਿੱਟੀ ਦਾ ਰੰਗ' ਸਾਂਝੇ ਕੀਤੇ ਹਨ। ਹਰਕੀਰਤ ਕੌਰ ਚਹਿਲ ਨੇ 'ਉਹ ਦਿਨ ਜੋ ਕਾਲ਼ੀ ਬੋਲੀ ਰਾਤ ਸੀ' ਤਹਿਤ ਆਪਣਾ ਇਕ ਕਾਲਾ ਦਿਨ ਸਾਂਝਾ ਕੀਤਾ ਹੈ। ਹਰਮੀਤ ਆਰਟਿਸਟ ਵੱਲੋਂ ਪਰਮਿੰਦਰ ਸੋਢੀ ਦੀ ਮੁਲਾਕਾਤ ਛਪੀ ਹੈ। ਨਾਗਮਣੀ 'ਚ ਛਪੀ ਇਮਰੋਜ਼ ਦੀ ਇਬਾਰਤ ਵੀ ਰੌਚਿਕ ਹੈ। ਜੌਨ ਏਲੀਆ ਦੀ ਸ਼ਾਇਰੀ ਨੂੰ ਜਸਪਾਲ ਘਈ ਨੇ ਪੇਸ਼ ਕੀਤਾ ਹੈ। ਹਰਮੀਤ ਆਰਟਿਸਟ ਦਾ 'ਮੁੜਿਆ ਹੋਇਆ ਵਰਕਾ' ਪਾਠਕ ਪਹਿਲਾਂ ਸਿੱਧਾ ਕਰਕੇ ਪੜ੍ਹਨ ਉਪਰੰਤ 'ਪਿਛਲੇ ਬੂਹੇ' ਥਾਣੀ ਨਿਕਲ ਜਾਂਦੇ ਹਨ। ਟਾਇਟਲ ਦੇ ਸ਼ੁਰੂ ਵਿੱਚ ਤਨਵੀਰ ਦੀਆਂ ਕਵਿਤਾਵਾਂ ਅਤੇ ਅੰਤ ਉੱਤੇ ਡਾ. ਹਰਦੀਪ ਕੌਰ ਸੰਧੂ ਦੀਆਂ ਹਾਇਕੂ ਤ੍ਰਿੰਜਣ ਅਰਥਵਾਨ ਹਨ।

ਅੱਖਰ ਦੇ ਸਫ਼ੇ 84 ਤੇ ਮੁੱਲ 120 ਰੁਪਏ ਹੈ। ਸੰਪਾਰਕ ਸੰਪਾਦਕ ਅੱਖਰ, 201, ਬਸੰਤ ਐਵੀਨਿਊ, ਅੰਮ੍ਰਿਤਸਰ-143001, ਮੁੱਖ ਸੰਪਾਦਕ ਤੇ ਸਰਪ੍ਰਸਤ ਡਾ. ਕਰਨੈਲ ਸ਼ੇਰਗਿੱਲ (004407803-142642, ਸਰਪ੍ਰਸਤ ਡਾ. ਵਿਕਰਮਜੀਤ (98152-65620), ਸੰਪਾਦਕ ਹਰਮੀਤ ਆਰਟਿਸਟ (98760-82236) email: akharmagazine25@gmail.com

## ਪ੍ਰਤਿਮਾਨ : ਛੇ ਕਹਾਣੀਆਂ

ਪ੍ਰਤਿਮਾਨ ਦਾ ਜੁਲਾਈ-ਸਤੰਬਰ,2025 ਅੰਕ ਪੁੱਜ ਗਿਆ ਹੈ। ਸੰਪਾਦਕ ਬੜੇ ਸਿਰੜ ਨਾਲ ਲਗਾਤਾਰ ਰਸਾਲਾ ਪ੍ਰਕਾਸ਼ਤ ਕਰ ਰਿਹਾ ਹੈ। ਸੰਪਾਦਕੀ ਵਿੱਚ




'ਵਿੱਦਿਅਕ ਖੇਤਰ ਵਿੱਚ ਨਿਘਾਰ' ਦੀ ਗੱਲ ਕਰਦਿਆਂ ਅਧਿਆਪਕਾਂ ਦੀਆਂ ਅਨੇਕ ਕੈਟਾਗਰੀਆਂ ਜਿਵੇਂ ਟੈਂਪਰੇਰੀ, ਐਡਹਾਕ, ਗੈਸਟ ਫੈਕਲਟੀ ਦਾ ਜ਼ਿਕਰ ਕੀਤਾ ਹੈ। ਨਵੇਂ ਅੰਕ ਵਿੱਚ ਆਖ਼ਰੀ ਬੱਸ ਦੀ ਉਡੀਕ (ਸਿਮਰਨ ਧਾਲੀਵਾਲ), ਜੇਲ੍ਹ ਦੀ ਰੋਟੀ (ਅਲਫ਼ਾਜ਼), ਸ਼ਹੀਦ (ਕੇ. ਐੱਲ. ਗਰਗ), ਬਹੁੜੀਂ ਵੇ ਤਬੀਬਾ (ਜਗਜੀਤ ਸਿੰਘ ਲੋਹਟਬੱਦੀ), ਦੱਸ ਕੇ ਤਾਂ ਜਾਂਦਾ (ਡਾ. ਹੰਸਾ ਦੀਪ,ਅਨੁ. ਅਮਰਜੀਤ ਕੌਂਕੇ), ਇੱਕ ਮੁਹੱਬਤ ਇਹ ਵੀ (ਮਾਲਵਿੰਦਰ ਸ਼ਾਇਰ) ਆਦਿ ਦੀਆਂ ਛੇ ਸਮਕਾਲੀ ਸਰੋਕਾਰਾਂ ਦੀ ਗੱਲ ਕਰਦੀਆਂ ਕਹਾਣੀਆਂ ਛਪੀਆਂ ਹਨ। ਡਾ. ਸੁਦਰਸ਼ਨ ਗਾਸੋ ਦਾ ਵਿਸ਼ੇਸ਼ ਲੇਖ 'ਪੰਜਾਬੀ ਭਾਸ਼ਾ ਦੀ ਸ਼ਾਨ ਅਤੇ ਤਾਕਤ' ਹੈ। ਇਸ ਤੋਂ ਇਲਾਵਾ ਸ਼ਾਇਰੀ ਦਾ ਆਪਣਾ ਥਾਂ ਹੈ। ਅੰਕ ਵਿੱਚ ਜਸਪਾਲ ਧਾਮੀ, ਸ਼ਮੀਲ, ਉਂਕਾਰਪ੍ਰੀਤ, ਪ੍ਰੋ. ਜਗਮੋਹਨ ਸਿੰਘ, ਦੀਪ ਇੰਦਰ, ਸੁਰਜੀਤ, ਜਸਵੰਤ ਗਿੱਲ, ਫੈਸਲ ਖਾਨ, ਕੁਲਵਿੰਦਰ ਵਿਰਕ, ਕੁਲਵਿੰਦਰ ਕੁੱਲਾ, ਚਮਕੌਰ ਸਿੰਘ ਚਹਿਲ, ਹਰੀਸ਼ ਗਰੋਵਰ, ਪੰਕਜੇਸ਼ਵਰ, ਚਰਨਜੀਤ ਸਮਾਲਸਰ ਆਦਿ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਵੀ ਪ੍ਰਕਾਸ਼ਤ ਹੋਏ ਹਨ। ਤੇਜਿੰਦਰ ਚੰਡਿਹੋਕ ਦਾ 'ਇਸ ਧਰਤੀ 'ਤੇ ਰਹਿੰਦਿਆਂ', ਡਾ. ਬਲਜਿੰਦਰ ਸਿੰਘ ਦਾ 'ਆਧੁਨਿਕ ਪੰਜਾਬੀ ਕਵਿਤਾ ਵਿੱਚ ਦਲਿਤ ਦੀ ਸਬਾਲਟਰਨ ਸਥਿਤੀ', ਸੁਪ੍ਰੀਤ ਕੌਰ ਦਾ ਭਾਈ ਵੀਰ ਸਿੰਘ ਦੀ ਕਵਿਤਾ, ਮਨਪ੍ਰੀਤ ਕੌਰ ਦਾ ਬਲਦੇਵ ਸਿੰਘ ਦੇ ਨਾਵਲ ਤੇ, ਡਾ. ਸਿਮਰਨਦੀਪ ਸਿੰਘ ਦਾ ਚੁੱਪ ਦੀ ਕਥਾ ਅਤੇ ਡਾ. ਨਰਿੰਦਰਜੀਤ ਕੌਰ ਦਾ ਜ਼ਿੰਦਗੀ ਇਕ ਹੁਨਰ' ਤੇ ਸਮੀਖਿਆ ਤੇ ਆਲੋਚਨਾ ਨਿਬੰਧ ਵੀ ਛਪੇ ਹਨ।

'ਪ੍ਰਤਿਮਾਨ' ਦੇ ਸਫ਼ੇ : 48, ਮੁੱਲ :75 ਰੁਪਏ ਹਨ। ਪਤਾ-ਸੰਪਾਦਕ ਅਮਰਜੀਤ ਕੌਂਕੇ (98142-31698), 718, ਰਣਜੀਤ ਨਗਰ-ਏ, ਪਟਿਆਲਾ-147001, e.mail-pratimaan@yahoo.co.in,

## ਅਦਬੀ ਮਹਿਕ : ਜੂਨ-ਅਗਸਤ,2025




ਅਦਬੀ ਮਹਿਕ ਦਾ ਜੂਨ-ਅਗਸਤ,2025 ਅੰਕ ਪੁੱਜਾ ਹੈ। ਅੰਕ ਵਿੱਚ ਡਾ. ਹਰਨੇਕ ਸਿੰਘ ਕਲੇਰ ਦੀ ਕਹਾਣੀ 'ਭੇਤ ਦੀ ਗੱਲ' ਸਮੇਤ ਡਾ. ਕੇਵਲ ਰਾਮ (ਸਰੋਗਟੇ ਮਦਰ), ਡਾ. ਬਲਵੀਰ ਮੰਨਣ (ਪਿਤਾ ਅਤੇ ਬੱਚੇ), ਡਾ. ਆਰ ਬੰਦਨਾ (ਮਹਾਰਾਜੇ ਦਾ ਨਿਆਂ) ਮਿੰਨੀ ਕਹਾਣੀਆਂ ਕੁਝ ਅਨੁਵਾਦ ਮਿੰਨੀ ਕਹਾਣੀਆਂ ਛਪੀਆਂ ਹਨ। ਨੀਲਮ ਅਹਿਮਦ ਬਸ਼ੀਰ ਦੀ 'ਭੁੱਬਲ' ਕਹਾਣੀ ਨਿਰਮਲ ਪ੍ਰੇਮੀ ਨੇ ਅਨੁਵਾਦ ਕੀਤੀ ਹੈ। ਰਾਮ ਨਾਥ ਕਟਾਰੀਆ, ਦੇਸ ਰਾਜ ਬਾਲੀ, ਸ਼ਾਮ ਸਰਗੁੰਦੀ, ਗੁਰਪ੍ਰੀਤ ਸੈਣੀ ਪ੍ਰੀਤ, ਸਰਵਣ ਸਿੱਧੂ, ਸਤਪਾਲ ਸਾਹਲੋਂ, ਸ਼ਿਰੀ ਰਮ ਅਰਸ਼, ਜਗਦੀਸ਼ ਰਾਣਾ, ਸੁਰਜੀਤ ਸਾਜਨ, ਗੁਰਦੀਪ ਸਿੰਘ ਸੈਣੀ, ਸੱਤੀ ਉਟਾਲਾਂ ਵਾਲਾ ਤੇ ਪ੍ਰਸ਼ੋਤਮ ਪੱਤੋ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ ਵੀ ਛਪੀਆਂ ਹਨ। ਜਗਦੀਸ਼ ਰਾਣਾ ਦੇ ਲੇਖ 'ਗਿਆਨ ਦਾ ਸੋਮਾ ਗੁਣਾਂ ਦਾ ਖ਼ਜ਼ਾਨਾ ਸੰਧੂ ਵਰਿਆਣਵੀ' ਲੇਖ ਵੀ ਛਪਿਆ ਹੈ। ਸ਼ਮਸ਼ੇਰ ਮੋਹੀ ਦਾ 'ਸਮਕਾਲੀ ਪੰਜਾਬੀ ਗ਼ਜ਼ਲ ਪੜ੍ਹਦਿਆਂ' ਲੇਖ ਵੀ ਹੈ।

ਅਦਬੀ ਮਹਿਕ ਦੇ ਸਫ਼ੇ : 28 ਤੇ ਮੁੱਲ : 20 ਰੁਪਏ ਹੈ। ਪਤਾ : ਸੰਪਾਦਕ ਸਤਪਾਲ ਸਾਹਲੋਂ (98166-55071) ਪਿੰਡ ਤੇ ਡਾਕ ਸਾਹਲੋਂ, ਸ਼ਹੀਦ ਭਗਤ ਸਿੰਘ ਨਗਰ, ਪੰਜਾਬ

*ਕੁਲਵਿੰਦਰ ਆਪਣੀ ਕਵਿਤਾ ਵਿੱਚ ਹਮੇਸ਼ਾ ਜਾਗਦਾ ਹੈ। ਇਸੇ ਲਈ ਉਸ ਦੀ ਨਜ਼ਰ ਵਿੱਚ ਕਵਿਤਾ-'ਕੰਮੀਆਂ ਦੇ ਵਿਹੜੇ' ਗਾਇਆ ਗੀਤ ਹੈ, ਕਵਿਤਾ-'ਕੰਮ ਤੋਂ ਪਰਤੇ ਬਾਪੂ ਦੀ ਜੇਬ ਵਿੱਚ ਰੱਖੀ ਹੋਈ ਦਿਹਾੜੀ' ਹੈ। 'ਛਾਵਾਂ, ਫਿਜ਼ਾਵਾਂ, ਪੌਣਾਂ, ਪਾਣੀਆਂ, ਬਨੇਰਿਆਂ ਤੇ ਸਵੇਰਿਆਂ ਦੀ ਗੱਲ ਹੈ ਕਵਿਤਾ...!' ਕਵਿਤਾ ਦੀ ਅਜਿਹੀ ਸੋਝੀ ਉਦੋਂ ਹੀ ਹਾਸਲ ਹੁੰਦੀ ਹੈ, ਜਦੋਂ ਕਵੀ ਦੇ ਲਹੂ ਵਿੱਚ ਲੁਕਾਈ ਦਾ ਦਰਦ ਗੰਢਦਾ ਹੋਵੇ, ਜਦੋਂ ਕਵੀ ਦੇ ਵਿਚਾਰਾਂ ਵਿੱਚ ਚੜ੍ਹਦੇ ਸੂਰਜ ਵਰਗੀ ਤਾਜ਼ਗੀ, ਸੁਪਨਿਆਂ ਵਿੱਚ ਸਮੁੰਦਰ, ਕਲਪਨਾ ਦੇ ਅੰਬਰ ਉੱਤੇ ਸਤਰੰਗੀ ਟਹਿਕ ਅਤੇ ਵਿਚਾਰ ਅਤੇ ਵਿਹਾਰ ਦਾ ਸਹਿਜ-ਸੁਮੇਲ ਜਿਸ ਦਾ ਅਕੀਦਾ ਬਣ ਗਿਆ ਹੋਵੇ...! ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਲਈ ਹਮੇਸ਼ਾ ਯਤਨਸ਼ੀਲ ਰਹਿਣ ਵਾਲੇ ਕੁਲਵਿੰਦਰ ਦੇ ਅੰਤਹਕਰਨ ਵਿੱਚ ਚੰਗੇ ਸਮਾਜ ਦੀ ਸਿਰਜਣਾ ਦਾ ਸੁਪਨਾ ਸਮਾਇਆ ਹੋਇਆ ਹੈ। ਇਹ ਸੁਪਨਾ ਜਦੋਂ ਸ਼ਬਦ-ਸ਼ਬਦ ਹੋ ਕੇ ਕਵਿਤਾ ਬਣਦਾ ਹੈ ਤਾਂ ਉਹ ਕਵਿਤਾ 'ਕੁਲਵਿੰਦਰ' ਹੋ ਜਾਂਦੀ ਹੈ।*

*— ਡਾ. ਲਖਵਿੰਦਰ ਸਿੰਘ ਜੌਹਲ*

# ਕੁਲਵਿੰਦਰ ਵਿਰਕ ਦੀਆਂ ਕਵਿਤਾਵਾਂ



## ਕਵਿਤਾ

ਕਵਿਤਾ
ਸਮੁੰਦਰ ਦੇ ਗ੍ਰੰਥ 'ਚੋਂ
ਲਿਆ ਹੋਇਆ ਵਾਕ...
ਕਵਿਤਾ-
ਬ੍ਰਹਿਮੰਡ ਦੀ ਬਗਲੀ 'ਚ
ਸਾਂਭੇ ਹੋਏ ਚੰਨ ਤੇ ਸੂਰਜ...
ਗੁਰੂ ਦੇ ਬਚਨ
ਬਾਬੇ ਦੀ ਬਾਣੀ
ਬਾਪੂ ਦਾ ਮੁੜ੍ਹਕਾ
ਬੇਬੇ ਦੀ ਤਾਣੀ...
ਰੂਹਾਂ ਦਾ ਰੂਹਾਂ ਸੰਗ ਸੰਵਾਦ...
ਫਿਜ਼ਾਵਾਂ 'ਚ ਘੁਲਿਆ ਸੰਗੀਤ...
ਕਵਿਤਾ-
ਕੰਮੀਆਂ ਦੇ ਵਿਹੜੇ ਗਾਇਆ ਗੀਤ...
ਆਥਣ ਵੇਲੇ
ਕੰਮ ਤੋਂ ਪਰਤੇ ਬਾਪੂ ਦੀ ਜੇਬ 'ਚ
ਰੱਖੀ ਹੋਈ 'ਦਿਹਾੜੀ'...
ਸੁੱਚੇ ਇਸ਼ਕ ਦਾ ਤਵੀਤ...
ਕਵਿਤਾ-
ਦਿਲ ਦੇ ਕਰੀਬੀ ਨਾਲ
ਸਾਂਝਾ ਕੀਤਾ ਰਾਜ...
ਧਰਤੀ ਦੀ ਤਹਿ ਹੇਠ
ਹੋ ਰਹੀ ਹਲ-ਚਲ...
ਵਗ ਰਹੀ ਗੁਲਾਬੀ 'ਵਾ
ਪਾਣੀਆਂ ਦੀ ਕਲ-ਕਲ...
ਕਵਿਤਾ-
ਪਿੱਛੇ ਰਹਿ ਗਏ
ਸ਼ਹਿਰ, ਗਰਾਂ, ਨਗਰ...
ਪਰਦੇਸੀ ਦਾ ਦਰਦ...
ਨਵੇਂ-ਪੁਰਾਣੇ ਹਰਫਾਂ ਦੇ
ਨਵੇਂ-ਪੁਰਾਣੇ ਅਰਥ...
ਮਹਿਬੂਬ ਦੀ ਸਵੱਲੀ ਨਜ਼ਰ...
ਕਵਿਤਾ-
ਛਾਵਾਂ, ਫਿਜ਼ਾਵਾਂ,
ਪੌਣਾਂ, ਪਾਣੀਆਂ,
ਬਨੇਰਿਆਂ ਤੇ ਸਵੇਰਿਆਂ ਦੀ ਗੱਲ...
ਦੋ-ਚਹੁੰ ਪਰਿਭਾਸ਼ਾਵਾਂ ਤੋਂ ਪਾਰ...
ਹਯਾਤੀ ਨੂੰ ਸਮਝਣ ਦਾ ਵੱਲ...

## ਕੋਈ—ਕੋਈ ਪਿਉ

ਕੋਈ-ਕੋਈ ਪਿਉ
ਵਕਤ ਦੇ ਕੰਡਿਆਂ ਨਾਲ ਖਹਿੰਦਾ
ਮਿੱਟੀ ਨਾਲ ਮਿੱਟੀ ਹੁੰਦਾ
ਸਭ ਐਸ਼-ਆਰਾਮ
ਤਿਆਗ ਦਿੰਦਾ...

ਉਮਰ ਗਾਲ ਦਿੰਦਾ
ਨਿੱਕੇ ਭੈਣ-ਭਰਾਵਾਂ
ਤੇ ਬੱਚਿਆਂ ਦੀ ਖਾਤਰ
ਤੇ ਜਦ-
ਮਿਹਨਤਾਂ ਨੂੰ ਪਏ ਬੂਰ
ਪੱਕਣ ਲੱਗਦੇ
ਸੁੱਖ ਭਰੇ ਦਿਨਾਂ ਵਿੱਚ ਬੱਚੇ
ਵਸਣ ਲੱਗਦੇ
ਤਾਂ ਹੱਥ-ਪੱਲਾ ਝਾੜ
ਸਦਾ ਲਈ ਪਿਉ
ਤੁਰ ਜਾਂਦਾ...
ਪੰਜਾਂ ਤੱਤਾਂ ਦਾ ਪੁਤਲਾ
ਪੰਜਾਂ ਤੱਤਾਂ 'ਚ ਘੁਲ ਜਾਂਦਾ...
ਕੋਈ-ਕੋਈ ਪਿਉ
ਵਿਧ ਮਾਤਾ ਤੋਂ
ਖੌਰੇ ਕੇਹੇ ਲੇਖ
ਲਿਖਾ ਕੇ ਲਿਆਉਂਦਾ...

## ਕਲਾ

ਕਲਾ-
ਜਾਗਦੀਆਂ ਜ਼ਮੀਰਾਂ ਦੀ ਤਰਜਮਾਨੀ
ਹੱਸਦੇ-ਵਸਦੇ ਵਿਹੜਿਆਂ ਦੀ ਨਿਸ਼ਾਨੀ
ਝਰਨਿਆਂ ਦੀ ਕਲ-ਕਲ
ਦਰਿਆਵਾਂ ਦੀ ਰਵਾਨੀ...
ਕਲਾ-
ਤ੍ਰੇਲ 'ਚ ਭਿੱਜੇ
ਕੂਲੇ-ਕੂਲੇ ਘਾਹ ਉੱਤੇ
ਪੋਲੇ-ਪੋਲੇ ਪੈਰੀਂ ਤੁਰਨ ਦਾ
ਵਿਸਮਾਦ...
ਬਜ਼ੁਰਗਾਂ ਦੀ ਦੁਆ
ਇੱਕ ਨਾਦ .... ਅਨਹਦ ਨਾਦ ...!
ਕਲਾ-
ਮਨ-ਮਸਤਕ ਅੰਦਰ ਉਪਜਿਆ
ਸੂਖਮ ਅਹਿਸਾਸ...
ਸੱਜਰੇ ਚਾਵਾਂ ਤੇ ਨਵੀਆਂ ਰਾਹਵਾਂ ਦੀ
ਨਿਸ਼ਾਨਦੇਹੀ...
ਕਲਾ
ਦਿਲ-ਦਰਵਾਜ਼ੇ ਨੂੰ ਖੜਕਾਉਂਦੀ
ਖੁਸ਼ੀਆਂ ਨੂੰ ਧੁਆਂਖਣ ਤੋਂ ਬਚਾਉਂਦੀ
ਗੁਲਾਬੀ ਭਾਅ ਮਾਰਦੇ ਸੁਪਨਿਆਂ ਨੂੰ
ਨਵੇਂ ਖੰਭ ਲਾਉਂਦੀ...
ਕਲਾ-
ਕੋਮਲ ਹਿਰਦਿਆਂ 'ਤੇ ਧਰਿਆ
ਮਖਮਲੀ ਅਹਿਸਾਸ
ਦਿਲ ਛੱਡ ਜਾਣ ਵਾਲਿਆਂ ਲਈ
ਧਰਵਾਸ
ਤੇ ਉਦਾਸ ਮੌਸਮਾਂ 'ਚ ਵੀ
ਜ਼ਿੰਦਗੀ ਦੀ ਕਿਸੇ ਨੁੱਕਰੇ
ਉੱਗੀ ਹੋਈ ਆਸ...
ਕਲਾ-
ਤਬਲੇ ਦੀ ਤਾਲ
ਵੰਝਲੀ ਦੀ ਹੂਕ
ਪਪੀਹੇ ਦੀ ਕੂਕ
ਕੋਮਲ ਭਾਵਨਾਵਾਂ
ਤੇ ਦਿਲਾਂ 'ਚ ਧੜਕਦੇ ਅਰਮਾਨਾਂ ਦਾ
ਠੋਸ ਸਬੂਤ...
ਕਲਾ-
ਮਨੁੱਖੀ-ਜਜ਼ਬਿਆਂ ਦਾ ਜੋੜ-ਘਟਾਓ...
ਕਲਾ ਕਈ ਵਾਰ
ਅਮਰ ਹੋ ਜਾਂਦੀ
ਕਲਾਕਾਰ ਭੁੱਲ ਜਾਂਦੇ ...
ਸੁੱਚੀ ਕਲਾ
ਕਦੇ ਤੰਦੂਰਾਂ 'ਚ ਭਸਮ ਨਹੀਂ ਹੁੰਦੀ...
ਜ਼ਿੰਦਗੀ ਦੇ ਆਸ਼ਕਾਂ,
ਕਲਾਕਾਰਾਂ ਦੀ
ਸਿਰਜੀ ਹੋਈ ਕਲਾ
ਸਮਿਆਂ ਦੀ ਹਿੱਕ 'ਤੇ
ਅੱਡੀਆਂ ਭਾਰ ਖੜੋ ਕੇ
ਨੱਚਣ ਦਾ ਵੱਲ ਹੁੰਦੀ,
ਉਲਝੀਆਂ ਤੰਦਾਂ
ਤੇ ਮੁਸ਼ਕਲ ਸਵਾਲਾਂ ਦੇ ਹੱਲ ਹੁੰਦੀ...
ਕਲਾ ਅਤੇ ਕਲਾਕਾਰ
ਆਪਣੇ ਸਮਿਆਂ ਦਾ ਸੱਚ ਹੁੰਦੇ...
ਤੇ ਕਲਾ ਜਦ
ਹੱਦਾਂ, ਸਰਹੱਦਾਂ ਲੰਘਦੀ ਹੈ
ਤਾਂ ਉਸ ਦਾ 'ਪਾਸਪੋਰਟ'
ਚੈੱਕ ਨਹੀਂ ਕਰਿਆ ਕਰਦੇ...

## ਸੜਕਾਂ 'ਤੇ...

ਸੜਕਾਂ 'ਤੇ ਭੱਜਦੀਆਂ
ਗੱਡੀਆਂ ਦੀ ਭੀੜ 'ਚ
ਏਨੇ ਉਲਝ ਗਏ ਹਾਂ
ਕਿ ਭੁੱਲ ਹੀ ਗਏ ਹਾਂ
ਸ਼ੋਰ ਅਤੇ ਸੰਗੀਤ ਵਿਚਲਾ ਫਰਕ...
ਕਾਹਲੀ ਨੇ
ਮਨਫੀ ਕਰ ਦਿੱਤੀ ਹੈ
ਨੈਤਿਕਤਾ...
ਦੂਰ ਹੋ ਰਹੇ
ਸਹਿਜ,
ਸੁਹਜ
ਤੇ ਸੰਵੇਦਨਾ ਜਿਹੇ
ਕਈ ਭਾਵ...
ਵਿਧੀ-ਵਿਧਾਨ
ਤਿੜਕ ਰਿਹੈ...
ਵਿਰਸਾ ਵਿੱਸਰ ਰਿਹੈ...
ਬ੍ਰਹਿਮੰਡ ਦਾ
ਵਿਸਥਾਰ ਹੋ ਰਿਹੈ...

## ਕੁੜੀਆਂ

ਕੁਝ ਕੁੜੀਆਂ
ਕਿਤਾਬਾਂ ਵਰਗੀਆਂ
ਜੀਣ-ਥੀਣ ਦਾ ਫਲਸਫਾ...
ਕੁਝ ਕੁੜੀਆਂ
ਤਰਤੀਬ 'ਚ ਧਰੇ ਸ਼ਬਦਾਂ ਜਿਹੀਆਂ
ਸਜੀਆਂ, ਫਬੀਆਂ...
ਤੇ ਕੁਝ ਕੁੜੀਆਂ
ਗਹਿਰੇ ਅਰਥਾਂ ਜਿਹੀਆਂ
ਹਰ ਕਿਸੇ ਦੀ ਸਮਝ ਤੋਂ ਬਾਹਰ...
ਕੁਝ ਕੁੜੀਆਂ
ਲਾਲ-ਉਨਾਭੀ ਰੰਗਾਂ ਵਰਗੀਆਂ
ਹੱਸਦੇ ਚਿਹਰਿਆਂ ਵਾਲੀਆਂ
ਖਿੜੀ ਬਹਾਰ ਜਿਹੀਆਂ
ਫਿਕਰਾਂ ਨੂੰ ਹਵਾ 'ਚ ਉਡਾਉਂਦੀਆਂ
ਚਿੰਤਾਵਾਂ ਨੂੰ ਪਾਸੇ ਰੱਖ
ਜਿਉਣ ਦਾ ਢੰਗ ਸਿਖਾਉਂਦੀਆਂ...

ਕੁਝ ਕੁੜੀਆਂ
ਮਮਤਾ ਦੀ ਮੂਰਤ
ਚੇਤਰ ਦੀ ਧੁੱਪ ਜਿਹੀਆਂ
ਅਹਿਸਾਸਾਂ,
ਜਜ਼ਬਿਆਂ ਦਾ ਨਿੱਘ ਪਾਲਦੀਆਂ...
ਤੇ ਕੁਝ ਕੁੜੀਆਂ
ਕਣਕਾਂ ਦੀ ਰੰਗਤ ਵਾਲੀਆਂ
ਸੁਨਹਿਰੀ ਭਾਅ ਮਾਰਦੀਆਂ...

ਜਿਨ੍ਹਾ ਘਰਾਂ 'ਚ
ਕੁੜੀਆਂ ਹੱਸਦੀਆਂ
ਉਹ ਘਰ ਵੀ ਹੱਸਦੇ
ਉਹ ਪਰਵਾਰ ਵੀ ਹੱਸਦੇ...

**ਫੋਨ: 78146-54133**

# ਜਦ ਮੈਂ ਯੂ ਜੀ ਸੀ ਨੈੱਟ ਦਾ ਪੇਪਰ ਪਾਸ ਕੀਤਾ!

ਡਾਇਰੀ ਦਾ ਪੰਨਾ

## ਹੀਰਾ ਸਿੰਘ ਤੂਤ

ਜਦੋਂ ਦਾ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਵਿਖੇ ਪੈਰ ਰੱਖਿਆ ਸੀ ਤਾਂ ਕਿਤਾਬਾਂ ਨਾਲ ਬਹੁਤਾ ਮੋਹ ਪਾ ਲਿਆ ਸੀ। ਆਪਣੇ ਲਾਇਬ੍ਰੇਰੀ ਕਾਰਡ ਉਪਰ ਵੀ ਕਿਤਾਬਾਂ ਜਾਰੀ ਕਰਵਾਈਆਂ ਤੇ ਹੋਰਨਾਂ ਦੋਸਤਾਂ ਦੇ ਕਾਰਡ ਬਣਵਾ ਕੇ ਵੀ ਕਿਤਾਬਾਂ ਜਾਰੀ ਕਰਵਾਈਆਂ। ਨਾਵਲਕਾਰ ਜਸਵੰਤ ਕੰਵਲ, ਬੂਟਾ ਸਿੰਘ ਸ਼ਾਦ, ਦਲੀਪ ਕੌਰ ਟਿਵਾਣਾ, ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਪ੍ਰੋਫੈਸਰ ਮੋਹਨ ਸਿੰਘ, ਬਾਵਾ ਬਲਵੰਤ, ਡਾਕਟਰ ਜਗਤਾਰ ਆਦਿ ਦਾ ਸਮੁੱਚਾ ਸਾਹਿਤ ਹੀ ਪੜ੍ਹ ਲਿਆ ਸੀ। ਮੈਂ ਸੋਚਦਾ ਕਿ ਇਹ ਲੇਖਕ ਏਨੀਆਂ ਵਧੀਆ ਗੱਲਾਂ ਕਿੱਥੋਂ ਸਿੱਖ ਲੈਂਦੇ ਹਨ? ਕਦੇ ਮੈਂ ਸੋਚਦਾ ਕਿ ਸ਼ਾਇਦ ਕਿਧਰੇ ਮੇਰੇ ਵਰਗਾ ਜੇ ਕਿਧਰੇ ਲੇਖਕ ਬਣ ਜਾਵੇ ਤਾਂ ਲੋਕ ਮੇਰੀਆਂ ਲਿਖਤਾਂ ਬਾਰੇ ਵੀ ਕੁਝ ਬੋਲਣਗੇ? ਫਿਰ ਆਪ ਹੀ ਖ਼ੁਦ ਨੂੰ ਜੁਆਬ ਦਿੰਦਾ, 'ਛੱਡ! ਮੈਂ ਏਨੇ ਜੋਗਾ ਕਿੱਥੇ ਹਾਂ!'

ਕਾਲਜ ਵਿੱਚ ਪੜ੍ਹਦਿਆਂ ਬਹੁਤੇ ਪ੍ਰੋਫੈਸਰਾਂ ਦਾ ਪ੍ਰਭਾਵ ਗ੍ਰਹਿਣ ਕਰ ਲਿਆ ਸੀ। ਮਨ ਵਿੱਚ ਪੱਕਾ ਧਾਰ ਲਿਆ ਸੀ ਕਿ ਮੈਂ ਵੀ ਪ੍ਰੋਫੈਸਰ ਹੀ ਬਣ ਕੇ ਰਹਾਂਗਾ ਤੇ ਕੁਝ ਸਾਲਾਂ ਬਾਅਦ ਮੈਂ ਸਰਕਾਰੀ ਅਧਿਆਪਕ ਬਣ ਗਿਆ ਸੀ। ਇੱਕ ਐੱਮ.ਏ ਹਿਸਟਰੀ ਦੀ ਡਿਗਰੀ ਵੀ ਨੌਕਰੀ ਦੌਰਾਨ ਹੀ ਪ੍ਰਾਪਤ ਕਰ ਲਈ ਸੀ। ਐੱਮ.ਏ ਪੰਜਾਬੀ ਮੈਂ ਪਹਿਲਾਂ ਹੀ ਕਰ ਚੁੱਕਾ ਸੀ। ਸਕੂਲ ਵਿੱਚ ਪੜ੍ਹਾਉਂਦਿਆਂ ਮੇਰੇ ਕੋਲ ਪਹਿਲੀ ਕਲਾਸ ਸੀ। ਪਹਿਲੀ ਤੇ ਦੂਜੀ ਕਲਾਸ ਨੂੰ ਇੱਕ ਘੰਟਾ ਪਹਿਲਾਂ ਛੁੱਟੀ ਹੋ ਜਾਂਦੀ ਸੀ। ਮੈਂ ਕਿਤਾਬਾਂ ਪੜ੍ਹਦਾ ਰਹਿੰਦਾ ਤੇ ਪ੍ਰੋਫੈਸਰ ਬਣਨ ਦਾ ਭੂਤ ਵੀ ਸਿਰ 'ਤੇ ਸਵਾਰ ਰਿਹਾ।

ਮੈਂ ਪੇਪਰ ਤੋਂ ਵੀਹ-ਪੱਚੀ ਦਿਨ ਪਹਿਲਾਂ ਖ਼ੂਬ ਪੜ੍ਹਿਆ। ਮੈਨੂੰ ਸਰਵਾਈਕਲ ਹੋ ਗਿਆ ਸੀ। ਦਵਾਈ ਖਾਧੀ, ਪਰ ਨੀਵੀਂ ਪਾਉਣ 'ਤੇ ਫਿਰ ਚੱਕਰ ਆਉਣੇ ਸ਼ੁਰੂ ਹੋ ਜਾਂਦੇ ਸਨ। ਦਸੰਬਰ ਦੋ ਹਜ਼ਾਰ ਸੋਲਾਂ ਵਿਚ ਮੇਰਾ ਰੋਲ਼ ਨੰਬਰ ਰਈਆ (ਅੰਮ੍ਰਿਤਸਰ) ਦੇ ਕਿਸੇ ਪ੍ਰਾਈਵੇਟ ਸਕੂਲ ਵਿੱਚ ਆ ਗਿਆ ਸੀ। ਮੈਂ ਜਾਵਾਂ ਕਿ ਨਾ? ਇਹੀ ਸੋਚਦਾ ਰਿਹਾ। ਮੈਂ ਸਵੇਰੇ-ਸ਼ਾਮ ਗਲ਼ੇ ਵਿੱਚ ਪਟਾ ਪਾ ਕੇ ਰੱਖਦਾ ਸੀ। ਫਿਰ ਮੈਂ ਫ਼ੈਸਲਾ ਲਿਆ ਕਿ ਮੈਂ ਪੇਪਰ ਦੇਣ ਨਹੀਂ ਜਾਣਾ ਹੈ। ਜੂਨ ਮਹੀਨੇ ਫਿਰ ਪੇਪਰ ਹੋਵੇਗਾ ਤਾਂ ਦੇ ਦੇਵਾਂਗਾ, ਪਰ ਪੇਪਰ ਤੋਂ ਇੱਕ ਦਿਨ ਪਹਿਲਾਂ ਮੈਨੂੰ ਕੁਝ ਰਾਹਤ ਮਹਿਸੂਸ ਹੋਈ। ਮੈਂ ਚੱਕਰ ਆਉਣ ਵਾਲੀ ਗੋਲੀ ਜੋ



ਅੱਠ ਐੱਮ.ਜੀ ਦੀ ਸੀ, ਉਹ ਸੋਲਾਂ ਐੱਮ.ਜੀ ਖਾ ਲਈ ਸੀ। ਗਲ਼ੇ 'ਚ ਪਟਾ ਪਾ ਕੇ ਆਪਣੀ ਗੱਡੀ ਲੈ ਕੇ ਹੌਲੀ-ਹੌਲੀ ਪਹੁੰਚ ਹੀ ਗਿਆ ਸੀ। ਮੇਰੇ ਨਾਲ ਮੇਰੀ ਪਤਨੀ ਸੀ, ਜੋ ਵਾਰ-ਵਾਰ ਆਖ ਰਹੀ ਸੀ, 'ਕੁਝ ਨਹੀਂ ਹੁੰਦਾ, ਤੁਸੀਂ ਐਵੇਂ ਵਹਿਮ ਪਾਲ ਰੱਖਿਆ ਹੈ। ਆਪਾਂ ਬੱਸ ਪਹੁੰਚਣ ਵਾਲੇ ਈ ਆਂ।'

ਤੇ ਆਖਿਰ ਮੈਂ ਪੇਪਰ ਵਾਲੇ ਸੈਂਟਰ ਪਹੁੰਚ ਗਿਆ ਸੀ। ਅੰਦਰ ਬਹੁਤ ਭੀੜ ਸੀ। ਫ਼ੋਨ ਤੇ ਸਾਮਾਨ ਜਮ੍ਹਾਂ ਹੋ ਗਿਆ ਸੀ। ਪੈੱਨ ਵੀ ਆਪਣੇ ਕੋਲੋਂ ਹੀ ਦਿੱਤਾ ਗਿਆ ਸੀ। ਕਾਲ਼ੇ ਰੰਗ ਦਾ ਪੈੱਨ, ਜਿਸ ਉਪਰ ਲਿਖਿਆ ਸੀ ਯੂ.ਜੀ.ਸੀ ਨੈੱਟ 2016। ਪਹਿਲਾ ਪੇਪਰ ਚੰਗਾ ਹੋ ਗਿਆ ਸੀ। ਕੁਝ ਚਿਰਾਂ ਦੀ ਬਰੇਕ ਤੋਂ ਬਾਅਦ ਦੂਸਰਾ ਪੇਪਰ ਵੀ ਚੰਗਾ ਰਿਹਾ। ਫਿਰ ਦੁਪਹਿਰ ਸਮੇਂ ਲੰਚ ਬਰੇਕ ਹੋਈ। ਮੈਂ ਕੰਟੀਨ ਤੋਂ ਇੱਕ ਸਮੋਸਾ ਲਿਆ ਤੇ ਨਾਲ਼ ਚਾਹ ਪੀਤੀ। ਫਿਰ ਤੀਸਰਾ ਪੇਪਰ ਕਰਕੇ ਅੱਧਾ ਘੰਟਾ ਵਿਹਲਾ ਬੈਠਾ ਰਿਹਾ। ਕੋਈ ਬੋਝ ਨਹੀਂ ਸੀ। ਕੋਈ ਚਿੰਤਾ ਨਹੀਂ ਸੀ। ਮੈਂ ਆਪਣੇ ਆਸ-ਪਾਸ ਬੈਠੇ ਸਭ ਮੁੰਡੇ-ਕੁੜੀਆਂ ਦੇ ਚਿਹਰਿਆਂ 'ਤੇ ਨਜ਼ਰ ਮਾਰੀ। ਕਈ ਚਿੰਤਾ ਵਿੱਚ ਸਨ। ਸਵੇਰ ਦੇ ਬੈਂਚਾਂ ਉੱਪਰ ਬੈਠ ਕੇ ਪੁੜੇ ਆਕੜੇ ਪਏ ਸਨ। ਮਨ ਵਿੱਚ ਖ਼ਿਆਲ ਆਇਆ ਕਿ ਧੰਨ ਦੇ ਨੇ ਉਹ ਵਿਦਿਆਰਥੀ, ਜਿਹੜੇ ਸਾਰਾ ਦਿਨ ਸਕੂਲ ਦੇ ਬੈਂਚਾਂ ਉਪਰ ਬੈਠਦੇ ਹਨ। ਇਹ ਸੋਚ ਕੇ ਮੈਂ ਮੁਸਕਰਾ ਰਿਹਾ ਸੀ। ਡਿਊਟੀ ਵਾਲੀ ਮੈਡਮ ਮੈਨੂੰ ਆਖਣ ਲੱਗੀ, 'ਆਪ ਬਹੁਤ ਖੁਸ਼ ਨਜ਼ਰ ਆ ਰਹੇ ਹੋ! ਆਪ ਨੇ ਪੇਪਰ ਕਰ ਭੀ ਲੀਆ ਹੈ?'

ਤੇ ਮੈਂ ਕਿਹਾ, 'ਜੀ ਮੈਂ! ਮੈਨੂੰ ਕੋਈ ਚਿੰਤਾ ਨਹੀਂ ਹੈ। ਮੈਂ ਸਰਕਾਰੀ ਅਧਿਆਪਕ ਹਾਂ ਜੀ।'

'ਅੱਛਾ! ਬੜੀਆ ਹੈ ਫਿਰ ਤੋ!'

ਤੇ ਆਥਣ ਤੱਕ ਮੈਨੂੰ ਕੋਈ ਤਕਲੀਫ਼ ਨਾ ਹੋਈ। ਮੇਰੀ ਪਤਨੀ ਨੇੜੇ ਹੀ ਕਿਸੇ ਰਿਸ਼ਤੇਦਾਰ ਦੇ ਘਰ ਰੁਕੀ ਹੋਈ ਸੀ। ਮੈਂ ਵੀ ਰਾਤ ਸਮੇਂ ਉਸ ਰਿਸ਼ਤੇਦਾਰ ਦੇ ਘਰ ਚਲਾ ਗਿਆ ਸੀ।

ਜਦ ਪੇਪਰ ਦਾ ਨਤੀਜਾ ਆਇਆ ਤਾਂ ਮੇਰੇ ਫ਼ੋਨ ਵਿਚ ਨੈੱਟ ਮੁੱਕ ਚੁੱਕਾ ਸੀ। ਉਦੋਂ ਹਰ ਰੋਜ਼ ਇੱਕ ਜੀ.ਬੀ ਡਾਟਾ ਨਹੀਂ ਸੀ ਮਿਲਦਾ, ਸਗੋਂ ਇਕ ਜੀ.ਬੀ ਨਾਲ ਮਹੀਨਾ ਪਤਾ ਨਹੀਂ ਕਿਵੇਂ ਨਿਕਲ ਜਾਂਦਾ ਸੀ। ਮੈਂ ਸਾਡੀ ਸਕੂਲ ਅਧਿਆਪਕਾ ਨੂੰ ਫੋਨ ਕਰਕੇ ਨਤੀਜਾ ਵੇਖਣ ਲਈ ਕਿਹਾ ਸੀ। ਉਹਨਾਂ ਨੇ ਵਾਪਸ ਫ਼ੋਨ ਕਰਕੇ ਦੱਸਿਆ ਸੀ ਕਿ ਮੈਂ ਪਾਸ ਹੋ ਗਿਆ ਹਾਂ। ਪਰ ਮੈਨੂੰ ਵਿਸ਼ਵਾਸ ਹੀ ਨਹੀਂ ਆ ਰਿਹਾ ਸੀ ਤੇ ਅਗਲੇ ਦਿਨ ਸਵੇਰੇ ਹੀ ਮੈਂ ਫ਼ੋਨ ਵਿੱਚ ਡਾਟਾ ਪਵਾ ਕੇ ਨਤੀਜਾ ਵੇਖਿਆ ਕਿ ਮੈਂ ਸੱਚਮੁੱਚ ਹੀ ਪਾਸ ਹੋ ਗਿਆ ਸਾਂ।

ਏਥੇ ਮੈਂ ਇਕ ਨਿੱਜੀ ਤਜਰਬਾ ਦੱਸ ਰਿਹਾ ਹਾਂ ਕਿ ਜਦ ਵੀ ਕੋਈ ਪੇਪਰ ਦੇਣ ਜਾਵੋ ਤਾਂ ਮਨ ਵਿੱਚ ਕੋਈ ਚਿੰਤਾ ਜਾਂ ਬੋਝ ਨਾ ਰੱਖੋ। ਕਾਹਲੀ ਨਾ ਕਰੋ। ਠਰ੍ਹੰਮਾ ਰੱਖੋ।ਮਿਹਨਤ ਕਰੋ। ਸ਼ਾਰਟ ਕੱਟ ਰਸਤਾ ਨਾ ਲੱਭੋ। ਕਾਮਯਾਬੀ ਜ਼ਰੂਰ ਮਿਲਦੀ ਹੈ। ਅੱਜ ਤੱਕ ਮੈਂ ਉਹ ਪੈੱਨ ਸਾਂਭ ਕੇ ਰੱਖਿਆ ਹੋਇਆ ਹੈ, ਜਿਸ ਉਪਰ ਲਿਖਿਆ ਹੈ UGC NET DECEMBER 2016.

**ਮੋਬਾ. 98724-55994**

ਸਫ਼ਾ 3 ਦੀ ਬਾਕੀ

## ਦਫ਼ਤਰੀ ਭ੍ਰਿਸ਼ਟਾਚਾਰ ਤੇ ਬੇਈਮਾਨੀ...

ਛੇ ਅਧਿਕਾਰੀ ਬਿਨਾਂ ਕਿਸੇ ਕੰਮ ਤੋਂ ਵਿਹਲੇ ਬੈਠੇ ਤਨਖ਼ਾਹਾਂ ਲੈ ਰਹੇ ਹਨ। ਉਹ ਉਹਨਾਂ ਅਧਿਕਾਰੀਆਂ ਨੂੰ ਵੱਡੀਆਂ ਤੋਪਾਂ ਕਹਿ ਕੇ ਗਰਦਾਨਦਾ ਹੈ। ਅੱਗੇ ਚੱਲ ਉਸ ਦੀ ਆਪਣੀ ਪ੍ਰਮੋਸ਼ਨ ਜਦ ਉਸ ਦਫ਼ਤਰ ਵਿੱਚ ਹੁੰਦੀ ਹੈ ਤਾਂ ਉਸ ਨੂੰ ਸਭ ਤੋਂ ਔਖੀ ਸੀਟ ਅਧਿਆਪਕਾਂ ਦੀ ਸੀਨੀਆਰਤਾ ਨਾਲ਼ ਡੀਲ ਕਰਨ ਵਾਲੀ ਦੇ ਦਿੱਤੀ ਜਾਂਦੀ ਹੈ। ਉਹਨਾਂ ਕੇਸਾਂ ਵਿੱਚੋਂ ਸਭ ਤੋਂ ਵੱਧ ਕੋਰਟ ਕੇਸ ਇਸੇ ਚਾਰਜ ਨਾਲ਼ ਸੰਬੰਧਤ ਸਨ। ਇਹ ਸਾਰਾ ਕੰਮ ਲੇਖਕ ਲਈ ਬਹੁਤ ਮੁਸ਼ਕਲਾਂ ਭਰਿਆ ਸਿੱਧ ਹੁੰਦਾ ਹੈ।

ਇਹਨਾਂ ਦਫ਼ਤਰਾਂ ਤੋਂ ਇਲਾਵਾ ਲੇਖਕ ਰੋਜ਼ਮਰ੍ਹਾ ਦੇ ਕਈ ਹੋਰ ਮਸਲਿਆਂ ਨੂੰ ਵੀ ਆਪਣੇ ਲੇਖਾਂ ਦਾ ਵਿਸ਼ਾ ਬਣਾਉਂਦਾ ਹੈ, ਜਿਵੇਂ ਇੱਕ ਲੇਖ 'ਲੋਹਾ ਲੋਹੇ ਨੂੰ ਕੱਟਦਾ ਹੈ' ਬੱਸਾਂ ਵਿੱਚ ਔਰਤਾਂ ਦੁਆਰਾ ਮਰਦਾਂ ਦੀ ਖ਼ਾਹ-ਮਖ਼ਾਹ ਭੁਗਤ ਸਵਾਰਨ ਬਾਰੇ ਹੈ। ਜਿਸ ਵਿੱਚ ਲੇਖਕ ਨੇ ਅਜਿਹੇ ਕਿੱਸਿਆਂ ਨੂੰ ਕਲਮਬੱਧ ਕੀਤਾ ਹੈ, ਜਿਨ੍ਹਾਂ ਵਿੱਚ ਔਰਤਾਂ ਨੇ ਬੱਸ ਵਿੱਚ ਨਾਲ ਸਫ਼ਰ ਕਰਨ ਵਾਲੇ ਅਜਨਬੀ ਮਰਦਾਂ ਦੀ ਅਜਿਹੀ ਭੁਗਤ ਸਵਾਰੀ, ਜਦੋਂ ਕਿ ਉਹਨਾਂ ਮਰਦਾਂ ਨੇ ਕੁਝ ਵੀ ਮਾੜਾ ਨਹੀਂ ਕੀਤਾ ਸੀ। ਬੈਂਕ ਦੀ ਪ੍ਰਬੰਧਕੀ ਕਮੇਟੀ 'ਤੇ ਗੁੱਝੀ ਚੋਟ ਮਾਰਦਾ ਲੇਖਕ ਇਕ ਲੇਖ 'ਇਕ ਮਿੰਟ ਭਾਈ ਸਾਹਬ' ਵਿੱਚ ਆਪਣਾ ਇਕ ਅਨੁਭਵ ਦਰਜ ਕਰਦਾ ਹੈ, ਜਿਸ ਵਿੱਚ ਉਹ ਆਪ ਲਾਈਨ ਵਿੱਚ ਖੜ੍ਹਾ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਹੈ, ਪਰ ਕਈ ਹੋਰ ਲਾਈਨ ਵਿੱਚ ਖੜ੍ਹੇ ਹੋਣ ਦਾ ਅਨੁਸ਼ਾਸਨ ਭੰਗ ਕਰ ਕਿਸੇ ਸਿਫਾਰਸ਼ ਕਾਰਨ, ਕਿਸੇ ਰਿਸ਼ਤੇਦਾਰੀ ਕਾਰਨ ਨਹੀਂ ਤਾਂ ਫਿਰ ਕਾਹਲੀ ਜਾਂ ਐਮਰਜੈਂਸੀ ਕਾਰਨ ਜਾਂ ਫਿਰ ਬਹਾਨਾ ਬਣਾ ਆਪਣੇ ਕੰਮ ਕਰਵਾ ਕੇ ਜਾ ਰਹੇ ਹਨ ਤੇ ਲਾਈਨ ਉਥੇ ਦੀ ਉਥੇ ਖੜ੍ਹੀ ਹੈ। ਇਹ ਕਿੱਸੇ ਬਿਆਨ ਕਰਦਾ ਲੇਖਕ ਕਈ ਪਾਠਾਂ ਵਿੱਚ ਪਾਠਕਾਂ ਨੂੰ ਸਿੱਖਿਆਵਾਂ ਵੀ ਦਿੰਦਾ ਹੈ ਕਿ ਕਿਸ ਢੰਗ ਨਾਲ ਸਰਕਾਰੀ ਦਫ਼ਤਰਾਂ ਵਿੱਚ ਨੌਕਰੀ ਕੀਤੀ ਜਾਣੀ ਚਾਹੀਦੀ ਹੈ। ਉਹ ਪਾਠਕ ਨੂੰ ਇੱਕ ਲੇਖ ਵਿੱਚ ਇਕ ਕਿੱਸਾ ਸੁਣਾਉਂਦਾ ਹੈ, ਜਿਸ ਵਿੱਚ ਉਸ ਨੂੰ ਆਪ ਇਹ ਸਿੱਖਿਆ ਮਿਲੀ ਸੀ ਕਿ ਹਰ ਵਕਤ ਇਮਾਨਦਾਰ ਬਣ ਕੇ ਵੀ ਗੁਜ਼ਾਰਾ ਨਹੀਂ ਹੋ ਸਕਦਾ, ਕਿਉਂਕਿ ਸਾਰਾ ਸਿਸਟਮ ਹੀ ਭ੍ਰਿਸ਼ਟ ਹੋ ਚੁੱਕਾ ਹੈ। ਇਸ ਸੰਬੰਧ ਵਿੱਚ ਹਰੀਸ਼ ਚੰਦਰ ਨਹੀਂ ਬਣਨਾ, ਢੀਠ ਵੀ ਹੋਣਾ ਪੈਂਦਾ ਜਾਂ ਇਸ ਪੁਸਤਕ ਦਾ ਅੰਤਿਮ ਲੇਖ ਹਰੀਸ਼ ਚੰਦਰ ਅਜੇ ਵੀ ਹੈ, ਜ਼ਿਕਰਯੋਗ ਹਨ।

ਲੇਖਕ ਇੱਕ ਕਹਾਣੀਕਾਰ ਹੈ ਅਤੇ ਇਸ 'ਹੱਡਬੀਤੀ' ਪੁਸਤਕ ਵਿੱਚ ਵੀ ਉਸ ਨੇ ਮੁਲਾਜ਼ਮਾਂ ਦੀਆਂ ਨਿੱਕੀਆਂ-ਵੱਡੀਆਂ ਬੇਈਮਾਨੀਆਂ, ਕਮੀਨਗੀਆਂ, ਭ੍ਰਿਸ਼ਟਾਚਾਰਕ ਸਾਜ਼ਿਸ਼ਾਂ, ਚਲਾਕੀਆਂ ਅਤੇ ਇਮਾਨਦਾਰੀਆਂ ਨੂੰ ਖ਼ੂਬਸੂਰਤ ਬਿਰਤਾਂਤਕ ਰੂਪ ਵਿੱਚ ਪੇਸ਼ ਕੀਤਾ ਹੈ। ਉਸ ਵੱਲੋਂ ਵਰਤੀ ਮੁਹਾਵਰੇਦਾਰ ਭਾਸ਼ਾ ਅਤੇ ਉਸ ਵੱਲੋਂ ਵਰਚਿਆ ਬੇਬਾਕਪਨ ਇਹਨਾਂ ਕਿੱਸਿਆਂ ਨੂੰ ਹੋਰ ਵੱਧ ਰੌਚਕਤਾ ਪ੍ਰਦਾਨ ਕਰਦਾ ਹੈ। ਉਹ ਨਿਡਰ ਹੋ ਕੇ ਮਹਿਕਮਿਆਂ ਅਤੇ ਕਰਮਚਾਰੀਆਂ ਦੇ ਪੋਲ ਖੋਲ੍ਹਦਾ ਹੈ। ਉਸ ਦੀ ਇਸੇ ਕਲਾਕਾਰੀ ਕਾਰਨ ਪਾਠਕਾਂ ਵੱਲੋਂ ਇਸ ਪੁਸਤਕ ਦੇ ਭਰਪੂਰ ਸਵਾਗਤ ਦੀ ਆਸ ਕੀਤੀ ਹੈ।

ਸਫ਼ਾ 1 ਦੀ ਬਾਕੀ

## ਪਿਕਾਸੋ ਦਾ ਸ਼ਾਹਕਾਰ...

ਉਸ ਦਾ ਚਿਹਰਾ ਚਿਤਰਿਆ। ਅਗਲੇ ਦਿਨ ਗਰਟਰੂਡ ਪੋਜ਼ ਕਰਨ ਆਈ ਤਾਂ ਚਿੱਤਰ ਵਿਚ ਆਪਣਾ ਚਿਹਰਾ ਵੇਖ ਕੇ ਖ਼ੁਸ਼ ਹੋਈ।

ਪਿਕਾਸੋ ਨੂੰ ਵੀ ਤਸੱਲੀ ਹੋਈ ਕਿ ਉਸ ਨੇ ਚਿਹਰਾ ਸਹੀ ਰੂਪ ਵਿਚ ਚਿਤਰਿਆ ਸੀ। ਚਿਹਰੇ ਨੂੰ ਉਸ ਨੇ ਗਰਟਰੂਡ ਦੇ ਹੱਥਾਂ, ਬਲਾਊਜ਼ ਤੇ ਚੋਗੇ ਨਾਲੋਂ ਵੱਖਰੀ ਸ਼ੈਲੀ ਵਿਚ ਚਿਤਰਿਆ ਸੀ।

ਹੁਣ ਪੋਰਟਰੇਟ ਵਿਚ ਜੋ ਚਿਹਰਾ ਉਭਰਿਆ, ਉਹ ਗਰਟਰੂਡ ਦੇ ਚਿਹਰੇ ਨਾਲ ਪੂਰੀ ਤਰ੍ਹਾਂ ਮੇਲ ਨਹੀਂ ਸੀ ਖਾਂਦਾ, ਪਰ ਗਰਟਰੂਡ ਦੇ ਕਿਰਦਾਰ ਦੀਆਂ ਕਈ ਖ਼ਾਸੀਅਤਾਂ ਉਸ ਵਿਚ ਪੂਰੀ ਤਰ੍ਹਾਂ ਝਲਕਦੀਆਂ ਸਨ। ਮੱਥਾ ਬੜਾ ਉਭਰਵਾਂ ਸੀ ਤੇ ਮੱਥੇ ਵਾਂਗ ਹੀ ਅੱਖਾਂ, ਪਲਕਾਂ ਤੇ ਉਤਲੇ ਬੁੱਲ੍ਹ ਦੀ ਰੇਖਾ ਨੂੰ ਵੀ ਖ਼ਾਸ ਅਹਿਮੀਅਤ ਦਿੱਤੀ ਹੋਈ ਸੀ।

ਗਰਟਰੂਡ ਬੜੇ ਗਹੁ ਨਾਲ ਕਿਸੇ ਗੱਲ ਬਾਰੇ ਸੋਚਦੀ ਹੋਈ ਜਾਪਦੀ ਸੀ, ਜੋ ਉਸ ਦੀ ਵੱਡੀ ਖ਼ਾਸੀਅਤ ਸੀ।ਚਿੱਤਰ ਵਿਚ ਉਸ ਦੀਆਂ ਅੱਖਾਂ ਇਕੋ ਜਿਹੀਆਂ ਨਹੀਂ ਸਨ। ਖੱਬੀ ਅੱਖ ਛੋਟੀ ਸੀ ਤੇ ਸੁੰਗੜੀ ਹੋਈ। ਅਗਲੇ ਦੀਆਂ ਗੱਲਾਂ ਸੁਣਦੀ ਹੋਈ ਗਰਟਰੂਡ ਏਸੇ ਤਰ੍ਹਾਂ ਵੇਖਿਆ ਕਰਦੀ ਸੀ।

ਪੋਰਟਰੇਟ ਪੂਰਾ ਹੋ ਗਿਆ ਤਾਂ ਵੇਖ ਕੇ ਗਰਟਰੂਡ ਨੂੰ ਹੈਰਾਨੀ ਹੋਈ। ਹੁਣ ਉਹ ਉਸ ਦੇ ਚਿਹਰੇ ਨਾਲ ਬਹੁਤ ਹੀ ਘੱਟ ਮੇਲ ਖਾਂਦਾ ਸੀ। ਉਹ ਕਹਿਣੋਂ ਨਾ ਰਹਿ ਸਕੀ ਕਿ ਪੋਰਟਰੇਟ ਤਾਂ ਉਸ ਦੀ ਸ਼ਕਲ ਵਰਗਾ ਬਣਿਆ ਹੀ ਨਹੀਂ।

ਪਿਕਾਸੋ ਨੇ ਉਸ ਨੂੰ ਤਸੱਲੀ ਦਿੰਦਿਆਂ ਕਿਹਾ—ਫ਼ਿਕਰ ਨਾ ਕਰ, ਤੂੰ ਤੂੰ ਇਸ ਵਰਗੀ ਬਣ ਜਾਵੇਂਗੀ। ਛੇਤੀ ਹੀ ਗਰਟਰੂਡ ਦੀ ਉਸ ਪੋਰਟਰੇਟ ਨਾਲ ਸਾਂਝ ਪੈ ਗਈ। ਉਹ ਉਸ ਨੂੰ ਚੰਗਾ ਲੱਗਣ ਲੱਗਾ। ਉਸ ਵਿਚ ਉਹ ਆਪਣੀ ਅਸਲੀਅਤ ਵੇਖਣ ਲੱਗੀ, ਭਾਵੇਂ ਹੋਰਨਾਂ ਵੇਖਣ ਵਾਲਿਆਂ ਨੂੰ ਉਹ ਉਸ ਦਾ ਪੋਰਟਰੇਟ ਨਹੀਂ ਸੀ ਜਾਪਦਾ, ਪਰ ਉਸ ਨੂੰ ਦਿਨ-ਬ-ਦਿਨ ਉਸ ਵਿਚ ਆਪਣੀ ਹੀ ਸ਼ਕਲ ਦਿਸਣ ਲੱਗੀ-ਆਪਣੀ ਅਸਲੀ ਸ਼ਕਲ।

ਉਸ ਬਾਰੇ ਉਸ ਨੇ ਇਕ ਵਾਰ ਲਿਖਿਆ—ਆਪਣੇ ਇਸ ਪੋਰਟਰੇਟ ਤੋਂ ਮੈਂ ਉਦੋਂ ਵੀ ਖ਼ੁਸ਼ ਸਾਂ ਤੇ ਹੁਣ ਵੀ ਖ਼ੁਸ਼ ਹਾਂ। ਮੇਰੇ ਲਈ ਇਹ ਮੈਂ ਹੈ ਤੇ ਇਹ ਮੇਰਾ ਇੱਕੋ-ਇੱਕ ਚਿੱਤਰ ਹੈ, ਜੋ ਮੇਰੇ ਲਈ ਹਮੇਸ਼ਾ ਮੈਂ ਰਹੇਗਾ।

ਉਹ ਪੋਰਟਰੇਟ ਪਿਕਾਸੋ ਨੇ ਤੋਹਫ਼ੇ ਵਜੋਂ ਗਰਟਰੂਡ ਨੂੰ ਦੇ ਦਿੱਤਾ। ਕਈ ਵਰ੍ਹਿਆਂ ਪਿੱਛੋਂ ਚਿੱਤਰਾਂ ਦੇ ਇਕ ਬੜੇ ਵੱਡੇ ਵਪਾਰੀ ਨੇ ਉਸ ਦੇ ਘਰ ਉਹ ਵੇਖਿਆ ਤਾਂ ਪੁੱਛਿਆ ਕਿ ਉਸ ਨੇ ਉਸ ਦੇ ਕਿੰਨੇ ਪੈਸੇ ਦਿੱਤੇ ਹਨ। ਗਰਟਰੂਡ ਨੇ ਕਿਹਾ ਕਿ ਕੁਝ ਵੀ ਨਹੀਂ ਦਿੱਤਾ। ਵਪਾਰੀ ਨੂੰ ਹੈਰਾਨੀ ਹੋਈ।

ਗਰਟਰੂਡ ਨੇ ਫੇਰ ਕਿਹਾ ਕਿ ਸੱਚਮੁੱਚ ਉਸ ਨੇ ਪੋਰਟਰੇਟ ਬਣਾਉਣ ਦੀ ਕੋਈ ਕੀਮਤ ਨਹੀਂ ਦਿੱਤੀ, ਪਿਕਾਸੋ ਨੇ ਉਂਜ ਹੀ ਉਸ ਨੂੰ ਦੇ ਦਿੱਤਾ ਸੀ। ਉਸ ਵੇਲੇ ਪਿਕਾਸੋ ਵੀ ਉੱਥੇ ਸੀ, ਉਹ ਮੁਸਕਰਾਇਆ ਤੇ ਉਸ ਨੇ ਵਪਾਰੀ ਵੱਲ ਸੈਨਤ ਕਰਦਿਆਂ ਕਿਹਾ—ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਕਿ ਉਹਨੀਂ ਦਿਨੀਂ ਕਿਸੇ ਕਲਾ-ਕ੍ਰਿਤ ਨੂੰ ਵੇਚਣ ਜਾਂ ਸੌਗਾਤ ਦੇ ਤੌਰ 'ਤੇ ਦੇਣ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਸੀ।

ਅੱਜ ਉਹ ਪੋਰਟਰੇਟ ਨਿਊ ਯਾਰਕ ਦੇ 'ਮੈਟਰੋਪਾਲੀਟਨ ਮਿਊਜ਼ੀਅਮ ਆਫ਼ ਆਰਟ' ਵਿਚ ਟੰਗਿਆ ਹੋਇਆ ਹੈ ਤੇ ਪਿਕਾਸੋ ਦੇ ਮਹਾਨ ਚਿੱਤਰਾਂ ਵਿਚ ਉਸ ਦੀ ਗਿਣਤੀ ਹੁੰਦੀ ਹੈ।

ਆਖਰੀ ਸਫ਼ਾ ਦੀ ਬਾਕੀ

## ਡਾਕਟਰ ਵਿਲੀਅਮ ਕੇਰੀ...

ਦਿੱਤਾ ਜਾ ਚੁੱਕਿਆ ਏ। ਪਰ ਅਜੀਬ ਗੱਲ ਇਹ ਕਿ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਜਦੋਂ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਨਿਰਮਲ ਪੰਥੀਆਂ ਬਾਰੇ ਆਲਮੀ ਪੱਧਰ 'ਤੇ ਸੈਮੀਨਾਰ ਕਰਵਾਇਆ, ਉਸ ਵਿੱਚ ਬਾਈਬਲ ਦੇ ਪੰਜਾਬੀ ਤਰਜਮਿਆਂ ਤੇ ਈਸਾਈ ਪਾਦਰੀਆਂ ਤੇ ਈਸਟ ਇੰਡੀਆ ਦੇ ਅਫ਼ਸਰਾਂ ਨੂੰ ਪੰਜਾਬੀ ਪੜ੍ਹਾਉਣ ਦੇ ਪੰਡਤ ਆਘੂ ਰਾਮ ਦੇ ਯੋਗਦਾਨ ਦਾ ਵੇਰਵਾ ਨਹੀਂ ਦਿੱਤਾ। ਹਾਲਾਂਕਿ ਕਲਕੱਤਾ ਵਿੱਚ ਇਹਨਾਂ ਨਿਰਮਲਿਆਂ ਦੀ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ, ਜਿਹਦਾ ਮੂੰਹ ਬੋਲਦਾ ਸਬੂਤ ਆਘੂ ਰਾਮ ਏ। ਜਿਹਨਾਂ ਨਾ ਸਿਰਫ਼ ਬਾਈਬਲ ਨੂੰ ਪੰਜਾਬੀ ਰੂਪ ਦਿੱਤਾ, ਸਗੋਂ ਡਾਕਟਰ ਵਿਲੀਅਮ ਕੇਰੀ ਨੂੰ ਪੰਜਾਬੀ ਗਰਾਮਰ ਲਿਖਣ ਵਿੱਚ ਉਸ ਨੇ ਏਸ ਮਹਾਨ ਜ਼ੁਬਾਨਦਾਨ ਦੀ ਅਗਵਾਈ ਵੀ ਕੀਤੀ।

ਹੁਣ ਪ੍ਰੋਫੈਸਰ ਵਿਲੀਅਮ ਕੇਰੀ ਦੀ ਪੰਜਾਬੀ ਗਰਾਮਰ ਵੱਲ ਆਈਏ। ਏਸ ਗਰਾਮਰ ਵਿੱਚ ਦੀਬਾਚਾ (ਭੂਮਿਕਾ) ਤੋਂ ਵੱਖ ਸੱਤ ਬਾਬ (ਕਾਂਡ) ਨੇ। ਦੀਬਾਚੇ ਵਿੱਚ ਪੰਜਾਬੀ ਬਾਰੇ ਉਸ ਦੇ ਖਾਧੇ ਟਪਲ਼ਿਆਂ ਦਾ ਪਤਾ ਚੱਲ ਜਾਂਦਾ ਏ। ਪੰਜਾਬੀ ਬਾਰੇ ਉਹ ਲਿਖਦੇ ਨੇ-

The language which this grammar is intended to teach is spoken by the Sikhs. that singular people. Who in habit the Punjab.or the country lying brtween the Sutlej and the Indus. PP. 2 grammar of the Punjabee language, preface. P.2.

ਜਾਹਨ ਕਲਾਰਕ ਤੇ ਮਾਰਸ਼ਮੈਨ ਨੇ ਵਿਲੀਅਮ ਕੇਰੀ ਤੇ ਉਹਨਾਂ ਦੇ ਸਾਥੀਆਂ ਬਾਰੇ ਕਿਤਾਬ ਲਿਖਦਿਆਂ ਹੋਇਆਂ ਏਹ ਮੰਨੀ ਏ ਕਿ ਵਿਲੀਅਮ ਕੇਰੀ ਖ਼ੁਦ ਕਦੇ ਵੀ ਪੰਜਾਬ ਦੀ ਧਰਤੀ 'ਤੇ ਪੈਰ ਨਹੀਂ ਰੱਖ ਸਕਿਆ-

PP. 18-19, Marshman. John Clark. 'the hfe and labours of carey, Marshmand md ward.

ਜੋ ਉਹ ਪੰਜਾਬ ਆਉਂਦਾ ਤੇ ਉਹਨਾਂ ਨੂੰ ਪਤਾ ਚੱਲਦਾ ਕਿ ਪੰਜਾਬ ਵਿੱਚ ਸਿੱਖਾਂ ਨਾਲੋਂ ਮੁਸਲਮਾਨ ਤੇ ਹਿੰਦੂਆਂ ਦੀ ਆਬਾਦੀ ਕਿਤੇ ਜ਼ਿਆਦਾ ਏ ਤੇ ਆਦਿ ਸ੍ਰੀ ਗ੍ਰੰਥ ਸਾਹਿਬ ਤੋਂ ਵੱਖ ਪੰਜਾਬੀ ਜ਼ੁਬਾਨ ਵਿੱਚ ਵੱਖਰੀਆਂ ਕਿਤਾਬਾਂ ਮੌਜੂਦ ਨੇ, ਕਿਉਂ ਜੋ ਉਹ ਪੰਜਾਬ ਆਇਆ ਨਹੀਂ, ਏਸ ਵਾਸਤੇ ਲਫ਼ਜ਼ਾਂ ਦੇ ਉਚਾਰਨ ਉਹਨਾਂ ਪੰਜਾਬੀਆਂ ਤੋਂ ਸੁਣਨ ਦੀ ਬਜਾਏ ਇੱਕ ਬੰਗਾਲੀ ਸਿੱਖ ਤੋਂ ਸੁਣੇ ਏਸ ਪੱਖੋਂ ਵੀ ਉਹਨਾਂ ਨੂੰ ਕੁਝ ਟਪਲ਼ੇ ਲੱਗੇ। ਕਿਉਂ ਜੋ ਇਹ ਲੇਖ ਗਰਾਮਰ, ਉਸ ਦੇ ਫ਼ਲਸਫ਼ਾ ਤੇ ਕਾਨੂੰਨਾਂ ਬਾਰੇ ਨਹੀਂ ਹੈ, ਸਗੋਂ ਇਕ ਬਰਤਾਨਵੀ ਦੀ ਪੰਜਾਬੀ ਜ਼ੁਬਾਨ ਦੀ ਸੇਵਾ ਬਾਰੇ ਹੈ, ਇਸ ਵਾਸਤੇ ਗਰਾਮਰ ਦੀ ਵੰਡ ਬਾਰੇ ਹੀ ਗੱਲ ਕਰਕੇ ਏਸ ਮਜ਼ਮੂਨ ਨੂੰ ਖ਼ਤਮ ਕੀਤਾ ਜਾਂਦਾ ਏ ਕਿਉਂ ਜੋ ਗਰਾਮਰ ਖ਼ੁਦ ਇੱਕ ਤਫ਼ਸੀਲੀ ਵੇਰਵਾ ਮੰਗਣ ਵਾਲਾ ਮੌਜ਼ੂਅ (ਵਿਸ਼ਾ) ਏ। ਡਾਕਟਰ ਵਿਲੀਅਮ ਕੇਰੀ ਨੇ ਗਰਾਮਰ ਵਿੱਚ ਮਿਸਾਲਾਂ ਵੀ ਗੁਰਮੁਖੀ ਅੱਖਰਾਂ ਦੀਆਂ ਦਿੱਤੀਆਂ ਨੇ ਤੇ ਅਲਿਫ਼ ਬੇ ਵੀ ਉਹੀ ਲਿਖੀ। ਪਰ ਵਾਵਲਜ਼ ( Vovels) ਕਾਨਸੋਨੈਂਟ (Consonants) ਤੇ ਉਹਨਾਂ ਦੇ ਉਚਾਰਨ ਨੂੰ ਉਂਜ ਹੀ ਦੱਸਿਆ ਏ ਜਿਵੇਂ ਅਰਬੀ, ਫ਼ਾਰਸੀ ਜ਼ੁਬਾਨਾਂ ਦੇ ਹਰਫ਼ਾਂ ਦੀਆਂ ਆਵਾਜ਼ਾਂ ਦਾ ਵੇਰਵਾ ਦਿੱਤਾ ਹੋਇਆ ਏ। ਉਸ ਦੇ ਸੱਤਾਂ ਬਾਬਾਂ (ਕਾਂਡਾਂ) ਦੀ ਵੰਡ ਏਸ ਕਿਸਮ ਦੀ ਏ-

| | |
|---|---|
| OF IETTERS | ਆਫ਼ ਲੈਟਰਜ਼ |
| OF THE COMPOUNDINGS LETTERS | ਆਫ਼ ਦੀ ਕੰ ਪਾਊਂਡਿੰਗ ਲੈਟਰਜ਼ |
| OF WORDS | ਆਫ਼ ਵਰਡਜ਼ |
| OF ADJECTIVES | ਆਫ਼ ਅਡਜੈਕਟਿਵਜ਼ |
| OF PRONOUNS | ਆਫ਼ ਪਰਨਾਉਨਜ਼ |
| OF VERBS | ਆਫ਼ ਵਰਬਜ਼ |
| OF SYNTAX | ਆਫ਼ ਸਿਨਟੈਕਸ |

ਡਾਕਟਰ ਵਿਲੀਅਮ ਕੇਰੀ ਹੁਰਾਂ ਬਾਰੇ ਮਜ਼ੀਦ (ਹੋਰ) ਖੋਜ ਲਈ ਥੱਲੇ ਦਿੱਤੀਆਂ ਕਿਤਾਬਾਂ ਤੋਂ ਮਦਦ ਲਈ ਜਾ ਸਕਦੀ ਏ-

1. Gandasingh, Christianity in Punjab, Punjab past and present, Punjabee Uuiversity Patiala. 1966.
2. Jhon, Catalogue of Bangali books and manus script Serampore Missionery Pess Serampore. 1902.
3. Myers, Jhon Brown, Ed, The centenary yolume of Baptist missionery Society Baptist Misson Press Calcutta. (1792, 1832) 1892
4. Richer, Julius. William Carey and hit mission, Baptist Mission Press Calcutta.
5. Singh, S. M. the life of William Carey.
6. Smith, George the life of William Carey, the Gambrid Brother hood Behli-1885.
7. ਉਰਦੂ, ਸਿੰਘ ਐੱਸ.ਐੱਸ. ਵਿਲੀਅਮ ਕੇਰੀ, ਪੰਜਾਬ ਰਿਲੀਜਨ ਬੁਕ ਸੁਸਾਇਟੀ ਲਾਹੌਰ, 1961 ਈ.

**ਮੋਬਾ. 89683-43252**

ਸਫ਼ਾ 3 ਦੀ ਬਾਕੀ

## ਤਰਕਸ਼ੀਲ ਲਹਿਰ ਦੀ ਇਤਿਹਾਸਕ ਗੌਰਵਤਾ ...

ਤਾਂ ਦੋਵਾਂ ਧਿਰਾਂ ਵਿਚ ਸਿੱਧੇ ਟਕਰਾਅ ਦੀ ਸਥਿਤੀ ਪੈਦਾ ਨਾ ਹੋਣ 'ਤੇ ਵੀ ਤਣਾਓ ਵਾਲੀ ਸਥਿਤੀ ਬਣੀ ਰਹਿੰਦੀ ਹੈ।

ਨਾਵਲ ਦੇ ਵੱਖਰੇ-ਵੱਖਰੇ ਕਾਂਡ ਡੇਰੇ ਤੇ ਤਰਕਸ਼ੀਲ ਸੁਸਾਇਟੀ ਦੀਆਂ ਸਰਗਰਮੀਆਂ ਨੂੰ ਵੱਖਰੇ ਵੱਖਰੇ ਰੂਪ ਵਿਚ ਹੀ ਰੂਪਮਾਨ ਕਰਦੇ ਹਨ। ਜੇ ਇਕ ਕਾਂਡ ਬਾਬੇ ਕੁੰਭ ਦਾਸ ਵੱਲੋਂ ਸ਼ੁਰੂ ਕੀਤੇ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਕਿਸੇ ਨਵੇਂ ਪ੍ਰਪੰਚ ਬਾਰੇ ਜਾਣਕਾਰੀ ਦਿੰਦਾ ਹੈ ਤਾਂ ਅਗਲਾ ਕਾਂਡ ਤਰਕਸ਼ੀਲ ਸੁਸਾਇਟੀ ਵੱਲੋਂ ਅੰਧ-ਵਿਸ਼ਵਾਸਾਂ ਤੇ ਪਾਖੰਡਾਂ ਵਿਰੁੱਧ ਕੀਤੀਆਂ ਜਾਣ ਵਾਲੀਆਂ ਆਪਣੀਆਂ ਸਰਗਰਮੀਆਂ ਵੱਲ ਸੇਧਤ ਹੁੰਦਾ ਹੈ। ਦੋਵਾਂ ਧਿਰਾਂ ਵਿੱਚ ਟਕਰਾਅ ਦੀਆਂ ਸੰਭਾਵਨਾਵਾਂ ਉਸ ਵੇਲੇ ਪੈਦਾ ਹੁੰਦੀਆਂ ਹਨ, ਜਦੋਂ ਬਾਬਾ ਕੁੰਭ ਦਾਸ ਧਰਮ ਸੱਤਾ ਦੀਆਂ ਪੌੜੀਆਂ ਰਾਹੀਂ ਰਾਜਸੀ ਸੱਤਾ ਸੁੱਖ ਭੋਗਣ ਦਾ ਮਨ ਬਣਾ ਕੇ ਪਿੰਡ ਦੀ ਸਰਪੰਚੀ ਦੀ ਚੋਣ ਲੜਨ ਦਾ ਐਲਾਨ ਕਰ ਦਿੰਦਾ ਹੈ। ਸਰਪੰਚੀ ਦੀ ਚੋਣ ਸਮੇਂ ਮੁਕਾਬਲੇ ਦੇ ਹੋਰ ਉਮੀਦਵਾਰ ਤਾਂ ਉਸ ਦੇ ਪ੍ਰਭਾਵ ਵਿੱਚ ਆ ਕੇ ਆਪਣੀ ਨਾਮਜ਼ਦਗੀ ਪੱਤਰ ਵਾਪਸ ਲੈ ਲੈਂਦੇ ਹਨ, ਪਰ ਲੋਕ ਪੱਖੀ ਧਿਰ ਦੀ ਪ੍ਰਤੀਨਿਧਤਾ ਕਰਦਾ ਜੈਲਾ ਬਰਾੜ ਉਸ ਨੂੰ ਟੱਕਰ ਦੇਣ ਲਈ ਬਾਜ਼ਿੱਦ ਰਹਿੰਦਾ ਹੈ। ਭਾਵੇਂ ਬਹੁਗਿਣਤੀ ਲੋਕਾਂ ਦੀ ਡੇਰੇ ਪ੍ਰਤੀ ਅੰਨ੍ਹੀ ਸ਼ਰਧਾ ਦੇ ਚਲਦਿਆਂ ਕੁੰਭ ਦਾਸ ਪਿੰਡ ਦਾ ਸਰਪੰਚ ਬਣ ਜਾਂਦਾ ਹੈ ਪਰ ਇਸ ਚੋਣ ਨਾਲ ਪਿੰਡ ਵਿਚ ਉਸ ਦਾ ਵਿਰੋਧ ਕਰਨ ਵਾਲੀ ਇਕ ਮਜ਼ਬੂਤ ਧਿਰ ਵੀ ਪੈਦਾ ਹੋ ਜਾਂਦੀ ਹੈ।

ਸਰਪੰਚ ਬਨਣ ਨਾਲ ਕੁੰਭ ਦਾਸ ਦੀਆਂ ਰਾਜਸੀ ਲਾਲਸਾਵਾਂ ਹੋਰ ਵਧ ਜਾਂਦੀਆਂ ਹਨ ਤਾਂ ਉਹ ਇਕ ਰਾਜਸੀ ਪਾਰਟੀ ਵੱਲੋਂ ਵਿਧਾਨ ਸਭਾ ਦੀ ਚੋਣ ਲੜਨ ਦਾ ਐਲਾਨ ਵੀ ਕਰ ਦਿੰਦਾ ਹੈ। ਲੋਕ ਸਮਰਥਨ ਦੇ ਬਲਬੂਤੇ 'ਤੇ ਤਰਕਸ਼ੀਲਾਂ ਵੱਲੋਂ ਉਸ ਨੂੰ ਪਹਿਲੀ ਵੱਡੀ ਚੁਨੌਤੀ ਉਸ ਨੂੰ ਉਸ ਵੇਲੇ ਹੀ ਦਿੱਤੀ ਜਾਂਦੀ ਹੈ, ਜਦੋਂ ਉਹ ਐੱਮ.ਐੱਲ.ਏ. ਦੀ ਚੋਣ ਲੜ ਰਿਹਾ ਹੁੰਦਾ ਹੈ। ਉਸ ਦੇ ਮੁਕਾਬਲੇ ਵਿਚ ਸਰਪੰਚੀ ਦੀ ਚੋਣ ਹਾਰ ਚੁੱਕੇ ਜੈਲੇ ਬਰਾੜ ਦੇ ਤਰਕਸ਼ੀਲ ਵਿਚਾਰਾਂ ਵਾਲਾ ਪੁੱਤਰ ਬੰਟੀ ਬਰਾੜ ਉਸ ਵਿਰੁੱਧ ਪ੍ਰਚਾਰ ਦਾ ਮੋਰਚਾ ਸੰਭਾਲ ਲੈਂਦਾ ਹੈ ਤਾਂ ਤਰਕਸ਼ੀਲ ਸੁਸਾਇਟੀ ਤੇ ਹੋਰ ਅਗਾਂਹਵਧੂ ਜਥੇਬੰਦੀਆਂ ਵੀ ਉਸ ਦੀ ਪਿੱਠ 'ਤੇ ਖੜ੍ਹ ਜਾਂਦੀਆਂ ਹਨ। ਸਾਰੀ ਟੀਮ ਵੱਲੋਂ ਉਸ ਵਿਰੁੱਧ ਚੋਣ ਪ੍ਰਚਾਰ ਏਨੇ ਯੋਜਨਾਬੱਧ ਤੇ ਸੁਚਾਰੂ ਰੂਪ ਵਿੱਚ ਕੀਤਾ ਜਾਂਦਾ ਹੈ ਕਿ ਕੁੰਭ ਦਾਸ ਵਿਧਾਇਕੀ ਦੀ ਚੋਣ ਹਾਰ ਜਾਂਦਾ ਹੈ। ਉਸ ਦੀ ਹਾਰ ਅਗਾਂਹਵਧੂ ਲੋਕਾਂ ਲਈ ਇਹ ਹਾਂ-ਪੱਖੀ ਸੰਕੇਤ ਸਿਰਜਦੀ ਹੈ ਕਿ ਜੇ ਧਰਮ ਦੇ ਭੇਸ਼ ਵਿਚ ਛੁਪੇ ਲੁਟੇਰਿਆਂ ਨੂੰ ਸਮੂਹਿਕ ਤੇ ਸੰਗਠਿਤ ਰੂਪ ਵਿਚ ਚੁਨੌਤੀ ਦਿੱਤੀ ਜਾਵੇ ਤਾਂ ਇਨ੍ਹਾਂ ਨੂੰ ਮਾਤ ਦੇਣਾ ਕੰਮ ਔਖਾ ਨਹੀਂ ਹੈ ਤੇ ਅਜਿਹਾ ਕਰਕੇ ਤੇ ਇਹਨਾਂ ਵੱਲੋਂ ਫੈਲਾਏ ਭਰਮਾਂ ਦੇ ਹਨੇਰਿਆਂ ਨੂੰ ਦੂਰ ਕਰਕੇ ਚਾਨਣ ਦਾ ਛੱਟਾ ਵੀ ਦਿੱਤਾ ਜਾ ਸਕਦਾ ਹੈ।

ਨਾਵਲ ਅਨੁਸਾਰ ਭਾਵੇਂ ਅੱਜ ਦੇ ਸਮੇਂ ਵਿਚ ਲੋਕ ਧਰਮ ਦੇ ਨਾਂਅ 'ਤੇ ਫੈਲਾਏ ਅੰਧ-ਵਿਸ਼ਵਾਸਾਂ ਪ੍ਰਤੀ ਪਹਿਲਾਂ ਨਾਲੋਂ ਵੱਧ ਜਾਗਰੂਕ ਹਨ, ਉਹਨਾਂ ਦੇ ਅਚੇਤ ਮਨ ਵਿਚ ਅਜੇ ਵੀ ਦੈਵੀ ਸ਼ਕਤੀਆਂ ਤੇ ਗ੍ਰਹਿ ਚਾਲ ਦਾ ਡਰ ਸਮੋਇਆ ਹੋਇਆ ਹੈ, ਜਿਸ ਦਾ ਲਾਭ ਚਲਾਕ ਲੋਕ ਹੁਣ ਵਿਗਿਆਨ ਦੇ ਨਾਂਅ 'ਤੇ ਉਠਾ ਰਹੇ ਹਨ। ਹੁਣ ਸ਼ਹਿਰਾਂ, ਕਸਬਿਆਂ ਤੇ ਵੱਡੇ ਪਿੰਡਾਂ ਵਿਚ ਕੰਪਿਊਟਰ ਰਾਹੀਂ ਜਨਮ ਕੁੰਡਲੀਆਂ ਤਿਆਰ ਕਰਨ ਦਾ ਨਵਾਂ ਕਾਰੋਬਾਰ ਸ਼ੁਰੂ ਹੋ ਗਿਆ ਹੈ, ਜੋ ਪੰਡਤਾਂ ਵੱਲੋਂ ਬਣਾਈਆਂ ਜਨਮ ਕੁੰਡਲੀਆਂ ਵਾਂਗ ਹੀ ਭਰਮਾਊ ਹੈ। ਇਹ ਇੰਟਰਨੈੱਟ ਯੁੱਗ ਦੇ ਨਵੇਂ ਜੋਤਸ਼ੀ ਕੰਪਿਊਟਰ ਵਿਚ ਜਨਮ ਤਾਰੀਖ, ਸਮਾਂ ਤੇ ਸਥਾਨ ਆਦਿ ਜਾਣਕਾਰੀਆਂ ਫੀਡ ਕਰਕੇ ਤਿਆਰ ਕੀਤੀਆਂ ਜਨਮ ਕੁੰਡਲੀਆਂ ਰਾਹੀਂ ਲੋਕਾਂ ਦਾ ਭਵਿੱਖ ਦੱਸਣ ਦਾ ਦਾਅਵਾ ਕਰਦੇ ਹਨ। ਪਿੰਡ ਰੌਣਕੀ ਖੇੜੇ ਦੀ ਫਿਰਨੀ 'ਤੇ ਵੀ ਅਜਿਹੀ ਦੁਕਾਨ ਖੁੱਲ੍ਹੀ ਹੈ, ਜੋ ਇੰਟਰਨੈੱਟ ਜਨਮ ਪੱਤਰੀਆਂ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਜੇ ਅਨਪੜ੍ਹ ਲੋਕਾਂ ਕੋਲ ਆਪਣੇ ਜਨਮ ਤਰੀਕ ਤੇ ਹੋਰ ਲੋੜੀਂਦੀਆਂ ਜਾਣਕਾਰੀਆਂ ਨਾ ਵੀ ਹੋਣ ਤਾਂ ਇਹ ਜੋਤਸ਼ੀ ਗਾਹਕ ਨੂੰ ਭੱਜਣ ਨਹੀਂ ਦਿੰਦੇ ਸਗੋਂ ਆਪਣੇ ਕੋਲੋਂ ਹੀ ਕੰਪਿਊਟਰ ਵਿਚ ਅੰਕੜੇ ਫੀਡ ਕਰਕੇ ਫਰਜ਼ੀ ਜਨਮ ਪੱਤਰੀਆਂ ਤਿਆਰ ਕਰਕੇ ਆਪਣੀ ਲੁੱਟ ਜਾਰੀ ਰੱਖਦੇ ਹਨ। ਨਾਵਲ ਆਪਣੇ ਪਾਠਕਾਂ ਦੇ ਜ਼ਰੀਏ ਇਸ ਸੰਦੇਸ਼ ਨੂੰ ਅੱਗੇ ਤੋਰਦਾ ਹੈ ਕਿ ਲੋਕ ਜਨਮ ਕੁੰਡਲੀਆਂ ਦੇ ਚੱਕਰ ਵਿਚ ਪੈਣ ਦੀ ਬਜਾਏ ਆਪਣੇ ਜੀਵਨ ਦੀ ਵਿਉਂਤਬੰਦੀ ਵਿਗਿਆਨ ਤੇ ਤਰਕ ਅਨੁਸਾਰ ਕਰਕੇ ਆਪਣਾ ਭਵਿੱਖ ਆਪ ਸਿਰਜਣ ਦਾ ਰਾਹ ਅਪਨਾਉਣ।

ਇਸ ਨਾਵਲ ਦੀ ਅੰਤਿਕਾ ਆਖਦੀ ਹੈ ਕਿ ਅੰਧ-ਵਿਸ਼ਵਾਸ ਅਤੇ ਪਾਖੰਡ ਨੂੰ ਫੈਲਾਉਣ ਦਾ ਇਕ ਮਾਤਰ ਸਾਧਨ ਧਰਮ ਹੈ। ਮੇਰੇ ਵਿਚਾਰ ਵਿਚ ਸਾਡੇ ਪੁਰਖਿਆਂ ਨੇ ਮਨੁੱਖੀ ਜੀਵਨ ਨੂੰ ਨੈਤਿਕ, ਸਦਾਚਾਰਕ ਤੇ ਮਾਨਵੀ ਕੀਮਤਾਂ ਦੇ ਅਨੁਸਾਰੀ ਮਾਰਗ 'ਤੇ ਤੋਰਨ ਲਈ ਹੀ ਧਰਮ ਨਾਂਅ ਦੇ ਸੰਕਲਪ ਦੀ ਘਾੜਤ ਘੜੀ ਸੀ। ਧਰਮ ਦੇ ਮੂਲ ਤੇ ਬੁਨਿਆਦੀ ਸਿਧਾਂਤ ਮਾਨਵਤਾ ਪੱਖੀ ਹੀ ਹੁੰਦੇ ਹਨ, ਪਰ ਧਰਮ ਨੂੰ ਸੰਸਥਾਗਤ ਰੂਪ ਦੇ ਕੇ ਧਰਮ ਨੂੰ ਸੱਤਾ ਵਿਚ ਤਬਦੀਲ ਕਰਨ ਵਾਲੇ ਲੋਕਾਂ ਵੱਲੋਂ ਕੀਤੀ ਧਰਮ ਦੀ ਗਲਤ ਵਿਆਖਿਆ ਹੀ ਅੰਧ-ਵਿਸ਼ਵਾਸਾਂ ਦੀ ਜਨਮ ਦਾਤੀ ਬਣਦੀ ਹੈ। ਚਲਾਕ ਲੋਕ ਜੇ ਧਰਮ ਦੀ ਗਲਤ ਵਿਆਖਿਆ ਕਰਕੇ ਅੰਧ-ਵਿਸ਼ਵਾਸ ਫੈਲਾਉਂਦੇ ਹਨ ਤਾਂ ਤਰਕਸ਼ੀਲਾਂ ਦੀ ਲੜਾਈ ਧਰਮ ਦੇ ਇਨ੍ਹਾਂ ਠੇਕੇਦਾਰਾਂ ਵੱਲੋਂ ਕੀਤੀ ਗਲਤ ਵਿਆਖਿਆ ਨਾਲ ਬਣਦੀ ਹੈ, ਧਰਮ ਨਾਲ ਨਹੀਂ। ਨਾਵਲ ਦੀ ਇਹ ਪਹੁੰਚ ਪੂਰੀ ਤਰ੍ਹਾਂ ਦਰੁੱਸਤ ਹੈ ਕਿ ਸਿੱਖਿਆ ਸਾਡੇ ਮਸਤਕ 'ਚ ਉਗਮਿਆ ਚਾਨਣ ਦਾ ਬਸਤਾ ਹੈ ਤੇ ਇਹ ਚਾਨਣ ਇਕ ਦਿਨ ਸਾਡੀ ਵਿਵਹਾਰਿਕਤਾ ਵਿਚ ਅਜਿਹੀ ਤਬਦੀਲੀ ਜ਼ਰੂਰ ਲਿਆਵੇਗਾ ਕਿ ਅੰਧ-ਵਿਸ਼ਵਾਸਾਂ ਦਾ ਹਨੇਰਾ ਪੂਰੀ ਤਰ੍ਹਾਂ ਖਤਮ ਹੋ ਜਾਵੇ।

ਨਾਵਲ ਦੀ ਸੰਗਠਨਾਤਮਕ ਬੁਣਤ ਤੇ ਬਣਤਰ ਵਿਚਲੀਆਂ ਸਾਰੀਆਂ ਘਟਨਾਵਾਂ ਪਾਠਕੀ ਮਾਨਸਿਕਤਾ 'ਤੇ ਬੱਝਵਾਂ ਪ੍ਰਭਾਵ ਪਾਉਣ ਵਾਲੀਆਂ ਹਨ। ਤਰਕਸ਼ੀਲ ਲਹਿਰ ਦਾ ਇਤਿਹਾਸ ਵਧੇਰੇ ਪੁਰਾਣਾ ਨਹੀਂ ਹੈ ਤੇ ਇਸ ਲਹਿਰ ਦੇ ਸੂਤਰਧਾਰ ਵੀ ਅਜੇ ਜੀਵੰਤ ਰੂਪ ਵਿਚ ਸਾਡੇ ਕੋਲ ਮੌਜੂਦ ਹਨ, ਇਸ ਲਈ ਇਹ ਨਾਵਲ ਇਸ ਲਹਿਰ ਦੀ ਇਤਿਹਾਸਕ ਪੇਸ਼ਕਾਰੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖ ਸਕਣ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। ਡੇਰਾ ਬਾਬਾ ਕੁੰਭ ਦਾਸ ਨਾਲ ਜੁੜੇ ਬਿਰਤਾਂਤ ਦਾ ਗਲਪੀਕਰਨ ਕਰਨ ਵੇਲੇ ਲੇਖਕ ਦੀ ਕਲਪਨਾ ਨੇ ਵੀ ਆਪਣਾ ਚੰਗਾ ਰੰਗ ਵਿਖਾਇਆ ਹੈ। ਭਾਵੇਂ ਨਾਵਲ ਦੇ ਸ਼ੁਰੂ ਵਿਚ ਮੰਦਬੁੱਧੀ ਵਿਖਾਈ ਦਿੰਦੇ ਤੇ ਚੰਗੀ ਤਰ੍ਹਾਂ ਬੋਲ ਵੀ ਨਾ ਸਕਦੇ ਬਾਬੇ ਕੁੰਭ ਦਾਸ ਦੇ ਬਿਨਾਂ ਕਿਸੇ ਡਾਕਟਰੀ ਇਲਾਜ ਤੋਂ ਅਤਿਅੰਤ ਚੁਸਤ ਚਲਾਕ ਤੇ ਢੌਂਗੀ ਬਾਬੇ ਵਿਚ ਪਰਵਰਤਿਤ ਹੋਣ ਦੀ ਗੱਲ ਤਰਕ ਦੀ ਕਸਵੱਟੀ 'ਤੇ ਘੱਟ ਖਰਾ ਉਤਰਦੀ ਹੈ ਪਰ ਡੇਰੇ ਦੇ ਬਾਕੀ ਕਾਰ-ਵਿਹਾਰ ਨੂੰ ਨਾਵਲਕਾਰ ਨੇ ਬੜੇ ਯਥਾਰਥਕ ਰੂਪ ਵਿਚ ਰੂਪਮਾਨ ਕੀਤਾ ਹੈ। ਇਸ ਨਾਵਲ ਦੇ ਪਾਤਰਾਂ ਦਾ ਆਪਸੀ ਵਾਰਤਾਲਾਪ, ਬੋਲੀ ਤੇ ਸ਼ੈਲੀ ਮਿਲ ਕੇ ਪੰਜਾਬ ਦੇ ਮਲਵਈ ਉਪ ਸੱਭਿਆਚਾਰ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਨ ਵਾਲੇ ਇਕ-ਦੋ ਥਾਈਂ ਲੇਖਕ ਨੇ ਆਪਣੇ ਪਿੰਡ ਮਘਾਣੀਆਂ ਦੇ ਕੁਝ ਲੋਕਾਂ ਵੱਲੋਂ ਬੋਲੀ ਜਾਂਦੀ ਬਾਂਗਰੂ ਬੋਲੀ ਦੀ ਵਰਤੋਂ ਵੀ ਬੜੇ ਸੁਚੱਜੇ ਢੰਗ ਨਾਲ ਕੀਤੀ ਹੈ। ਤਰਕਸ਼ੀਲ ਲਹਿਰ ਦੇ ਮੁੱਢਲੇ ਇਤਿਹਾਸ ਨੂੰ ਉਸ ਦੀਆਂ ਪ੍ਰਾਪਤੀਆਂ, ਚੁਣੌਤੀਆਂ ਤੇ ਸੰਭਾਵਨਾਵਾਂ ਸਮੇਤ ਸੰਭਾਲਣ ਵਾਲੇ ਇਸ ਦਿਲਚਸਪ ਨਾਵਲ ਦਾ ਮੈਂ ਪੁਰਜ਼ੋਰ ਸਵਾਗਤ ਕਰਦਾ ਹਾਂ।

**ਮੋਬਾ. 89682-82700**

# ਡਾਕਟਰ ਵਿਲੀਅਮ ਕੇਰੀ-ਪਹਿਲੀ ਪੰਜਾਬੀ ਗਰਾਮਰ ਦਾ ਖ਼ਾਲਿਕ

ਸੱਯਦ ਸਿਬਤਲ ਹਸਨ ਜ਼ੈਗ਼ਮ

ਲਿੱਪੀਅੰਤਰ : ਜੋਗਿੰਦਰ ਪਾਲ ਮਾਨ

ਆਜ਼ਾਦੀ ਅਗਸਤ 1947 ਈ. ਦੇ ਪਿੱਛੋਂ ਪਾਕਿਸਤਾਨ ਵਿੱਚ ਛਪਣ ਵਾਲੀਆਂ ਪੰਜਾਬੀ ਕਿਤਾਬਾਂ ਦੀ ਬਿਬਲੋਗ੍ਰਾਫ਼ੀ ਤਰਤੀਬ (1973) ਦਿੰਦਿਆਂ ਹੋਇਆਂ ਇਸ ਮਸਲੇ ਦਾ ਜਵਾਬ ਲੱਭਣ ਦੀ ਲੋੜ ਕੁਦਰਤੀ ਸੀ ਕਿ ਪੰਜਾਬੀ ਜ਼ੁਬਾਨ ਦੀ ਉਸ ਪਹਿਲੀ ਕਿਤਾਬ ਦਾ ਕੀ ਨਾਂਅ ਸੀ, ਜਿਹੜੀ ਛਾਪੀ ਗਈ। ਉਸ ਦਾ ਸਿਰਜਣਹਾਰ, ਲੇਖਕ ਜਾਂ ਮੁਰੱਤਿਬ ਜਾਂ ਮੁਤਰਜਿਮ (ਤਰਤੀਬਕਾਰ ਤੇ ਅਨੁਵਾਦਕ) ਕੌਣ ਸੀ ਤੇ ਕਿਸ ਵਰ੍ਹੇ ਕਿਸ ਪ੍ਰੈੱਸ ਤੋਂ ਛਾਪੀ ਗਈ। ਇਸ ਖੋਜ ਵਿੱਚ ਇੱਕ ਮੁਢਲਾ ਸੋਮਾ ਛੇਤੀ ਹੀ ਮਿਲ ਗਿਆ, ਜਿਹਦੇ ਵਿੱਚ ਪੰਜਾਬੀ ਵਿੱਚ ਸਭ ਤੋਂ ਪਹਿਲਾਂ ਛਪਣ ਵਾਲੀਆਂ ਦੋ ਕਿਤਾਬਾਂ ਦਾ ਵੇਰਵਾ ਇੰਜ ਦਿੱਤਾ ਗਿਆ ਸੀ–

The hold bible. Containing the old and new testments, translated from the original into the punjabee language.by Serampore Missioneries. Printed at the Missionery Press six 840,900 PP 416, col II, "Early indian Imprints" By Katherine Smith. Diehl, the Scarecrow press, INC Newyork & London, 1964.

ਬਾਹਵਾਲਾ ਪੰਜਾਬੀ ਕਿਤਾਬੇਂ ਹਿੱਸਾ ਅੱਵਲ, ਸਫ਼ਾ 18–19, ਨੈਸ਼ਨਲ ਬੁੱਕ ਸੈਂਟਰ ਆਫ਼ ਪਾਕਿਸਤਾਨ, ਲਾਹੌਰ, ਸਤੰਬਰ 1973.

(ਤਰਜਮਾ) "ਮੁਕੱਦਸ ਦਾ ਤਰਜਮਾ" ਜਿਹਦੇ ਵਿੱਚ ਨਵਾਂ ਅਤੇ ਪੁਰਾਣਾ ਅਹਿਦਨਾਮਾ ਮੌਜੂਦ ਨੇ। ਸੀਰਾਮਪੁਰ ਦੇ ਮਿਸ਼ਨਰੀਆਂ ਨੇ ਅਸਲ ਤੋਂ ਪੰਜਾਬੀ ਵਿੱਚ ਤਰਜਮਾ ਕਰਕੇ 1811 ਈ. ਵਿੱਚ ਮਿਸ਼ਨਰੀ ਪ੍ਰੈੱਸ ਤੋਂ ਛਾਪਿਆ।"

ਕੈਥਰੀਨ ਸਮਿੱਥ ਨੇ ਇਸ ਦਾ ਤਰਜਮਾ ਕਰਨ ਵਾਲੇ ਦਾ ਵੇਰਵਾ ਕਰਦਿਆਂ ਹੋਇਆਂ ਲਿਖਿਆ ਏ ਕਿ, "ਆਘੂ ਰਾਮ ਨੇ ਜਿਹੜਾ ਸਿੱਖ ਪੰਡਤ ਸੀ। ਗ਼ਾਲਿਬਨ ਬਾਈਬਲ ਦਾ ਤਰਜਮਾ ਸੀਰਾਮਪੁਰ ਦੇ ਮਿਸ਼ਨਰੀਆਂ ਵਾਸਤੇ ਤਰਜਮਾ ਕੀਤਾ। ਅਸਲ ਇਬਾਰਤ ਇੰਜ ਏ–

Aghuram, Sikl Pandit, was probably did the Bilbical translation to Punjabee for Sorampore mission eries. 900,944. PP454, Col II, Early Indian imprinst.

ਕੈਥਰਾਈਨ ਸਮਿੱਥ ਨੇ ਏਸ ਕਿਤਾਬ ਵਿੱਚ ਇੱਕ ਹੋਰ ਜਾਣਕਾਰੀ ਵੀ ਦਿੱਤੀ ਏ ਕਿ ਪੰਜਾਬੀ ਦੀ ਦੂਜੀ ਛਪਣ ਵਾਲੀ ਕਿਤਾਬ ਕਿਹੜੀ ਸੀ। ਉਸ ਦੇ ਲਿਖਣ ਮੂਜ਼ਬ ਦੂਜੀ ਕਿਤਾਬ ਪੰਜਾਬੀ ਜ਼ੁਬਾਨ ਦੀ ਗਰਾਮਰ ਸੀ ਜਿਹੜੀ ਵਿਲੀਅਮ ਕੇਰੀ ਹੋਰਾਂ ਤਰਤੀਬ ਦਿੱਤੀ ਤੇ 1812 ਈ. ਵਿੱਚ ਛਾਪੀ। ਜਿਹਦਾ ਵੇਰਵਾ ਇੰਜ ਦਿੱਤਾ ਏ–

Carcey, William. A grammar of the Punjabee language. Serampore printed at mission press, 1822. 8-0 (P) 72. preface PP. III-iy, W. Carey. Seran Pore. May 1812. PP-126-127-Early Indian imprints.

ਸਫ਼ਾ 19–20 ਪੰਜਾਬੀ ਕਿਤਾਬੇਂ, ਨੈਸ਼ਨਲ ਬੁੱਕ ਸੈਂਟਰ ਲਾਹੌਰ, ਸਤੰਬਰ, 1973.

ਏਹਨਾਂ ਹਵਾਲਿਆਂ ਨੂੰ ਵਾਚਣ ਪਿੱਛੋਂ ਵਿਲੀਅਮ ਕੇਰੀ ਬਾਰੇ ਖੋਜ ਕਰਨ ਦੀ ਲੋੜ ਪਈ। ਫ਼ਿਰੋਜ਼ ਸੰਨਜ਼ ਦਾ ਤਰਤੀਬ ਦਿੱਤਾ ਹੋਇਆ ਇਨਸਾਈਕਲੋਪੀਡੀਆ (ਸਫ਼ਾ 1252, ਲਾਹੌਰ, 1988) ਫਰੋਲਿਆ ਤੇ ਕੁਝ ਹੋਰ ਗੱਲਾਂ ਦੇ ਬਾਰੇ ਪਤਾ ਚੱਲਿਆ ਕਿ ਵਿਲੀਅਮ ਕੇਰੀ (1761–1834) ਆਪਣੀ ਖੋਜ ਦੀ ਮਹਾਨਤਾ ਦੀ ਵਜ੍ਹਾ ਕਰਕੇ ਪੀ.ਐੱਚ.ਡੀ. ਦੇ ਹੱਕਦਾਰ ਵੀ ਸਮਝੇ ਗਏ। ਉਹਨਾਂ 1794 ਈ. ਵਿੱਚ ਸੁੰਦਰਬਨ ਵਿੱਚ ਨੀਲ ਬੀਜਣ ਵਿੱਚ ਪਹਿਲ ਕੀਤੀ। ਪਹਿਲਾਂ ਬੰਗਾਲੀ ਵਿੱਚ ਤੇ ਪਿੱਛੋਂ ਚਾਲ੍ਹੀਆਂ ਹੋਰ ਜ਼ੁਬਾਨਾਂ ਵਿੱਚ ਬਾਈਬਲ ਦਾ ਤਰਜਮਾ ਕੀਤਾ। ਵੱਖ–ਵੱਖ ਜ਼ੁਬਾਨਾਂ ਦੀਆਂ ਡਿਕਸ਼ਨਰੀਆਂ ਤੇ ਗਰਾਮਰਾਂ ਵੀ ਤਰਤੀਬ ਦਿੱਤੀਆਂ। ਰਾਮਾਇਣ ਦਾ ਵੀ ਅੰਗਰੇਜ਼ੀ ਵਿੱਚ ਤਰਜਮਾ ਕੀਤਾ। ਫੋਰਟ ਵਿਲੀਅਮ ਕਾਲਜ ਵਿੱਚ 1801 ਵਿੱਚ ਬੰਗਾਲੀ, ਸੰਸਕ੍ਰਿਤ ਤੇ ਮਰਾਠੀ ਦੇ ਪ੍ਰੋਫ਼ੈਸਰ ਵੀ ਥਾਪੇ ਗਏ।

ਏਸ ਮਗਰੋਂ ਇਨਸਾਈਕਲੋਪੀਡੀਆ ਆਫ਼ ਬਰੈਟਾਨੀਕਾ ਵੱਲ ਧਿਆਨ ਜਾਣਾ ਕੁਦਰਤੀ ਗੱਲ ਸੀ। ਉਸ ਤੋਂ ਹੋਰ ਗੱਲਾਂ ਤੋਂ ਵੱਖ ਏਹ ਵੀ ਪਤਾ ਚੱਲਿਆ ਕਿ ਵਿਲੀਅਮ ਕੇਰੀ ਬੰਗਾਲੀ ਨਸਰ ਦੇ ਬਾਬਾ ਆਦਮ ਨੇ। ਕਾਲਮ ਨੰਬਰ 2 ਸਫ਼ਾ ਨੰਬਰ 825 ਜਿਲਦ ਨੰਬਰ 2–1973 ਈ. ਤੇ ਫੇਰ ਚੱਲ ਸੋ ਚੱਲ ਤੇ ਏਥੋਂ ਤੀਕ ਕਿ ਉਹਨਾਂ ਬਾਰੇ ਜਿਸ ਕਦਰ ਲੋੜੀਂਦੀ ਜਾਣਕਾਰੀ ਸੀ, ਉਹ ਸਾਰੀ ਮਿਲ ਗਈ। ਉਹਨਾਂ ਦਾ ਤਰਜਮਾ ਕੀਤੀਆਂ ਹੋਈਆਂ ਬਾਈਬਲਾਂ ਵੀ ਵੇਖਣ ਦਾ ਮੌਕਾ ਮਿਲ ਗਿਆ ਤੇ ਪੰਜਾਬੀ ਜ਼ੁਬਾਨ ਦੀ ਪਹਿਲੀ ਛਪੀ ਗਰਾਮਰ ਦੀ ਜ਼ਿਆਰਤ ਵੀ ਹੋ ਗਈ।

ਏਸ ਬਾਰੇ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਉਹ ਈਸਾਈ ਮਜ਼ਹਬ ਦੇ ਉਹਨਾਂ ਮੁਢਲੇ ਪ੍ਰਚਾਰਕਾਂ ਵਿੱਚੋਂ ਸਨ, ਜਿਹਨਾਂ ਈਸਾਈ ਮਜ਼ਹਬ ਦੀ ਤਬਲੀਗ਼ ਵਾਸਤੇ ਮਾਦਰੀ ਜ਼ੁਬਾਨਾਂ ਨੂੰ ਸਭ ਤੋਂ ਵੱਡਾ ਮੁੱਢਲਾ ਤੇ ਅਹਿਮ ਜ਼ਰੀਆ ਜਾਣਿਆ ਤੇ ਦੂਜੀਆਂ ਕਈ ਦਰਜਨ ਬੋਲੀਆਂ ਤੇ ਜ਼ੁਬਾਨਾਂ ਦੇ ਨਾਲ–ਨਾਲ ਹੀ ਉਹਨਾਂ ਪੰਜਾਬੀ ਜ਼ੁਬਾਨ ਵਿੱਚ ਅੰਜੀਲ ਛਾਪਣ ਦਾ ਮਾਣ ਹਾਸਲ ਕੀਤਾ। ਹਾਲਾਂਕਿ ਉਹਨਾਂ ਨੂੰ ਪੰਜਾਬ ਆਵਣ ਦਾ ਅਵਸਰ ਨਹੀਂ ਮਿਲਿਆ। ਪੂਰੀ ਹਯਾਤੀ ਬੰਗਾਲ ਵਿੱਚ ਖ਼ਾਸਕਰ ਕਲਕੱਤਾ ਸੀਰਾਮਪੁਰ ਵਿੱਚ ਬਿਤਾਅ ਦਿੱਤੀ। ਸ਼ਾਇਦ ਏਹ ਹੀ ਕਾਰਨ ਏ ਕਿ ਉਹਨਾਂ ਕੋਲੋਂ ਪੰਜਾਬੀ ਜ਼ੁਬਾਨ ਬਾਰੇ ਕੁਝ ਵੱਡੀਆਂ ਭੁੱਲਾਂ ਵੀ ਵਾਪਰੀਆਂ, ਜਿਹਨਾਂ ਬਾਰੇ ਥਾਂ ਸਿਰ ਵੇਰਵਾ ਦਿੱਤਾ ਜਾਵੇਗਾ।

ਵੱਡੀ ਗੱਲ ਤੇ ਇਹ ਹੈ ਕਿ ਉਹਨਾਂ 11 ਨਵੰਬਰ 1793 ਨੂੰ ਸਮੁੰਦਰੀ ਜਹਾਜ਼ ਤੋਂ ਉੱਤਰ ਕੇ ਕਲਕੱਤਾ ਦੀ ਜੂਹ ਵਿੱਚ ਪੈਰ ਰੱਖਿਆ। ਤੇ ਮਈ 1812 ਈ. ਵਿੱਚ ਦੂਜੇ ਲਫ਼ਜ਼ਾਂ ਵਿੱਚ ਉਹਨਾਂ ਬੰਗਾਲ ਵਿੱਚ ਅਪੜਨ ਤੋਂ ਅਠਾਰਾਂ ਵਰ੍ਹੇ ਸਾਢੇ ਛੇ ਮਹੀਨੇ ਪਿੱਛੋਂ ਪੰਜਾਬੀ ਜ਼ੁਬਾਨ ਦੀ ਗਰਾਮਰ ਤਰਤੀਬ ਦਿੱਤੀ ਤੇ ਉਹਨੂੰ ਛਾਪ ਕੇ ਆਪਣੇ ਪੰਜਾਬੀ ਜ਼ੁਬਾਨਸ਼ਨਾਸ ਹੋਣ ਦਾ ਅਮਲੀ ਸਬੂਤ ਦਿੱਤਾ। ਏਸ ਤੋਂ ਉਹਨਾਂ ਦੀ ਜ਼ਬਾਨਦਾਨੀ ਬਾਰੇ ਗਿਆਨ ਹੁੰਦਾ ਏ ਕਿ ਉਹ ਏਸ ਖੇਤਰ ਵਿੱਚ ਕਿਸ ਵਡਿਆਈ ਦੇ ਪਾਤਰ ਸਨ। ਅਣਗਿਣਤ ਬੋਲੀਆਂ (ਉਪ ਭਾਸ਼ਾਵਾਂ) ਰੱਖਣ ਵਾਲੀ ਪੰਜਾਬੀ ਜ਼ੁਬਾਨ ਬਾਰੇ ਉਹਨਾਂ ਦੀਆਂ ਭੁੱਲਾਂ ਗੈਰ ਕੁਦਰਤੀ ਨਹੀਂ ਸਨ। ਕਈ ਟਪਲ਼ਿਆਂ ਦੇ ਬਾਵਜੂਦ ਪੰਜਾਬੀ ਸ਼ਨਾਸੀ ਦੀਆਂ ਉਹਨਾਂ ਜਿਹੜੀਆਂ ਪੀਡੀਆਂ ਨੀਹਾਂ ਰੱਖੀਆਂ ਨੇ, ਏਸ ਪੱਖੋਂ ਨਵੀਂ ਇਮਾਰਤ ਉਸਾਰਨ ਵਾਲੇ ਹਰ ਜ਼ੁਬਾਨਦਾਨ ਨੇ ਉਹਨਾਂ ਦੀ ਰੱਖੀ ਹੋਈ ਇੱਟ ਉੱਤੇ ਇੱਟ ਰੱਖੀ ਤੇ ਉਹਨਾਂ ਕਾਨੂੰਨਾਂ ਦੀ ਹੀ ਪਾਲਣਾ ਕੀਤੀ, ਜਿਹੜੇ ਪੰਜਾਬੀ ਜ਼ੁਬਾਨਸ਼ਨਾਸੀ ਦੇ ਹਵਾਲੇ ਨਾਲ ਵਿਲੀਅਮ ਕੇਰੀ ਹੋਰਾਂ ਡੌਲ੍ਹੇ ਸਨ ਤੇ ਹੁਣ ਤੀਕ ਪੰਜਾਬੀ ਜ਼ੁਬਾਨਦਾਨੀ ਜਾਂ ਪੰਜਾਬੀ ਜ਼ੁਬਾਨਸ਼ਨਾਸੀ ਬਾਰੇ ਸਵਾ ਦੋ ਸੌ ਤੋਂ ਵੱਧ ਕਿਤਾਬਾਂ ਛਪ ਚੁੱਕੀਆਂ ਨੇ, ਜਿਹਨਾਂ ਦੇ ਲਿਖਣਹਾਰ ਪੂਰੇ ਪੰਜਾਬੀ ਜਗਤ ਵਿੱਚ ਫੈਲੇ ਹੋਏ ਨੇ ਪਰ ਉਹ ਪਹਿਲੇ ਮਨੁੱਖ ਵਿਲੀਅਮ ਕੇਰੀ ਹੀ ਨੇ ਜਿਹਨਾਂ ਦੀ ਤਰਤੀਬ ਦਿੱਤੀ ਹੋਈ ਪੰਜਾਬੀ ਗਰਾਮਰ ਦਾ ਉੱਪਰ ਹਵਾਲਾ ਦਿੱਤਾ ਹੈ।

ਏਥੇ ਏਸ ਗੱਲ ਦਾ ਵੇਰਵਾ ਕੁਥਾਂ ਨਾ ਹੋਵੇਗਾ ਕਿ ਸਿੰਧੀ ਬੋਲੀ ਦੀ ਮੌਜੂਦਾ ਲਿੱਪੀ ਵੀ ਇੱਕ ਅੰਗਰੇਜ਼ੀ ਐਕਸਟਰਾ ਕਮਿਸ਼ਨਰ ਹੀ ਨੇ ਡੌਲ਼ੀ ਜਿਹਦਾ ਤਫ਼ਸੀਲੀ ਵੇਰਵਾ "ਨਾਉਮਲ ਪੇਪਰਜ਼" ਅਤੇ ਈਸਹੁਵਿਕ ਦੀ ਮਸ਼ਹੂਰ ਕਿਤਾਬ Dry Leaves from young Egypt" ਪੜ੍ਹਨ ਦੇ ਪਿੱਛੋਂ ਕੀਤਾ ਜਾ ਸਕਦਾ ਏ। ਅੰਤਲੀ ਕਿਤਾਬ ਦਾ ਉਰਦੂ ਤਰਜਮਾ "ਇਬਰਤਨਾਮਾ ਸਿੰਧ" ਦੇ ਨਾਂਅ ਨਾਲ ਕਈ ਵਾਰ ਛਪ ਚੁੱਕਿਆ ਏ, ਜਿਹੜਾ ਕਿ ਸੱਯਿਦ ਜ਼ਾਮਨ ਅਲੀ ਕਨਤੂਰੀ ਦੀ ਮਿਹਨਤ ਦਾ ਸਿੱਟਾ ਏ। ਜਿਹਨਾਂ ਮੂਜ਼ਬ ਸਿੰਧੀ ਲਿੱਪੀ ਦੇ ਘੜਨ ਦਾ ਸਾਲ 1862 ਈ. ਏ। ਜਦੋਂ ਲਿੱਪੀ ਈ 19ਵੀਂ ਸਦੀ ਦੇ ਅੱਧ ਦੇ ਪਿੱਛੋਂ ਡੌਲ਼ੀ ਗਈ ਉਸ ਦਾ ਲਿਟਰੇਚਰ ਤੇ ਉਸ ਦੀ ਜ਼ੁਬਾਨਸ਼ਨਾਸੀ ਦੇ ਕਾਨੂੰਨ ਤੇ ਹੋਰ ਵੀ ਪਿੱਛੋਂ ਵਜੂਦ ਵਿੱਚ ਆਏ ਹੋਣਗੇ। ਏਸ ਲਿੱਪੀ ਬਣਨ ਤੋਂ ਪਹਿਲਾਂ ਸਿੰਧੀ ਲਿਟਰੇਚਰ ਜਿੰਨਾ ਵੀ ਸੀ ਜਾਂ ਉਹ ਪੰਜਾਬੀ ਲਿੱਪੀ ਵਿੱਚ ਲਿਖਿਆ ਜਾਂਦਾ ਸੀ ਜਾਂ ਲੰਡਿਆਂ ਵਿੱਚ। ਕਿਉਂ ਜੋ ਇਹ ਲੇਖ ਪੰਜਾਬੀ ਤੇ ਸਿੰਧੀ ਗਰਾਮਰਾਂ ਅਤੇ ਜ਼ੁਬਾਨਸ਼ਾਨਾਸੀ ਦੇ ਕਾਨੂੰਨਾਂ ਦੇ ਡੌਲਣ ਸਿੰਧੀ ਲਿਟਰੇਚਰ ਦੇ ਵੇਰਵੇ ਬਾਰੇ ਨਹੀਂ, ਸਗੋਂ ਵਿਲੀਅਮ ਕੇਰੀ ਬਾਰੇ ਵੱਧ ਤੋਂ ਵੱਧ ਜਾਣਕਾਰੀ ਪੇਸ਼ ਕਰਨਾ ਮਕਸੂਦ (ਸੰਬੰਧਤ) ਏ ਜਿਹੜੇ ਪੰਜਾਬੀ ਜ਼ੁਬਾਨ ਦੇ ਵੀ ਵੱਡੇ ਮੁਹਿਸਨਾਂ (ਮਦਦਗਾਰ) ਵਿੱਚ ਸ਼ਾਮਲ ਨੇ। ਏਸ ਲਈ ਸਿੰਧੀ ਲਿੱਪੀ, ਸਿੰਧੀ ਜ਼ੁਬਾਨਦਾਨੀ ਦਾ ਵਿਕਾਸ ਤੇ ਨਿਕਾਸ ਬਾਰੇ ਫੇਰ ਕਦੇ ਖੁੱਲ੍ਹ ਕੇ ਵਿਚਾਰ–ਵਟਾਂਦਰਾ ਕਰਨ ਦਾ ਮੌਕਾ ਕੱਢਾਂਗੇ।

ਇਹ ਦਰਵੇਸ਼ ਈਸਾਈ ਮਿਸ਼ਨਰੀ ਵਸਤੀ ਇੰਗਲਸਤਾਨ ਦੇ ਇੱਕ ਪਿੰਡ ਪੋਲਰਜ਼ਪੁਰੀ (Pauelrispuri) ਵਿੱਚ 17 ਅਗਸਤ 1761 ਈ ਨੂੰ ਜੰਮਿਆ। ਏਹ ਇਲਾਕਾ ਆਪਣੀ ਮਰਦਮਖ਼ੇਜ਼ੀ ਲਈ ਪਹਿਲਾਂ ਹੀ ਮਸ਼ਹੂਰ ਸੀ। ਸ਼ੈਕਸਪੀਅਰ, ਜਾਹਨ ਹੋਕਰ, ਵਕੱਲਫ਼, ਜਾਰਜ ਫ਼ੁਕਸ, ਜਾਨ ਬੈਨਨੀਨ, ਜਾਨ ਮੈਸਨ, ਡਾਡਰਿਜ, ਜਾਨ ਨਿਊਟਨ ਅਤੇ ਟਾਮਸ ਸਕਾਟ ਵਰਗੀਆਂ ਮਸ਼ਹੂਰ ਹਸਤੀਆਂ ਨੂੰ ਵੀ ਉਸੇ ਫ਼ਿਜ਼ਾ ਤੇ ਇਲਾਕਾ ਵਿੱਚ ਜੰਮਣ, ਜਵਾਨ ਹੋਣ ਤੇ ਸਾਹ ਲੈਣ ਦਾ ਮਾਣ ਹਾਸਲ ਹੋਇਆ। ਜਿਸ ਵਿੱਚ ਅਠਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਅੰਦਰ ਏਹ ਮਹਾਨ ਜ਼ੁਬਾਨਸ਼ਨਾਸ ਪੈਦਾ ਹੋਏ।

ਵਿਲੀਅਮ ਕੇਰੀ ਦਾ ਦਾਦਾ ਪੀਟਰ ਕੇਰੀ ਏਸ ਖ਼ਾਨਦਾਨ ਦਾ ਪਹਿਲਾ ਮਨੁੱਖ ਸੀ, ਜਿਹੜਾ ਪੋਲਰਜ਼ਪੁਰੀ ਵਿੱਚ ਜਾ ਵਸਿਆ ਤੇ ਢਿੱਡ ਦਾ ਦੋਜ਼ਖ਼ ਭਰਨ ਲਈ ਖੱਡੀਆਂ ਲਾ ਕੇ ਜੀਵਨ ਵਿਹਾਰ ਦੀ ਨੀਂਹ ਰੱਖੀ। ਵਿਲੀਅਮ ਕੇਰੀ ਦੇ ਵਾਲਿਦ ਐਡਮੰਡ ਕੇਰੀ ਨੇ ਬੜੀ ਮਿਹਨਤ ਕੀਤੀ। ਪੜ੍ਹਾਈ ਵੀ ਜਾਰੀ ਰੱਖੀ ਤੇ ਪਿਉ ਦੇ ਕੰਮ ਨੂੰ ਵੀ ਅੱਗੇ ਵਧਾਇਆ। ਕਿਉਂ ਜੋ ਐਡਮੰਡ ਦਾ ਵਾਲਿਦ ਪੀਟਰ ਕੇਰੀ 17 ਅਗਸਤ 1743 ਈ. ਵਿੱਚ ਸਦੀਵੀ ਵਿਛੋੜਾ ਦੇ ਗਿਆ, ਜਦੋਂ ਕਿ ਐਡਮੰਡ ਹਾਲੇ ਸੱਤਾਂ ਵਰ੍ਹਿਆਂ ਦਾ ਸੀ।

ਵਿਲੀਅਮ ਕੇਰੀ ਆਪਣੇ ਭੈਣਾਂ–ਭਰਾਵਾਂ ਵਿੱਚੋਂ ਸਭ ਤੋਂ ਵੱਡਾ ਸੀ। ਉਸ ਜ਼ਮਾਨੇ ਵਿੱਚ ਯੂਰਪ ਵਿੱਚ ਕੋਈ ਮਨੱਜ਼ਮ ਤਾਲੀਮੀ ਸਿਸਟਮ ਹਾਲੇ ਰਾਇਜ ਨਹੀਂ ਹੋਇਆ ਸੀ। ਸਗੋਂ ਇੱਕ ਐਜੂਕੇਸ਼ਨ ਸਿਸਟਮ ਦੀਆਂ ਨੀਹਾਂ ਉਸਰ ਰਹੀਆਂ ਸਨ। ਨਵੇਂ–ਨਵੇਂ ਤਜਰਬੇ ਹੋ ਰਹੇ ਸਨ। ਏਸ ਵਾਸਤੇ ਵਿਲੀਅਮ ਕੇਰੀ ਨੇ ਬਹੁਤੀ ਜਾਣਕਾਰੀ ਆਪਣੇ ਘਰ ਵਾਲਿਆਂ ਤੇ ਪਿੰਡ ਦੇ ਮਦਰੱਸੇ ਤੋਂ ਹਾਸਲ ਕੀਤੀ। ਵਿਲੀਅਮ ਕੇਰੀ ਸਿਰੜ ਦਾ ਪੱਕਾ ਸੀ ਜਿਹੜੇ ਕੰਮ ਦੇ ਪਿੱਛੇ ਪੈ ਜਾਂਦਾ, ਕਰਕੇ ਛੱਡਦਾ। ਔਕੜਾਂ ਉਹਦਾ ਰਾਹ ਕਦੇ ਵੀ ਡੱਕ ਨਾ ਸਕੀਆਂ। ਐਡਮੰਡ ਨੂੰ ਵੀ ਆਪਣੇ ਵਾਲਿਦ ਵਾਂਗ ਖੱਡੀਆਂ ਦੇ ਨਾਲ–ਨਾਲ ਮਦਰੱਸੇ ਵਿੱਚ ਖ਼ਿਦਮਤ ਸਰਅੰਜਾਮ ਦੇਣਾ ਪਈ। ਜਿਹਦੀ ਵਜ੍ਹਾ ਕਰਕੇ ਵਿਲੀਅਮ ਕੇਰੀ ਦੀ ਕਿਤਾਬ ਦੋਸਤੀ ਵਿੱਚ ਵਾਧਾ ਹੋਇਆ। ਦਰੱਖ਼ਤਾਂ, ਜਾਨਵਰਾਂ ਨਾਲ ਉਸ ਦਾ ਮੋਹ ਵੀ ਉਸ ਨੂੰ ਬਚਪਨ ਤੋਂ ਹੀ ਮਿਲਿਆ, ਜਿਹਦੇ ਵਿੱਚ ਉਦੋਂ ਉਸ ਵਿੱਚ ਹੋਰ ਵੀ ਵਾਧਾ ਹੋਇਆ ਜਦੋਂ ਉਹਦਾ ਤਾਇਆ ਪੀਟਰ ਕੇਰੀ–2 ਫ਼ੌਜੀ ਮੁਲਾਜ਼ਮਤ ਪੂਰੀ ਕਰਕੇ ਪਿੰਡ ਨੂੰ ਪਰਤਿਆ ਤੇ ਉਥੇ ਬਾਗ਼ਬਾਨੀ ਦਾ ਕੰਮ ਸ਼ੁਰੂ ਕਰ ਦਿੱਤਾ। ਜਿਹਦੇ ਵਿੱਚ ਵਿਲੀਅਮ ਕੇਰੀ ਨੇ ਉਹਨਾਂ ਦਾ ਹੱਥ ਵਟਾਣਾ ਸ਼ੁਰੂ ਕਰ ਦਿੱਤਾ ਤੇ ਪੜ੍ਹਾਈ ਦੇ ਨਾਲ–ਨਾਲ ਬਾਗ਼ਬਾਨੀ ਦੇ ਸ਼ੌਕ ਵੀ ਪੂਰੇ ਕਰਦਾ ਰਿਹਾ ਤੇ ਕਈ ਘੰਟੇ ਲਗਾਤਾਰ ਧੁੱਪ ਵਿੱਚ ਬੂਟਿਆਂ ਦੀ ਉਖਾੜ–ਪਛਾੜ ਵਿੱਚ ਬਿਤਾਵਣ ਦੀ ਵਜ੍ਹਾ ਕਰਕੇ ਕਿਸੇ ਜਿਲਦੀ ਆਵਰ (ਚਮੜੀ ਰੋਗ) ਨੇ ਉਸ ਨੂੰ ਆ ਘੇਰਾ ਘੱਤਿਆ, ਜਿਸ ਕਰਕੇ ਇਹ ਸ਼ੌਕ ਉਸ ਨੂੰ ਸੋਲਾਂ ਸਾਲ ਦੀ ਉਮਰ ਵਿੱਚ ਛੱਡਣਾ ਪਿਆ।

ਜ਼ਿੰਦਗੀ ਦਾ ਇਹ ਪਹੀਆ ਚਲਾਵਣ ਵਾਸਤੇ ਐਡਮੰਡ ਕੇਰੀ ਨੇ ਆਪਣੇ ਹੋਣਹਾਰ ਪੁੱਤਰ ਨੂੰ ਆਪਣਾ ਆਬਾਈ ਪੇਸ਼ਾ ਪਾਰਚਾਬਾਨੀ (ਜੁਲਾਹਾਗੀਰੀ) ਸਿਖਲਾਵਣ ਦੀ ਥਾਂ ਇੱਕ ਮੋਚੀ ਕੋਲ ਬਿਠਾ ਬਸਤੀ ਇੰਗਲਸਤਾਨ ਅੰਦਰ ਮੋਚੀਆਂ ਦੇ ਕੰਮ ਵਿੱਚ ਕਾਫ਼ੀ ਵਾਧਾ ਹੋਇਆ। ਨਾਲੇ ਏਸ ਵਿੱਚ ਜੁਲਾਹਿਆਂ ਦੇ ਕੰਮ ਤੋਂ ਮਜ਼ਦੂਰੀ ਵੀ ਵੱਧ ਮਿਲਦੀ ਸੀ ਤੇ ਬੂਟਸਾਜ਼ੀ ਕਾਰੋਬਾਰੀ ਤੌਰ 'ਤੇ ਵੀ ਲਾਹੇਵੰਦ ਸੀ। ਚੁਨਾਚਿ ਉਸ ਨੂੰ ਇੱਕ ਮਸ਼ਹੂਰ ਮੋਚੀ ਕੋਲ ਸ਼ਾਗਿਰਦ ਬਣਾ ਕੇ ਬਿਠਾ ਦਿੱਤਾ ਗਿਆ। ਇਹ ਕੰਮ ਵਿਲੀਅਮ ਕੇਰੀ ਨੇ ਸੋਲਾਂ ਤੋਂ ਅਠਾਈ ਸਾਲ ਦੀ ਉਮਰ ਤੀਕ ਪੂਰੇ ਬਾਰਾਂ ਵਰ੍ਹੇ ਕੀਤਾ। ਉਸ ਸਮੇਂ ਉਸ ਦੀ ਰਗ਼ਬਤ (ਰੁਚੀ) ਯੂਰਪੀ ਜ਼ੁਬਾਨਾਂ ਨੂੰ ਸਮਝਣ ਤੇ ਸਿੱਖਣ ਵੱਲ ਵਧੀ। ਚੁਨਾਚਿ ਬਾਰਾਂ ਸਾਲਾਂ ਦੀ ਉਮਰ ਵਿੱਚ ਹੀ ਲਾਤੀਨੀ, ਇਤਾਲਵੀ ਤੇ ਫ਼ਰੈਂਚ ਜ਼ੁਬਾਨਾਂ ਉੱਪਰ ਅਬੂਰ ਹਾਸਲ ਕਰਕੇ ਉਹਨਾਂ ਵਿੱਚ ਗੱਲਬਾਤ ਕਰਨ ਦੀ ਅਟਕਲ ਆਪਣੇ ਅੰਦਰ ਪੈਦਾ ਕਰਨ ਲਈ ਫੇਰ ਯੂਨਾਨੀ ਇਬਰਾਨੀ ਦੇ ਨਾਲ–ਨਾਲ ਡੈਨਿਸ਼ ਜ਼ੁਬਾਨ ਵੀ ਸਿੱਖ ਕੇ ਉਹ ਇਕ ਅੱਛਾ ਜ਼ੁਬਾਨਸ਼ਨਾਸ (ਭਾਸ਼ਾ ਮਾਹਿਰ) ਬਣ ਗਿਆ। ਜ਼ੁਬਾਨਦਾਨੀ ਦੇ ਮੁਢਲੇ ਅਸੂਲਾਂ ਦਾ ਉਸ ਨੂੰ ਗਿਆਨ ਹਾਸਲ ਹੋ ਗਿਆ। ਉਹਦੀ ਮੋਚੀ ਦੀ ਦੁਕਾਨ ਹੀ ਅਸਲ ਵਿੱਚ ਕੇਰੀ ਦੀ ਅਹਿਮ ਦਰਸਗਾਹ (ਪਾਠਸ਼ਾਲਾ) ਦਾ ਮੁਕਾਮ ਹਾਸਲ ਕਰ ਗਈ, ਕਿਉਂ ਜੋ ਮੋਚੀ ਦੇ ਕੰਮ ਦੇ ਨਾਲ–ਨਾਲ ਉਹ ਜ਼ੁਬਾਨਦਾਨੀ ਦਾ ਗਿਆਨ ਹਾਸਲ ਕਰਨ ਵਿੱਚ ਰੁੱਝਿਆ ਰਹਿੰਦਾ ਤੇ ਇਸ ਦੇ ਨਾਲ ਹੀ ਉਸ ਵਿੱਚ ਮਜ਼ਹਬ ਨਾਲ ਦਿਲਚਸਪੀ ਵੀ ਏਸ ਹੱਦ ਤੀਕ ਵਧ ਗਈ ਕਿ ਉਸ ਇਹ ਫ਼ੈਸਲਾ ਵੀ ਕਰ ਲਿਆ ਕਿ ਯੂਰਪ ਤੋਂ ਬਾਹਰ ਜਾ ਕੇ ਦੂਜੇ ਦੇਸ਼ਾਂ ਵਿੱਚ ਉਥੇ ਦੇ ਲੋਕਾਂ ਨੂੰ ਉਹਨਾਂ ਦੀਆਂ ਜ਼ੁਬਾਨਾਂ ਵਿੱਚ ਤਬਲੀਗ਼ (ਧਾਰਮਿਕ ਪ੍ਰਚਾਰ) ਕਰਕੇ ਈਸਾਈਅਤ ਨੂੰ ਫੈਲਾਇਆ ਜਾਏ। ਕਿਉਂ ਜੋ ਵਿਲੀਅਮ ਏਸ ਮੁਢਲੀ ਹਕੀਕਤ ਤੋਂ ਭਲੀ–ਭਾਂਤ ਜਾਣੂ ਸੀ ਕਿ ਪੜ੍ਹਾਈ ਦਾ ਸਭ ਤੋਂ ਵੱਡਾ ਤੇ ਸਿੱਖਿਆ ਦਾ ਅਹਿਮ ਜ਼ਰੀਆ ਕਿਸੇ ਮਨੁੱਖ ਦੀ ਮਾਦਰੀ ਜ਼ੁਬਾਨ ਏ। ਕਈ ਦੇਸਾਂ ਬਾਰੇ ਵਿਚਾਰ ਕਰਨ ਪਿੱਛੋਂ ਕੇਰੀ ਨੇ ਬੰਗਾਲ ਅੱਪੜਨ ਦਾ ਫ਼ੈਸਲਾ ਕਰ ਲਿਆ। ਉਸ ਸਮੇਂ ਈਸਟ ਇੰਡੀਆ ਦੀ ਲੁੱਟ–ਖਸੁੱਟ ਦੇ ਬਾਵਜੂਦ ਬੰਗਾਲ ਦੀ ਖ਼ੁਸ਼ਹਾਲੀ ਦਾ ਮੁਕਾਬਲਾ ਯੂਰਪ ਦਾ ਕੋਈ ਸ਼ਹਿਰ ਵੀ ਨਹੀਂ ਕਰ ਸਕਦਾ ਸੀ। ਵਿਲੀਅਮ ਕੇਰੀ ਦੇ ਇੱਕ ਸਾਥੀ ਡਾਕਟਰ ਟਾਮਸਨ ਨੇ ਬੰਗਾਲ ਦੀ ਏਸ ਖ਼ੁਸ਼ਹਾਲੀ ਦਾ ਨਕਸ਼ਾ ਇੰਜ ਖਿੱਚਿਆ ਏ–

"ਮਾਲਦਾ ਵਿੱਚ ਇੱਕ ਪੈਨੀ ਖਰਚ ਕਰਕੇ ਕੁੱਕੜੀ ਮਿਲ ਜਾਂਦੀ ਹੈ। ਦੋ ਪੈਂਸ ਵਿੱਚ ਬੱਤਖ਼। ਢਾਈ ਢਾਈ ਪੈਂਸ ਵਿੱਚ ਭੇਡ ਬੱਕਰੀ ਏਥੋਂ ਤੀਕ ਕਿ ਹਿਰਨ ਵਗੈਰਾ ਵੀ ਆਸਾਨੀ ਨਾਲ ਮਿਲ ਜਾਂਦੇ ਨੇ। ਅਠਾਰਾਂ ਸ਼ਲਿੰਗ ਵਿੱਚ ਇਕ ਚੰਗਾ ਭਲਾ ਤੇ ਆਰਾਮਦੇਹ ਕੱਚਾ ਮਕਾਨ ਉਸਾਰਿਆ ਜਾ ਸਕਦਾ ਹੈ ਜਿਹਦੀ ਛੱਤ ਉੱਪਰ ਛੱਪਰ ਹੁੰਦਾ ਏ। ਮੈਂ ਆਪ ਵੀ ਆਪਣੇ ਵਾਸਤੇ ਇੱਕ ਅਜਿਹਾ ਹੀ ਮਕਾਨ ਏਸੇ ਲਾਗਤ ਨਾਲ ਉਸਾਰਿਆ ਏ। ਉਸ ਮਕਾਨ ਵਿੱਚ ਏਨਾ ਆਰਾਮ ਮਿਲਿਆ ਏ ਜਿਹੜਾ ਇੰਗਲਸਤਾਨ ਵਿੱਚ ਮੁਅੱਸਰ ਨਹੀਂ ਹੋ ਸਕਿਆ। ਹਿੰਦੁਸਤਾਨ ਵਿੱਚ ਬਹੁਤੇ ਟੱਬਰ ਦਸ ਸ਼ਲਿੰਗ ਮਾਹਵਾਰ ਖਰਚ ਕਰਕੇ ਬੜੀ ਠਾਠ ਨਾਲ ਜੀਵਨ ਬਿਤਾਵਨ ਵਿੱਚ ਮਸਰੂਫ਼ ਨੇ।"

ਉਸ ਸਮੇਂ ਇਕ ਬਰਤਾਨਵੀ ਪੌਂਡ ਮੁਕਾਮੀ ਅੱਠ ਰੁਪਈਆਂ ਦੇ ਬਰਾਬਰ ਸੀ ਤੇ ਚਾਉਲ ਦਾ ਭਾਅ ਬਾਰਾਂ ਰੁਪਈਏ ਮਣ ਸੀ, ਦੂਜੇ ਲਫ਼ਜ਼ਾਂ ਵਿੱਚ ਡੇਢ ਬਰਤਾਨਵੀ ਪੌਂਡ ਇਕ ਮਣ ਚਾਵਲ ਦੇ ਬਰਾਬਰ ਸੀ।

ਵਿਲੀਅਮ ਕੇਰੀ ਇੰਗਲਸਤਾਨ ਤੋਂ 13 ਜੂਨ, 1793 ਈ. ਨੂੰ ਆਪਣੇ ਬਾਲ ਬੱਚਿਆਂ ਸਮੇਤ ਜਹਾਜ਼ ਵਿੱਚ ਸਵਾਰ ਹੋਏ। ਉਹਨਾਂ ਦਾ ਸਾਥੀ ਡਾਕਟਰ ਟਾਮਸ ਆਪਣੇ ਟੱਬਰ–ਟੀਰ੍ਹ ਸਮੇਤ ਉਹਨਾਂ ਦੇ ਏਸ ਕਾਫ਼ਲੇ ਵਿੱਚ ਸ਼ਾਮਲ ਸੀ। ਪੰਜਾਂ ਮਹੀਨਿਆਂ ਦਾ ਲੰਮਾ ਸਫ਼ਰ ਝਾਗਣ ਪਿੱਛੋਂ ਇਹ ਗਰੁੱਪ 11 ਨਵੰਬਰ 1793 ਈ. ਕਲਕੱਤਾ ਦੀ ਬੰਦਰਗਾਹ 'ਤੇ ਜਹਾਜ਼ ਤੋਂ ਬੰਗਾਲੀ ਜੂਹ ਅੰਦਰ ਉਤਰਿਆ। ਕੇਰੀ ਦਾ ਜਹਾਜ਼ ਜਦੋਂ ਖ਼ਲੀਜ ਬੰਗਾਲ ਵਿੱਚ ਵੜਿਆ, ਉਦੋਂ ਲਾਰਡ ਕਾਰਨਵਾਲਸ ਆਪਣੀ ਵਾਇਸਰਾਏਸ਼ਿਪ ਦੀ ਨੌਕਰੀ ਭੁਗਤਾ ਕੇ ਰਿਟਾਇਰ ਹੋ ਕੇ ਜਹਾਜ਼ ਰਾਹੀਂ ਆਪਣੇ ਵਤਨ ਇੰਗਲਸਤਾਨ ਨੂੰ ਰਵਾਨਾ ਹੋ ਰਿਹਾ ਸੀ।

ਉਦੋਂ ਤੀਕ ਈਸਟ ਇੰਡੀਆ ਕੰਪਨੀ ਤਜਾਰਤੀ ਸਲਤਨਤ, ਮਾਲਿਆਤੀ ਹੁਕਮਰਾਨੀ ਤੇ ਇਕਤਦਾਰ ਦੀਆਂ ਹੱਦਾਂ ਬੰਗਾਲ ਤੋਂ ਬਾਹਰ ਬਿਹਾਰ, ਅਵਧ ਅੰਦਰ ਬਨਾਰਸ ਤਾਈਂ ਵਧਾ ਚੁੱਕੀ ਸੀ। ਮਦਰਾਸ ਤੇ ਮਾਲਾਬਾਰ ਦੇ ਕੁਝ ਹਿੱਸਿਆਂ ਉੱਪਰ ਵੀ ਈਸਟ ਇੰਡੀਆ ਕੰਪਨੀ ਕਬਜ਼ਾ ਕਰ ਚੁੱਕੀ ਸੀ। ਈਸਟ ਇੰਡੀਆ ਕੰਪਨੀ ਆਪਣੀਆਂ ਮਾਲਿਆਤੀ ਪਾਲਸੀਆਂ ਚਲਾ ਕੇ ਬੰਗਾਲੀ ਮੁਸਲਿਮ ਆਬਾਦੀ ਤੋਂ ਉਹਨਾਂ ਦੀਆਂ ਜ਼ਰੱਈ ਜ਼ਮੀਨਾਂ ਖੋਹ ਕੇ ਬਾਹਮਣਾਂ ਤੇ ਬਾਣੀਆਂ ਦੀ ਜ਼ਿੰਮੀਦਾਰੀ ਦਾ ਨਿਜ਼ਾਮ ਕਾਇਮ ਕਰ ਚੁੱਕੀ ਸੀ। ਨਾਲ ਹੀ ਮੁਕਾਮੀ ਸਨਅਤਾਂ ਤੇ ਕਾਰੋਬਾਰ ਉੱਪਰ ਵੀ ਸੱਟ ਮਾਰ ਕੇ ਉਹਨਾਂ ਨੂੰ ਤਬਾਹ ਕਰ ਦਿੱਤਾ ਤੇ ਇੰਜ ਇੰਗਲਸਤਾਨ ਦੇ ਮਾਲ ਦੀ ਖਪਤ ਲਈ ਨਵੀਂ ਮੰਡੀ ਪੈਦਾ ਕਰਨ ਦੀ ਕਾਮਯਾਬੀ ਮਨਸੂਬਾਬੰਦੀ ਉੱਪਰ ਅਮਲ ਜਾਰੀ ਰੱਖਿਆ। ਆਪਣੀਆਂ ਪਾਲਸੀਆਂ ਦੀ ਵਜ੍ਹਾ ਕਰਕੇ ਪਿੰਡ ਉਜੜਨੇ ਸ਼ੁਰੂ ਹੋ ਗਏ। ਫ਼ਸਲਾਂ ਨਾ ਹੋਣ ਕਰਕੇ ਬੰਗਾਲੀ ਇਲਾਕਿਆਂ ਵਿੱਚ ਕਹਿਤ (ਕਾਲ਼) ਪੈ ਗਿਆ ਤੇ ਦਸ ਬਾਰਾਂ ਲੱਖ ਬੰਦਿਆਂ ਨੂੰ ਕਹਿਤ ਦੀ ਚੁੜੇਲ ਹੜੱਪ ਕਰ ਗਈ। ਈਸਟ ਇੰਡੀਆ ਕੰਪਨੀ ਦਾ ਇਕ ਜ਼ਰਖ਼ੇਜ਼ਤਰੀਨ ਇਲਾਕੇ ਨੂੰ ਇਹ ਪਹਿਲਾਂ ਖ਼ੌਫ਼ਨਾਕ ਤੁਹਫਾ ਸੀ, ਜਿਹੜਾ ਅਮਰੀਕੀ ਸਾਮਰਾਜੀ ਅੱਜ ਥਾਂ–ਥਾਂ ਵੰਡ ਰਹੇ ਨੇ। ਬੰਗਾਲੀਆਂ ਨੂੰ ਏਸੇ ਢੰਗ ਦਾ ਦੂਜਾ ਤੁਹਫ਼ਾ 1942–43 ਈ. ਵਿੱਚ ਬਰਤਾਨਵੀ ਸਾਮਰਾਜੀਆਂ ਵਲੋਂ ਉਦੋਂ ਮਿਲਿਆ ਜਦੋਂ ਅੰਗਰੇਜ਼ਾਂ ਨੂੰ ਪੱਕ ਹੋ ਗਿਆ ਕਿ ਜਾਪਾਨੀ ਹੜ੍ਹ ਨੂੰ ਹੁਣ ਰੋਕਿਆ ਨਹੀਂ ਜਾ ਸਕਦਾ। ਚੁਨਾਚਿ ਠੇਕੇਦਾਰਾਂ ਰਾਹੀਂ ਬੰਗਾਲ ਦੇ ਸੂਬੇ ਵਿੱਚ ਮੌਜੂਦ ਸਾਰੀ ਕਣਕ ਤੇ ਧਾਨ ਨੂੰ ਖ਼ਲੀਜ ਬੰਗਾਲ ਵਿੱਚ ਸੁੱਟ ਦਿੱਤਾ ਗਿਆ ਤੇ ਹਰ ਨਾਕੇ 'ਤੇ ਮੌਜੂਦ ਬੇੜੀਆਂ ਨੂੰ ਅੱਗ ਲਾ ਦਿੱਤੀ ਗਈ, ਤਾਂ ਜੋ ਜਾਪਾਨੀਆਂ ਨੂੰ ਬੰਗਾਲ ਉੱਪਰ ਕਬਜ਼ਾ ਕਰਨ ਪਿੱਛੋਂ ਪੈਰ ਜਮਾਵਣ ਦੀ ਰਾਹ ਵਿੱਚ ਔਕੜਾਂ ਨਾਲ ਜੂਝਣਾ ਪਵੇ।

ਵਿਲੀਅਮ ਕੇਰੀ ਨੂੰ ਕਈ ਮਹੀਨੇ ਕਲਕੱਤਾ ਵਿੱਚ ਰਹਿਣਾ ਪਿਆ। ਫੇਰ ਸੁੰਦਰਬਨ ਅੰਦਰ ਦੀਪਹਾਟ ਵਿੱਚ ਜ਼ਮੀਨ ਮਿਲ ਗਈ। ਜਦੋਂ ਕੇਰੀ ਕਲਕੱਤਾ ਛੱਡ ਕੇ ਦੀਪਹਾਟ ਅੱਪੜੇ ਤੇ ਉਹਨਾਂ ਨੂੰ ਦੀਪਹਾਟ ਵਰਗਾ ਪਿੰਡ ਕਲਕੱਤੇ ਤੋਂ ਚੰਗਾ ਲੱਗਿਆ। ਉੱਥੇ ਜੰਗਲ ਕੱਟ ਕੇ ਵਾਹੀ–ਬੀਜੀ ਵਾਸਤੇ ਭੋਇੰ ਤਿਆਰ ਕਰਕੇ ਜੀਵਨ ਦਾ ਨਵਾਂ ਮੁੱਢ ਬੰਨ੍ਹਿਆ। ਵਾਹੀ–ਬੀਜੀ ਤੇ ਪੇਂਡੂ ਜੀਵਨ ਨਾਲ ਵਿਲੀਅਮ ਕੇਰੀ ਦਾ ਪਹਿਲਾਂ ਹੀ ਗੂੜ੍ਹ ਸੀ। ਪਰ ਦੇਵੀਆਂ ਦੇ ਦਰਸ਼ਨਾਂ ਨਾਲ ਵਣਜਾਂ ਦੇ ਵਪਾਰ ਵਾਂਗ ਇੱਕ ਤੇ ਮੁਕਾਮੀ ਲੋਕਾਂ ਵਿੱਚ ਰਹਿਣ ਨਾਲ ਉਹਨਾਂ ਦੀ ਜ਼ੁਬਾਨ ਨੂੰ ਜਾਨਣ ਤੇ ਸਿੱਖਣ ਦਾ ਮੌਕਾ ਮਿਲਿਆ। ਉਹਨਾਂ ਵਿੱਚ ਈਸਾਈ ਮਜ਼ਹਬ ਦੀ ਤਬਲੀਗ਼ ਦੀ ਰਾਹ ਵੀ ਨਿੱਕਲ ਆਈ ਤੇ ਵਾਹੀ–ਬੀਜੀ ਨਾਲ ਹੀ ਰੋਟੀ ਟੁੱਕਰ ਦੀ ਚਿੰਤਾ ਵੀ ਮੁੱਕੀ। ਏਹ 1794 ਈ. ਦੀ ਗੱਲ ਏ ਤੇ ਏਥੇ ਹੀ ਏਹਨਾਂ ਨੀਲ ਦੇ ਬੰਜਰ ਦਾ ਕੰਮ ਵੀ ਅਰੰਭਿਆ। ਏਸੇ ਕਰਕੇ 1994 ਈ. ਨੂੰ ਭਾਰਤ ਦੇ ਮਹਿਕਮਾ ਡਾਕ ਨੇ ਉਹਨਾਂ ਦੀ ਨੀਲ ਦੀ ਕਾਸ਼ਤ ਦੀ ਦੋ ਸੌ ਸਾਲਾ ਵਰ੍ਹੇਗੰਢ ਦੀ ਯਾਦ ਵਿੱਚ ਵਿਲੀਅਮ ਕੇਰੀ ਦੀ ਤਸਵੀਰ ਵਾਲਾ ਟਿਕਟ ਜਾਰੀ ਕੀਤਾ ਏ।

ਦੀਪ ਹਾਟ ਰਾਸ ਆ ਜਾਵਣ ਤੇ ਪੈਰ ਪੱਕੇ ਕਰ ਲੈਣ ਦੇ ਬਾਵਜੂਦ ਵਿਲੀਅਮ ਕੇਰੀ ਨੂੰ 23 ਮਈ 1794 ਈ. ਨੂੰ ਏਹ ਥਾਂ ਛੱਡ ਕੇ ਤੇ 23 ਦਿਨਾਂ ਦਾ ਸਫ਼ਰ ਲਾਗ ਕੇ 15 ਜੂਨ ਨੂੰ ਮਾਲਦਾ ਅਪੜਨਾ ਪਿਆ ਤੇ ਉੱਥੇ ਇਕ ਅੰਗਰੇਜ਼ ਦੇ ਨੀਲ ਤਿਆਰ ਕਰਨ ਦੇ ਕਾਰਖ਼ਾਨੇ ਦਾ ਪ੍ਰਬੰਧ ਸੰਭਾਲਣਾ ਪਿਆ। ਏਸ ਨੌਕਰੀ ਨਾਲ ਵਿਲੀਅਮ ਕੇਰੀ ਪਹਿਲੀ ਵਾਰ ਮਾਲੀ ਔਕੜਾਂ ਤੋਂ ਛੁਟਕਾਰਾ ਪਾਉਣ ਵਿੱਚ ਕਾਮਯਾਬ ਹੋਏ। ਮਾਲਦਾ ਵਿੱਚ ਹੀ ਵਿਲੀਅਮ ਕੇਰੀ ਲਈ ਬੰਗਾਲੀ ਤੇ ਸੰਸਕ੍ਰਿਤ ਦੇ ਨਾਲ ਹੀ ਬੰਗਾਲ ਦੀਆਂ ਗਵਾਂਢੀ ਬੋਲੀਆਂ ਤੇ ਜ਼ੁਬਾਨਾਂ ਨਾਲ ਜਾਣ–ਪਛਾਣ ਹਾਸਲ ਕਰਨ ਦਾ ਚੰਗਾ ਮੌਕਾ ਪੈਦਾ ਹੋਇਆ ਤੇ ਖ਼ੁਸ਼ਹਾਲੀ ਦੀ ਵਜ੍ਹਾ ਕਰਕੇ ਬੰਗਾਲੀ ਸੰਸਕ੍ਰਿਤ ਤੇ ਕਈ ਹੋਰ ਜ਼ੁਬਾਨਾਂ ਦੀਆਂ ਗਰਾਮਰਾਂ, ਡਿਕਸ਼ਨਰੀਆਂ ਉੱਪਰ ਕੰਮ ਕਰਨ ਲਈ ਆਸਾਨੀਆਂ ਨੇ ਵਿਲੀਅਮ ਕੇਰੀ ਦੇ ਜ਼ੁਬਾਨਸ਼ਨਾਸੀ ਦੇ ਸ਼ੌਕ ਨੂੰ ਪੈਰ ਲਾ ਦਿੱਤੇ। ਅਪ੍ਰੈਲ, 1796 ਈ. ਤੀਕ ਉਹਨਾਂ ਨੂੰ ਸੰਸਕ੍ਰਿਤ ਤੇ ਹਿੰਦੀ ਜ਼ੁਬਾਨ ਦੀ ਏਸ ਕਦਰ ਸ਼ੁੱਧ–ਬੁੱਧ ਪੈਦਾ ਹੋ ਗਈ ਕਿ ਉਹ ਰਾਮਾਇਣ ਜਿਹੀ ਕਲਾਸਕੀ ਜ਼ੁਬਾਨ ਕਲਾਸਕੀ ਕਿਤਾਬ ਨੂੰ ਠੀਕ ਪੜ੍ਹ ਤੇ ਸਮਝ ਸਕਦੇ ਸਨ। 1798 ਈ. ਵਿੱਚ ਆਪਣੇ ਇੱਕ ਮਿੱਤਰ ਨੂੰ ਖ਼ਤ ਲਿਖਦੇ ਹੋਏ ਉਹਨਾਂ ਦੱਸਿਆ ਕਿ ਉਹ ਸੰਸਕ੍ਰਿਤ ਉੱਪਰ ਅਬੂਰ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਨੇ, ਜਿਹੜੀ ਕਿ ਦੁਨੀਆ ਦੀਆਂ ਔਖੀਆਂ ਜ਼ੁਬਾਨਾਂ ਵਿੱਚੋਂ ਏ। ਏਸ ਮਕਸਦ ਲਈ ਮੈਂ ਸੰਸਕ੍ਰਿਤ ਜ਼ੁਬਾਨ ਦੀ ਗਰਾਮਰ ਤੇ ਸੰਸਕ੍ਰਿਤ ਅੰਗਰੇਜ਼ੀ ਡਿਕਸ਼ਨਰੀ ਕਾਫੀ ਹੱਦ ਤੀਕ ਮੁਕੰਮਲ ਕਰ ਚੁੱਕਿਆ ਹਾਂ ਤੇ ਇੱਕ ਅਜਿਹੀ ਡਿਕਸ਼ਨਰੀ ਦਾ ਕੰਮ ਵੀ ਤਕਰੀਬਨ ਮੁਕੰਮਲ ਹੋ ਚੁੱਕਿਆ ਹੈ, ਜਿਹਦੇ ਵਿੱਚ ਸੰਸਕ੍ਰਿਤ ਦਾ ਤਰਜਮਾ ਅੰਗਰੇਜ਼ੀ ਤੇ ਬੰਗਾਲੀ ਜ਼ੁਬਾਨ ਵਿੱਚ ਕੀਤਾ ਗਿਆ ਏ।

ਉਸੇ ਸਮੇਂ ਉਹ ਇੱਕ ਖ਼ਤ ਵਿੱਚ ਬੰਗਾਲੀ ਭਾਸ਼ਾ ਨੂੰ ਇੱਕ ਮੁਕੰਮਲ ਜ਼ੁਬਾਨ ਲਿਖਦੇ ਨੇ। ਜਿਹਦੇ ਵਿੱਚ ਤਖ਼ਲੀਕੀ ਅਦਬ ਦਾ ਘਾਣ ਬਹੁਤ ਜ਼ਿਆਦਾ ਏ। ਪਰ ਏਥੇ ਉਹਨਾਂ ਦੀ ਯੂਰਪੀ ਸਕਾਲਰਾਂ ਵਾਂਗ ਬੰਗਾਲੀ ਜ਼ੁਬਾਨ ਨੂੰ ਵੀ ਸੰਸਕ੍ਰਿਤ ਦੀ ਸ਼ਾਖ ਕਹਿ ਕੇ ਟਪਲ਼ਾ ਖਾਧਾ ਏ ਕਿਉਂ ਜੋ ਬੰਗਾਲੀ ਇੰਡੋ–ਆਰੀਅਨ ਜ਼ੁਬਾਨ ਨਹੀਂ, ਸਗੋਂ ਇੰਡੋ ਦਰਾਵੜੀਅਨ ਜ਼ੁਬਾਨ ਏ।

ਕੇਰੀ ਤੋਂ ਪਹਿਲਾਂ ਹਾਲ ਹੈੱਡ ਨਾਂਅ ਦੇ ਇੱਕ ਅੰਗਰੇਜ਼ ਨੇ 1776 ਈ. ਵਿੱਚ ਹੁਗਲੀ ਤੋਂ ਬੰਗਾਲੀ ਜ਼ੁਬਾਨ ਦੀ ਪਹਿਲੀ ਗਰਾਮਰ ਛਾਪੀ ਸੀ ਪਰ ਆਪਣੀਆਂ ਖ਼ਾਮੀਆਂ ਦੇ ਕਾਰਨ ਉਹ ਗਰਾਮਰ ਚੱਲ ਨਾ ਸਕੀ, ਪਰ 1801 ਈ. ਵਿੱਚ ਬੰਗਾਲੀ ਜ਼ੁਬਾਨ ਦੀ ਜਿਹੜੀ ਗਰਾਮਰ ਵਿਲੀਅਮ ਕੇਰੀ ਨੇ ਤਰਤੀਬ ਦੇ ਕੇ ਛਾਪੀ ਉਸ ਨੇ ਬੰਗਲਾ ਭਾਸ਼ਾ ਨੂੰ ਪੈਰ ਲਾ ਦਿੱਤੇ। ਏਸੇ ਸਾਲ ਹੀ ਉਹਨਾਂ ਬੰਗਾਲੀ ਵਿੱਚ "ਨਯਾ ਅਹਿਦਨਾਮਾ" ਦਾ ਤਰਜਮਾ ਛਾਪ ਕੇ ਬੰਗਾਲੀ ਜ਼ੁਬਾਨ ਦੇ ਨਸਰੀ ਅਦਬ ਦੀਆਂ ਨੀਹਾਂ ਧਾਰਨ ਦਾ ਕੰਮ ਕੀਤਾ। ਏਸੇ ਕਰਕੇ ਉਹਨਾਂ ਨੂੰ ਬੰਗਾਲੀ ਨਸਰ ਦਾ ਬਾਬਾ ਆਦਮ ਕਿਹਾ ਜਾਂਦਾ ਏ।

10 ਜਨਵਰੀ, 1800 ਈ. ਨੂੰ ਵਿਲੀਅਮ ਕੇਰੀ ਸੀਰਾਮਪੁਰ ਵਿੱਚ ਮੁੰਤਕਿਲ ਹੋ ਗਏ ਜਿਹੜਾ ਕਲਕੱਤਾ ਦੇ ਲਾਗੇ ਇੱਕ ਟਾਪੂ ਏ। ਉਸ ਉੱਪਰ ਉਸ ਵੇਲੇ ਡੈਨਮਾਰਕ ਦਾ ਕਬਜ਼ਾ ਸੀ। ਦੇਸੀ ਜ਼ੁਬਾਨਾਂ ਵਿੱਚ ਅੰਜੀਲਾਂ ਛਾਪਣ, ਕਈ ਜ਼ੁਬਾਨਾਂ ਦੀਆਂ ਗਰਾਮਰਾਂ ਮੁਕੰਮਲ ਕਰਕੇ ਸਭ ਤੋਂ ਪਹਿਲਾਂ ਛਾਪਣ ਦਾ ਮਾਣ ਏਸੇ ਟਾਪੂ ਨੂੰ ਹਾਸਲ ਏ, ਜਿੱਥੇ ਕੇਰੀ ਨੇ ਜ਼ੁਬਾਨਾਂ ਦੇ ਟਾਈਪ ਤਿਆਰ ਕਰਵਾਏ ਕਾਗ਼ਜ਼ਸਾਜ਼ੀ ਦਾ ਕੰਮ ਅਰੰਭਿਆ। ਪ੍ਰਿੰਟਿੰਗ ਪ੍ਰੈੱਸ ਲਾ ਕੇ ਅਸ਼ਾਇਤੀ ਇਨਕਲਾਬ ਦੀ ਰਾਹ ਹਮਵਾਰ ਕੀਤੀ। ਸੀਰਾਮਪੁਰ ਨੂੰ ਏਹ ਮਾਣ ਹਾਸਲ ਏ ਕਿ ਉਥੇ ਫ਼ਾਰਸੀ, ਤੇਲਗੂ, ਗੁਜਰਾਤੀ, ਸੰਸਕ੍ਰਿਤ, ਉੜੀਆ, ਮਰਾਠੀ, ਹਿੰਦੀ, ਕਨਾੜੀ, ਬ੍ਰਿਜੀ, ਪਸ਼ਤੋ, ਕਸ਼ਮੀਰੀ, ਸਿੰਧੀ ਅਤੇ ਪੰਜਾਬੀ ਜ਼ੁਬਾਨ ਵਿੱਚ ਬਾਈਬਲ ਦੇ ਮੁਕੰਮਲ ਤਰਜਮੇ ਛਾਪੇ ਗਏ। ਏਹ ਸਭ ਕੁਝ ਉਹਨਾਂ ਆਪਣੇ ਮਿੱਤਰ ਡਾਕਟਰ ਟਾਮਸ ਦੇ ਮਿਲਵਰਤਨ ਨਾਲ ਪਹਿਲੇ ਚੌਦਾਂ ਵਰ੍ਹਿਆਂ ਵਿੱਚ ਕਰ ਮਾਰਿਆ। ਏਹ ਮੁਕਾਮੀ ਜ਼ੁਬਾਨਾਂ, ਉਹਨਾਂ ਦੇ ਲਿਟਰੇਚਰ ਤੇ ਬਾਈਬਲ ਦੇ ਪੱਖੋਂ ਬੜੀ ਵੱਡੀ ਗੱਲ ਸੀ।

ਫੋਰਟ ਵਿਲੀਅਮ ਕਾਲਜ 1800 ਈ. ਵਿੱਚ ਬਣਾਇਆ ਗਿਆ। ਵਿਲੀਅਮ ਕੇਰੀ ਨੂੰ ਉਸ ਵਿੱਚ ਬੰਗਾਲੀ, ਸੰਸਕ੍ਰਿਤ ਤੇ ਮਰਾਠੀ ਦੇ ਪ੍ਰੋਫ਼ੈਸਰ ਦੀ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ ਕਿਉਂ ਜੋ ਉਸ ਵੇਲੇ ਤੀਕ ਗੈਰ ਮੁਲਕੀਆਂ ਵਿੱਚੋਂ ਯਕੀਨਨ ਵਿਲੀਅਮ ਕੇਰੀ ਹੀ ਇੱਕੋ–ਇੱਕ ਮਨੁੱਖ ਸੀ ਜਿਹੜਾ ਉੱਪਰੀਆਂ ਤਿੰਨਾਂ ਜ਼ੁਬਾਨਾਂ ਦਾ ਗਿਆਨੀ ਮਾਹਿਰ ਤੇ ਜ਼ੁਬਾਨਸ਼ਨਾਸ ਪੰਡਿਤ ਸੀ। ਫੋਰਟ ਵਿਲੀਅਮ ਕਾਲਜ ਵਿੱਚ ਮੁਅੱਲਿਮੀ (ਉਸਤਾਦੀ) ਦੇ ਮੁੱਢਲੇ ਸਮੇਂ ਵਿੱਚ ਲੰਦਨ ਵਿੱਚ ਆਪਣੇ ਇੱਕ ਹਮਖ਼ਿਆਲ ਹਮਸਫ਼ਰ ਸਾਥੀ ਨੂੰ 15 ਜੂਨ 1801 ਈ. ਇੱਕ ਲੰਮੇ ਖ਼ਤ ਵਿੱਚ ਵਿਲੀਅਮ ਕੇਰੀ ਇਹ ਵੀ ਇੰਕਸ਼ਾਫ਼ ਕਰਦੇ ਨੇ–

"ਜਦੋਂ ਮੈਂ ਫੋਰਟ ਵਿਲੀਅਮ ਕਾਲਜ ਵਿੱਚ ਮੁਲਾਜ਼ਮਤ ਅਖ਼ਤਿਆਰ ਕਰ ਲਈ ਤੇ ਮੈਨੂੰ ਪਤਾ ਚੱਲਿਆ ਕਿ ਮੇਰੇ ਉੱਪਰ ਕਿੱਡੀ ਵੱਡੀ ਜ਼ਿੰਮੇਵਾਰੀ ਆ ਪਈ ਏ, ਪਰ ਜ਼ਿੰਮੇਵਾਰੀ ਪੂਰੀ ਕਰਨ ਲਈ ਮੇਰੇ ਕੋਲ ਕਿਤਾਬਾਂ ਹੈਨ ਹੀ ਨਹੀਂ, ਜਿਹਦੀ ਵਜ੍ਹਾ ਕਰਕੇ ਛੇਤੀ ਈ (ਬੰਗਾਲੀ ਦੀ) ਗਰਾਮਰ ਤਰਤੀਬ ਦਾ ਕੰਮ ਆਰੰਭ ਦਿੱਤਾ ਏ। ਏਹ ਗਰਾਮਰ ਹੁਣ ਅੱਧੀ ਕੁ ਛਪ ਚੁੱਕੀ ਏ। ਰਾਮ ਰਾਮ ਬਾਸੂ ਨੂੰ ਕਹਿ ਕੇ ਉਹਨਾਂ ਇੱਕ (ਬੰਗਾਲੀ ਰਾਜਾ) ਰਾਜਾ ਪ੍ਰਤਾਪ ਦਿੱਤਿਆ ਦੀ ਜੀਵਨੀ ਲਿਖਵਾਈ ਏ। ਉਹ ਪਹਿਲੀ ਕਿਤਾਬ ਏ ਜਿਹੜੀ ਕਿ ਬੰਗਾਲੀ ਜ਼ੁਬਾਨ ਵਿੱਚ ਲਿਖੀ ਗਈ ਏ। ਅਸੀਂ ਕਿਤਾਬ ਛਾਪ ਰਹੇ ਹਾਂ। ਸਾਡੇ ਪੰਡਤ ਨੇ ਕਹਾਣੀਆਂ ਦਾ (ਬੰਗਾਲੀ ਵਿੱਚ) ਤਰਜਮਾ ਖ਼ਤਮ ਕਰ ਦਿੱਤਾ ਏ। ਅਸੀਂ ਏਸ ਤਰਜਮੇ ਨੂੰ ਵੀ ਛੇਤੀ ਛਾਪਾਂਗੇ।"

ਏਹ ਖ਼ਤ 15 ਜੂਨ 1801 ਈ ਨੂੰ ਲਿਖਿਆ ਗਿਆ, ਜਿਸ ਤੋਂ ਪਤਾ ਚੱਲਦਾ ਏ ਕਿ 1801 ਈ. ਤੀਕ ਬੰਗਾਲੀ ਭਾਸ਼ਾ ਕਿੱਥੇ ਖਲੋਤੀ ਹੋਈ ਸੀ ਜਦ ਕਿ ਪੰਜਾਬੀ ਵਿੱਚ ਅਮੀਰ ਤੇ ਜਾਨਦਾਰ ਲਿਟਰੇਚਰ ਦੀ ਮੌਜੂਦਗੀ ਦਾ ਖੁਰਾ ਉਹਨਾਂ ਨਾਥ ਜੋਗੀਆਂ ਤੀਕ ਅਪੜ ਜਾਂਦਾ ਏ ਜਿਹੜੇ ਮੁਸਲਮਾਨਾਂ ਦੇ ਪੰਜਾਬ ਵਿੱਚ ਪੈਰ ਧਰਨ ਤੋਂ ਪਹਿਲਾਂ ਹੀ ਮੌਜੂਦ ਸਨ ਤੇ ਪੰਜਾਬੀ ਸ਼ਾਇਰੀ ਦੀ ਪਹਿਲੀ ਚੋਣ (ਅੰਥਾਲੋਜੀ) ਸ੍ਰੀ ਗੁਰੂ ਗ੍ਰੰਥ ਸਾਹਿਬ 1604 ਈ. ਵਿੱਚ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕੀਤੀ, ਜਿਹਦੇ ਵਿੱਚ ਬਹੁਤਾ ਹਿੱਸਾ ਪੰਜਾਬੀ ਦੇ ਮਹਾਨ ਲਿਟਰੇਚਰ ਨਾਲ ਮੁਤੱਲਕ ਏ।

ਫੋਰਟ ਵਿਲੀਅਮ ਕਾਲਜ ਦਾ ਪਹਿਲਾ ਸੈਸ਼ਨ ਸਤੰਬਰ 1804 ਵਿੱਚ ਮੁੱਕਿਆ ਤੇ ਫ਼ੈਸਲਾ ਹੋਇਆ ਕਿ ਉਸ ਦੇ ਪਹਿਲੇ ਕਾਨਵੋਕੇਸ਼ਨ ਮੁਨੱਅਕਦਾ 20 ਸਤੰਬਰ 1804 ਈ. ਦੇ ਮੌਕੇ 'ਤੇ ਸਨਦਾਂ ਗਵਰਨਰ ਜਨਰਲ ਹਿੰਜ ਲਾਰਡ ਵੈਲਜ਼ਲੀ ਚਾਂਸਲਰ ਦੀ ਹੈਸੀਅਤ ਨਾਲ ਡਿਗਰੀਆਂ ਵੰਡਣ ਦਾ ਫ਼ੈਸਲੇ ਦੇ ਮੁਤਾਬਿਕ ਕਾਲਜ ਦੇ ਪ੍ਰੋਫ਼ੈਸਰਾਂ ਮਿਸਟਰ ਰੋਮਰ (Romer) ਨੇ ਸੰਸਕ੍ਰਿਤ ਹਿੰਦੁਸਤਾਨ ਦੀਆਂ ਸਾਰੀਆਂ ਜ਼ੁਬਾਨਾਂ ਦੀ ਮਾਂ ਏ ਦੀ ਮੌਜ਼ੂਅ ਉੱਪਰ ਹਿੰਦੁਸਤਾਨੀ ਜ਼ੁਬਾਨ ਵਿੱਚ ਪ੍ਰੋਫ਼ੈਸਰ ਸਵਿਨਟਨ (Swinton) ਨੇ "ਹਾਫ਼ਿਜ਼ ਸ਼ੀਰਾਜ਼ੀ ਦਾ ਕਲਾਮ ਰਮਜ਼ਾਂ ਭਰਿਆ ਸੂਫ਼ੀਆਨਾ ਦੇ" ਦੇ ਮੌਜ਼ੂਅ ਉੱਪਰ ਫ਼ਾਰਸੀ ਜ਼ੁਬਾਨ ਵਿੱਚ ਮਿਸਟਰ ਟਾਡ (Tod) "ਗੁਡ ਰਾਜਿਸਥਾਨ ਵਾਲੇ" ਨੇ ਬੰਗਾਲੀ ਵਿੱਚ ਬੜੀ ਰੰਗੀਨ ਤਕਰੀਰ ਕੀਤੀ ਕਿ ਸੰਸਕ੍ਰਿਤ ਲਿਟਰੇਚਰ ਦਾ ਮੌਜੂਦਾ ਜ਼ੁਬਾਨਾਂ ਵਿੱਚ ਤਰਜਮਾ ਨਾਲ ਉਹਨਾਂ ਜ਼ੁਬਾਨਾਂ ਨੂੰ ਲਿਟਰੇਚਰ ਦੇ ਪੱਖੋਂ ਕਿਵੇਂ ਅਮੀਰ ਤੋਂ ਅਮੀਰ ਕੀਤਾ ਜਾ ਸਕਦਾ ਹੈ। ਅਰਬੀ ਜ਼ੁਬਾਨ ਵਿੱਚ ਇੱਕ ਮਕਾਲਾ (ਲੇਖ) ਪੜ੍ਹਿਆ ਗਿਆ। ਏਸ ਮਜਲਿਸ ਦੇ ਪ੍ਰਧਾਨ ਵਿਲੀਅਮ ਕੇਰੀ ਸਨ। ਉਹਨਾਂ ਆਪਣੀ ਤਕਰੀਰ ਸੰਸਕ੍ਰਿਤ ਵਿੱਚ ਕੀਤੀ ਕਿਉਂ ਜੋ ਉਹ ਸੰਸਕ੍ਰਿਤ ਦੇ ਪ੍ਰੋਫ਼ੈਸਰ ਵੀ ਸਨ।

ਵਿਲੀਅਮ ਕੇਰੀ ਦਾ ਸਜਾਰਤੀ ਖ਼ੁਤਬਾ (ਪ੍ਰਧਾਨਗੀ ਭਾਸ਼ਨ) ਸਭ ਤੋਂ ਗੰਭੀਰ ਸੀ, ਜਿਹੜਾ ਫ਼ਿਲਬਦੀਆ (ਸਮੇਂ ਅਨੁਸਾਰ) ਸੀ, ਉਸ ਵਿੱਚ ਵਿਲੀਅਮ ਕੇਰੀ ਨੇ ਮਾਦਰੀ ਜ਼ੁਬਾਨਾਂ ਦੀ ਅਹਿਮੀਅਤ 'ਤੇ ਭਰਪੂਰ ਜ਼ੋਰ ਦਿੰਦਿਆਂ ਹੋਇਆਂ ਕਿਹਾ,



"ਅੱਜ ਸਾਡੇ ਸਾਹਮਣੇ ਇਕ ਅਜੀਬੋ–ਗ਼ਰੀਬ ਮੰਜ਼ਰ ਏ। ਹਿੰਦੁਸਤਾਨ ਦੇ ਹਾਕਮ–ਆਲਾ ਦੀ ਮੌਜੂਦਗੀ ਵਿੱਚ ਏਸ਼ੀਆ ਤੇ ਯੂਰਪ ਦੇ ਆਲਮਾਂ ਤੇ ਪਤਵੰਤਿਆਂ ਦੀ ਇੱਕ ਮਜਲਿਸ ਮੁਨੱਕਦ ਹੁੰਦੀ ਏ ਜਿਹਦੇ ਵਿੱਚ ਸਾਡੀ ਮਾਦਰੀ ਜ਼ੁਬਾਨ (ਅੰਗਰੇਜ਼ੀ) ਦਾ ਇੱਕ ਸ਼ਬਦ ਵੀ ਵਰਤਿਆ ਨਹੀਂ ਜਾ ਰਿਹਾ, ਸਗੋਂ ਦਿਲਚਸਪ ਮਜ਼ਮੂਨਾਂ ਉੱਪਰ ਸਾਰੀ ਗੱਲਬਾਤ ਤੇ ਬਹਿਸ–ਮੁਬਾਹਸਾ ਏਸ਼ਿਆਈ ਜ਼ੁਬਾਨਾਂ ਵਿੱਚ ਜਾਰੀ ਏ। ਸਰਫ਼ੋਨਹਵ (ਵਾਕ ਵੰਡ ਤੇ ਸ਼ਬਦ ਬੋਧ) ਦੇ ਅਸੂਲਾਂ ਉੱਪਰ ਤਾਲੀਮ ਹਾਸਲ ਕਰਕੇ ਅੱਜ ਨੌਜਵਾਨ ਅੰਗਰੇਜ਼ ਹਿੰਦੁਸਤਾਨੀ ਰੋਜ਼ਮਰਾ–ਮੁਸਤਨਦ (ਪ੍ਰਮਾਣਿਕ) ਫ਼ਾਰਸੀ ਤਜਾਰਤੀ ਬੰਗਲਾ, ਅਲਿਮਾਨਾ ਅਰਬੀ ਤੇ ਪ੍ਰਾਚੀਨ ਸੰਸਕ੍ਰਿਤ ਬੇਰੋਕ–ਟੋਕ ਬੋਲ ਰਹੇ ਨੇ। ਕੀ ਏਸ ਤੋਂ ਪਹਿਲਾਂ ਯੂਰਪ ਦੀ ਕਿਸੇ ਯੂਨੀਵਰਸਿਟੀ ਜਾਂ ਦੁਨੀਆ ਦੇ ਕਿਸੇ ਅਦਾਰੇ ਨੇ ਕਦੇ ਅਜਿਹੀ ਮਿਸਾਲ ਪੇਸ਼ ਕੀਤੀ ਏ? ਫੇਰ ਏਹ ਅਜਿਹੇ ਤਾਲਿਬ–ਇਲਮ (ਵਿਦਿਆਰਥੀ) ਨਹੀਂ ਹਨ, ਜਿਹੜੇ ਕਿ ਕਿਸੇ ਮਿੱਥੇ ਹੋਏ ਇਰਾਦੇ ਨਾਲ ਮੁਸ਼ਤਬਿਹ (ਸ਼ੱਕੀ) ਮਕਸਦ, ਫ਼ਿਤਰੀ ਰੁਜਹਾਨ ਤਬਾਅ (ਜਮਾਂਦਰੂ ਪੱਖਪਾਤੀ) ਤੇ ਮਸ਼ਹੂਰੀ ਦੇ ਸ਼ੌਕ ਨਾਲ ਕਿਸੇ ਮੁਰਦਾ ਜ਼ੁਬਾਨ ਨੂੰ ਸਿੱਖਦੇ ਹੋਣ। ਜਿਸ ਮੁਲਕ ਦੀਆਂ ਏਹ ਜ਼ੁਬਾਨਾਂ ਨੇ ਉਸ ਦੀ ਹਕੂਮਤ ਦਾ ਇੰਤਜ਼ਾਮ ਕਰਨ ਵਾਸਤੇ ਏਹ ਲੋਗ ਅਹੁਦਿਆਂ ਉੱਪਰ ਲਗਾਏ ਗਏ ਨੇ। ਉਹ ਆਪਣੇ ਹਾਸਲ–ਕਰਦਾ ਇਲਮ ਨੂੰ ਕਾਰਆਮਦ ਮਕਸਦਾਂ ਲਈ ਫੌਰੀ ਤੌਰ 'ਤੇ ਇਸਤੇਮਾਲ ਕਰਨਗੇ। ਉਹ ਏਸ ਮੁਲਕ ਦੀ ਲੋਕਾਈ ਨਾਲ ਨਿਆਂ ਕਰਨਗੇ। ਸਰਕਾਰ ਦੀ ਮਾਲਗੁਜ਼ਾਰੀ ਤੇ ਤਿਜਾਰਤ ਦਾ ਕਾਰੋਬਾਰ ਨਜਿੱਠਣਗੇ ਅਤੇ ਰਿਆਇਆ ਨਾਲ ਉਹਨਾਂ ਦੀਆਂ ਮਾਦਰੀ ਜ਼ੁਬਾਨਾਂ ਵਿੱਚ ਬਿਨਾਂ ਕਿਸੇ ਤਰਜਮਾਨ ਦੀ ਮਦਦ ਦੇ ਤਅਲਕ ਜੋੜ ਸਕਣਗੇ। ਸਾਡੇ ਤਾਲਿਬ–ਇਲਮਾਂ ਦੇ ਇਲਮ ਦੀ ਨੌਈਅਤ (ਖਾਸਾ) ਤੇ ਅਹਿਮੀਅਤ ਦਾ ਅੰਦਾਜ਼ਾ ਏਸ ਗੱਲ ਤੋਂ ਲਾਇਆ ਜਾ ਸਕਦਾ ਏ ਕਿ ਆਇੰਦਾ ਦੇਸੀ ਲੋਗ ਮੂੰਹ–ਦਰ ਮੂੰਹ (ਆਹਮੋ–ਸਾਹਮਣੇ) ਏਹਨਾਂ ਨਾਲ ਗੱਲਬਾਤ ਕਰ ਸਕਣਗੇ ਤੇ ਉਹ (ਅਫਸਰ) ਹੁਣ ਤਕਰੀਰ ਤੇ ਤਹਿਰੀਰ ਦੋਨਾਂ ਦੇ ਜ਼ਰੀਆ ਨਾਲ ਅਵਾਮ ਉੱਪਰ ਸਾਡੀ ਸਰਕਾਰ ਤੇ ਕਾਨੂੰਨ ਤੇ ਉਹਨਾਂ ਦਾ ਮਤਲਬ ਤੇ ਉਹਨਾਂ ਦੇ ਮੁੱਢਲੇ ਨੇਮ ਜ਼ਾਹਿਰ ਕਰ ਸਕਣਗੇ।

ਵਿਲੀਅਮ ਕੇਰੀ ਨੇ ਬੜੀ ਤਫ਼ਸੀਲੀ ਤਕਰੀਰ ਕੀਤੀ। ਏਸ ਮਜਲਿਸ ਵਿੱਚ ਮੁਕਾਮੀ ਉਲਮਾਂ (ਸਿਆਣਿਆਂ) ਦੀ ਵੱਡੀ ਗਿਣਤੀ ਵੀ ਮੌਜੂਦ ਸੀ, ਜਿਹਨਾਂ ਕੇਰੀ ਦੀ ਤਕਰੀਰ ਦੀ ਦਿਲ ਖੋਲ੍ਹ ਕੇ ਸਰਾਹਨਾ ਕੀਤੀ। ਵਿਲੀਅਮ ਕੇਰੀ ਨੇ ਤਰੀਹ ਸਾਲ 1831 ਈ. ਤੱਕ ਫ਼ੋਰਟ ਵਿਲੀਅਮ ਕਾਲਜ ਵਿੱਚ ਸੇਵਾ ਕੀਤੀ ਤੇ ਆਈ.ਸੀ.ਐੱਸ. ਦੇ ਸਾਰੇ ਈ ਹੋਣਹਾਰ ਤਾਲਿਬਇਲਮਾਂ ਨੂੰ ਵਿਲੀਅਮ ਕੇਰੀ ਦਾ ਸ਼ਾਗਿਰਦ ਹੋਣ ਦਾ ਮਾਣ ਹਾਸਲ ਏ।

ਵਿਲੀਅਮ ਕੇਰੀ ਦੀਆਂ ਏਹਨਾਂ ਖ਼ਿਦਮਤਾਂ ਦੀ ਵਜ੍ਹਾ ਕਰਕੇ ਡਾਕਟਰੇਟ ਦੀ ਐਜ਼ਾਜ਼ੀ (ਆਨਰੇਰੀ) ਡਿਗਰੀ ਦਿੱਤੀ ਗਈ। ਵਿਲੀਅਮ ਕੇਰੀ ਰਾਇਲ ਏਸ਼ੀਆਟਿਕ ਸੋਸਾਇਟੀ ਦੇ 1806 ਈ. ਵਿੱਚ ਮੈਂਬਰ ਬਣੇ ਤੇ ਉਸ ਨੂੰ ਹੋਰ ਵੀ ਸਰਗਰਮ ਕਰ ਦਿੱਤਾ ਕਿ ਦਸਾਂ ਸਾਲਾਂ ਵਿੱਚ ਸੋਸਾਇਟੀ ਨੇ ਆਪਣੇ 52 ਇਕੱਠ ਕੀਤੇ, ਜਿਸ ਦਾ ਮੁੱਢਲਾ ਕਾਰਨ ਏਸ ਇੰਤਹਾਈ ਇਲਮੀ ਅਦਾਰੇ ਦਾ ਵਿਲੀਅਮ ਕੇਰੀ ਦਾ ਮੈਂਬਰ ਬਣਨਾ ਸੀ। ਡਾਕਟਰ ਰਾਬਿੰਦਰ ਨਾਥ ਟੈਗੋਰ ਨੂੰ ਵੀ ਮੰਨਣਾ ਪਿਆ ਕਿ ਦੇਸੀ ਜ਼ੁਬਾਨਾਂ ਵਿੱਚ ਦਿਲਚਸਪੀ ਦੀ ਮੌਜੂਦਾ ਤਹਿਰੀਕ ਦਾ ਬਾਨੀ ਵਿਲੀਅਮ ਕੇਰੀ ਹੀ ਸਨ।

ਵਿਲੀਅਮ ਕੇਰੀ ਦੇ ਬੰਗਾਲੀ ਜ਼ੁਬਾਨ ਉੱਪਰ ਬੇਅੰਤ ਅਹਿਸਾਨ ਨੇ। ਉਹਨਾਂ ਦਿਨਾਂ ਵਿੱਚ ਹੀ ਵਿਲੀਅਮ ਕੇਰੀ ਨੇ ਬੰਗਾਲੀ ਜ਼ੁਬਾਨ ਦਾ ਮਾਹਵਰਾ ਅਦਬੀ ਰਸਾਲਾ, "ਦੇਗ ਦਰਸ਼ਨ" ਜਾਰੀ ਕਰਨਾ ਏ, ਜਿਹੜਾ ਕਿ ਤਿੰਨ ਸਾਲ ਬਾਕਾਇਦਗੀ ਨਾਲ ਛਾਪਿਆ ਗਿਆ ਤੇ ਉਸ ਦੇ ਪਿੱਛੋਂ ਮਸ਼ਰਕੀ (ਪੂਰਬੀ) ਜ਼ੁਬਾਨਾਂ ਦਾ ਪਹਿਲਾ ਅਖ਼ਬਾਰ, "ਸਮਾਚਾਰ ਦਰਪਨ" ਵੀ 31 ਮਈ 1818 ਈ. ਨੂੰ ਛਾਪ ਕੇ ਹਿੰਦੁਸਤਾਨੀ ਪੱਤਰਕਾਰੀ ਦੀਆਂ ਨੀਹਾਂ ਨੂੰ ਪੀਡੀਆਂ ਕਰ ਦਿੱਤਾ। ਏਸ ਦੇ ਕੁਝ ਮਗਰੋਂ ਉਹਨਾਂ ,Friends of India ਨਾਂਅ ਦਾ ਇੱਕ ਅੰਗਰੇਜ਼ੀ ਅਖ਼ਬਾਰ ਵੀ ਜਾਰੀ ਕੀਤਾ। ਏਹ ਅਖ਼ਬਾਰ 57 ਸਾਲ ਤੱਕ ਪੂਰੀ ਬਾਕਾਇਦਗੀ ਨਾਲ ਛਪਦਾ ਰਿਹਾ। ਮਸ਼ਹੂਰ ਅੰਗਰੇਜ਼ੀ ਅਖ਼ਬਾਰ "ਸਟੇਟਸਮੈਨ" ਨੇ ਏਸੇ, "ਫਰੈਂਡਜ਼ ਆਫ ਇੰਡੀਆ" ਦੇ ਬੰਦ ਹੋਵਣ ਪਿੱਛੋਂ ਉਸ ਦੀ ਥਾਂ ਲਈ ਜਿਹੜਾ ਹੁਣ ਤੀਕ ਜਾਰੀ ਏ।

ਬ੍ਰਿਟਿਸ਼ ਐਂਡ ਫ਼ਾਰੇਨ ਬਾਈਬਲ ਸੋਸਾਇਟੀ ਦੀ ਬੁਨਿਆਦ ਵੀ 1804 ਈ. ਵਿੱਚ ਵਿਲੀਅਮ ਕੇਰੀ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਸੀ। ਵਿਲੀਅਮ ਕੇਰੀ ਨੇ 40 ਜ਼ੁਬਾਨਾਂ ਵਿੱਚ ਬਾਈਬਲ ਦੇ ਤਰਜਮੇ ਕੀਤੇ ਏਸੇ ਵਜ੍ਹਾ ਕਰਕੇ ਉਹ ਏਸ ਨਤੀਜੇ 'ਤੇ ਅੱਪੜੇ ਸਨ ਕਿ ਇੱਕ ਜ਼ੁਬਾਨ ਵਿੱਚ ਘੱਟੋ–ਘੱਟ ਵੱਖ–ਵੱਖ ਵੀਹ ਬੋਲੀਆਂ ਸ਼ਾਮਲ ਨੇ। ਜਿਹਨਾਂ ਦਾ ਸ਼ਬਦ ਭੰਡਾਰ ਇੱਕੋ ਏ, ਪਰ ਉਹਨਾਂ ਦੇ ਉਚਾਰਨ ਵਿੱਚ ਥੋੜ੍ਹਾ–ਬਹੁਤ ਫ਼ਰਕ ਏ ਪਰ ਹੁਣ ਇੱਕੋ ਜ਼ੁਬਾਨ ਦੀਆਂ ਬੋਲੀਆਂ ਉੱਪਰ ਆਪਣੀ ਰਾਏ ਇਹ ਹੈ ਕਿ ਕਿਸੇ ਜ਼ੁਬਾਨ ਬੋਲਣ ਵਾਲਿਆਂ ਦਾ ਜੁਗਰਾਫ਼ੀਆ ਜਿਸ ਕਦਰ ਵਿਸ਼ਾਲ ਤੇ ਫੈਲਿਆ ਹੋਇਆ ਹੋਵੇਗਾ, ਉੱਥੇ ਬੋਲੀ ਜਾਣ ਵਾਲੀ ਜ਼ੁਬਾਨ ਦੀਆਂ ਬੋਲੀਆਂ ਦੀ ਗਿਣਤੀ ਵੀਹ ਤੋਂ ਕਿਤੇ ਵੱਧ ਹੋਵੇਗੀ। ਅਰਬੀ ਜ਼ੁਬਾਨ ਦੀਆਂ ਬੋਲੀਆਂ ਦੀ ਗਿਣਤੀ 700 ਤੋਂ ਵੱਧ ਏ, ਜਦ ਕਿ ਪੰਜਾਬੀ ਜ਼ੁਬਾਨ ਦੀਆਂ ਬੋਲੀਆਂ ਦੀ ਗਿਣਤੀ ਕੋਈ ਸਵਾ ਸੌ ਦੇ ਲੱਗਭੱਗ ਏ।

ਵਿਲੀਅਮ ਕੇਰੀ ਨੇ ਜਿਹਨਾਂ ਜ਼ੁਬਾਨਾਂ ਜਾਂ ਬੋਲੀਆਂ ਵਿੱਚ ਬਾਈਬਲ ਦੇ ਤਰਜਮੇ ਕੀਤੇ, ਉਹ ਇਹ ਸਨ–

1. ਬੰਗਾਲੀ 2. ਉੜੀਆ, 3. ਮਰਾਠੀ, 4. ਹਿੰਦੀ, 5. ਆਸਾਮੀ, 6. ਪੰਜਾਬੀ, 7. ਪਸ਼ਤੋ, 8. ਕਸ਼ਮੀਰੀ, 9. ਸੰਸਕ੍ਰਿਤ, 10. ਹੰਢਾ, 11. ਬਿਹਾਰੀ, 12. ਮਗਧੀ, 13. ਖਾਸੀ, 14. ਮਨੀਪੁਰੀ, 15. ਤੇਲਗੂ, 16. ਕੋਂਕਣੀ, 17. ਕਨਾਰੀ, 18. ਡੋਗਰੀ, 19. ਗੜ੍ਹਵਾਲੀ, 20. ਕਮਾਉਣੀ, 21.ਪਲਪਾ, 22. ਨੇਪਾਲੀ. 23. ਬੀਕਾਨੇਰੀ, 24. ਮਾਰਵਾੜੀ, 25. ਮੇਰਾਵਤੀ (ਮਾਲਵਾ ਬੋਲੀ), 26. ਗੁਜਰਾਤੀ, 27. ਭਣਨੇਰੀ, 28. ਬ੍ਰਿਜ ਭਾਸ਼ਾ, 29. ਕਨੌਜੀ, 30. ਬਘੇਲੀ, 31. ਸਿੰਧੀ, 32. ਜੈਪੁਰੀ, 33. ਮੇਵਾੜੀ, 34. ਅਵਧੀ, 35. ਬਲੋਚੀ ਵਗੈਰਾ ਵਗੈਰਾ।

ਏਸ ਤੋਂ ਵੱਖ ਫ਼ਾਰਸੀ ਹਿੰਦੁਸਤਾਨੀ (ਉਰਦੂ) ਮਲਿਆਲਮ, ਸੰਘਾਲੀ, ਚੀਨੀ, ਜਪਾਨੀ, ਮਲਿਆਈ ਅਤੇ ਬਰਮੀ ਜ਼ੁਬਾਨਾਂ ਵਿੱਚ ਛਪਣ ਵਾਲੀਆਂ ਅੰਜੀਲਾਂ ਤੇ ਤਰਜਮਿਆਂ ਦੀ ਪੜਤਾਲ ਤੇ ਉਹਨਾਂ ਨੂੰ ਦੂਜੀ ਵਾਰੀ ਪੜ੍ਹ ਕੇ ਸੋਧਣ ਦਾ ਕੰਮ ਵੀ ਵਿਲੀਅਮ ਕੇਰੀ ਹੋਰਾਂ ਕੀਤਾ। ਬੰਗਾਲ ਵਿੱਚ ਸਤੀ ਦੀ ਰਸਮ ਨੂੰ ਰੋਕਣ, ਹਾਰਟੀਕਲਚਰ ਸੁਸਾਇਟੀ ਬਣਾਵਣ ਦੇ ਨਾਲ ਹੀ ਵਿਲੀਅਮ ਕੇਰੀ ਨੇ ਮਿਸ਼ਨਰੀ ਸਕੂਲਾਂ ਨੂੰ ਵੀ ਜਾਰੀ ਕੀਤਾ। ਹਰਟੀਕਲਚਰ ਦੇ ਹਵਾਲੇ ਨਾਲ ਵਿਲੀਅਮ ਰਾਸ ਬਰਗ ਦੀਆਂ ਲਿਖੀਆਂ ਹੋਈਆਂ ਦੋ ਕਿਤਾਬਾਂ 1. Flora Indiaa (1814), 2. Hartus Bengalnsis (1832) ਨੂੰ ਸੋਧਣ ਪਿੱਛੋਂ ਛਾਪਿਆ। ਸਿਵਲ ਸਰਵਿਸ ਦੇ ਬੂਹੇ ਮੁਕਾਮੀ ਆਬਾਦੀ ਉੱਪਰ ਖੋਲ੍ਹਣ ਲਈ ਭਾਰਪੂਰ ਕੋਸ਼ਿਸ਼ਾਂ ਕੀਤੀਆਂ। ਤਿਹੱਤਰ ਸਾਲ ਦਾ ਭਰਪੂਰ ਜੀਵਨ ਬਿਤਾਵਣ ਪਿੱਛੋਂ ਦੁਨੀਆ ਦਾ ਏਹ ਮਹਾਨ ਜ਼ੁਬਾਨਸ਼ਨਾਸ 9 ਜੂਨ 1834 ਈ. ਨੂੰ ਚਲਾਣਾ ਕਰ ਗਿਆ ਤੇ ਸੀਰਾਮਪੁਰ ਵਿੱਚ ਹੀ ਉਹਨਾਂ ਨੂੰ ਮਣਾਂ ਮਿੱਟੀ ਹੇਠ ਦੱਬ ਦਿੱਤਾ ਗਿਆ ਤੇ ਉੱਪਰ ਇੱਕ ਸ਼ਾਨਦਾਰ ਛੋਟਾ ਜਿਹਾ ਮਕਬਰਾ ਉਸਾਰ ਦਿੱਤਾ ਗਿਆ ਜਿਹਦੇ ਉੱਪਰ ਇਹ ਮੁਖ਼ਤਸਰ ਸੰਖੇਪ ਇਬਾਰਤ ਕੁਤਬੇ ਵਜੋਂ ਲਿਖੀ ਗਈ–

A wretched poor and helpleys Worm on the kind arms I fall.

(ਤੇਰੀ ਮੁਹੱਬਤ ਭਰੀ ਝੋਲੀ ਵਿੱਚ ਮੈਂ ਇੱਕ ਹੀਣੀ ਬੇਕਸ ਤੇ ਨਿਤਾਣੀ ਮਖ਼ਲੂਕ ਵਾਂਗ ਡਿਗਦਾ ਹਾਂ।)

ਪ੍ਰੋਫ਼ੈਸਰ ਡਾਕਟਰ ਵਿਲੀਅਮ ਕੇਰੀ ਦੀ ਪੰਜਾਬੀ ਗਰਾਮਰ ਬਾਰੇ ਗੱਲ ਕਰਨ ਤੋਂ ਪਹਿਲਾਂ ਬਾਈਬਲ ਦਾ ਪੰਜਾਬੀ ਤਰਜਮਾ ਕਰਨ ਵਾਲੇ ਸਿੱਖ ਸਕਾਲਰ ਪੰਡਤ ਆਘੂ ਰਾਮ ਬਾਰੇ ਗੱਲ ਕਰਨਾ ਜ਼ਰੂਰੀ ਏ ਕਿ ਉਹ ਕੌਣ ਸੀ। ਉਹ ਬੰਗਾਲੀ ਸਿੱਖ ਸੀ ਜਾਂ ਪੰਜਾਬ ਤੋਂ ਗਿਆ ਸੀ। ਫੇਰ ਇਹ ਮਸਲਾ ਕਿ ਸਿੱਖ ਬੰਗਾਲ ਵਿੱਚ ਕਦੋਂ ਗਏ, ਕਿਉਂ ਜੋ ਇਹਨਾਂ ਸਵਾਲਾਂ ਦਾ ਉੱਤਰ ਭਾਲਣ ਦੀ ਏਸ ਵਾਸਤੇ ਲੋੜ ਪੈਂਦੀ ਏ ਤਾਂ ਜੋ ਵਿਲੀਅਮ ਕੇਰੀ ਦੇ ਪੰਜਾਬੀ ਉਸਤਾਦ ਜਾਂ ਉਸਤਾਦਾਂ ਬਾਰੇ ਗੱਲ ਹੋ ਸਕੇ।

ਗਰੋਲੀਅਰ ਆਲਡੈਮਿਕ ਇਨਸਾਈਕਲੋਪੀਡੀਆ ਦੇ ਮਰੱਤਬ (ਤਰਤੀਬ ਦੇਣ) ਕਰਨ ਵਾਲਿਆਂ ਦੀ ਖੋਜ ਏਸ ਬਾਰੇ ਇਸ ਪ੍ਰਕਾਰ ਏ–

"ਸਿੱਖ ਵੱਡੀ ਗਿਣਤੀ ਵਿੱਚ ਮਗ਼ਰਬੀ (ਪੱਛਮੀ) ਬੰਗਾਲ ਅੰਦਰ ਕਲਕੱਤਾ ਤੇ ਦੂਜੇ ਕਾਰੋਬਾਰੀ ਮਰਕਜ਼ਾਂ (ਕੇਂਦਰਾਂ) ਵਿੱਚ ਕਾਰੋਬਾਰ ਤੇ ਟਰਾਂਸਪੋਰਟ ਦੇ ਵੱਡੇ ਹਿੱਸੇ ਤੇ ਕਾਬਜ਼ ਨੇ। ਸਿੱਖ ਅਤੇ ਵੈਸ਼ਨੋ ਲਿਖਣਹਾਰ ਇਹ ਸੋਚ ਰੱਖਦੇ ਨੇ ਕਿ ਬਾਬਾ ਨਾਨਕ ਜੀ ਮਹਾਰਾਜ ਸੋਲ੍ਹਵੀਂ ਸਦੀ ਦਿਆਂ ਮੁਢਲੇ ਦਹਾਕਿਆਂ ਵਿੱਚ ਮਸ਼ਰਕੀ ਇੰਡੀਆ ਦੇ ਏਸ ਹਿੱਸੇ ਵਿੱਚ ਵੀ ਆਏ। ਗੁਰੂ ਤੇਗ ਬਹਾਦਰ ਜੀ ਸਤਾਰ੍ਹਵੀਂ ਸਦੀ ਦਿਆਂ ਆਖਰੀ ਦਹਾਕਿਆਂ ਤੋਂ ਪਹਿਲਾਂ ਢਾਕਾ ਵੀ ਅੱਪੜੇ, ਪਰ ਅਸਲ ਵਿੱਚ ਸਿੱਖ ਖੱਤਰੀ ਬੰਗਾਲੀ ਵਿੱਚ ਅੰਗਰੇਜ਼ੀ ਰਾਜ ਵਿੱਚ ਬਹੁਤ ਪਹਿਲਾਂ ਆਬਾਦ ਹੋ ਗਏ ਸਨ, ਕਿਉਂ ਜੋ ਕਾਰੋਬਾਰੀ ਸਰਹੱਦਾਂ ਉਹਨਾਂ ਨੂੰ ਜੀ ਆਇਆਂ ਕਹਿ ਰਹੀਆਂ ਸਨ, ਪਰ ਏਹਨਾਂ ਦੀ ਜ਼ਿਆਦਾ ਆਬਾਦੀ 1947 ਈ. ਤਬਾਦਲਾ ਆਬਾਦੀ ਦੇ ਸਿੱਟੇ ਵਜੋਂ ਹੀ ਕਲਕੱਤਾ ਤੇ ਮਗ਼ਰਬੀ ਬੰਗਾਲੀ ਵਿੱਚ ਜਾ ਵਸੀ।" (ਸਫ਼ਾ 105 ਜਿਲਦ–2, ਲੰਦਨ 1987 ਈ.)।

ਬਾਬਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਿੱਖਾਂ ਦੀ ਆਬਾਦੀ ਨੀਂਹ ਬੰਗਾਲੀ ਵਿੱਚ ਕਿੱਥੇ ਰੱਖੀ ਗਈ, ਏਹ ਤਾਰੀਖ਼ੀ ਖੰਡਰਾਤ ਦੇ ਭਾਲ ਕਰਨ ਵਾਲੀ ਗੱਲ ਹੋਵੇਗੀ, ਪਰ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਬੰਗਾਲ ਜ਼ਰੂਰ ਅੱਪੜੇ ਤੇ ਢਾਕਾ ਵਿੱਚ ਕਯਾਮ ਵੀ ਕੀਤਾ ਤੇ ਉਹਨਾਂ ਦੀ ਯਾਦ ਵਿੱਚ ਉੱਥੇ ਇਕ ਗੁਰਦਵਾਰਾ ਵੀ ਉਸਾਰਿਆ ਗਿਆ ਏ, ਜਿਸ ਕਰਕੇ ਗੁਰੂ ਤੇਗ ਬਹਾਦਰ ਜੀ (1621–1675 ਈ.) ਦੇ ਸਮੇਂ ਵਿੱਚ ਮੁਕਾਮੀ ਹਿੰਦੂ ਆਬਾਦੀ ਦਾ ਉਹਨਾਂ ਤੋਂ ਮੁਤਾਸਿਰ ਹੋ ਕੇ ਸਿੱਖੀ ਧਾਰਨ ਕਰਨਾ ਕੁਦਰਤੀ ਗੱਲ ਏ। ਫੇਰ ਜਾਪਦਾ ਏ ਕਿ ਉਹਨਾਂ ਸਿੱਖੀ ਅਪਣਾ ਤੇ ਲਈ, ਪਰ ਬੰਗਾਲੀ ਸਿੱਖਾਂ ਵਿੱਚੋਂ ਕਿਸੇ ਨੂੰ ਵੀ ਸਿੱਖੀ ਦੀ ਜੰਮਣ ਭੋਇੰ ਦੀ ਜ਼ਿਆਰਤ ਦਾ ਮੌਕਾ ਨਾ ਮਿਲਿਆ, ਪਰ ਸਿੱਖ ਮੱਤ ਦੀ ਮੁਢਲੀ ਕਿਤਾਬ ਸ੍ਰੀ ਆਦਿ ਗ੍ਰੰਥ ਜ਼ਰੂਰ ਉਹਨਾਂ ਦੇ ਪਵਿੱਤਰ ਪਾਠ ਦਾ ਹਿੱਸਾ ਰਿਹਾ ਏ। ਜਿਹਦੀ ਵਜ੍ਹਾ ਕਰਕੇ ਬੰਗਾਲੀ ਸਿੱਖਾਂ ਦੀ ਏਹ ਸੋਚ ਬਣ ਗਈ ਕਿ ਪੰਜਾਬੀ ਜ਼ੁਬਾਨ ਸਿਰਫ਼ ਸਿੱਖਾਂ ਦੀ ਜ਼ੁਬਾਨ ਏ ਤੇ ਉਹ ਇੱਕੋ ਲਿੱਪੀ ਵਿੱਚ ਲਿਖੀ ਜਾਂਦੀ ਏ, ਜਿਹਨੂੰ ਗੁਰਮੁਖੀ ਕਿਹਾ ਜਾਂਦਾ ਏ ਤੇ ਜਿਹੜੀ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਵਰਤੀ ਗਈ ਏ, ਹਾਲਾਂਕਿ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਪੰਜਾਬੀ ਗੁਰੂ ਸਾਹਿਬਾਨ ਤੋਂ ਵੱਖ ਭਗਤ ਸਾਹਿਬਾਨ ਸਾਈਂ ਦਰਵੇਸ਼ਾਂ ਦਾ ਕਾਲਮ ਵੀ ਮੌਜੂਦ ਏ, ਉਹਨਾਂ ਦੀ ਤਾਦਾਦ 40 ਏ (ਰਸਾਲਾ ਪੰਜ ਦਰਿਆ ਅਗਸਤ 1946 ਈ.) ਜਦੋਂ ਕਿ ਗ੍ਰੰਥ ਸਾਹਿਬ ਵਿੱਚ ਮਜਮੂਈ ਤੌਰ 49 ਗੁਰੂ ਸਾਹਿਬਾਨ ਦਰਵੇਸ਼ਾਂ ਅਤੇ ਭਗਤਾਂ ਦੀ ਰਚਨਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ 1604 ਈ. ਵਿੱਚ ਇਕੱਠੀ ਕੀਤੀ (ਸਫ਼ਾ 387 ਗੁਰਮਤਿ ਨਿਰਣੈ)

ਏਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਬਾਣੀ ਵੀ ਮੌਜੂਦ ਏ ਜਿਵੇਂ ਕਿ ਲਿਖਿਆ ਜਾ ਚੁੱਕਿਆ ਏ। ਪੰਜਾਬੀ ਤੋਂ ਵੱਧ ਮਰਾਠੀ, ਬੰਗਾਲੀ ਤੇ ਬ੍ਰਿਜ ਭਾਸ਼ਾ ਜ਼ੁਬਾਨਾਂ ਦੀ ਬਾਣੀ ਵੀ ਮੌਜੂਦ ਏ।

ਪੰਡਤ ਆਘੂ ਰਾਮ ਦਾ ਨਾਂਅ ਵੀ ਸਾਡੀ ਤਾਈਦ ਕਰਦਾ ਏ। ਕਿਉਂ ਜੋ ਕਿਸੇ ਵੀ ਸਿੱਖ ਦੇ ਨਾਂਅ ਨਾਲ ਸਿੰਘ ਦਾ ਲਾਹਕਾ (ਪਿਛੇਤਰ) ਨਾ ਲਾਇਆ ਜਾਵੇ ਤੇ ਆਘੂ ਸਿੰਘ ਦੀ ਥਾਂ ਆਘੂ ਰਾਮ ਹੀ ਰਿਹਾ। ਏਥੇ ਇੱਕ ਹੋਰ ਗੱਲ ਵੀ ਚੇਤੇ ਰਹਿਣੀ ਚਾਹੀਦੀ ਏ ਕਿ ਦਸਵੀਂ ਪਰ ਅੰਤਲੀ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਜ਼ਹਬ ਜ਼ੁਬਾਨਸ਼ਨਾਸੀ –ਜ਼ੁਬਾਨਾਂ ਦੀ ਕਾਨੂੰਨਸਾਜ਼ੀ–ਸਰਫ਼ੋਨਹਵ (ਵਾਕ ਵੰਡ ਤੇ ਸ਼ਬਦ ਬੋਧ) ਅਰੂਜ਼ (ਪਿੰਗਲ) ਤਿੱਬ ਤੇ ਆਯੁਰਵੈਦਿਕ ਵਗੈਰਾ–ਵਗੈਰਾ ਪ੍ਰਚੱਲਿਤ ਇਲਮਾਂ ਦੀ ਜਾਣਕਾਰੀ ਹਾਸਲ ਕਰਨ ਵਾਲੇ ਸਕਾਲਰਾਂ ਦਾ ਇੱਕ ਖ਼ਾਸ ਗਰੋਹ ਤਰਤੀਬ ਦਿੱਤਾ। ਜਿਹੜਾ ਪ੍ਰਚੱਲਿਤ ਇਲਮਾਂ ਉੱਪਰ ਵੱਖ–ਵੱਖ ਕੇਂਦਰਾਂ ਵਿੱਚ ਜਾ ਕੇ ਇਲਮ ਦੀ ਸਿੱਖਿਆ ਲਵੇ ਤੇ ਉਸ ਖੇਤਰ ਵਿੱਚ ਆਪਣੀ ਥਾਂ ਇੱਕ ਸਕਾਲਰ ਦੇ ਤੌਰ 'ਤੇ ਬਣਾਏ। ਇਹਨਾਂ ਨੂੰ ਨਿਰਮਲਿਆਂ ਦਾ ਨਾਂਅ ਦਿੱਤਾ ਗਿਆ। ਜਿਹਨਾਂ ਦੇ ਅਖਾੜੇ ਜਾਂ ਡੇਰੇ ਪੰਜਾਬ ਤੋਂ ਵੱਖ ਮੁਤਹਿੱਦਾਂ (ਸਾਂਝੇ) ਹਿੰਦੁਸਤਾਨ ਦੇ ਦੂਜੇ ਕਈ ਮਰਕਜ਼ਾਂ ਵਿੱਚ ਮੌਜੂਦ ਸਨ। ਆਪਣੀ ਜਾਚੇ ਪੰਡਤ ਆਘੂ ਰਾਮ ਇੱਕ ਅਜਿਹਾ ਹੀ ਸਿੱਖ ਸੀ। ਜਿਹਦਾ ਖਾਨਦਾਨ ਤੇ ਗੁਰੂ ਤੇਗ ਬਹਾਦਰ ਜੀ ਦੇ ਕਾਲ਼ ਵਿੱਚ ਸਿੱਖ ਮੱਤ ਨਾਲ ਜੁੜ ਗਿਆ, ਪਰ ਨਿਰਮਲ ਪੰਥੀਆਂ ਵਿੱਚ ਸ਼ਾਮਲ ਹੋ ਕੇ ਇੱਕ ਸਕਾਲਰ ਵਜੋਂ ਸਿੱਖੀ ਨਾਲ ਜੁੜਿਆ ਰਿਹਾ।

ਇਹ ਵੀ ਪਤਾ ਚੱਲਦਾ ਏ ਕਿ ਉਹ ਪੰਜਾਬ ਨਹੀਂ ਆਇਆ। ਏਸ ਵਾਸਤੇ ਉਸ ਨੂੰ ਏਸ ਗੱਲ ਦਾ ਗਿਆਨ ਹੀ ਨਹੀਂ ਕਿ ਪੰਜਾਬ ਵਿੱਚ ਸਿੱਖਾਂ ਤੋਂ ਵੱਖਰਾ ਵੀ ਕੋਈ ਹੋਰ ਮੇਲ (ਤਬਕਾ) ਉੱਥੇ ਮੌਜੂਦ ਏ। ਉਸ ਦੇ ਸਾਹਮਣੇ ਆਦਿ ਗ੍ਰੰਥ ਮੌਜੂਦ ਸੀ, ਜਿਹਨੂੰ ਉਹ ਪੰਜਾਬੀ ਜ਼ੁਬਾਨ ਦਾ ਮਹਾਨ ਗ੍ਰੰਥ ਸਮਝਦਾ ਸੀ। ਉਹ ਗੱਲ ਏਸ ਲਈ ਤੇ ਠੀਕ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 2/3 ਹਿੱਸਾ ਤੇ ਪੰਜਾਬੀ ਜ਼ੁਬਾਨ ਨਾਲ ਜੁੜਿਆ ਹੋਇਆ ਏ, ਪਰ ਸ੍ਰੀ ਗ੍ਰੰਥ ਸਾਹਿਬ ਦਾ 1/3 ਹਿੱਸਾ ਬੰਗਾਲੀ, ਮਰਾਠੀ ਤੇ ਬ੍ਰਿਜ ਭਾਸ਼ਾ ਜ਼ੁਬਾਨਾਂ ਦੀ ਬਾਣੀ ਵੀ ਮੌਜੂਦ ਏ। ਜਾਪਦਾ ਏ ਕਿ ਬਾਬਾ ਫਰੀਦ ਜੀ ਤੋਂ ਵੱਖ ਆਘੂ ਰਾਮ ਪੰਡਤ ਕਿਸੇ ਹੋਰ ਪੰਜਾਬੀ ਜ਼ੁਬਾਨ ਦੇ ਮੁਸਲਿਮ ਸਿਰਜਣਹਾਰ ਤੋਂ ਜਾਣੂ ਨਹੀਂ ਵਰਨਾ ਉਹ ਏਹ ਟਪਲ਼ਾ ਨਾ ਖਾਂਦਾ ਕਿ ਪੰਜਾਬੀ ਸਿਰਫ਼ ਸਿੱਖਾਂ ਦੀ ਜ਼ਬਾਨ ਏ। ਉਸ ਨੂੰ ਇਸ ਗੱਲ ਦਾ ਵੀ ਗਿਆਨ ਨਹੀਂ ਸੀ ਕਿ ਪੰਜਾਬੀ ਜ਼ੁਬਾਨ ਗੁਰਮੁਖੀ ਲਿੱਪੀ ਤੋਂ ਵੱਖ ਕਿਸੇ ਹੋਰ ਲਿੱਪੀ ਵਿੱਚ ਵੀ ਲਿਖੀ ਜਾਂਦੀ ਸੀ ਤੇ ਉਸ ਵਿਚ ਗੁਰਮੁਖੀ ਤੋਂ ਕਿਤੇ ਵੱਧ ਲਿਟਰੇਚਰ ਮੌਜੂਦ ਸੀ ਤੇ ਹੈ ਵੀ ਏ।

ਆਪਣੀ ਸੋਚ ਇਹ ਵੀ ਬਣਦੀ ਏ ਕਿ ਡਾਕਟਰ ਵਿਲੀਅਮ ਕੇਰੀ ਨੇ ਜਿਸ ਮਨੁੱਖ ਤੋਂ ਪੰਜਾਬੀ ਜ਼ੁਬਾਨ ਸਿੱਖੀ, ਉਹ ਇਹ ਹੀ ਪੰਡਤ ਆਘੂ ਰਾਮ ਨੇ, ਜਿਹਨਾਂ ਪੰਜਾਬੀ ਜ਼ੁਬਾਨ ਵਿੱਚ ਬਾਈਬਲ ਦਾ ਤਰਜਮਾ ਕੀਤਾ ਜਿਹਦਾ ਵੇਰਵਾ ਇਸ ਲੇਖ ਦੇ ਸ਼ੁਰੂ ਵਿੱਚ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ